read more on:
www.parwazparkashan.com









ISSN 2321- 4449

# ਕਹਾਣੀ ਧਾਰਾ

39

**ਅਕਤੂਬਰ-ਦਸੰਬਰ, 2015**

ਮੁੱਲ : 40/-

Year:10 Issue No. 39
'KAHANI DHARA'(PUNJABI QUARTERLY) Oct.-Dec.,2015 R.N.I. Regd No. PUN PUN 2006/19971

'ਕਹਾਣੀ ਧਾਰਾ' ਮੈਗਜ਼ੀਨ ਦੇ ਦਸ ਸਾਲ ਪੂਰੇ ਹੋਣ 'ਤੇ ਕੈਨੇਡਾ (ਸਰੀ) ਦੇ ਲੇਖਕ ਦੋਸਤਾਂ ਵੱਲੋਂ ਮੈਗਜ਼ੀਨ ਨਾਲ ਜੁੜੇ ਲੇਖਕਾਂ, ਪਾਠਕਾਂ ਅਤੇ ਪ੍ਰਬੰਧਕਾਂ ਨੂੰ ਢੇਰ ਸਾਰੀਆਂ ਵਧਾਈਆਂ



ਕਮਲਜੀਤ ਸਿੰਘ ਬਿੰਦ




ਸੀਤਲ ਸਿੰਘ ਪੂਨੀ




ਅੰਮ੍ਰਿਤ ਦੀਵਾਨਾ



ਅਵਤਾਰ ਸਿੰਘ ਡੱਬ



ਮੋਹਨ ਗਿੱਲ



ਪਾਲ ਢਿੱਲੋਂ

*ਅਕਤੂਬਰ-ਦਸੰਬਰ,2015 ਅੰਕ : 39*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

ਕਹਾਣੀ ਧਾਰਾ

**e-mail:**
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਨਵੰਬਰ, 2015)

Titel:Sculpture (Terracota):**SHAGUN SEWAK,** Jal. Ph. 98883-30354

## ਤਰਤੀਬ :

**ਸੰਪਾਦਕੀ :**
1. ਸਨਮਾਨ ਵਾਪਸੀ ਉਪਰੰਤ ਲੇਖਕਾਂ ਦੀ ਭੂਮਿਕਾ / ਭਗਵੰਤ ਰਸੂਲਪੁਰੀ-2
2. ਗੁਲਜ਼ਾਰ ਸਿੰਘ ਸੰਧੂ ਦੀ ਬੌਧਿਕ ਚੋਰੀ : ਦੁਆਬਾ /-ਮੱਖਣ ਮਾਨ-7

**ਕਹਾਣੀਆਂ :**
1. ਕਿਧਰ ਜਾਈਏ?/ ਅਤਰਜੀਤ-9
2. ਚਾਰ ਤੱਤ ਕਾ ਪੁਤਲਾ / ਸਿਆਲਵੀ-28
3. ਕੋਠੀ ਦਾ ਸੌਦਾ / ਦਵਿੰਦਰ ਮੰਡ-41
4. ਅੰਨ੍ਹੇ-ਸੁਜਾਖੇ / ਅਜਮੇਰ ਸਿੱਧੂ-47
5. ਦਿਲ ਤੋ ਬੱਚਾ ਹੈ / ਅਜਾਇਬ ਸਿੰਘ ਚੱਠਾ-53

**ਆਲੋਚਨਾ :**
1. ਸਾਂਸਕ੍ਰਿਤਕ ਅਵਚੇਤਨ ਦੇ ਪਰਿਪੇਖ ਵਿਚ ਪੰਜਾਬੀ ਦਲਿਤ ਕਹਾਣੀ ਦਾ ਅਵਲੋਕਨ/ -ਡਾ. ਸਤਿੰਦਰ ਸਿੰਘ ਰੈਬੀ-56
2. ਪੂਰਨ ਕਥਾ : ਅਪੂਰਨਤਾ 'ਚੋਂ ਪੂਰਨਤਾ ਦੀ ਤਲਾਸ਼ / ਡਾ. ਮਨਮੋਹਨ-63
3. ਪੰਜਾਬੀ ਕਹਾਣੀ ਦਾ ਅੰਤਰੀਵੀਂ ਚਿਹਨ-ਚਿਤਰ/ ਗੁਰਚਰਨ ਸਿੰਘ-66
4. ਪੰਜਾਬੀ ਵਿਆਹ ਇਸ਼ਤਿਹਾਰਾਂ ਦੀ ਭਾਸ਼ਾ ਦੀ ਵਿਚਾਰਧਾਰਾਈ ਸੰਰਚਨਾ/ਦੀਪ ਨਿਰਮੋਹੀ-68
5. ਕੋਈ ਗੱਲ ਤਾਂ ਜ਼ਰੂਰ ਹੈ" ਵਿਚਲਾ ਨਵ-ਸੱਭਿਆਚਾਰ/ -ਗੁਰਬਿੰਦਰ ਕੌਰ ਬਰਾੜ-83
6. ਨਰਿੰਦਰ ਕੌਰ ਦੀ ਗਲਪ ਦ੍ਰਿਸ਼ਟੀ 'ਆਈਨਾ' ਦੇ ਸੰਦਰਭ ਵਿਚ / -ਸਿਮਰਜੀਤ ਕੌਰ-85

**ਜਨ ਬੋਧ :**
ਅਛੂਤ ਭਲਾਈ ਦਾ ਸੱਚ / ਸੁਰੇਸ਼ ਪੰਡਤ, ਅਨੁਵਾਦ: ਭਗਵੰਤ ਰਸੂਲਪੁਰੀ-72

**ਹੁੰਗਾਰਾ**-87



ਸੰਪਾਦਕੀ

# ਸਨਮਾਨ ਵਾਪਸੀ ਉਪਰੰਤ ਲੇਖਕਾਂ ਦੀ ਭੂਮਿਕਾ

ਪਿਛਲੇ ਸਮੇਂ ਵਿਚ ਪੂਰੇ ਦੇਸ਼ ਅੰਦਰ ਵੱਧ ਰਹੀ ਅਸ਼ਹਿਣਸ਼ੀਲਤਾ ਕਾਰਨ ਸਮੁੱਚਾ ਬੌਧਿਕ ਵਰਗ ਹੈਰਾਨ ਤੇ ਪਰੇਸ਼ਾਨ ਹੋਇਆ ਹੈ। ਸਾਰੇ ਲੋਕਾਂ ਦੀ ਚਿੰਤਾ ਕਰਨ ਵਾਲੇ, ਲੋਕਾਂ ਨਾਲ ਖੜਨ ਵਾਲੇ ਅਤੇ ਹਰ ਤਰ੍ਹਾਂ ਦੇ ਧੱਕੇ ਦੇ ਖ਼ਿਲਾਫ਼ ਬੋਲਣ ਵਾਲੇ ਲੇਖਕਾਂ, ਬੁੱਧੀਜੀਵੀਆਂ, ਵਿਚਾਰਕਾਂ ਦੀ ਜਦੋਂ ਆਵਾਜ਼ ਬੰਦ ਕਰਨ ਦੀ ਸ਼ੁਰੂਆਤ ਕੰਨੜ ਲੇਖਕ ਐੱਮ. ਐਸ. ਕੁਲਬੁਰਗੀ, ਤਰਕਸ਼ੀਲ ਮਰਾਠੀ ਕਾਰਕੁਨ ਨਰਿੰਦਰ ਦਾਭੋਲਕਰ ਅਤੇ ਬਜ਼ੁਰਗ ਕਮਿਊਨਿਸਟ ਨੇਤਾ ਗੋਬਿੰਦ ਪਨਸਾਰੇ ਦੀ ਆਵਾਜ਼ ਸਦਾ ਲਈ ਬੰਦ ਕਰ ਦਿੱਤੀ ਗਈ ਤਾਂ ਪੂਰੇ ਭਾਰਤ ਵਰਗ ਵਿਚੋਂ ਕਲਮ ਨਾਲ ਯੁੱਗ ਪਲਟਾਉਣ ਵਾਲੇ ਕਲਮਕਾਰਾਂ ਨੇ ਇਸ ਵਿਰੁੱਧ ਇਕ ਜੁੱਟ ਹੋ ਕੇ ਆਵਾਜ਼ ਚੁੱਕ ਲਈ। ਲਿਖਤਾਂ ਨਾਲ ਸਮਾਜ ਨੂੰ ਸਹੀ ਦਿਸ਼ਾ ਵੱਲ ਤੋਰਨ ਵਾਲੇ ਕਲਮਕਾਰਾਂ ਨੇ ਆਪਣੇ-ਆਪਣੇ ਖੇਤਰਾਂ ਵਿਚ ਮਿਲੇ ਸਰਕਾਰੀ ਸਨਮਾਨ ਸਰਕਾਰ ਦੇ ਮੱਥੇ ਮਾਰਨੇ ਸ਼ੁਰੂ ਕਰ ਦਿੱਤੇ। ਲੇਖਕ ਤਾਂ ਸਦਾ ਲੋਕਾਂ ਨਾਲ ਖੜਦੇ ਹਨ, ਜ਼ੁਲਮ ਦੇ ਵਿਰੁੱਧ ਖੜਦੇ ਹਨ, ਸਮਾਜ ਦੇ ਹਾਸ਼ੀਏ 'ਤੇ ਧਕੇਲੇ ਲੋਕਾਂ ਦੀ ਆਵਾਜ਼ ਬਣਦੇ ਹਨ। ਅਸਲੀ ਕਲਮਕਾਰ ਹਮੇਸ਼ਾਂ ਸੱਤਾ ਵੱਲ ਪਿੱਠ ਕਰਕੇ ਲੋਕਾਂ ਵੱਲ ਮੂੰਹ ਕਰਕੇ ਉਨ੍ਹਾਂ ਨੂੰ ਸਿੱਧੇ ਸੰਬੋਧਨ ਹੁੰਦੇ ਹਨ ਤੇ ਜਦੋਂ ਸੱਤਾ ਇਨ੍ਹਾਂ ਦੀ ਪਿੱਠ 'ਤੇ ਵਾਰ ਕਰਕੇ ਉਨ੍ਹਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਆਵਾਜ਼ ਹੋਰ ਪ੍ਰਚੰਡ ਹੋ ਕੇ ਉਭਰਦੀ ਹੈ। ਇਸ ਦਾ ਸਿੱਟਾ ਤੁਸੀਂ ਪਿਛਲੇ ਦਿਨੀ ਅਖ਼ਬਾਰਾਂ ਵਿਚ, ਸੋਸ਼ਲ ਮੀਡੀਏ ਰਾਹੀ ਜਾਣ ਗਏ ਹੋ।

ਵਿਰੋਧੀ ਲਹਿਰ ਦੀ ਸ਼ੁਰੂਆਤ ਕਰਨ ਦੀ ਗੱਲ ਹੁੰਦੀ ਹੈ ਫਿਰ ਕਾਫ਼ਲਾ ਆਪਣੇ ਆਪ ਬਣ ਜਾਂਦਾ ਹੈ। ਇਸ ਸਾਰੇ ਵਰਤਾਰੇ ਦੇ ਵਿਰੋਧ ਦੀ ਸ਼ੁਰੂਆਤ ਪੰਡਿਤ ਜਵਾਹਰ ਲਾਲ ਨਹਿਰੂ ਦੀ ਭੈਣ ਵਿਜੈ ਲਕਸ਼ਮੀ ਪੰਡਿਤ ਦੀ ਧੀ ਅਤੇ ਅੰਗਰੇਜ਼ੀ ਲੇਖਿਕਾ ਨੈਯਣਤਾਰਾ ਸਹਿਗਲ, ਲਲਿਤ ਕਲਾ ਅਕਾਦਮੀ ਦੇ ਸਾਬਾਕ ਚੇਅਰਮੈਨ ਅਤੇ ਹਿੰਦੀ ਦੇ ਨਾਮਵਰ ਕਵੀ ਤੇ ਆਲੋਚਕ ਅਸ਼ੋਕ ਵਾਜਪਾਈ ਅਤੇ ਹਿੰਦੀ ਦੇ ਵੱਡੇ ਕੱਦ ਦੇ ਕਹਾਣੀਕਾਰ ਉਦੈ ਪ੍ਰਕਾਸ਼ ਵਲੋਂ ਹੋਈ। ਫਿਰ ਇਹ ਲਹਿਰ ਸਾਰੇ ਭਾਰਤ ਵਿਚ ਫੈਲ ਗਈ। ਪੰਜਾਬੀ ਦੇ ਅਕਾਦਮੀ ਐਵਾਰਡ ਪ੍ਰਾਪਤ ਲੇਖਕਾਂ ਨੇ ਇਸ ਕਾਫ਼ਲੇ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਪੰਜਾਬੀ ਦੀ ਵੱਡੇ ਕੱਦ ਦੀ ਲੇਖਿਕਾ ਦਲੀਪ ਕੌਰ ਟਿਵਾਣਾ ਨੇ ਜਦੋਂ ਪਦਮਸ਼੍ਰੀ ਮੋੜਨ ਦਾ ਜੇਰਾ ਕੀਤਾ ਤਾਂ ਪੰਜਾਬੀ ਜ਼ੁਬਾਨ ਦਾ ਕੱਦ ਹੋਰ ਵਧਿਆ। ਸਚਿਦਾਨੰਦਨ ਨੇ ਸਾਹਿਤ ਅਕਾਦਮੀ ਦੀਆਂ ਸਾਰੀਆਂ ਕਮੇਟੀਆਂ ਤੋਂ ਅਸਤੀਫੇ ਦੇ ਦਿੱਤੇ। ਅਤੇ ਬੁੱਕਰ ਪੁਰਸਕਾਰ ਪ੍ਰਾਪਤ ਲੇਖਕਾ ਅਰੁੰਧਤੀ ਰਾਏ ਨੇ ਆਪਣਾ ਰਾਸ਼ਟਰੀ ਸਨਮਾਨ ਮੋੜ ਕੇ ਇਸ ਕਾਫ਼ਲੇ ਨੂੰ ਮਜਬੂਤ ਤੇ ਠੋਸ ਅਧਾਰ ਵਾਲਾ ਬਣਾ ਦਿੱਤਾ। ਇਸ ਕਾਫ਼ਲੇ ਦੇ ਲੇਖਕਾਂ ਅਤੇ ਇਨ੍ਹਾਂ ਦਾ ਸਮਰੱਥਨ ਕਰ ਰਹੇ ਹੋਰ ਬੁੱਧੀਜੀਵੀਆਂ ਦੀ ਇਕੋ ਮੰਗ ਸੀ ਕਿ ਸਾਨੂੰ ਆਜ਼ਾਦੀ ਨਾਲ ਜੀਣ ਦਿੱਤਾ ਜਾਵੇ, ਸਾਨੂੰ ਹਰ ਜ਼ੁਲਮ ਵਿਰੁੱਧ ਬੋਲਣ ਦਿੱਤਾ ਜਾਵੇ, ਸਾਨੂੰ ਆਜ਼ਾਦੀ ਨਾਲ ਲਿਖਣ ਦਿੱਤਾ ਜਾਵੇ। ਇਸ ਕਾਫ਼ਲੇ ਵਿਚੋਂ ਉੱਠੇ ਵਿਚਾਰਾਂ ਦਾ ਅਸਰ ਸਮੁੱਚੇ ਭਾਰਤੀ ਲੋਕਾਂ ਉੱਤੇ ਪੈਣਾ ਸੁਭਾਵਿਕ ਹੈ।

ਪਰ ਇਸ ਕਾਫ਼ਲੇ ਦੇ ਨਾਲ ਇਸ ਦੇ ਸਮਾਨਾਂਤਰ ਇਕ ਕਾਫ਼ਲਾ ਹੋਰ ਤੁਰਨ ਲੱਗਾ ਇਸ ਵਿਰੋਧੀ ਕਾਫ਼ਲੇ ਵਿਚ ਉਹ ਲੇਖਕ ਜੁੜਨ ਲੱਗੇ ਜਿਹੜੇ ਇਸ ਸਾਰੇ ਵਰਤਾਰੇ ਦਾ ਦੱਬਵੀਂ ਸੁਰ ਵਿਚ ਵਿਰੋਧ ਤਾਂ ਕਰਦੇ ਸਨ ਪਰ ਉਹ ਸਰਕਾਰ ਦੇ ਹੱਕ ਵਿਚ ਖੜਦੇ ਸਨ। ਉਨ੍ਹਾਂ ਨੂੰ ਦੋਸ਼ੀ ਨਹੀਂ ਮੰਨਦੇ ਸਨ। ਇਸ ਕਾਫ਼ਲੇ ਅੱਗੇ ਤੁਰਨ ਵਾਲਿਆਂ ਵਿਚੋਂ ਨਰਿੰਦਰ ਕੋਹਲੀ, ਕਲਾਕਾਰ ਅਨੁਪਮ ਖੇਰ ਸੱਤਾਂ ਦੇ ਪੱਖ ਵਿਚ ਭੁਗਤਣ

ਵਾਲੇ ਮੋਹਰੀ ਰਹੇ। ਅਨੁਪਮ ਖੇਰ ਵਲੋਂ ਕੀਤੀ ਪ੍ਰੈਸ ਕਾਨਫਰੰਸ ਵਿਚ ਚੈਨਲਾਂ ਦੇ ਪੱਤਰਕਾਰਾਂ ਵਲੋਂ ਸਵਾਲ ਪੁੱਛ-ਪੁੱਛ ਉਸ ਨੂੰ ਬੁਰੀ ਤਰ੍ਹਾਂ ਨਿਰਉੱਤਰ ਕਰ ਦਿੱਤਾ। ਨਰਿੰਦਰ ਕੋਹਲੀ ਦਾ ਇਕ ਹਿੰਦੀ ਨਿਊਜ਼ ਮੈਗਜ਼ੀਨ 'ਓਪੀਨੀਅਨ ਪੋਲ' ਵਿਚ ਲੰਮਾ ਇਟਰਵਿਊ ਛਪਿਆ ਜਿਸ ਵਿਚ ਉਸ ਨੇ ਖੱਬੇ ਪੱਖੀ ਲੇਖਕਾਂ ਉੱਤੇ ਬਿਨਾ ਕਿਸੇ ਤਰਕ ਦੇ ਭੜਾਸ ਕੱਢੀ ਦਿੱਤੀ।

ਜਦੋਂ ਪ੍ਰਗਤੀਸ਼ੀਲ ਲੇਖਕਾਂ ਦਾ ਕਾਫ਼ਲਾ ਇਸ ਸਾਰੇ ਵਰਤਾਰੇ ਦੇ ਵਿਰੋਧ ਵਿਚ ਅਕਾਦਮੀ ਦੇ ਬਾਹਰ ਪ੍ਰਦਰਸ਼ਨ ਕਰ ਰਿਹਾ ਸੀ ਤਾਂ ਦੂਜਾ ਸੱਤਾ ਦੇ ਹੱਕ ਵਿਚ ਭੁਗਤਣ ਵਾਲਾ ਕਾਫ਼ਲਾ ਇਨ੍ਹਾਂ ਲੇਖਕਾਂ ਦੇ ਵਿਚਾਰਾ ਦੇ ਵਿਰੁੱਧ ਕਾਫ਼ਲਾ ਲੈ ਕੇ ਅਕਾਦਮੀ ਦੇ ਦਫ਼ਤਰ ਬਾਹਰ ਇਨ੍ਹਾਂ ਦਾ ਵਿਰੋਧ ਕਰਨ ਲੱਗਾ। ਕਲਮਕਾਰਾਂ ਦੇ ਕਤਲਾਂ, ਆਪਣੇ ਵਿਚਾਰਾਂ ਨੂੰ ਜਬਰੀ ਠੋਸਣ ਤੇ ਹਿੰਸਾ ਦੇ ਵਿਰੋਧ ਵਜੋਂ ਉੱਠੇ ਲੋਕ ਪੱਖੀ ਕਾਫ਼ਲੇ ਦੇ ਕਲਮਕਾਰਾਂ ਨੂੰ ਸੱਤਾ ਦੇ ਪਿੱਠੂ ਲੇਖਕਾਂ ਨੇ ਮੋਦੀ ਸਰਕਾਰ ਨੂੰ ਹਾਸ਼ੀਏ ਤੇ ਧੱਕਣ ਅਤੇ ਬੌਧਿਕ ਪੱਧਰ ਦਾ ਅੱਤਵਾਦ ਫੈਲਾਉਣ ਦਾ ਦੋਸ਼ ਲਾਇਆ। ਆਪਣੇ ਆਪ ਨੂੰ ਰਾਸ਼ਟਰਵਾਦੀ ਕਹਿਣ ਵਾਲੇ ਕਾਫ਼ਲੇ ਨੇ ਖੱਬੇ ਪੱਖੀ ਲੇਖਕਾਂ ਤੇ ਸਿਆਸਤ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਜਦੋਂ ਕੰਨੜ ਬੁੱਧੀਜੀਵੀ ਦਾ ਕਤਲ ਹੋਇਆ ਤਾਂ ਤਾਂ ਕਰਨਾਟਕ ਵਿਚ ਕਾਂਗਰਸ ਸਰਕਾਰ ਹੈ। ਜਿਥੇ ਦਾਦਰੀ ਕਾਂਡ ਹੋਇਆ ਉੱਥੇ ਸਮਾਜਵਾਦੀ ਪਾਰਟੀ ਦੀ ਸਰਕਾਰ ਹੈ ਪਰ ਸਨਮਾਨ ਵਾਪਸ ਕਰਨ ਵਾਲੇ ਮੋਦੀ ਤੇ ਭਾਜਪਾ ਸਰਕਾਰ ਨੂੰ ਹਾਸ਼ੀਏ ਤੇ ਧੱਕਣ ਲਈ ਯਤਨਸ਼ੀਲ ਹਨ।

ਲੇਖਕਾਂ ਦੇ ਮੁੱਖ ਨਿਸ਼ਾਨੇ ਉੱਤੇ ਰਹੀ ਭਾਰਤੀ ਸਾਹਿਤ ਅਕਾਦਮੀ ਨੂੰ ਹੰਗਾਮੀ ਮੀਟਿੰਗ ਸੱਦਣੀ ਪਈ। ਅਕਾਦਮੀ ਦੇ ਚੇਅਰਪਰਸਨ ਵਿਸ਼ਵਨਾਥ ਪ੍ਰਸ਼ਾਦ ਤਿਵਾੜੀ ਨੇ ਕਿਹਾ ਕਿ ਇਹ ਲੇਖਕ ਆਪਣਾ ਵਿਰੋਧ ਪ੍ਰਗਟ ਕਰਨ ਲਈ ਵੱਖਰਾ ਰਾਹ ਅਖ਼ਤਿਆਰ ਕਰਨ ਤੇ ਇਸ ਖ਼ੁਦਮੁਖ਼ਤਾਰ ਸੰਸਥਾ ਦਾ ਸਿਆਸੀਕਰਨ ਨਾ ਕਰਨ। ਜੋ ਸਨਮਾਨ ਅਕਾਦਮੀ ਵਲੋਂ ਲੇਖਕਾਂ ਨੂੰ ਦਿੱਤੇ ਜਾਂਦੇ ਹਨ ਉਹ ਉਨ੍ਹਾਂ ਦੀਆਂ ਉੱਚ ਪਾਏ ਦੀਆਂ ਲਿਖਤਾਂ ਕਰਕੇ ਦਿੱਤੇ ਜਾਂਦੇ ਹਨ। ਇਸ ਲਈ ਉਨ੍ਹਾਂ ਨੂੰ ਵਾਪਸ ਕਰਨ ਦਾ ਉਨ੍ਹਾਂ ਦਾ ਕੋਈ ਤਰਕ ਨਹੀਂ ਬਣਦਾ ਕਿਉਂਕਿ ਇਹ ਪਦਮ ਪੁਰਸਕਾਰ ਨਹੀਂ ਹਨ। ਲੇਖਕਾਂ ਵਲੋਂ ਵੱਧ ਰਹੀ ਅਸ਼ਹਿਣਸ਼ੀਲਤਾ ਦੇ ਵਿਰੋਧ ਵਜੋਂ ਉੱਠੇ ਕਾਫ਼ਲੇ ਦੀ ਆਵਾਜ਼ ਨੂੰ ਸੁਣਦਿਆਂ ਅਕਾਦਮੀ ਨੇ ਐਮ. ਐਸ. ਕੁਲਬੁਰਗੀ ਦੇ ਕਤਲ ਦੀ ਨਿੰਦਾ ਹੀ ਕੀਤੀ ਅਤੇ ਨਾਲ ਅਕਾਦਮੀ ਨੇ ਇਸ ਕਤਲ ਸਮੇਤ ਦੇਸ਼ 'ਚ ਵਧਦੀ ਅਸਹਿਣਸ਼ੀਲਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਤੇ ਲੇਖਕਾਂ ਦੇ ਵਿਚਾਰਾਂ ਦੀ ਆਜ਼ਾਦੀ ਦਾ ਸਾਥ ਦਿੱਤਾ ਅਤੇ ਬੋਰਡ ਨੇ ਅਕਾਦਮੀ ਦੀ ਖ਼ੁਦਮੁਖ਼ਤਿਆਰੀ ਕਾਇਮ ਰੱਖਣ ਦਾ ਅਹਿਦ ਵੀ ਲਿਆ।

ਬਹਰਹਾਲ ਇਨਾਮ ਮੋੜਨ ਦਾ, ਵਿਰੋਧ ਕਰਨ ਦਾ, ਲੇਖਕਾਂ ਦੀ ਆਜ਼ਾਦੀ ਦਾ ਅਤੇ ਅਕਾਦਮੀ ਦੀ ਕਾਰਜ ਪ੍ਰਣਾਲੀ ਦਾ ਮੁੱਦਾ ਪਿਛਲੇ ਦਿਨੀਂ ਮੀਡੀਏ ਵਿਚ ਗਰਮ ਪਕੋੜਿਆ ਵਾਂਗ ਵਿਕਿਆ। ਪੰਜਾਬੀ ਵਿਚ ਇਹ ਚਰਚਾ ਖ਼ੂਬ ਚੱਲੀ। ਅਸੀਂ ਵੀ ਇਸ ਕਾਫ਼ਲੇ ਦੇ ਨਾਲ ਹਾਂ। ਤਾਂ ਆਮ ਲੋਕਾਂ ਦੇ ਵੱਲ ਮੂੰਹ ਕਰਕੇ ਮੁਖ਼ਾਤਬ ਹਾਂ। ਪਰ ਹੁਣ ਸਾਰੇ ਲੇਖਕ ਅਤੇ ਲੇਖਕ ਜਥੇਬੰਦੀਆਂ ਚੁੱਪ ਕਰਕੇ ਬੈਠ ਗਈਆਂ ਹਨ। ਇਨਾਮ ਵਾਪਸ ਕਰਨ ਦੀ ਲਹਿਰ ਰੁਕ ਗਈ ਹੈ। ਪੰਜਾਬੀ ਦੇ ਲੇਖਕਾਂ ਦਾ ਬਸ ਐਨਾ ਹੀ ਕਾਰਜ ਸੀ ਬਈ ਉਨ੍ਹਾਂ ਨੇ ਇਨਾਮ ਵਾਪਸ ਕਰਕੇ ਆਪਣਾ ਵਿਰੋਧ ਜਿਤਾ ਦਿੱਤਾ ਕਿ ਅਸੀਂ ਦਿਨੋਂ ਦਿਨ ਵੱਧ ਰਹੀ ਹਿੰਸਾ ਅਤੇ ਲੇਖਕਾਂ ਤੇ ਬੁੱਧੀਜੀਵੀਆਂ ਦੀਆਂ ਹੱਤਿਆਵਾਂ ਦੇ ਵਿਰੋਧ ਵਿਚ ਉੱਠੇ ਹਾਂ ਪਰ ਇਨ੍ਹਾਂ ਲੇਖਕਾਂ ਨੂੰ ਨਿਰੰਤਰ ਇਸ ਹਿੰਸਾ ਵਿਰੁੱਧ ਆਵਾਜ਼ ਚੁੱਕਣੀ ਚਾਹੀਦੀ ਹੈ। ਪਿਛਲੇ ਦਿਨੀਂ ਪੰਜ ਸੱਤ ਖੱਬੇ ਪੱਖੀਆਂ ਦੀ ਵੱਧ ਰਹੀ ਅਸਹਿਣਸ਼ੀਲਤਾ ਖ਼ਿਲਾਫ਼ ਇਕ ਸਾਂਝੀ ਕਨਵੈਨਸ਼ਨ ਜਲੰਧਰ 'ਚ ਕਰਵਾਈ ਗਈ। ਉਸ ਵਿਚ ਗਿਣਤੀ ਦੇ 35 ਸਰੋਤੇ ਬੈਠੇ ਸਨ ਅਤੇ ਮੇਰੇ ਸਮੇਤ10-12 ਦੇ ਕਰੀਬ ਲੇਖਕ ਸਨ। ਜਿਨ੍ਹਾਂ ਵਿਚ ਇਕ ਵੀ ਉਹ



ਲੇਖਕ ਨਹੀਂ ਸੀ ਜਿਸ ਨੇ ਅਕਾਦਮੀ ਐਵਾਰਡ ਵਾਪਸ ਕੀਤਾ ਸੀ। ਜਦੋਂ ਕੇਂਦਰੀ ਲੇਖਕ ਸਭਾ ਦੀਆਂ ਵੋਟਾਂ ਪੈਂਦੀਆਂ ਹਨ ਤਾਂ ਇਕੱਲੇ ਜਲੰਧਰ ਵਿਚੋਂ 300 ਤੋਂ ਵੱਧ ਵੋਟਾਂ ਦੇ ਰੂਪ ਵਿਚ ਲੇਖਕ ਨਿਕਲਦੇ ਹਨ।

ਭਾਵੇਂ ਕਿ ਪਹਿਲਾਂ ਵੀ ਬੜੇ ਸਮੇਂ ਆਏ ਜਦੋਂ ਵੱਡੇ ਇਨਾਮ ਮੋੜਨ ਦਾ ਸਮਾਂ ਆਇਆ ਸੀ। ਜਦੋਂ ਪੰਜਾਬੀ ਦੇ ਪ੍ਰਗਤੀਸ਼ੀਲ ਕਵੀ ਅਵਤਾਰ ਸਿੰਘ ਪਾਸ਼ ਦੀ ਹੱਤਿਆ ਕੀਤੀ ਗਈ ਜਾਂ ਜਦੋਂ ਸਫ਼ਦਰ ਹਾਸ਼ਮੀ ਦੀ ਹੱਤਿਆ ਹੋਈ ਉਦੋਂ ਕਿਸੇ ਲੇਖਕ ਨੇ ਸਾਹਿਤ ਅਕਾਦਮੀ ਐਵਾਰਡ ਜਾਂ ਭਾਸ਼ਾ ਵਿਭਾਗ ਦੇ ਐਵਾਰਡ ਵਾਪਸ ਨਹੀਂ ਕੀਤੇ। ਪੰਜਾਬੀ ਲੇਖਕ ਆਪਣੇ ਆਪ ਜਾਗਦੇ ਨਹੀਂ ਹਨ, ਹੁਣ ਵੀ ਦੂਜੀਆਂ ਭਾਸ਼ਾਵਾਂ ਵਾਲੇ ਲੇਖਕਾਂ ਨੇ ਇਨ੍ਹਾਂ ਨੂੰ ਜਗਾਇਆ ਤਾਂ ਪੰਜਾਬੀ ਲੇਖਕਾਂ ਦੀ ਇਨਾਮ ਵਾਪਸ ਕਰਨ ਦੀ ਗਿਣਤੀ ਸਭ ਤੋਂ ਵੱਧ ਗਈ। ਨਹੀਂ ਤਾਂ ਸਾਹਿਤ ਅਕਾਦਮੀ 22 ਭਾਸ਼ਾਵਾਂ ਵਿਚ ਪਿਛਲੇ 60 ਸਾਲ ਤੋਂ ਇਨਾਮ ਦਿੰਦੀ ਆ ਰਹੀ ਹੈ। ਚਾਰ ਪੰਜ ਭਾਸ਼ਾਵਾਂ ਨੂੰ ਛੱਡ ਕੇ ਬਹੁਤੀਆਂ ਭਾਸ਼ਾਵਾਂ ਦੇ ਇਕ ਵੀ ਲੇਖਕ ਨੇ ਇਨਾਮ ਵਾਪਸ ਨਹੀਂ ਕੀਤਾ। ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਐਨੀ ਵੱਡੀ ਗਿਣਤੀ ਵਿਚ ਐਨੇ ਐਵਾਰਡ ਲੇਖਕ ਨੇ ਲੋਕਾਂ ਵੱਲ ਮੂੰਹ ਕਰਕੇ ਸੱਤਾ ਦੇ ਮੂੰਹ 'ਤੇ ਮਾਰੇ। ਇਸ ਦਾ ਅਸਰ ਵੀ ਗਹਿਰਾ ਪਿਆ ਹੈ।

ਕਲਮਕਾਰ, ਕਲਾਕਾਰ ਅਤੇ ਅਦਾਕਾਰ ਜੋ ਲੋਕਾਂ ਵੱਲ ਮੂੰਹ ਕਰਕੇ ਬੋਲਦਾ ਲਿਖਦਾ ਹੈ। ਉਸ ਨੂੰ ਹਮੇਸ਼ਾਂ ਇਸ ਸਾਰੇ ਵਰਤਾਰੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਹ ਨਹੀਂ ਬਈ ਜਦੋਂ ਇਨਾਮ ਵਾਪਸ ਕਰਨ ਦੀ ਹਨੇਰੀ ਚੱਲੀ ਤਾਂ ਇਨਾਮ ਵਾਪਸੀ ਦੀ ਲਹਿਰ ਵਿਚ ਕੁੱਦ ਪਏ ਜਦੋਂ ਇਨਾਮ ਲੈਣ ਦੀ ਲਹਿਰ ਚੱਲੀ ਤਾਂ ਜੋੜ ਤੋੜ ਕਰਕੇ ਇਨਾਮ ਲੈਣ ਦੀ ਦੌੜ ਵਿਚ ਲੱਗ ਗਏ। ਜਨਸਧਾਰਨ ਦੀ ਆਵਾਜ਼ ਬਣਨ ਵਾਲਾ ਲੇਖਕ ਕਦੇ ਇਨਾਮਾਂ ਵੱਲ ਝਾਕਦਾ ਹੀ ਨਹੀਂ ਹੈ। ਮੈਨੂੰ ਜਾਅ ਪਾਲ ਸਾਰਤਰ ਦਾ ਉਹ ਖ਼ਤ ਚੇਤੇ ਆਉਂਦਾ ਹੈ ਜਿਹੜਾ ਉਸ ਨੇ ਨੋਬੈੱਲ ਪ੍ਰਬੰਧਕਾ ਨੂੰ ਉਦੋਂ ਲਿਖਿਆ ਸੀ ਜਦੋਂ ਉਹਨੂੰ ਭਿਣਕ ਪਈ ਸੀ ਕਿ ਉਸ ਨੂੰ ਕਮੇਟੀ ਨੋਬੈਲ ਇਨਾਮ ਦੇ ਰਹੀ ਹੈ, ਉਸ ਨੇ ਲਿਖਿਆ ਸੀ,

"ਮੈਨੂੰ ਇਸ ਗੱਲ ਦਾ ਬੇਹੱਦ ਅਫ਼ਸੋਸ ਹੈ ਕਿ ਇਸ ਮੁੱਦੇ ਨੂੰ ਸਨਸਨੀਖੇਜ਼ ਘਟਨਾ ਦੇ ਵਾਂਗ ਦੇਖਿਆ ਜਾ ਰਿਹਾ ਹੈ। ਇਹ ਪੁਰਸਕਾਰ ਮੈਨੂੰ ਦਿੱਤਾ ਗਿਆ ਸੀ, ਇਸ ਨੂੰ ਮੈਂ ਲੈਣ ਤੋਂ ਇਨਕਾਰ ਕਰ ਦਿੱਤਾ। ਇਹ ਸਭ ਇਸ ਲਈ ਹੋਇਆ ਕਿ ਮੈਨੂੰ ਇਸ ਗੱਲ ਦਾ ਰਤਾ ਵੀ ਇਲਮ ਨਹੀਂ ਸੀ ਅੰਦਰੇ ਹੀ ਅੰਦਰ ਕੀ ਚੱਲ ਰਿਹਾ ਹੈ। 15 ਅਕਤੂਬਰ, ਫਿਗਾਰੋ ਲਿਟ੍ਰੇਰੀਆ ਦੇ ਸਵੀਡਿਸ ਪੱਤਰਕਾਰੀ ਕਾਲਮ ਵਿਚ ਮੈਂ ਜਦੋਂ ਪੜ੍ਹਿਆ ਕਿ ਸਵੀਡਿਸ ਅਕਾਦਮੀ ਦਾ ਰੁਝਾਨ ਮੇਰੇ ਵੱਲ ਹੈ ਪ੍ਰੰਤੂ ਫਿਰ ਮੈਨੂੰ ਇਹ ਪੱਕੇ ਤੌਰ ਤੇ ਪਤਾ ਨਾ ਚੱਲ ਸਕਿਆ ਤਾਂ ਮੈਨੂੰ ਲੱਗਿਆ ਕਿ ਅਕਾਦਮੀ ਨੂੰ ਇਸ ਬਾਬਤ ਖ਼ਤ ਲਿਖਣਾ ਚਾਹੀਦਾ ਹੈ। ਮੈਂ ਅਗਲੇ ਦਿਨ ਖ਼ਤ ਲਿਖ ਕੇ ਡਾਕ ਵਿਚ ਪਾ ਦਿੱਤਾ ਤਾਂ ਕਿ ਇਸ ਮਸਲੇ ਬਾਰੇ ਪਤਾ ਕਰ ਲਵਾਂ ਭਵਿੱਖ ਵਿਚ ਇਸ ਇਨਾਮ-ਵਨਾਮ ਉੱਤੇ ਕੋਈ ਚਰਚਾ ਨਾ ਹੋਵੇ।

ਉਦੋਂ ਮੈਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਨੋਬੈਲ ਪੁਰਸਕਾਰ, ਪ੍ਰਾਪਤ ਕਰਨ ਵਾਲੇ ਦੀ ਸਹਿਮਤੀ ਦੇ ਬਗੈਰ ਹੀ ਪ੍ਰਦਾਨ ਕੀਤਾ ਜਾਂਦਾ ਹੈ। ਮੈਨੂੰ ਲੱਗ ਰਿਹਾ ਸੀ ਕਿ ਸਮਾਂ ਬਹੁਤ ਘੱਟ ਹੈ ਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਪ੍ਰੰਤੂ ਹੁਣ ਮੈਂ ਜਾਣ ਗਿਆ ਹਾਂ ਕਿ ਸਵੀਡਿਸ ਅਕਾਦਮੀ ਦੇ ਕੀਤੇ ਫ਼ੈਸਲੇ ਨੂੰ ਬਾਅਦ ਵਿਚ ਰੱਦ ਕਰਨਾ ਸੰਭਵ ਨਹੀਂ ਹੈ।

ਮੇਰਾ ਵਿਰੋਧ ਭਾਵੁਕ ਵਿਚ ਲਿਆ ਫੈਸਲਾ ਨਹੀਂ ਹੈ। ਨਿੱਜੀ ਤੌਰ ਉੱਤੇ ਮੈਂ ਵਧੇਰੇ ਸਨਮਾਨਾਂ ਨੂੰ ਨਾ ਮਨਜ਼ੂਰ ਹੀ ਕੀਤਾ ਹੈ। 1945 ਵਿਚ ਯੁੱਧ ਤੋਂ ਬਾਅਦ ਮੈਨੂੰ ਲਿਜਨ ਆਫ਼ ਆਨਰ ਮਿਲਿਆ ਸੀ। ਮੈਂ ਲੈਣ ਤੋਂ ਇਨਕਾਰ ਕਰ ਦਿੱਤਾ। ਭਾਵੇਂ ਮੇਰੀ ਹਮਦਰਦੀ ਸਰਕਾਰ ਦੇ ਨਾਲ ਸੀ। ਇਸ ਤਰ੍ਹਾਂ ਆਪਣੇ ਦੋਸਤਾਂ ਦੇ

ਸੁਝਾਅ ਦੇ ਬਾਵਜੂਦ 'ਕਾਲੇਜ਼ ਦਾ ਫ੍ਰਾਂਸ' 'ਚ ਜਾਣ ਦੀ ਮੇਰੀ ਕਦੇ ਇੱਛਾ ਨਹੀਂ ਰਹੀ। ਇਕ ਲੇਖਕ ਜਿਹੜਾ ਇਸ ਤਰ੍ਹਾਂ ਦੇ ਸਨਮਾਨਾਂ ਨੂੰ ਸਵੀਕਾਰ ਕਰਦਾ ਹੈ, ਅਸਲ ਵਿਚ ਆਪਣੇ ਆਪ ਨੂੰ ਇਕ ਸੰਘ ਜਾਂ ਸੰਸਥਾ ਮਾਤਰ ਵਿਚ ਤਬਦੀਲ ਕਰ ਲੈਂਦਾ ਹੈ। ਵੇਨੇਜੁਏਲਾ ਦੇ ਕ੍ਰਾਂਤੀਕਾਰੀਆਂ ਦੇ ਪ੍ਰਤੀ ਮੇਰੀਆਂ ਭਾਵਨਾਵਾਂ ਇਕ ਤਰ੍ਹਾਂ ਨਾਲ ਮੇਰੀਆਂ ਆਪਣੀਆਂ ਲਗਾਈਆਂ ਪਾਬੰਧੀਆਂ ਹਨ। ਪਰ ਜੇਕਰ ਮੈਂ ਨੋਬੈਲ ਪੁਰਸਕਾਰ ਜੇਤੂ, ਜਾਅ ਪਾਲ ਸਾਰਤਰ ਦੀ ਹੈਸੀਅਤ ਨਾਲ ਵੇਨੇਜੁਏਲਾ ਦੇ ਪ੍ਰਤੀਰੋਧ ਨੂੰ ਦੇਖਦਾ ਹਾਂ ਤਾਂ ਇਕ ਤਰ੍ਹਾਂ ਨਾਲ ਇਸ ਤਰ੍ਹਾਂ ਦੀਆਂ ਪਾਬੰਧੀਆਂ ਨੋਬੈਲ ਪੁਰਸਕਾਰ ਦੇ ਰੂਪ ਵਿਚ ਇਕ ਪੂਰੀ ਸੰਸਥਾ ਦੀਆਂ ਹੋਣਗੀਆਂ। ਇਕ ਲੇਖਕ ਨੂੰ ਇਸ ਤਰ੍ਹਾਂ ਦੇ ਰੂਪਾਂਤਰਣ ਦਾ ਵਿਰੋਧ ਕਰਨਾ ਚਾਹੀਦਾ, ਚਾਹੇ ਉਹ ਬਹੁਤ ਹੀ ਸਨਮਾਨਜਨਕ ਸਥਿਤੀਆਂ 'ਚ ਹੀ ਕਿਓ ਨਾ ਦਿੱਤਾ ਜਾ ਰਿਹਾ ਹੋਵੇ, ਜਿਵੇਂ ਕਿ ਅੱਜ ਕੱਲ ਹੋ ਰਿਹਾ ਹੈ।

ਕੁਝ ਕਾਰਨਾ ਦਾ ਸਬੰਧ ਸਿੱਧਾ ਮੇਰੇ ਉਦੇਸ਼ਾਂ ਨਾਲ ਜੁੜਿਆ ਹੋਇਆ ਹੈ। ਜਿਵੇਂ ਸਭਿਆਚਾਰਕ ਮੋਰਚੇ ਉੱਤੇ ਕੇਵਲ ਇਕ ਹੀ ਤਰ੍ਹਾਂ ਦੀ ਲੜਾਈ ਅੱਜ ਸੰਭਵ ਹੈ। ਦੋ ਸਭਿਆਚਾਰਾਂ ਦੀ ਸ਼ਾਂਤੀਪੂਰਨ ਸਹਿ ਅਸਤਿਤਵ ਦੀ ਲੜਾਈ। ਇਕ ਪਾਸੇ ਪੂਰਬ ਹੈ ਅਤੇ ਦੂਜੇ ਪਾਸੇ ਪੱਛਮ। ਮੇਰੇ ਕਹਿਣ ਦਾ ਇਹ ਭਾਵ ਵੀ ਨਹੀਂ ਕਿ ਇਹ ਦੋਵੇਂ ਇਕ ਦੂਜੇ ਨੂੰ ਗਲ ਨਾਲ ਲਾ ਲੈਣ। ਮੈਂ ਚੰਗੀ ਤਰ੍ਹਾਂ ਇਸ ਸੱਚ ਨੂੰ ਜਾਣਦਾ ਹਾਂ ਕਿ ਇਹ ਦੋਵੇਂ ਸਭਿਆਤਾਵਾਂ ਆਹਮਣੇ-ਸਾਹਮਣੇ ਖੜੀਆਂ ਹਨ। ਨਿਸਚਤ ਰੂਪ ਵਿਚ ਇਨ੍ਹਾਂ ਦਾ ਸਰੂਪ ਦਵੰਦਆਤਮਕ ਹੈ। ਪਰ ਇਹ ਝਗੜਾ ਵਿਅਕਤੀਆਂ ਅਤੇ ਸਭਿਆਤਾਵਾਂ ਦੇ ਵਿਚ ਹੈ ਅਤੇ ਸੰਸਥਾਵਾਂ ਦਾ ਇਸ ਵਿਚ ਕੋਈ ਦਖ਼ਲ ਨਹੀਂ।

ਦੋ ਸਭਿਆਤਾਵਾਂ ਦੇ ਇਸ ਵਿਰੋਧਾਭਾਸ ਨੇ ਮੈਨੂੰ ਵੀ ਗਹਿਰਾਈ ਤੱਕ ਪ੍ਰਭਾਵਿਤ ਕੀਤਾ ਹੈ। ਮੈਂ ਅਜਿਹੇ ਹੀ ਵਿਰੋਧਾਭਾਸ ਦਾ ਨਿਰਮਾਤਾ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੀ ਸਾਰੀ ਹਮਦਰਦੀ ਸਮਾਜਵਾਦ ਦੇ ਨਾਲ ਹੈ ਅਤੇ ਇਸ ਨੂੰ ਅਸੀਂ ਪੂਰਬੀ ਬਲਾਕ ਦੇ ਨਾਂ ਨਾਲ ਵੀ ਜਾਣਦੇ ਹਾਂ। ਪਰ ਮੇਰਾ ਜਨਮ ਅਤੇ ਮੇਰਾ ਪਾਲਣ ਪੋਸ਼ਣ ਬੁਰਜੂਆ ਪਰਿਵਾਰ ਅਤੇ ਸਭਿਆਚਾਰ ਵਿਚ ਹੋਇਆ ਹੈ। ਇਹ ਸਾਰੀਆਂ ਸਥਿਤੀਆਂ ਮੈਨੂੰ ਇਸ ਗੱਲ ਦੀ ਇਜ਼ਾਜ਼ਤ ਦਿੰਦੀਆਂ ਹਨ ਕਿ ਮੈਂ ਇਨ੍ਹਾਂ ਦੋਹਾਂ ਸਭਿਆਤਾਵਾ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕਰ ਸਕਾਂ। ਤਾਂ ਮੈਂ ਉਮੀਦ ਕਰਦਾ ਹਾਂ ਕਿ ਜਿਹੜਾ ਸਰਵਸ਼੍ਰੇਸਟ ਹੋਵੇਗਾ, ਉਹੀ ਜਿੱਤੇਗਾ ਅਤੇ ਉਹ ਹੈ ਸਮਾਜਵਾਦ।

ਮੈਂ ਅਜਿਹੇ ਸਨਮਾਨ ਨੂੰ ਸਵੀਕਾਰ ਨਹੀਂ ਕਰ ਸਕਦਾ ਜਿਹੜਾ ਸਭਿਆਚਾਰ ਦਾ ਦਮਨ ਕਰਨ ਵਾਲੇ ਵਰਗ ਵਲੋਂ ਮੈਨੂੰ ਮਿਲ ਰਿਹਾ ਹੋਵੇ। ਚਾਹੇ ਉਹ ਪੱਛਮ ਦੇ ਬਦਲੇ ਪੂਰਬ ਦੇ ਵੱਲੋਂ ਹੀ ਕਿਉਂ ਨਾ ਦਿੱਤਾ ਗਿਆ ਹੋਵੇ। ਮੇਰੀ ਹਮਦਰਦੀ ਸਮਾਜਵਾਦ ਦੇ ਨਾਲ ਹੈ। ਇਸ ਪੈਗ਼ਾਮ ਦੇ ਨਾਲ ਮੈਂ ਇਹ ਗੱਲ ਏਥੇ ਹੀ ਖਤਮ ਕਰਦਾ ਹਾਂ ਕਿ ਸਵੀਡਿਸ ਜਨਤਾ ਦੇ ਨਾਲ ਮੇਰੀ ਪੂਰੀ ਹਮਦਰਦੀ ਹੈ ਅਤੇ ਮੈਂ ਉਸ ਨਾਲ ਸਹਿਮਤੀ ਰੱਖਦਾ ਹਾਂ।"

ਇਸ ਦੇ ਨਾਲ ਹੀ ਮੈਂ ਰਵਿੰਦਰ ਨਾਥ ਟੈਗੋਰ ਵਲੋਂ ਅੰਮ੍ਰਿਤਸਰ ਦੇ ਜ਼ਿਲ੍ਹਿਆ ਵਾਲੇ ਬਾਗ਼ ਵਿਚ ਹੋਏ ਜ਼ੁਲਮ ਦੇ ਵਿਰੋਧ ਵਿਚ ਅੰਗਰੇਜ਼ਾਂ ਵਲੋਂ ਦਿੱਤਾ 'ਨਾਇਟਹੁੱਡ' ਦਾ ਸਨਮਾਨ ਮੋੜਨ ਸਮੇਂ ਲਿਖਿਆ ਖ਼ਤ ਵੀ ਸਾਂਝਾ ਕਰਨਾ ਚਾਹੁੰਦਾ ਹਾਂ ਜਿਹੜਾ ਉਨ੍ਹਾਂ ਨੇ ਲਿਖਿਆ ਸੀ,

"ਮਹਾਮਹਿਮ, ਸਰਕਾਰ ਨੇ ਪੰਜਾਬ ਦੇ ਸਥਾਨਿਕ ਵਿਦਰੋਹ ਨੂੰ ਦਬਾਉਣ ਦੇ ਲਈ ਵੱਡੀ ਪੱਧਰ ਉੱਤੇ ਜਿਸ ਜ਼ੁਲਮਾਂ ਦੀ ਵਰਤੋਂ ਕੀਤੀ ਹੈ ਉਹ ਸਾਡੇ ਲਈ ਵੱਡੇ ਸਦਮੇ ਵਾਲਾ ਹੈ ਅਤੇ ਬ੍ਰਿਟਿਸ਼ ਸ਼ਾਸ਼ਨ ਦੇ ਅਧੀਨ ਮੇਰੇ ਸਮੇਤ ਭਾਰਤੀਆਂ ਦੀ ਬੇਵੱਸੀ ਦੀ ਸਥਿਤੀ ਨੂੰ ਬਿਆਨ ਕਰਦਾ ਹੈ।

ਸਾਨੂੰ ਯਕੀਨ ਹੋ ਗਿਆ ਹੈ ਕਿ ਜਿਸ ਕੋਹਜੇ ਢੰਗ ਨਾਲ ਸਖ਼ਤੀਆਂ ਨਾਲ ਬਦਕਿਸਮਤ ਲੋਕਾਂ ਨੂੰ



ਸਜ਼ਾ ਦਿੱਤੀ ਗਈ ਹੈ ਅਤੇ ਜਿਸ ਢੰਗ ਨਾਲ ਇਸ ਨੂੰ ਅੰਜ਼ਾਮ ਦਿੱਤਾ ਗਿਆ ਹੈ ਉਹ ਪਿਛਲੇ ਸਮੇਂ ਵਿਚ ਕਿਸੇ ਵੀ ਵਿਸ਼ੇਸ਼ ਅਪਵਾਦ ਦੇ ਰੂਪ ਵਿਚ ਵੀ ਇਤਿਹਾਸ ਦੀਆਂ ਸਭਿਆ ਸਰਕਾਰਾਂ ਦੇ ਬਰਾਬਰ ਨਹੀਂ। ਜਿਸ ਸੱਤਾ ਦਾ ਪ੍ਰਭਾਵ ਹੀ ਮਨੁੱਖੀ ਜੀਵਨ ਦੀ ਤਬਾਹੀ ਵਾਲੀ ਖੇਡ 'ਚ ਭਿਆਨਿਕ ਰੂਪ ਵਿਚ ਘਰ ਕਰ ਗਈ ਹੋਵੇ, ਉਸ ਵਲੋਂ ਨਿਹੱਥੇ, ਅਤੇ ਸਾਧਨ ਹੀਣ ਲੋਕਾਂ ਦੇ ਨਾਲ ਕੀਤੇ ਗਏ ਇਸ ਕਰੂਰ ਜ਼ੁਲਮ ਨੂੰ ਦੇਖਦੇ ਹੋਏ ਅਸੀਂ ਦ੍ਰਿੜ ਰੂਪ ਵਿਚ ਕਹਿ ਸਕਦੇ ਹਾਂ ਕਿ ਇਸ ਨਾਲ ਕਿਸੇ ਤਰ੍ਹਾਂ ਦਾ ਰਾਜਨੀਤਿਕ ਲਾਭ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ ਅਤੇ ਨੈਤਿਕ ਸਮਰੱਥਨ ਦੀ ਤਾਂ ਉਮੀਦ ਹੀ ਨਹੀਂ ਕੀਤੀ ਜਾ ਸਕਦੀ। ਪੰਜਾਬ ਵਿਚ ਸਾਡੇ ਭਰਾਵਾਂ ਦੇ ਨਾਲ ਹੋਏ ਅਪਮਾਨ ਅਤੇ ਦੁੱਖਾਂ ਦਾ ਲੇਖਾ-ਜੋਖਾ ਹੌਲੀ-ਹੌਲੀ ਇਨ੍ਹਾਂ ਖ਼ਾਮੋਸ਼ੀਆਂ 'ਚੋਂ ਰਿਸਣ ਲੱਗਾ ਹੈ ਅਤੇ ਭਾਰਤ ਦੇ ਹਰ ਕੋਨੇ ਵਿਚ ਪਹੁੰਚ ਗਿਆ ਹੈ। ਇਹ ਵਿਸ਼ਵਾਸ਼ ਘਾਤ ਹਮਲੇ, ਸਾਡੇ ਲੋਕਾਂ ਵਿਚ ਉੱਠਿਆ ਗੁੱਸਾ ਸ਼ਾਸ਼ਕਾਂ ਵਲੋਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਭਾਵੇ ਕਿ ਉਹ ਇਸ ਨੂੰ ਹਿਤਕਾਰੀ ਪਾਠ ਮੰਨ ਕੇ ਖ਼ੁਦ ਨੂੰ ਵਧਾਈ ਦੇ ਰਹੇ ਹੋਣ। ਵਧੇਰੇ ਕਰਕੇ ਐਂਗਲੋ-ਇੰਡੀਆ ਅਖ਼ਬਾਰਾਂ ਨੇ ਇਸ ਜ਼ੁਲਮ ਦੀ ਪ੍ਰਸ਼ੰਸ਼ਾ ਕੀਤੀ ਹੈ ਅਤੇ ਕੁਝ ਇਸ ਹੱਦ ਤੱਕ ਕਰੂਰ ਹੋ ਗਏ ਕਿ ਸਾਡੀ ਤ੍ਰਾਸਦੀਆਂ ਦਾ ਤਮਾਸ਼ਾ ਬਣ ਗਏ ਹਨ। ਸੱਤਾ ਨੇ ਲਗਾਤਾਰ ਇਸ ਗੱਲ ਦਾ ਖਾਸ ਖਿਆਲ ਰੱਖਿਆ ਹੈ ਕਿ ਕਿਵੇਂ ਦਰਦਭਰੀਆਂ ਚੀਕਾਂ ਅਤੇ ਉਨ੍ਹਾਂ ਸਾਰੀਆਂ ਭਾਵਨਾਵਾਂ ਦਾ ਜਿਹੜੀਆਂ ਸਾਡੇ ਰੋਮ ਰੋਮ ਵਿਚ ਪੈਦਾ ਹੁੰਦੀਆਂ ਹਨ, ਗਲਾ ਦਬਾ ਦਿੱਤਾ ਜਾਵੇ।

ਅਸੀਂ ਜਾਣਦੇ ਹਾਂ ਸਾਡੀਆਂ ਸਾਰੀਆਂ ਆਪੀਲਾਂ ਫ਼ਜ਼ੂਲ ਚਲੇ ਗਈਆਂ ਹਨ ਅਤੇ ਬਦਲਾ ਲੈਣ ਦੀ ਅੱਗ ਨੇ ਸਾਡੀ ਸਰਕਾਰ ਦੀ ਕੁਲੀਨ ਸਾਸ਼ਨ ਕਲਾ ਨੂੰ ਅੰਨਾ ਬਣਾ ਦਿੱਤਾ ਹੈ ਜਦ ਕਿ ਉਹ ਤਾਕਤ ਅਤੇ ਨੈਤਿਕ ਪਰੰਪਰਾ ਨੂੰ ਨਾਲ ਰਹਿੰਦੇ ਹੋਏ ਉਦਾਰ ਹੋ ਸਕਦੀ ਸੀ। ਮੈਂ ਆਪਣੇ ਦੇਸ਼ ਦੇ ਲਈ ਘੱਟੋ ਘੱਟ ਇਹ ਕਰ ਸਕਦਾ ਹਾਂ ਸਾਰੇ ਨਤੀਜ਼ੇ ਦੀ ਜ਼ਿੰਮੇਦਾਰੀ ਲੈਂਦੇ ਹੋਏ ਆਪਣੇ ਲੱਖਾਂ ਦੇਸ਼ ਵਾਸੀਆਂ ਦੀ ਆਵਾਜ਼ ਬਣ ਸਕਾਂ ਜੋ ਜ਼ੁਲਮ ਦੀ ਇਸ ਦਹਿਸਤ ਵਿਚ ਹੈਰਾਨ ਅਤੇ ਸਹਿਮੇ ਹੋਏ ਹਨ। ਇਹ ਅਜਿਹਾ ਸਮਾਂ ਹੈ ਜਦਕਿ ਸ਼ਰਮਿੰਦਗੀ ਅਤੇ ਅਪਮਾਨ ਦੇ ਵਿਚ ਸਨਮਾਨ ਦੀ ਚਮਕ ਵਾਲੇ ਇਨ੍ਹਾਂ ਪਦਕਾਂ ਨੂੰ ਮੈਂ ਮਿੱਟੀ ਦੇ ਸਮਾਨ ਵੇਖਦਾ ਹਾਂ ਅਤੇ ਹੁਣ ਮੈਂ ਖ਼ੁਦ ਸਾਰੀਆਂ ਵਿਸ਼ੇਸ਼ ਪਦਵੀਆਂ ਨੂੰ ਠੋਕਰ ਮਾਰਦਾ ਹੋਇਆ, ਆਪਣੇ ਦੇਸ਼ ਵਾਸੀਆਂ ਦੇ ਨਾਲ ਖੜਾ ਹੋਣਾ ਚਾਹੁੰਦਾ ਹਾਂ ਜਿਹੜੇ ਆਪਣੀਆਂ ਤਥਾ-ਕਥਿਤ ਮਜਬੂਰੀਆਂ ਦੇ ਕਾਰਨ ਬੇਇੱਜ਼ਤੀ ਝੱਲਣ ਲਈ ਮਜ਼ਬੂਰ ਹਨ ਅਤੇ ਜਿਨ੍ਹਾਂ ਨੂੰ ਮਨੁੱਖ ਕਹਾਉਣ ਦੇ ਲਾਇਕ ਵੀ ਨਹੀਂ ਸਮਝਿਆ ਜਾਂਦਾ।


ਇਨ੍ਹਾਂ ਕਾਰਨਾ ਨੇ ਮੈਨੂੰ ਕਸ਼ਟਪੂਰਵਕ ਮਹਾਮਹਿਮ ਦੇ ਸਦਰੰਭ ਅਤੇ ਗੁੱਸੇ ਦੇ ਨਾਲ ਇਹ ਕਹਿਣ ਦੇ ਲਈ ਮਜ਼ਬੂਰ ਕੀਤਾ ਹੈ ਕਿ ਆਪ ਮੈਨੂੰ ਨਾਇਟ ਦੀ ਪਦਵੀ ਤੋਂ ਭਾਰ ਮੁੱਕਤ ਕਰ ਦਿਓ, ਜਿਸ ਪਦਵੀ ਨੂੰ ਮੈਂ ਤੁਹਾਡੇ ਪੁਰਖਿਆ ਦੇ ਹੱਥੋਂ ਕਦੇ ਸਵੀਕਾਰ ਕੀਤਾ ਸੀ ਅਤੇ ਜਿਸ ਦੋਸਤੀ ਦੀ ਅਜੇ ਵੀ ਮੈਂ ਸਤਿਕਾਰ ਨਾਲ ਤਰੀਫ ਕਰਦਾ ਹਾਂ। ਤੁਹਾਡਾ ਰਵਿੰਦਰ ਨਾਥ ਟੈਗੋਰ, ਕਲਕੱਤਾ, 31 ਮਈ, 1919"

ਸੋ ਸਾਰਤਰ ਵਰਗਾ ਪੰਜਾਬੀ ਵਿਚ ਤਾਂ ਕੀ ਪੂਰੇ ਭਾਰਤ ਵਿਚ ਅਜੇ ਤੱਕ ਕੋਈ ਲੇਖਕ ਪੈਦਾ ਨਹੀਂ ਹੋਇਆ। ਅਤੇ ਟੈਗੋਰ ਬਣ ਪਾਉਣਾ ਵੀ ਮੁਸ਼ਕਲ ਕਾਰਜ ਹੈ। ਪਰ ਲਿਖਤਾਂ ਹੀ ਲੇਖਕ ਨੂੰ ਹਮੇਸ਼ਾਂ ਵੱਡਾ ਬਣਾਉਂਦੀਆਂ ਹਨ ਇਹ ਖੋਹ ਖਿੱਚ ਕੇ ਲਏ ਸਨਮਾਨ ਤਾਂ ਲੇਖਕਾਂ ਦਾ ਕੱਦ ਕਈ ਵਾਰ ਨੀਵਾਂ ਵੀ ਕਰ ਦਿੰਦੇ ਹਨ। ਸਾਰਤਰ ਅਤੇ ਟੈਗੋਰ ਕਦੇ ਮਰ ਨਹੀਂ ਸਕਦੇ, ਆਪਣੀਆਂ ਲਿਖਤਾਂ ਨਾਲ ਹਮੇਸ਼ਾਂ ਜਿਉਂਦੇ ਰਹਿਣਗੇ।

**- ਭਗਵੰਤ ਰਸੂਲਪੁਰੀ**


# ਗੁਲਜ਼ਾਰ ਸਿੰਘ ਸੰਧੂ ਦੀ ਬੌਧਿਕ ਚੋਰੀ : ਦੁਆਬਾ /-ਮੱਖਣ ਮਾਨ

ਪਤਾ ਨਹੀਂ ਇਹ ਵਰਤਾਰਾ ਕਿਸ ਮਾਨਸਿਕ ਕੁੰਠਾ ਵਿਚੋਂ ਨਿਕਲਦਾ ਹੈ ਕਿ ਬੰਦੇ ਨੂੰ ਨਾਂ ਦੀ ਭੁੱਖ ਅੰਤ ਤੱਕ ਬਣੀ ਰਹਿੰਦੀ ਹੈ। ਜਿਸ ਨੂੰ ਲਿਖਣਾ ਨਹੀਂ ਆਉਂਦਾ ਉਹ ਵਿਦਿਆਰਥੀ ਨਕਲ ਮਾਰ, ਕੱਟ ਐਂਡ ਪੇਸਟ ਕਰਕੇ, ਪੀਐੱਚ. ਡੀ. ਦੇ ਥੀਸਿਸ ਲਿਖ ਮਾਰਦੇ ਹਨ। ਸਾਡੀਆਂ ਯੂਨੀਵਰਸਿਟੀਆਂ ਉਨ੍ਹਾਂ ਨੂੰ ਪੀਐੱਚ. ਡੀ. ਦੀ ਡਿਗਰੀ ਦੇ ਦਿੰਦੀਆਂ ਹਨ। ਚਲੋ ਉਹ ਤਾਂ ਸਿਖਾਂਦਰੂ ਵਿਦਿਆਰਥੀ ਹੁੰਦੇ ਹਨ। ਜਿਹੜੇ ਲੇਖਕ ਵੱਡੇ ਕੱਦ ਦੇ ਬਣ ਜਾਂਦੇ ਹਨ। ਜਿਨ੍ਹਾਂ ਦੀਆਂ ਕਿਤਾਬਾਂ ਨੂੰ ਸਾਹਿਤ ਅਕਾਦਮੀ ਵਰਗੇ ਇਨਾਮ ਵੀ ਮਿਲੇ ਹੁੰਦੇ ਹਨ ਉਨ੍ਹਾਂ ਦੀ ਨਾਂ ਚਮਕਾਉਣ ਦੀ ਭੁੱਖ ਵੀ ਅੰਤ ਤੱਕ ਜਾਂਦੀ ਨਹੀਂ। ਇਸ ਦੀ ਤਾਜਾ ਮਿਸਾਲ ਮੈਨੂੰ ਉਦੋਂ ਵੇਖਣ ਨੂੰ ਮਿਲੀ ਜਦੋਂ ਮੇਰੇ ਪਿਓ ਸਮਾਨ ਡਾ. ਜਗਤਾਰ ਦਾ ਲਿਪੀਅੰਤਰ ਕੀਤਾ ਹੋਇਆ ਅਫ਼ਜ਼ਲ ਅਹਿਸਨ ਰੰਧਾਵਾ ਦਾ ਨਾਵਲ 'ਦੁਆਬਾ' ਜੋ ਦੀਪਕ ਪਬਲਿਸ਼ਰਜ ਨੇ 2003 ਵਿਚ ਪ੍ਰਕਾਸਤ ਕੀਤਾ ਸੀ, ਉੱਚੇ ਆਹੁਦਿਆਂ ਤੇ ਬਿਰਾਜਮਾਨ ਲੇਖਕ ਗੁਲਜ਼ਾਰ ਸਿੰਘ ਸੰਧੂ ਹੁਰੀਂ ਆਪਣੇ ਨਾਂ ਹੇਠ ਛਪਵਾ ਲੈਂਦੇ ਹਨ। ਹੱਦ ਉਦੋਂ ਹੋ ਜਾਂਦੀ ਹੈ ਜਦੋਂ ਡਾ. ਜਗਤਾਰ ਦਾ ਨਾਂ ਲਾਹ ਕੇ ਉਸ ਉੱਤੇ ਸੰਪਾਦਕ ਦੇ ਤੌਰ ਤੇ ਆਪਣਾ ਨਾ ਚਿਪਕਾ ਦਿੰਦੇ ਹਨ। 'ਦੁਆਬਾ' ਦੀ ਉਹ ਅੱਠ ਪੰਨਿਆ ਦੀ ਭੂਮਿਕਾ ਲਿਖਦੇ ਹਨ। ਪਰ ਹੱਦ ਉਦੋਂ ਕਰ ਦਿੰਦੇ ਹਨ ਜਦੋਂ ਇਕ ਥਾਂ ਤੇ ਵੀ ਡਾ. ਜਗਤਾਰ ਦਾ ਨਾਂ ਤੱਕ ਨਹੀਂ ਲਿਖਦੇ। ਭੂਮਿਕਾ ਵਿਚ ਇਕ ਥਾਂ ਲਿਖਦੇ ਹਨ, "ਮੈਨੂੰ 'ਦੁਆਬਾ' ਦੇ ਪ੍ਰਕਾਸ਼ਕ ਨੇ ਆਪਣੇ ਮਿੱਤਰ ਅਫ਼ਜ਼ਲ ਅਹਿਸਨ ਰੰਧਾਵਾ ਦੇ ਜੀਵਨ, ਰਚਨਾ ਤੇ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ ਨੂੰ ਪਾਠਕਾਂ ਦੇ ਸਾਹਮਣੇ ਲਿਆਉਣ ਦਾ ਮੌਕਾ ਦਿੱਤਾ ਹੈ" ਗੁਲਜ਼ਾਰ ਸਿੰਘ ਸੰਧੂ ਨੂੰ ਸ਼ਰੇਆਮ ਕੀਤੀ ਬੌਧਿਕ ਚੋਰੀ ਸ਼ੋਭਾ ਨਹੀਂ ਦਿੰਦੀ। ਕਿਤਾਬ ਵਿਚ ਦੋ ਥਾਵਾਂ ਉੱਤੇ ਸੰਧੂ ਦਾ ਨਾਂ ਸੰਪਾਦਕ ਦੇ ਤੌਰ 'ਤੇ ਲਿਖਿਆ ਹੈ। ਸੰਧੂ, ਸਾਹਿਤ ਅਕਾਦਮੀ ਚੰਡੀਗੜ੍ਹ ਦੇ ਚੇਅਰਮੈਨ ਹਨ, ਨਾਲ ਹੀ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਪ੍ਰਧਾਨ ਹਨ ਜਿਸ ਦੇ ਚੰਦ ਆਹੁਦੇਦਾਰ ਸਭਾ ਦਾ ਕਰੋੜਾ ਰੁਪਈਆਂ ਆਪਣੇ ਢਿੱਡ ਵਿਚ ਪਾਈ ਜਾਂਦੇ ਹਨ। ਗੁਲਜ਼ਾਰ ਸੰਧੂ ਨੇ ਭਾਰਤ ਸਰਕਾਰ, ਖੇਤੀਬਾੜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਸੰਪਾਦਕ 'ਪੰਜਾਬੀ ਟ੍ਰਿਬਿਊਨ', ਸੰਪਾਦਕ 'ਦੇਸ਼ ਸੇਵਕ' ਅਤੇ ਹੋਰ ਵਕਾਰੀ ਅਹੁਦਿਆਂ ਉੱਤੇ ਆਪਣੀਆਂ ਸੇਵਾਵਾਂ ਨਿਭਾਈਆਂ ਹਨ। ਨਾਲ ਹੀ ਉਹ ਭਾਸ਼ਾ ਵਿਭਾਗ ਪੰਜਾਬ, ਪੰਜਾਬ ਸਰਕਾਰ ਦਾ ਸ਼੍ਰੋਮਣੀ ਐਵਾਰਡ ਵੀ ਲੈ ਚੁੱਕੇ ਹਨ। ਉਸ ਨੂੰ ਐਨਾ ਮਾਣ ਮਿਲਿਆ ਹੈ ਪਰ ਅਜੇ ਵੀ ਨਾਂ ਦੀ ਭੁੱਖ ਕਾਇਮ ਹੈ। ਗੁਲਜ਼ਾਰ ਸੰਧੂ ਦੇ ਨਾਂ ਹੇਠ ਛਪੇ ਨਾਵਲ 'ਦੁਆਬਾ' ਨੂੰ ਪੰਜ ਸੱਤ ਮਹੀਨੇ ਹੋ ਗਏ ਹਨ। ਉਸ ਨੇ ਅਜੇ ਤੱਕ ਇਸ ਮੁੱਦੇ ਨੂੰ ਲੈ ਕੇ ਕੋਈ ਜਨਤਕ ਬਿਆਨ ਨਹੀਂ ਦਿੱਤਾ।




**ਡਾ. ਜਗਤਾਰ ਵਲੋਂ ਲਿਪੀਅੰਤਰ ਕੀਤੇ 2003 ਵਿਚ ਛਪੇ ਨਾਵਲ ਦਾ ਸਰਵਰਕ** **ਗੁਲਜਾਰ ਸਿੰਘ ਸੰਧੂ ਵਲੋਂ ਸੰਪਾਦਤ ਕੀਤੇ 2014 ਵਿਚ ਛਪੇ ਨਾਵਲ ਦਾ ਸਰਵਰਕ**






**ਦੋਹਾਂ ਨਾਵਲਾਂ ਦੇ ਅੰਦਰਲੇ ਪੰਨੇ ਜਿਸ ਵਿਚ ਸਾਫ ਪਤਾ ਲੱਗਦਾ ਹੈ ਕਿ ਲਿਪੀਅੰਤਰਕਾਰ ਕੌਣ ਹਨ ਅਤੇ ਬਿਨਾ ਕੁਝ ਲਿਖਤ ਵਿਚ ਬਦਲਿਆ ਸੰਪਾਦਕ ਕੌਣ ਬਣ ਗਿਆ?**

ਮੈਨੂੰ ਡਾ. ਜਗਤਾਰ ਪੁੱਤਾਂ ਵਾਂਗ ਸਮਝਦਾ ਸੀ। ਜਦੋਂ ਦੁਆਬਾ ਉਹ ਲਿਪੀਅੰਤਰ ਕਰ ਰਿਹਾ ਸੀ ਉਸ ਵੇਲੇ ਦਾ ਵੀ ਮੈਨੂੰ ਪਤਾ ਹੈ। ਉਸ ਨੇ ਬੜੀ ਮਿਹਨਤ ਨਾਲ ਨਾਵਲ ਦਾ ਲਿਪੀਅੰਤਰ ਕੀਤਾ। ਕਿਉਂਕਿ ਉਹ ਉਰਦੂ, ਫਾਰਸੀ, ਪੰਜਾਬੀ, ਅੰਗਰੇਜ਼ੀ ਦਾ ਗਿਆਤਾ ਸੀ। ਇਸ ਨਾਵਲ ਨੂੰ ਜਗਤਾਰ ਪਹਿਲੇ ਪ੍ਰਕਾਸ਼ਕ 'ਦੀਪਕ ਪਬਲਿਸ਼ਰਜ਼ , ਮਾਈ ਹੀਰਾ ਗੇਟ, ਜਲੰਧਰ ਨੇ 2003 ਵਿਚ ਛਾਪਿਆ ਸੀ। ਸੰਧੂ ਨੇ ਨਾਵਲ ਦਾ ਲਿਪੀਅੰਤਰ ਹੂ ਬ ਹੂ ਜਗਤਾਰ ਵਾਲਾ ਛਾਪ ਦਿੱਤਾ ਹੈ। ਏਥੋਂ ਤੱਕ ਜੋ ਗਲਤੀਆਂ ਡਾ. ਜਗਤਾਰ ਵਾਲੇ ਨਾਵਲ ਵਿਚ ਹੋਈਆਂ ਹਨ ਉਹ ਵੀ ਉਸੇ ਤਰ੍ਹਾਂ ਹਨ। ਸਾਰਾ ਕੁੱਝ ਕਾਪੀ ਪੇਸਟ। ਕਾਂਡ 9 ਵਿਚ ਡਾ. ਜਗਤਾਰ ਵਲੋਂ ਇਕ ਪੰਜਾਬੀ ਬੋਲੀ ਗ਼ਲਤ ਹੀ ਲਿਪੀਅੰਤਰ ਹੋ ਗਈ 'ਤੇਰੀ ਰੱਤੀ ਏ ਵੇ ਢੋਲ ਮੇਰਿਆ ਚੁੰਨੀ, ਉੱਤੇ ਪਾਉਨੀ ਆਂ ਮੈਂ ਰੇਸ਼ਮ ਦੀਆਂ ਪਿੜੀਆਂ।' ਪਰ ਸੰਧੂ ਹੁਰੀਂ ਲਿਖਤ ਦਾ ਇਕ ਸ਼ਬਦ ਵੀ ਨਹੀਂ ਬਦਲਿਆ। ਫੇਰ ਉਸ ਨੇ ਸੰਪਾਦਨਾ ਕਾਹਦੀ ਕੀਤੀ ਹੈ? ਇਹਨੂੰ ਵੀ ਸੰਧੂ ਸਾਹਿਬ ਨੇ ਇਸ ਤਰ੍ਹਾਂ ਚੇਪ ਦਿੱਤੀ। ਮੈਂ ਦੀਪਕ ਪਬਲਿਸ਼ਰਜ਼ ਦੇ ਮਾਲਕ ਜੀਵਤ ਕੁਮਾਰ ਨਾਲ ਗੱਲ ਕੀਤੀ ਕਿ ਇਹ ਜੋ ਨਾਵਲ 'ਦੁਆਬਾ' ਗੁਲਜ਼ਾਰ ਸੰਧੂ ਦੇ ਨਾਂ ਹੇਠ ਛਪਿਆ ਹੈ ਇਹਦੇ ਬਾਰੇ ਤੁਹਾਡੇ ਕੋਲੋਂ ਸਹਿਮਤੀ ਲਈ ਹੈ। ਫਿਰ ਮੈਂ ਡਾ. ਜਗਤਾਰ ਦੀ ਬੇਟੀ ਡਾ. ਕੰਚਨ ਸਿੰਘ ਤੇ ਨੀਰਜ ਸਿੰਘ ਨੂੰ ਪੁੱਛਿਆ ਉਨ੍ਹਾਂ ਨੇ ਹੈਰਾਨੀ ਵਿਚ ਸਿਰ ਫੇਰ ਦਿੱਤਾ। ਨਵੇਂ ਨਾਵਲ ਨੂੰ ਲੋਕਗੀਤ ਪ੍ਰਕਾਸ਼ਕ, ਚੰਡੀਗੜ੍ਹ ਨੇ ਛਾਪਿਆ ਹੈ। ਲੋਕਗੀਤ ਪ੍ਰਕਾਸ਼ਨ ਨੂੰ ਇਸ ਤਰ੍ਹਾਂ ਦੂਜੇ ਦੇ ਨਾਂ ਹੇਠ ਲਿਪੀਅੰਤਰ ਕੀਤੀਆਂ ਕਿਤਾਬਾਂ ਛਾਪਣਾ ਦਾ ਅਧਿਕਾਰ ਕਿਸ ਨੇ ਦਿੱਤਾ ਹੈ? ਸੰਧੂ ਅਤੇ ਪ੍ਰਕਾਸ਼ਕ ਨੇ ਕਾਪੀ ਰਾਈਟ ਐਕਟ ਦੀ ਸ਼ਰੇਆਮ ਉਲੰਘਣਾ ਕੀਤੀ ਹੈ। ਜੇ ਇਹ ਕਿਤਾਬ ਪ੍ਰਕਾਸ਼ਕ ਨੇ ਛਾਪਣੀ ਸੀ ਤਾਂ ਵੀ ਉਸ ਦੇ ਨਾਂ ਹੇਠ ਛਾਪੀ ਜਾ ਸਕਦੀ ਸੀ। ਕੀ ਗੁਲਜ਼ਾਰ ਸੰਧੂ ਦੀ ਇਹ ਬੌਧਿਕ ਚੋਰੀ ਹੈ? ਕੀ ਪ੍ਰਕਾਸ਼ਕ ਨੇ ਸੰਧੂ ਨੂੰ ਖੁਸ਼ ਕਰਨ ਲਈ ਉਸ ਕੋਲੋਂ ਸਾਹਿਤ ਸਭਾ ਦਿੱਲੀ ਦੇ ਕਿਤਾਬਾਂ ਦੇ ਆਰਡਰ ਲੈਣ ਲਈ ਉਸ ਦਾ ਨਾਂ ਵਰਤਿਆ? ਕੀ ਇਹ ਗਲਤੀ ਅਣਜਾਣ ਪੁਣੇ 'ਚ ਹੋਈ ਹੈ? ਕੀ ਨਾਵਲ ਦੇ ਮੂਲ ਲੇਖਕ ਨੂੰ ਵੀ ਇਸ ਸਾਰੀ ਘਟਨਾ ਦਾ ਪਤਾ ਹੈ? ਇਹ ਸਵਾਲ ਹਰ ਪੰਜਾਬੀ ਪਾਠਕ ਦੇ ਮਨ ਵਿਚ ਉੱਠਣਗੇ। (ਮੁਬਾਇਲ- 94172-07627 )

## ਕਹਾਣੀ / ਕਿਧਰ ਜਾਈਏ?/ ਅਤਰਜੀਤ

ਫੋਨ ਦੀ ਰਿੰਗ ਹੋਈ। ਵੇਖਿਆ ਰਮਾ ਦਾ ਫੋਨ ਸੀ। ਸ਼ੀਤਲ ਦਾ ਇਕ ਦਮ ਹੀ ਦਿਲ ਮੱਚ ਕੇ ਕੋਲੇ ਹੋ ਗਿਆ। ਉਸ ਦਾ ਜੀ ਕੀਤਾ ਕਿ ਫੋਨ ਬੰਦ ਕਰ ਦੇਵੇ। ਅੱਜ ਕਿਵੇਂ ਐਨੇ ਸਾਲਾਂ ਬਾਅਦ ਫੋਨ ਕਰ ਬੈਠੀ ਭੁੱਲੀ ਚੁੱਕੀ। 'ਗਊਂ ਦੀ ਯਾਰ ਨੂੰ ਮੇਰੇ ਤਾਂਈਂ ਕੋਈ ਕੰਮ ਪੈ ਗਿਆ ਹੋਊ। ਨਹੀਂ ਉਹ ਕਦੋਂ ਕਰਨ ਵਾਲ਼ੀ ਸੀ ਫੋਨ।' ਸ਼ੀਤਲ ਸੋਚ ਕੇ ਰਹਿ ਗਈ। ਹੈਂਸੀਆਰੀ ਤਾਂ ਉਹ ਬਚਪਨ ਤੋਂ ਹੀ ਸੀ। ਛੋਟੀ ਹੁੰਦੀ ਵੀ ਮਾੜੀ ਜਿੰਨੀ ਗੱਲ 'ਤੇ ਅੱਗ ਬਗੋਲਾ ਹੋ ਕੇ ਹਰੇਕ ਨੂੰ ਹੀ ਦੰਦੀਏਂ ਖਾ ਜਾਂਦੀ ਸੀ, ਵਾਲ਼ ਪੁੱਟ ਸੁੱਟਦੀ ਸੀ। ਵੱਡੀ ਹੋਈ ਵੀ ਆਪਣੇ ਆਪ ਨੂੰ ਖੱਬੀਖਾਨ ਹੀ ਸਮਝਦੀ ਰਹੀ ਸੀ। ਜਦੋਂ ਵਿਆਹੀ ਗਈ ਸੀ ਤਾਂ ਸਾਰਿਆਂ ਨੇ ਹੀ ਇਉਂ ਆਪਣੇ ਮਨ ਦੀ ਭੜਾਸ ਕੱਢੀ ਸੀ-"ਚੰਗਾ ਹੋਇਆ, ਦਫ਼ਾ ਹੋਈ। ਹੁਣ ਆਪੇ ਗਹਾਂ ਛਿੱਤਰ ਖਾਈ ਜਾਇਆ ਕਰੂ। ਪਰ ਇਹਨੇ ਕਾਹਦਾ ਸੁਧਰਨੈ?" ਕਿਹੜੀ ਗੱਲ ਕੀਤੀ ਸੀ ਉਸਨੇ ਸਕੀਆਂ ਭੈਣਾਂ ਵਾਲ਼ੀ? ਐਨੇ ਸਾਲਾਂ ਤੋਂ ਵੈਰਨ ਹੀ ਬਣੀ ਆ ਰਹੀ ਸੀ, ਖ਼ਾਸ ਕਰਕੇ ਸ਼ੀਤਲ ਦੀ।

ਹੋਰ ਕਿਹੜਾ ਘੱਟ ਖਿਲਾਰਾ ਪਾ ਕੇ ਗਈ ਸੀ। ਪਾਪਾ ਦੀ ਸੀਖਤ ਦਾ ਤਾਂ ਇਸ ਉਪਰ ਕੋਈ ਅਸਰ ਹੀ ਨਹੀਂ ਸੀ ਹੋਇਆ ਦਿਸਦਾ। ਭਰਾਵਾਂ 'ਤੇ ਕਿਹੜਾ ਹੋਇਆ ਸੀ, ਉਹ ਵੀ ਤਾਂ ਉਹਦੇ ਵਾਲ਼ੀ ਬੋਲੀ ਹੀ ਬੋਲਦੇ ਸਨ। ਸਭ ਆਪਣੇ ਆਪਣੇ ਦਾਅ ਨੂੰ ਹੀ ਸੋਚਦੇ ਨੇ। ਸਿਰੇ ਦੇ ਲਾਲਚੀ ਨਿੱਕਲੇ, ਖ਼ੁਦਗਰਜ਼, ਕਮੀਨੇ। ਪੈਸਾ ਹੀ ਸਭ ਕੁੱਝ ਬਣ ਗਿਆ ਹੋਰ ਤਾਂ ਕਾਸੇ ਨਾਲ਼ ਜਿਵੇਂ ਰਿਸ਼ਤਾ ਰਹਿ ਹੀ ਨਹੀਂ ਗਿਆ। ਪੈਣ ਰਿਸ਼ਤੇ ਢੱਠੇ ਖ਼ੂਹ ਵਿੱਚ। ਸਾਰਾ ਬੀਤਿਆ ਨੜੇ ਵਾਂਗ ਉਸਦੇ ਮਸਤਕ ਵਿੱਚ ਉਧੜ ਗਿਆ। ਉਹ ਫੋਨ ਬੰਦ ਕਰਨਾ ਚਾਹੁੰਦੀ ਹੋਣ ਦੇ ਬਾਵਜੂਦ ਵੀ ਬੰਦ ਨਾ ਕਰ ਸਕੀ।

ਹੁਣ ਤਾਂ ਭਰਾਵਾਂ ਦਾ ਵੀ ਇਹੋ ਹਾਲ ਸੀ, ਦੁਸ਼ਮਣ ਲੱਗਦੀ ਸੀ ਸਭ ਨੂੰ ਸ਼ੀਤਲ। ਪਾਪਾ ਦੇ ਕਹਿਣ 'ਤੇ ਹੀ ਉਸ ਨੇ ਆਪਣਾ ਬਣਦਾ ਹਿੱਸਾ ਲਿਆ ਸੀ। ਉਸਨੇ ਕਿਹਾ ਵੀ ਸੀ ਪਾਪਾ ਨੂੰ-"ਪਾਪਾ ਊਂਈਂ ਨਾ ਘਰ ਵਿੱਚ ਸੇਹ ਦਾ ਤੱਕਲ਼ਾ ਗੱਡਿਆ ਜਾਵੇ।" ਸਾਡੇ ਕੋਲ਼ ਘਾਟਾ ਵੀ ਕਾਹਦਾ ਹੈ। ਉਹ ਆਪਣਾ ਆਪ ਐਵੇਂ ਹੀ ਇਨ੍ਹਾਂ ਲੋਕਾਂ ਵਿੱਚ ਹੌਲ਼ਾ ਨਹੀਂ ਸੀ ਕਰਨਾ ਚਾਹੁੰਦੀ। ਪਾਪਾ ਨੇ ਧੜੱਲੇ ਨਾਲ਼ ਜਵਾਬ ਦਿੱਤਾ ਸੀ-"ਦੇਖ ਸ਼ੀਤਲ ਮੈਂ ਮੁੰਡੇ ਕੁੜੀਆਂ ਵਿੱਚ ਕੋਈ ਫ਼ਰਕ ਨਹੀਂ ਸਮਝਦਾ। ਤੂੰ ਦਿਲ ਕਰ ਤੇ ਜਾਇਦਾਦ ਵਿੱਚੋਂ ਆਪਣਾ ਹਿੱਸਾ ਲੈ। ਮੈਂ ਚਾਹੁੰਦਾ ਹਾਂ ਤੂੰ ਆਪਣਾ ਹਿੱਸਾ ਲਵੇਂ। ਕਿਉਂ ਨੀ ਲੈਂਦੀ? ਠੀਕ ਐ ਤੇਰੇ ਕੋਲ਼ ਸਭ ਕੁੱਛ ਹੈਗਾ। ਪਰ ਇਹ ਤੇਰਾ ਹੱਕ ਹੈ। ਮੈਂ ਤੈਨੂੰ ਤੇਰਾ ਹੱਕ ਦੇਣਾ ਚਾਹੁੰਨਾ। ਜੇ ਦੂਜੀਆਂ ਨਹੀਂ ਲੈਂਦੀਆਂ ਤਾਂ ਨਾ ਲੈਣ, ਤੈਂ ਉਨ੍ਹਾਂ ਤੋਂ ਕੀ ਲੈਣੈ?" ਫਿਰ ਉਸਨੇ ਉਵੇਂ ਕੀਤਾ ਸੀ। ਬੱਸ ਉਸ ਦਿਨ ਤੋਂ ਸਾਰੇ ਹੀ ਭੈਣ ਭਰਾ ਉਸਨੂੰ ਆਪਣੀ ਵੱਡੀ ਵੈਰਨ ਹੀ ਤਾਂ ਸਮਝਣ ਲੱਗ ਪਏ ਸਨ, ਨਾਲ਼ੇ ਪਾਪਾ ਨੂੰ। ਫੇਰ ਜੀਅ ਕੀਤਾ ਕਿ ਫੋਨ ਕੱਟ ਦੇਵੇ ਤੇ ਆਖੇ-"ਹਾਂ ਦੱਸ ਕੀ ਬਕਵਾਸ ਕਰਨੀ ਹੈ, ਭੌਂਕ ਛੇਤੀ। ਮੈਂ ਹੋਰ ਵੀ ਕੰਮ ਕਰਨੇ ਐ। ਵਿਹਲੀ ਨਹੀਂ ਬੈਠੀ ਤੇਰੀ ਭਕਾਈ ਸੁਣਨ ਨੂੰ।" ਪਰ ਉਹਦੇ ਕੋਲੋਂ ਇਹ ਵੀ ਨਾ ਕਿਹਾ ਜਾ ਸਕਿਆ।

"ਹੈਲੋ!" ਉਸਦੇ ਮੂੰਹੋਂ ਸੁਭਾਵਕ ਹੀ ਨਿੱਕਲ ਗਿਆ-" ਹਾਂ ਕੀ ਐ?"

"ਦੀਦੀ ਪਾਪਾ ਦਾ ਐਕਸੀਡੈਂਟ ਹੋ ਗਿਆ। ਪੀ. ਜੀ. ਆਈ. ਵਿਚ ਦਾਖ਼ਲ ਨੇ।" ਸੁਣਦੇ ਸਾਰ ਸ਼ੀਤਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਦਿਲ ਫੜੱਕ ਫੜੱਕ ਵੱਜਣ ਲੱਗਾ। ਅੱਖਾਂ ਅੱਗੇ ਹਨੇਰਾ ਛਾ ਗਿਆ। ਕੰਨਾਂ ਵਿੱਚ ਸਾਂ ਸਾਂ ਹੋਣ ਲੱਗ ਪਈ।

"ਇਹ ਕੀ ਕਹਿਨੀ ਐਂ ਰਮਾ? ਚੱਜ ਨਾਲ਼ ਦੱਸ।" ਅੱਗ ਬਗੂਲਾ ਹੋਣ ਨੂੰ ਆਈ ਸ਼ੀਤਲ ਕੋਲੋਂ ਇਕ



ਦਮ ਹੀ ਨਿਮਰਤਾ ਦੇ ਬੋਲ ਸਹਿਜ ਨਾਲ਼ ਹੀ ਬੋਲੇ ਗਏ-"ਕਿਤੇ ਹੋਰ ਈ ਭਾਣਾ ਤਾਂ ਨੀ ਬੀਤ ਗਿਆ ਰਮਾ? ਕੀ ਆਖੀ ਜਾਨੀ ਐਂ ਰਮਾ? ਕਿਤੇ ਮੇਰੇ ਕੋਲੋਂ ਪਰਦਾ ਤਾਂ ਨੀ ਰੱਖ ਰਹੀ?" ਸ਼ੀਤਲ ਬੌਂਦਲੀ ਪਈ ਸੀ।

"ਹਾਂ ਦੀਦੀ ਮੈਂ ਠੀਕ ਕਹਿਨੀ ਆਂ। ਚੰਡੀਗੜ੍ਹੋਂ ਵਾਲੀਆ ਅੰਕਲ ਦਾ ਫੋਨ ਆਇਐ। ਕੌਮਾ ਵਿਚ ਨੇ ਪਾਪਾ। ਪਤਾ ਨੀ ਐਕਸੀਡੈਂਟ ਕਾਹਦੇ ਨਾਲ਼ ਹੋਇਐ। ਕਹਿੰਦੇ ਸੀ ਸੱਟ ਤਾਂ ਕੋਈ ਹੈ ਨਹੀਂ। ਫੇਰ ਵੀ ਕੌਮਾ ਵਿਚ ਪਤਾ ਨਹੀਂ ਕਿਵੇਂ ਚਲੇ ਗਏ?" ਰਮਾ ਦੀ ਚੀਕ ਨਿੱਕਲ਼ ਗਈ ਤੇ ਉਸ ਨੇ ਫੋਨ ਬੰਦ ਕਰ ਦਿੱਤਾ। ਸ਼ੀਤਲ ਨੂੰ ਰਮਾ 'ਤੇ ਹਨ੍ਹੇਰੀ ਵਾਂਗ ਗੁੱਸਾ ਆਇਆ। ਪੈਸੇ ਬਚਾਉਣ ਦੀ ਬਣੀ ਹੋਊ। ਗੱਲ ਵਿਚਾਲ਼ੇ ਹੀ ਛੱਡ ਕੇ ਫੋਨ ਕੱਟਣ ਦੀ ਬਣ'ਗੀ।

ਉਸਦੇ ਕੰਨਾਂ ਵਿੱਚ ਅਣਬੋਲੇ ਸ਼ਬਦਾਂ ਦੀ ਦਿਵਾਲ਼ੀ 'ਤੇ ਪੈਂਦੇ ਭੜਾਕਿਆਂ ਵਾਂਗ ਦੜੂੰ ਦੜੂੰ ਹੋਣ ਲੱਗ ਪਈ ਸੀ।

"ਮੈਂ ਐਵੇਂ ਹੀ ਇਕਪਾਸੜ ਸਿੱਟਾ ਕੱਢ ਲਿਆ। ਕੀ ਪਤੈ ਉਹਨੇ ਕੱਟਿਆ ਸੀ ਜਾਂ ਆਪੇ ਕੱਟਿਆ ਗਿਆ ਸੀ।" ਉਸਨੇ ਆਪਣੇ ਆਪ ਨੂੰ ਕਿਹਾ। ਐਧਰੋਂ ਫੋਨ ਕਰਕੇ ਵੇਖਿਆ ਤਾਂ ਮਿਲ਼ਿਆ ਹੀ ਨਾ। ਆਪਣੇ ਵਾਲ਼ੇ ਘਸੇ ਜਿਹੇ ਫੋਨ ਵੱਲ ਵੇਖਿਆ। ਕਿਤੇ ਏਸੇ ਨੂੰ ਹੀ ਨਾ ਕੁੱਝ ਹੋ ਗਿਆ ਹੋਵੇ। ਏਸੇ ਨੂੰ ਹੋਇਆ ਸੀ ਕੁੱਝ। ਬੈਟਰੀ ਖ਼ਤਮ ਹੋ ਗਈ ਸੀ। ਰਮਾ 'ਤੇ ਖਾਹ ਮਖਾਹ ਗੁੱਸਾ ਕਰਨ ਦਾ ਪਛਤਾਵਾ ਵੀ ਹੋਇਆ ਉਸਨੂੰ। ਛੇਤੀ ਦੇਣੇ ਚਾਰਜ 'ਤੇ ਲਾਇਆ ਤੇ ਰਮਾ ਦਾ ਨੰਬਰ ਲਾਇਆ। ਕਿੰਨੇ ਵਾਰ ਹੀ ਬੱਚੇ ਨਸੀਹਤ ਕਰ ਚੁੱਕੇ ਹਨ ਕਿ ਚਾਰਜ 'ਤੇ ਲਾ ਕੇ ਫੋਨ ਨਾ ਕਰਿਆ ਕਰੋ। ਬੈਟਰੀ ਬਲਾਸਟ ਹੋ ਸਕਦੀ ਹੈ ਤੇ ਬੰਦੇ ਦੀ ਹਰ ਹਾਲ ਮੌਤ। ਬੰਬ ਵਾਂਗੂੰ ਫਟਦੀ ਹੈ ਬੈਟਰੀ। ਹੁਣ ਤਾਂ ਇਉਂ ਹੀ ਲਗਦਾ ਸੀ-"ਹੋ ਜਾਏ ਬੈਟਰੀ ਬਲਾਸਟ। ਕੀ ਦੁਨੀਆਂ ਸੁੰਨੀ ਹੋ ਜੂਗੀ ਮੇਰੇ ਬਿਨਾ। ਫਟਦੀ ਐ ਤਾਂ ਫਟ ਜੇ। ਇਸ ਤੋਂ ਵੱਡੀ ਕੀ ਫਟੂਗੀ। ਹੇ ਭਗਵਾਨ, ਪਾਪਾ ਨੂੰ ਕੁੱਛ ਨਾ ਹੋਵੇ। ਮੈਨੂੰ ਹੋ ਜੇ ਜਿਹੜਾ ਕੁੱਛ ਹੋਣੈ।"

ਉਧਰੋਂ ਰਮਾ ਦੀ ਆਵਾਜ਼ ਆਈ-"ਹੈਲੋ ਦੀਦੀ! ਪਾਪਾ ਬਹੁਤ ਸੀਰੀਅਸ ਨੇ। ਕੌਮਾ 'ਚ ਨੇ। ਛੇਤੀ ਚੰਡੀਗੜ੍ਹ ਆ ਜੋ ਮੈਂ ਜ਼ੀਰਕਪੁਰ ਪਹੁੰਚ ਗਈ ਆਂ।" ਉਸ ਨੇ ਹੀ ਉਧਰੋਂ ਫੋਨ ਕੱਟ ਦਿੱਤਾ। ਸ਼ੀਤਲ ਨੂੰ ਫੇਰ ਖਿਝ ਆਈ ਪਰ ਫਿਰ ਆਪ ਹੀ ਦਲੀਲ ਦਿੱਤੀ ਕਿ ਬੱਸ ਵਿੱਚ ਭੀੜ ਹੋਵੇਗੀ। ਨਹੀਂ ਕਰ ਸਕੀ ਹੋਣੀ ਗੱਲ।

ਸ਼ੀਤਲ ਨੇ ਇਕ ਦਮ ਹੀ ਜਸਵੰਤ ਰਾਏ ਨੂੰ ਫੋਨ ਮਿਲਾਇਆ। ਅੱਗੋ ਹੈਲੋ ਦੀ ਆਵਾਜ਼ ਆਈ। ਸ਼ੀਤਲ ਇੱਧਰੋਂ ਬੋਲੀ-" ਓ ਜੀ ਪਾਪਾ ਜੀ ਦਾ ਐਕਸੀਡੈਂਟ ਹੋ ਗਿਆ। ਰਮਾ ਦਾ ਫੋਨ ਆਇਆ ਸੀ ਪਟਿਆਲ਼ੇ ਤੋਂ।" ਉਹਦੇ ਕੋਲ਼ੋਂ ਤਾਂ ਚੱਜ ਨਾਲ਼ ਗੱਲ ਵੀ ਨਹੀਂ ਸੀ ਹੋ ਰਹੀ।

"ਐਵੇਂ ਭੌਂਕਦੀ ਹੋਊ, ਕੁੱਤੀ। ਗਪੌੜ ਛੱਡਣ ਦੀ ਆਦਤ ਐ ਉਹਦੀ। ਤੂੰ ਕਿਹੜਾ ਜਾਣਦੀ ਨੀ ਉਹਨੂੰ।"

"ਨਹੀਂ ਜੀ ਇਹ ਗਪੌੜ ਨਹੀਂ। ਉਹ ਤਾਂ ਚੰਡੀਗੜ੍ਹ ਪਹੁੰਚ ਵੀ ਗਈ।"

"ਅੱਛਾ ਤੂੰ ਆਪਣਾ ਖ਼ਿਆਲ ਰੱਖੀਂ। ਐਵੇਂ ਨਾ ਘਬਰਾ ਜੀਂ। ਲੋਹੇ ਦੀ ਅਲਮਾਰੀ ਵਿਚ ਦਸ ਹਜ਼ਾਰ ਰੁਪਿਆ ਪਿਆ। ਲੈ ਜਾ। ਮੈਂ ਡਿਊਟੀ ਨੀ ਛੱਡ ਸਕਦਾ।" ਸ਼ੀਤਲ ਨੂੰ ਭਾਵੇਂ ਜਸਵੰਤ ਦੀ ਡਿਊਟੀ ਦਾ ਪਤਾ ਸੀ ਪਰ ਤਾਂ ਵੀ ਉਹਦੇ ਮਨ ਵਿੱਚ ਇਕ ਵਾਰ ਬੁਰੇ ਵਿਚਾਰ ਆਏ ਬਿਨਾਂ ਨਾ ਰਹਿ ਸਕੇ।

"ਅੱਗ ਲੱਗੇ ਤੇਰੀ ਡਿਊਟੀ ਨੂੰ।"- ਉਸਦਾ ਚਿਹਰਾ ਭਖਣ ਲੱਗ ਪਿਆ-'ਚੀਫ਼ ਨੂੰ ਕਹਿ ਕੇ ਕੋਈ ਪ੍ਰਬੰਧ ਕਰ ਹੀ ਸਕਦਾ ਸੀ। ਬਾਪ ਤਾਂ ਮੇਰਾ ਮੌਤ ਦੇ ਮੂੰਹ ਪਿਐ। ਜੇ ਇਹਦੇ ਪਿਉ ਨਾਲ਼ ਐਂ ਹੋਈ ਹੁੰਦੀ ਤਾਂ....।' ਪਤਾ ਨਹੀਂ ਕੀ ਕੀ ਮਨ ਵਿੱਚ ਆਈ ਗਿਆ। ਫਿਰ ਉਸ ਨੇ ਸਹਿਜ ਹੁੰਦਿਆਂ ਆਪ ਹੀ ਆਪਣੀ ਗਲ਼ਤੀ ਮਹਿਸੂਸ ਕੀਤੀ। ਉਹਨਾਂ ਦੀ ਡਿਊਟੀ ਹੀ ਐਸ ਤਰ੍ਹਾਂ ਦੀ ਐ। ਐਂ ਤਾਂ ਕਿਸੇ ਦੇ ਕੰਡਾ ਵੱਜਿਆ

ਨੀ ਸਹਾਰਦੇ। ਸਾਰੇ ਰਿਸ਼ਤੇਦਾਰਾਂ ਵਿੱਚ ਬੱਲੇ ਬੱਲੇ ਕਰਵਾਈ ਪਈ ਹੈ। ਜਦੋਂ ਤੋਂ ਪਰਮੋਸ਼ਨ ਹੋਈ ਐਸੱ. ਡੀ. ਓ. ਬਣ ਕੇ ਕੰਮ ਦਾ ਬੋਝ ਵਧ ਗਿਆ ਹੈ। ਆਪ ਭਾਵੇਂ ਕੁਛ ਨੀ ਕਰਨਾ ਪਰ ਹੇਠ ਮੁਲਾਜ਼ਮ ਅਤੇ ਕੰਮ ਦਾ ਘੇਰਾ ਵਧ ਗਿਆ ਹੈ। ਆਪ ਦਫ਼ਤਰ ਵਿੱਚ ਨਾ ਹੋਣ ਤਾਂ ਕੋਈ ਡੱਕਾ ਤੋੜ ਕੇ ਰਾਜ਼ੀ ਨੀ।'

ਸ਼ੀਤਲ ਦੇ ਮੂਹਰੇ ਫਿਰ ਰਮਾ ਦਾ ਚਿਹਰਾ ਆ ਗਿਆ। ਜਿਵੇਂ ਪਹਿਲਾਂ ਚੇਤੇ ਕਰਕੇ ਹੀ ਗੁੱਸਾ ਆ ਜਾਂਦਾ ਸੀ, ਅੱਜ ਇਸ ਤੋਂ ਉਹ ਕੁੱਝ ਚੰਗੀ ਚੰਗੀ ਲੱਗਣ ਲੱਗ ਪਈ ਸੀ। ਬੇਸ਼ੱਕ ਉਸਨੂੰ ਪਤਾ ਸੀ ਕਿ 'ਆਪਣੇ ਗੌਂ ਨੂੰ ਉਹ ਗਧੇ ਨੂੰ ਵੀ ਬਾਪੂ ਆਖਣ ਤੱਕ ਜਾਊਗੀ। ਊਂ ਕਿਸੇ ਦੇ ਵੱਢੇ 'ਤੇ ਨੀ ਮੂਤਣਾ।' ਕੀ ਹੋ ਗਿਆ ਜ਼ਮਾਨੇ ਨੂੰ ਪੈਸਾ ਹੀ ਸਭ ਕੁੱਝ ਬਣ ਗਿਆ। ਫਿਰ ਉਹ ਆਪਣੇ ਆਪ ਨੂੰ ਹੀ ਕੋਸਣ ਲੱਗੀ-' ਸ਼ੀਤਲ ਤੂੰ ਵੀ ਜੀਹਦੇ ਖਿਤ ਪੈ ਜਾਂਦੀ ਐਂ ਬਖ਼ਸ਼ਦੀ ਨੀ ਕਿਸੇ ਨੂੰ। ਘੱਟੋ ਘੱਟ ਐਸ ਵਕਤ ਤਾਂ ਨਾ ਕੁੰਲਝ। ਹੁਣ ਰਮਾ ਨੇ ਕੋਈ ਮਾੜਾ ਤਾਂ ਨੀ ਕੀਤਾ ਫੋਨ ਕਰਕੇ। ਔਖ ਵੇਲ਼ੇ ਉਹ ਤਾਂ ਭੁੱਲ ਗਈ ਪਰ ਤੂੰ ਨੀ ਛੱਡਦੀ ਖਹਿੜਾ ਖੋਰ ਦਾ।' ਉਸਦੇ ਮਨ ਵਿੱਚ ਆਇਆ ਜਵਾਰਭਾਟਾ ਇਕ ਵਾਰ ਤਾਂ ਮੱਠਾ ਪੈ ਗਿਆ ਸੀ। ਰਮਾ ਉਸ ਨੂੰ ਫਿਰ ਉਹੀ ਬਚਪਨ ਵਾਲ਼ੀ ਰਮਾ ਜਾਪਣ ਲੱਗੀ।

ਸ਼ੀਤਲ ਨੇਂ ਇਕ ਦਮ ਹੀ ਅਲਮਾਰੀ 'ਚੋਂ ਦਸ ਹਜ਼ਾਰ ਦੀ ਗੁੱਟੀ ਕੱਢ ਕੇ ਪਰਸ ਵਿੱਚ ਪਾਈ ਤੇ ਛੇਤੀ ਛੇਤੀ ਪ੍ਰੈਸ ਕੀਤੇ ਜਾਂ ਨਾ ਕੀਤੇ ਕੁੱਝ ਕੱਪੜੇ ਛੋਟੇ ਬੈਗ ਵਿਚ ਤੁੰਨ੍ਹ ਕੇ ਜਾਣ ਲਈ ਤਿਆਰ ਹੋਣ ਲੱਗੀ ਕਿ ਕੀ ਪਤਾ ਕਿੰਨੇ ਦਿਨ ਰਹਿਣਾ ਪੈ ਜੇ। ਫਿਰ ਜਸਵੰਤ ਦਾ ਫੋਨ ਆ ਗਿਆ-" ਓ ਆਪਣੀ ਕਾਰ ਲੈ ਜੀਂ। ਰਾਮੇ ਨੂੰ ਫੋਨ ਕਰਦੇ ਟੈਕਸੀ ਸਟੈਂਡ। ਨਹੀਂ ਮੈਂ ਕਰ ਦਿੰਨਾ। ਉਹਨੂੰ ਦਿਹਾੜੀ ਦੇ ਦਿਆਂਗੇ। ਜੇ ਓਥੇ ਰਹਿਣਾ ਪੈ ਗਿਆ ਤਾਂ ਉਹ ਛੱਡ ਕੇ ਆ ਜੂਗਾ।" ਏਸ ਨਾਲ਼ ਸ਼ੀਤਲ ਨੂੰ ਆਪਣੀ ਕੀਮਤ ਜਿਹੀ ਪੈਂਦੀ ਵੀ ਮਹਿਸੂਸ ਹੋਈ। ਘਰ ਵਾਲ਼ੇ ਵੱਲੋਂ ਤੀਵੀਂ ਦਾ ਖ਼ਿਆਲ ਰੱਖਿਆ ਜਾਂਦਾ ਹੋਵੇ ਤਾਂ ਉਸ ਨੂੰ ਹੋਰ ਕੀ ਚਾਹੀਦਾ ਹੈ। ਉਸਨੇ ਰਾਮੇ ਨੂੰ ਫੋਨ ਮਿਲਾਇਆ, ਬਿਜ਼ੀ ਆ ਰਿਹਾ ਸੀ। 'ਹੋ ਸਕਦਾ ਹੈ, ਉਹ ਫੋਨ ਕਰ ਰਹੇ ਹੋਣ।' ਸੋਚ ਕੇ ਉਸ ਨੇ ਉਡੀਕ ਕਰਨੀ ਹੀ ਬਿਹਤਰ ਸਮਝੀ। ਠੀਕ ਹੀ ਸੀ, ਫੋਨ ਉਹੀ ਕਰ ਰਹੇ ਸਨ। ਰਾਮੇ ਦਾ ਓਸੇ ਵੇਲ਼ੇ ਫੋਨ ਆ ਗਿਆ-"ਭੈਣ ਜੀ, ਸਾਹਿਬ ਦਾ ਫੋਨ ਆਇਐ, ਅਖੇ ਚੰਡੀਗੜ੍ਹ ਜਾਣੈ। ਮੈਂ ਆ ਰਿਹਾਂ, ਤੁਸੀਂ ਤਿਆਰ ਹੋ ਜੋ।" ਸ਼ਬਦ ਭਾਵੇਂ ਠੰਢੇ ਫਹੇ ਵਰਗੇ ਸਨ ਪਰ ਤਾਂ ਵੀ ਅੰਦਰੋਂ ਡੰਡੂਲ ਜਿਹਾ ਉਠਿਆ-'ਪਾਪਾ ਦਾ ਪਤਾ ਨਹੀਂ ਕੀ ਹਾਲ ਹੋਊ?'

'ਉਇ ਆ ਜਾ ਭਰਾਵਾ, ਮੈਂ ਕਿਹੜੇ ਘੋੜੇ ਪੀੜਨੇ ਆਂ।' ਉਸਨੇ ਚਿੱਤ ਵਿੱਚ ਹੀ ਕਿਹਾ। ਜਿਵੇਂ ਉਨ੍ਹਾਂ ਨੇ ਕਿਹਾ ਹੋਏਗਾ, ਰਾਮੇ ਨੇ ਆਉਂਦੇ ਸਾਰ ਕਾਰ ਦੀ ਚਾਬੀ ਲੈ ਕੇ ਗੈਰਜ ਵਿਚੋਂ ਕਾਰ ਬਾਹਰ ਕੱਢੀ ਤੇ ਆਪਣੀ ਕਾਰ ਉਥੇ ਲਾ ਦਿੱਤੀ। ਸ਼ੀਤਲ ਨੇ ਛੇਤੀ ਦੇਣੇ ਪਿਛਲੀ ਤਾਕੀ ਖੋਲ੍ਹ ਕੇ ਬੈਗ ਮਗਰਲੀ ਸੀਟ ਉਪਰ ਸੁੱਟਿਆ ਤੇ ਧੜੰਮ ਕਰਕੇ ਸੀਟ ਉਪਰ ਡਿੱਗ ਪਈ। ਸਰੀਰ ਵਿੱਚ ਤਾਂ ਜਿਵੇਂ ਸੱਤਿਆ ਹੀ ਨਹੀਂ ਸੀ ਰਹੀ ਜਿਵੇਂ ਪੰਜ ਭੱਠ ਤਾਪ ਚੜ੍ਹਿਆ ਹੋਵੇ। ਅੱਖਾਂ 'ਚੋਂ ਤਰੱਪ ਤਰੱਪ ਪਾਣੀ ਵਹਿ ਤੁਰਿਆ। ਬੁੱਲ੍ਹ ਦੰਦਾਂ ਵਿੱਚ ਘੁੱਟ ਘੁੱਟ ਕੇ ਮਸਾਂ ਮਨ ਉਪਰ ਕਾਬੂ ਪਾਇਆ। 'ਬੇਸੁਰਤ ਈ ਨੇ ਪਾਪਾ, ਦੋ ਚਾਰ ਦਿਨਾਂ ਵਿਚ ਹੋਸ਼ ਵਿੱਚ ਆ ਜਾਣਗੇ।' ਆਪੇ ਹੀ ਆਪਣੇ ਮਨ ਨੂੰ ਠੁੰਮ੍ਹਣਾ ਦੇਣ ਦਾ ਯਤਲ ਕੀਤਾ।

ਜਿਵੇਂ ਜਿਵੇਂ ਕਾਰ ਸੜਕ ਨੂੰ ਮਿਣਦੀ ਜਾ ਰਹੀ ਸੀ ਸ਼ੀਤਲ ਬੀਤੇ ਦੀਆਂ ਯਾਦਾਂ ਨੂੰ ਮਿਣ ਰਹੀ ਸੀ। ਯਾਦਾਂ ਦਾ ਗਲੋਟਾ ਹੀ ਤਾਂ ਉਧੜ ਗਿਆ ਸੀ। ਪਾਪਾ ਕਿੰਨੇ ਦਰਿਆ ਦਿਲ ਸਨ। ਸਨ ਸ਼ਬਦ ਨਾਲ਼ ਉਸਨੂੰ ਕੁੱਝ ਤਣਾਅ ਜਿਹਾ ਵੀ ਮਹਿਸੂਸ ਹੋਇਆ ਕਿ ਸਨ ਕਿਉਂ ਕਿਹਾ? ਉਹ ਦਰਿਆ ਦਿਲ ਹਨ। ਆਪ ਹੀ ਤਾਂ ਉਨ੍ਹਾਂ ਨੇ ਕਿਹਾ ਸੀ-"ਦੇਖੋ ਤੁਸੀਂ ਮੇਰੀਆਂ ਤਿੰਨ ਧੀਆਂ ਨੀ, ਪੁੱਤ ਓਂ। ਮੇਰੇ ਛੇ ਪੁੱਤ ਨੇ। ਤੁਸੀ ਸਾਰੀ ਜਾਇਦਾਦ ਵਿਚੋਂ ਆਪਣਾ ਹਿੱਸਾ ਲੈ ਸਕਦੀਆਂ ਹੋ। ਸ਼ੀਤਲ ਉਹਨੀਂ ਦਿਨੀਂ ਜਮਹੂਰੀ ਹੱਕਾਂ ਦਾ ਕਿਤਾਬਚਾ



ਪੜ੍ਹ ਰਹੀ ਸੀ। ਤੇ ਉਸਨੂੰ ਲੱਗਿਆ ਸੀ ਕਿ ਪਾਪਾ ਨੇ ਸਾਡੇ ਜਮਹੂਰੀ ਹੱਕਾਂ ਦੀ ਰਖਵਾਲੀ ਕਰਨ ਦਾ ਹੀ ਯਤਨ ਕੀਤਾ ਹੈ। ਦੂਜੀਆਂ ਨੇ ਤਾਂ ਹੌਸਲਾ ਨਾ ਕੀਤਾ ਪਰ ਸ਼ੀਤਲ ਨੇ ਫ਼ੈਸਲਾ ਕਰ ਲਿਆ ਸੀ ਕਿ ਜ਼ਮੀਨ ਵਿੱਚੋਂ ਬਣਦਾ ਹਿੱਸਾ ਜ਼ਰੂਰ ਲਊਂਗੀ, ਘਰ ਵਿੱਚੋਂ ਭਾਵੇਂ ਨਾ ਲਵੇ। ਤਿੰਨੇ ਭਰਾ ਉਹਦੀਆਂ ਮਿੰਨਤਾਂ ਕਰਦੇ ਰਹੇ ਕਿ ਉਹ ਇਹ ਗੱਲ ਨਾ ਕਰੇ। ਰਮਾ ਤੇ ਸੋਨੀਆਂ ਉਹਨਾਂ ਦੀਆਂ ਗੱਲਾਂ ਵਿੱਚ ਆ ਗਈਆਂ ਸਨ। ਸਭ ਕਾਸੇ ਦਾ ਮੁੱਲ ਪਾ ਕੇ ਸੱਤ ਥਾਂਈਂ ਕਰਨ ਨਾਲ਼ ਉਨ੍ਹਾਂ ਨੂੰ ਛੀ ਛੀ ਲੱਖ ਆਇਆ ਸੀ। ਇਕੋ ਹਿੱਸਾ ਪਾਪਾ ਨੇ ਆਪਣਾ ਰੱਖ ਲਿਆ ਸੀ। ਸ਼ੀਤਲ ਨੇ ਆਪਣੇ ਹਿੱਸੇ ਦੀ ਰਕਮ ਉਪਰ ਦਸਤਖ਼ਤ ਕੀਤੇ ਤਾਂ ਛਿਆਂ ਭੈਣਾਂ ਭਰਾਵਾਂ ਵਿਚ ਕਰੋਧ ਦੀ ਜਵਾਲਾ ਭੜਕ ਉਠੀ ਸੀ। ਸੁਭਾਸ਼ ਤਾਂ ਉਸਨੂੰ ਮਾਰਨ ਵੀ ਅਹੁਲਿਆ ਸੀ ਪਰ ਪਾਪਾ ਨੇ ਵਰਜ ਦਿੱਤਾ ਸੀ-"ਦੇਖ ਜੇ ਕੁੜੀ 'ਤੇ ਹੱਥ ਚੁੱਕਿਆ ਤਾਂ ਮੈਥੋਂ ਬੁਰਾ ਕੋਈ ਨੀ, ਸਮਝਿਆ? ਮੈਂ ਖ਼ੂਨ ਡੋਲ੍ਹ ਕੇ ਬਣਾਈ ਐ ਇਹ ਜਾਇਦਾਦ। ਮੈਂ ਜੀਹਨੂੰ ਮਰਜ਼ੀ ਦੇਵਾਂ, ਸਮਝੇ?" ਦੂਜਾ ਛੋਟਾ ਰਾਜੂ ਬੋਲਿਆ ਸੀ-"ਅੱਜ ਤੋਂ ਤੂੰ ਸਾਡੇ ਵੱਲੀਉਂ ਮਰ 'ਗੀ ਤੇ ਅਸੀਂ ਤੇਰੇ ਵੱਲੋਂ। ਦੇਵੀ ਮਾਤਾ ਦੀ ਸਹੁੰ ਅਸੀਂ ਤੇਰਾ ਮਰੀ ਦਾ ਮੂੰਹ ਦੇਖਣ ਵੀ ਨੀ ਆਉਣਾ।"

ਸ਼ੀਤਲ ਤਕਾਉਂਦੀ ਰਹੀ ਸੀ ਕਿ ਕਦ ਸਾਰੇ ਜਣੇ ਇੱਧਰ ਉਧਰ ਹੋਣ ਤੇ ਉਹ ਪਾਪਾ ਨਾਲ਼ ਅੱਡ ਹੋ ਕੇ ਗੱਲ ਕਰ ਸਕੇ। ਜਦ ਥੋੜ੍ਹਾ ਜਿੰਨੀ ਵਿਰਲ ਮਿਲ਼ੀ ਸੀ ਉਸਨੇ ਪਾਪਾ ਨੂੰ ਸਾਫ਼ ਹੀ ਕਹਿ ਦਿੱਤਾ ਸੀ-"ਪਾਪਾ ਜੀ ! ਇਹ ਸਾਰੇ ਪੈਸੇ ਮੇਰੇ ਕੋਲ਼ ਥੋਡੀ ਇਮਾਨਤ ਸਮਝੋ। ਇਹ ਰਕਮ ਮੈਂ ਆਪਣੀ ਕਬੀਲਦਾਰੀ 'ਤੇ ਨਹੀਂ ਲਾਊਂਗੀ। ਜਦੋਂ ਵੀ ਥੋਨੂੰ ਲੋੜ ਪਊ ਮੈਂ ਇਹ ਪੈਸੇ ਥੋਨੂੰ ਦੇ ਦੇਣੇ ਐ। ਹੁਣ ਤਾਂ ਤੁਸੀਂ ਆਪਣਾ ਆਪ ਸੰਭਾਲ਼ਿਆ ਹੋਇਐ। ਕੱਲ੍ਹ ਨੂੰ ਕੀ ਪਤੈ ਹਵਾ ਕਿਹੋ ਜਿਹੀ ਵਗੂ। ਇਹ ਮੈਂ ਥੋਡੇ ਓਸ ਵੇਲ਼ੇ ਵਾਸਤੇ ਸਾਂਭ ਕੇ ਰੱਖੂੰ ਔਖੇ ਵੇਲ਼ੇ ਵਾਸਤੇ। ਮੈਂ ਇਹਨਾਂ ਸਾਰਿਆਂ ਦਾ ਸੁਭਾਅ ਜਾਣਦੀ ਆਂ। ਮੈਂ ਵੇਖੂੰਗੀ ਇਹ ਤੁਹਾਡੀ ਬੁਢਾਪੇ ਵਿੱਚ ਕਿਹੋ ਜੀ ਸੇਵਾ ਕਰਨਗੇ। ਤੁਸੀਂ ਵੇਖਿਆ ਹੀ ਸੀ ਜਦੋਂ ਮੰਮੀ ਬਿਮਾਰ ਹੋਏ ਸੀ, ਮਰਨੀ ਮਰ ਗਈ, ਤਿੰਨਾਂ ਭਰਾਵਾਂ ਨੇ ਸਾਰ ਨਹੀਂ ਸੀ ਲਈ। ਉਦੋਂ ਜੇ ਮੈਂ ਤੇ ਸੋਨੀਆਂ ਨਾ ਬਹੁੜੀਆਂ ਹੁੰਦੀਆਂ ਤਾਂ ਖ਼ਬਰੇ ਕਿਹੜੀ ਮੌਤ ਮਰਨਾ ਸੀ ਕਰਮਾਂ ਮਾਰੀ ਨੇ। ਔਲਾਦ ਤੋਂ ਕੀ ਕਰਾਉਣੈ ਜੇ ਔਖੇ ਵੇਲ਼ੇ ਮਾਂ ਬਾਪ ਨੂੰ ਈ ਨੀ ਸੰਭਾਲਣਾ।"

ਪਾਪਾ ਉਪਰ ਤਾਂ ਜਿਵੇਂ ਇਸ ਗੱਲ ਦਾ ਅਸਰ ਹੀ ਨਹੀਂ ਸੀ ਹੋਇਆ। ਕਿਸੇ ਕਿਸਮ ਦਾ ਫ਼ਿਕਰ ਫਾਕਾ ਉਨ੍ਹਾਂ ਦੇ ਨੇੜੇ ਵੀ ਨਹੀਂ ਸੀ ਢੁੱਕਿਆ। ਬੋਲੇ ਸਨ-" ਨਹੀਂ ਪੁੱਤ ਸ਼ੀਤਲ, ਇਹ ਤੇਰਾ ਹਿੱਸਾ ਹੈ। ਤੂੰ ਐਵੇਂ ਹੀ ਮਨ 'ਤੇ ਬੋਝ ਨਾ ਪਾ। ਮੇਰੇ ਦਿਮਾਗ਼ ਵਿਚ ਮੁੰਡੇ ਕੁੜੀ ਦਾ ਕੋਈ ਫ਼ਰਕ ਨਹੀਂ ਹੈ। ਜੇ ਤੂੰ ਮੁੰਡਾ ਹੁੰਦੀ ਤਾਂ ਵੀ ਤਾਂ ਤੈਂ ਹਿੱਸੇਦਾਰ ਹੋਣਾ ਸੀ। ਜੇ ਦੂਜੀਆਂ ਨੇ ਆਪਣਾ ਹਿੱਸਾ ਨਹੀਂ ਲਿਆ ਤਾਂ ਉਨ੍ਹਾਂ ਨੇ ਠੀਕ ਨਹੀਂ ਕੀਤਾ। ਕੀ ਪਤਾ ਕੁੜੀਆਂ ਕਦੋਂ ਆਪਣੇ ਹੱਕਾਂ ਨੂੰ ਸਮਝਣ ਲੱਗਣਗੀਆਂ। ਨਾਲ਼ੇ ਤੂੰ ਚਿੰਤਾ ਨਾ ਕਰ। ਮੈਂ ਆਪਣੀਆਂ ਬਣੀਆਂ ਆਪੇ ਨਿੱਬੜੂੰ। ਪਤੈ ਮੈਨੂੰ ਸਭ ਕੁੱਛ। ਮੈਂ ਇਨ੍ਹਾਂ 'ਤੇ ਨਿਰਭਰ ਨਹੀਂ, ਸਮਝੀ?" ਇਹੋ ਜਿਹੇ ਸੁਭਾਅ ਦੇ ਮਾਲਕ ਸ਼ੀਤਲ ਦੇ ਪਾਪਾ। ਚੰਡੀਗੜ੍ਹ ਦੇ ਪ੍ਰੈੱਸ ਕਲੱਬ ਤੱਕ ਉਨ੍ਹਾਂ ਦੀ ਦੱਸ ਪੁੱਛ ਨੂੰ ਕੋਈ ਨਹੀਂ ਭੁੱਲਿਆ। ਆਪ ਉਹ ਕਲੱਬ ਦੇ ਮੈਂਬਰ ਨਹੀਂ ਸੀ ਬਣੇ। ਉਨ੍ਹਾਂ ਦੀਆਂ ਰੁਚੀਆਂ ਹੀ ਨਹੀਂ ਸਨ, ਐਵੇਂ ਹੀ ਫ਼ਜ਼ੂਲ ਸਮਾਂ ਬਰਬਾਦ ਕਰਨ ਦੀਆਂ। ਸ਼ਰਾਬ ਤਾਂ ਉਨ੍ਹਾਂ ਨੇ ਬਚਪਨ ਤੋਂ ਲੈ ਕੇ ਅੱਜ ਤੱਕ ਮੂੰਹ ਨੂੰ ਵੀ ਲਾ ਕੇ ਨਹੀਂ ਸੀ ਵੇਖੀ। ਪਤਾ ਹੀ ਨਹੀਂ ਕੌੜੀ ਹੁੰਦੀ ਐ ਕਿ ਮਿੱਠੀ।

ਸੋਨੀਆਂ ਫੇਰ ਵੀ ਚੰਗੀ ਐ। ਵੱਡੀ ਭੈਣ ਗੱਲ ਨਹੀਂ ਉਲਟਾਉਂਦੀ। ਮਗਰੋਂ ਜਿਹੇ ਆ ਕੇ ਉਹਦੀਆਂ ਵੀ ਅੱਖਾਂ ਖੁੱਲ੍ਹ ਗਈਆਂ ਸਨ। ਛੇਤੀ ਹੀ ਉਹੋ ਸ਼ੀਤਲ ਨਾਲ਼ ਵਰਤਣ ਲੱਗ ਪਈ ਸੀ। ਉਹ ਵੀ ਸੋਨੀਆਂ ਦੀ ਔਖ ਸੌਖ ਵਿਚ ਸਹਾਈ ਹੋਣ ਲੱਗ ਪਈ ਸੀ। ਸ਼ੀਤਲ ਨੇ ਵੀ ਫੋਨ ਨਾ ਕੀਤਾ। ਫੋਨ ਕਰਦੀ ਵੀ ਕੀ

ਉਹਦੇ ਤਾਂ ਊਂਈਂ ਸਾਨ ਮਾਰੇ ਗਏ ਸਨ।

ਪਾਪਾ ਕਾਮਰੇਡੀ ਵਿਚਾਰ ਰੱਖਦੇ ਸਨ ਭਾਵੇਂ ਵੋਟ ਪਾਉਣ ਤੱਕ ਹੀ ਸੀਮਤ ਸਨ। ਪਹਿਲਾਂ ਪਹਿਲਾਂ ਬਹੁਤ ਸਰਗਰਮ ਸਨ। ਕਾਂਨਫਰੰਸਾ ਅਤੇ ਜਲਸਿਆਂ ਵਿੱਚ ਵੀ ਚਲੇ ਜਾਂਦੇ ਸਨ, ਜਦੋਂ ਉਹ ਛੋਟੀਆਂ ਛੋਟੀਆਂ ਸਨ। ਉਨ੍ਹਾਂ ਨੇ ਭਾਵੇਂ ਕੋਈ ਸਿਧਾਂਤ ਬਗੈਰਾ ਦੀ ਪੜ੍ਹਾਈ ਤਾਂ ਨਾ ਕੀਤੀ ਪਰ ਮਨੁੱਖਤਾ ਨਾਲ਼ ਪਿਆਰ ਵਾਲ਼ਾ ਰੰਗ ਉਨ੍ਹਾਂ ਉਪਰ ਜ਼ਰੂਰ ਚੜ੍ਹਿਆ ਹੁੰਦਾ ਸੀ। ਸ਼ੀਤਲ ਤਾਂ ਉਦੋਂ ਵਾਹਵਾ ਸੀ। ਫਿਰ ਉਹ ਕਹਿਣ ਲੱਗ ਪਏ ਸਨ-"ਇਨ੍ਹਾਂ ਦੇ ਤਿਲ਼ਾਂ ਵਿੱਚੋਂ ਤੇਲ ਮੁੱਕ ਗਿਆ ਹੈ।" ਬੱਚਿਆਂ ਨੂੰ ਉਦੋਂ ਇਨ੍ਹਾਂ ਗੱਲਾਂ ਦਾ ਕੀ ਪਤਾ ਸੀ। ਕਈ ਵਾਰੀ ਕਾਮਰੇਡ ਸਾਡੇ ਘਰ ਆਉਂਦੇ। ਪਾਪਾ ਆਪ ਉਨ੍ਹਾਂ ਨੂੰ ਚਾਹ ਪਾਣੀ ਪਿਆਉਂਦੇ। ਚੰਦਾ ਵੀ ਦਿੰਦੇ ਪਰ ਨਾਲ਼ ਨਾ ਜਾਂਦੇ। ਉਨ੍ਹਾਂ ਨੇ ਆਪਣੇ ਆਲ਼ੇ ਦੁਆਲ਼ੇ ਅਸਰ ਰਸੂਖ ਹੀ ਇਸ ਤਰ੍ਹਾਂ ਦਾ ਬਣਾਇਆ ਹੋਇਆ ਸੀ ਕਿ ਲੋਕ ਉਨ੍ਹਾਂ ਨੂੰ ਕਾਮਰੇਡ ਕਹਿ ਕੇ ਹੀ ਬੁਲਾਉਂਦੇ ਸਨ। ਸ਼ੁਰੂ ਵਿੱਚ ਤਾਂ ਉਨ੍ਹਾਂ ਨੂੰ ਬੁਰਾ ਜਿਹਾ ਵੀ ਲੱਗਿਆ ਸੀ ਪਰ ਬਾਅਦ ਵਿੱਚ ਇਸ ਸ਼ਬਦ ਨਾਲ਼ ਵੀ ਜਿਵੇਂ ਉਨ੍ਹਾਂ ਦਾ ਪਿਆਰ ਜਿਹਾ ਪੈ ਗਿਆ ਸੀ।

'ਹੇ ਰੱਬਾ ਮੇਰੇ ਪਾਪਾ ਨੂੰ ਕੁੱਛ ਨਾ ਹੋਵੇ। ਸੱਠ ਪਹਿਠ ਸਾਲ ਵੀ ਕੋਈ ਉਮਰ ਹੁੰਦੀ ਹੈ? ਨਾਲ਼ੇ ਉਹਨਾਂ ਨੇ ਤਾਂ ਆਪਣੇ ਸਰੀਰ ਨੂੰ ਐਨਾ ਸਾਂਭ ਕੇ ਰੱਖਿਆ ਹੋਇਆ ਸੀ ਕਿ ਐਂ ਤਾਂ ਲੱਗਦਾ ਹੀ ਨਹੀਂ ਸੀ ਕਦੇ ਪਾਪਾ ਬਿਮਾਰ ਵੀ ਹੋਣਗੇ। ਹੁਣ ਕਿਹੜਾ ਉਹ ਬਿਮਾਰ ਹੋਏ ਨੇ, ਕੀ ਪਤਾ ਕੀ ਬਿੱਜ ਆ ਡਿੱਗੀ ਉਨ੍ਹਾਂ 'ਤੇ? ਕਿੰਨੇ ਸਹਿਜ ਨਾਲ਼ ਹੀ ਤਾਂ ਕਹਿ ਦਿਆ ਕਰਦੇ ਸਨ ਕਿ ਮੈਂ ਬੈਡੱ 'ਤੇ ਪੈ ਕੇ ਨਾ ਮਰਾਂ। ਬੱਸ ਐਂ ਹੀ ਚਲਦੇ ਫਿਰਦੇ ਨੂੰ ਮੌਤ ਆ ਜਾਵੇ।'

ਸ਼ੀਤਲ ਨੇ ਪਾਪਾ ਦੇ ਗਲ਼ ਪੈ ਜਾਣਾ-"ਪਾਪਾ ਆਹ ਕੀ ਬੋਲੀ ਜਾਂਦੇ ਓ ਭਲਾ? ਆਹ ਵੀ ਕੋਈ ਗੱਲ ਹੋਈ ਮੌਤ ਮੌਤ।" ਉਨ੍ਹਾਂ ਫਿਰ ਬੜੇ ਸਹਿਜ ਨਾਲ਼ ਕਹਿਣਾ-"ਸ਼ੀਤਲ ਬੇਟੇ, ਮੌਤ ਅਟੱਲ ਸਚਾਈ ਹੈ। ਇਹਨੇ ਅੱਜ ਭਲਕ ਆਉਣਾ ਹੀ ਆਉਣਾ ਹੈ। ਫਿਰ ਇਸ ਤੋਂ ਡਰ ਕੇ ਪਹਿਲਾਂ ਹੀ ਕਿਉਂ ਮਰਿਆ ਜਾਵੇ। ਇਸ ਨਾਲ਼ ਤਾਂ ਦਲੇਰੀ ਨਾਲ਼ ਅੱਖ ਹੀ ਮਿਲਾਈ ਜਾਣੀ ਚਾਹੀਦੀ ਹੈ। ਮੇਰੀ ਇਹੋ ਇੱਛਾ ਹੈ ਕਿ ਮੈਂ ਬਿਮਾਰ ਹੋ ਕੇ ਨਾ ਮਰਾਂ। ਜਦ ਮੌਤ ਬੂਹੇ 'ਤੇ ਦਸਤਕ ਦੇਵੇ, ਮੈਂ ਖੁਸ਼ੀ ਨਾਲ਼ ਜੀਉ ਆਇਆਂ ਕਹਾਂ।"

ਬੀਤੇ 'ਚੋਂ ਬਾਹਰ ਆਈ ਤਾਂ ਉਹ ਪ੍ਰਮਾਤਮਾ ਨੂੰ ਧਿਆਉਣ ਲੱਗ ਪਈ-"ਹੇ ਪਰਮਾਤਮਾ ਸੁੱਖ ਵਰਤਾ। ਪਾਪਾ ਜਾਂਦੀ ਨੂੰ ਹੋਸ਼ ਵਿੱਚ ਆਏ ਪਏ ਹੋਣ।" ਉਸ ਨੇ ਉਪਰ ਵੱਲ ਵੇਖਿਆ। ਨਿਗਾਹ ਕਾਰ ਦੀ ਛੱਤ ਨਾਲ਼ ਟਕਰਾ ਕੇ ਰਹਿ ਗਈ। ਫਿਰ ਵੀ ਸੋਚਿਆ ਕਿ ਪਰਮਾਤਮਾ ਜ਼ਰੂਰ ਮਿਹਰ ਕਰੂਗਾ।

ਉਸ ਨੂੰ ਅੱਜ ਪਤਾ ਨਹੀਂ ਕਿਉਂ ਇਸ ਤਰ੍ਹਾਂ ਲੱਗਦਾ ਸੀ ਕਿ ਚੰਡੀਗੜ੍ਹ ਦੂਰ ਦੂਰ ਕਿਉਂ ਹੋਈ ਜਾਂਦਾ ਹੈ। ਪਹਿਲਾਂ ਤਾਂ ਪਤਾ ਹੀ ਨਹੀਂ ਸੀ ਲਗਦਾ ਹੁੰਦਾ ਕਿ ਕਦੋਂ ਆ ਗਿਆ। ਅੱਜ ਤਾਂ ਇਉਂ ਲੱਗਦਾ ਸੀ ਜਿਵੇਂ ਤੁਰਿਆਂ ਨੂੰ ਕਈ ਦਿਨ ਹੋ ਗਏ ਹੋਣ। ਸਾਰੇ ਰਾਹ ਉਹ ਇਕ ਤਰ੍ਹਾਂ ਨਾਲ਼ ਗੁੰਮ ਸੁੰਮ ਜਿਹੀ ਹੀ ਰਹੀ। ਚੰਡੀਗੜ੍ਹ ਪਹੁੰਚ ਕੇ, ਜਿਉਂ ਹੀ ਰਾਮੇ ਨੇ ਕਾਰ ਪਾਰਕਿੰਗ ਕੀਤੀ, ਸ਼ੀਤਲ ਇਕ ਦਮ ਹੀ ਅੰਦਰ ਨੂੰ ਭੱਜੀ ਕਿ ਕਦੋਂ ਪਾਪਾ ਨੂੰ ਜਾ ਕੇ ਵੇਖੇ। ਸਾਮਾਨ ਸਾਂਭਣ ਦੀ ਉਸਨੂੰ ਸੁੱਧ ਹੀ ਨਹੀਂ ਸੀ ਰਹੀ। ਸਾਮਾਨ ਰਾਮੇ ਨੇ ਹੀ ਸਾਂਭਿਆ ਸੀ। ਜਾਂਦੀ ਨੇ ਰਮਾ ਨੂੰ ਫੋਨ ਮਿਲਾਇਆ-"ਕਿੰਨੇ ਨੰਬਰ 'ਚ ਨੇ?"

ਅੱਗੋਂ ਪਤਲੀ ਜਿਹੀ ਆਵਾਜ਼ ਆਈ ਸੀ-"ਦੀਦੀ ਐਮਰਜੈਂਸੀ ਵਿੱਚ।"

ਜਦ ਉਹ ਅੰਦਰ ਗਈ ਸੀ ਤਾਂ ਪਾਪਾ ਐਮਰਜੈਂਸੀ ਵਿਚ ਅਜੇ ਸਟਰੇਚਰ ਉਪਰ ਹੀ ਪਏ ਹੋਏ ਸਨ। ਰਮਾ ਦੱਸ ਰਹੀ ਸੀ ਕਿ ਅਜੇ ਕੋਈ ਬੈਡੱ ਖਾਲੀ ਨਹੀਂ ਸੀ। ਕਾਗਜ਼ੀ ਕਾਰਵਾਈ ਹੋ ਚੁੱਕੀ ਸੀ। ਪਾਪਾ ਦੇ ਗੁਲੂਕੋਸ ਦੀ ਬੋਤਲ ਲੱਗੀ ਹੋਈ ਸੀ। ਸਾਹ ਦੀ ਸੌਖ ਵਾਸਤੇ ਆਕਸੀਜ਼ਨ ਵੀ ਲਾਈ ਹੋਈ ਸੀ। ਸ਼ੀਤਲ



ਪਾਪਾ ਦੇ ਸਾਰੇ ਸਰੀਰ ਨੂੰ ਨਿਹਾਰ ਰਹੀ ਸੀ ਕਿ ਕਿਸੇ ਪਾਸੇ ਕੋਈ ਜ਼ਖ਼ਮ ਬਗੈਰਾ ਹੀ ਨਜ਼ਰੀਂ ਆਵੇ। ਕਿਹਾ ਤਾਂ ਇਹ ਗਿਆ ਸੀ ਕਿ ਐਕਸੀਡੈਂਟ ਹੋਇਆ ਹੈ। ਪਾਪਾ ਦੇ ਕਿਸੇ ਅੰਗ ਉਪਰ ਵੀ ਕੋਈ ਝਰੀਟ ਤੱਕ ਨਹੀਂ ਸੀ। ਕੱਪੜੇ ਐਨ ਸਾਫ਼ ਨਜ਼ਰ ਆ ਰਹੇ ਸਨ, ਜਿਵੇਂ ਹੁਣੇ ਪ੍ਰੈਸ ਕਰਕੇ ਪਾਏ ਹੋਣ। ਕਿਤੇ ਮਿੱਟੀ ਦਾ ਦਾਗ਼ ਤੱਕ ਵੀ ਨਹੀਂ ਸੀ।

"ਐਕਸੀਡੈਂਟ ਹੋਇਆ ਹੁੰਦਾ ਤਾਂ ਕੱਪੜਿਆਂ ਦੀਆਂ ਟਾਕੀਆਂ ਲੱਥ ਜਾਣੀਆਂ ਸਨ। ਕੀ ਰੌਖਲ਼ ਨਹੀਂ ਸੀ ਜਾਣਾ ਪਾਪਾ ਨੇ?" ਉਸ ਦੇ ਮਨ ਵਿੱਚ ਆ ਰਿਹਾ ਸੀ। ਉਹ ਤਾਂ ਇਉਂ ਹੀ ਲਗਦੇ ਸਨ ਜਿਵੇਂ ਘੂਕ ਸੁੱਤੇ ਹੋਏ ਹੋਣ। ਜਦੋਂ ਸੌਂਦੇ ਸਨ ਤਾਂ ਓਹਨਾਂ ਦਾ ਰੰਗ ਰੂਪ, ਚਿਹਰਾ ਮੋਹਰਾ ਗੱਲ ਕੀ ਸਮੁੱਚੀ ਸ਼ਕਲ ਸੂਰਤ ਬਿੱਲਕੁੱਲ ਏਵੇਂ ਦੀ ਹੁੰਦੀ ਸੀ।

"ਡਾਕਟਰ ਕੀ ਕਹਿੰਦੇ ਐ ਰਮਾ?" ਹੁਣ ਰਮਾ ਪ੍ਰਤੀ ਉਹ ਪੂਰੀ ਤਰ੍ਹਾਂ ਨਰਮ ਸੀ ਤੇ ਇਸ ਤਰ੍ਹਾਂ ਅੰਦਰੂਨੀ ਸਕੂਨ ਜਿਹੇ ਨਾਲ਼ ਉਸ ਨੂੰ ਕੁੱਝ ਰਾਹਤ ਜਿਹੀ ਮਿਲ਼ਦੀ ਵੀ ਮਹਿਸੂਸ ਹੋਈ। ਸ਼ਾਇਦ ਇਸ ਕਰਕੇ ਕਿ ਐਨੇ ਸਾਲਾਂ ਤੋਂ ਉਨ੍ਹਾਂ ਦੀ ਕਦੇ ਜ਼ੁਬਾਨ ਵੀ ਸਾਂਝੀ ਨਹੀਂ ਸੀ ਹੋਈ। ਠੀਕ ਹੈ ਦੁੱਖ ਵਿੱਚ ਬੰਦਾ ਪਿਛਲੀਆਂ ਗੱਲਾਂ ਨੂੰ ਭੁੱਲ ਵੀ ਜਾਂਦਾ ਹੈ। ਫਿਰ ਏਥੇ ਤਾਂ ਦਿਲ ਨੂੰ ਬਣੀਆਂ ਹੋਈਆਂ ਸਨ। ਸ਼ੀਤਲ ਦੇ ਚਿੱਤ ਵਿੱਚ ਆਇਆ।

"ਦੀਦੀ ਜਦੋਂ ਦੀ ਮੈਂ ਆਈ ਆਂ, ਦੋ ਤਿੰਨ ਵਾਰ ਮੁੰਡੇ ਜਿਹੇ ਹੀ ਗੇੜਾ ਮਾਰਦੇ ਨੇ। ਲੱਗਦੈ ਉਹ ਟ੍ਰੇਨੀ ਹੋਣਗੇ। ਦੇਖ ਕੇ ਮੁੜ ਜਾਂਦੇ ਐ। ਨਰਸ ਆਉਂਦੀ ਹੈ ਪਾਈਪਾਂ ਦੇਖ ਕੇ ਮੁੜ ਜਾਂਦੀ ਐ। ਕਹਿੰਦੀ ਸੀ ਬਈ ਜੇ ਹਿੱਲ ਜੁੱਲ ਕਰਕੇ ਪਾਈਪ ਪੁੱਟਣ, ਤਾਂ ਧਿਆਨ ਰੱਖੀਂ। ਪਰ ਪਾਪਾ ਦਾ ਤਾਂ ਕੋਈ ਅੰਗ ਵੀ ਨੀ ਫਰਕਦਾ।" ਰਮਾ ਰੋਣ ਲੱਗ ਪਈ ਸੀ। ਸ਼ੀਤਲ ਨੇ ਉਸ ਦੇ ਮੋਢੇ 'ਤੇ ਬਾਂਹ ਵਲ਼ ਕੇ ਹਿੱਕ ਨਾਲ਼ ਲਾ ਲਿਆ। ਪੰਦਰਾਂ ਸਾਲ ਹੋ ਗਏ ਹੋਣਗੇ, ਇਸ ਤਰ੍ਹਾਂ ਮਿਲ਼ਿਆਂ। ਸ਼ਾਇਦ ਜਦੋਂ ਵਿਦਾ ਕੀਤੀ ਸੀ, ਉਦੋਂ ਹੀ ਰਸਮੋ ਰਸਮੀ ਮਿਲ਼ੀਆਂ ਹੋਣਗੀਆਂ। ਸ਼ੀਤਲ ਦਾ ਅੰਦਰ ਇਕ ਤਰ੍ਹਾਂ ਨਾਲ਼ ਪਿਘਲ ਜਿਹਾ ਗਿਆ ਸੀ। ਅੰਦਰੋਂ ਕੁੱਝ ਚੰਗਾ ਚੰਗਾ ਜਿਹਾ ਲੱਗਣ ਲੱਗਾ ਸੀ। ਮਨ ਵਿੱਚ ਆਇਆ ਕਦੇ ਤਾਂ ਖ਼ੂਨ ਉਬਾਲ਼ਾ ਖਾਂਦਾ ਈ ਐ। ਦੁਸ਼ਮਣੀਆਂ ਪਾਲ਼ਦੀ ਆ ਰਹੀ ਭੈਣ ਅੱਜ ਫਿਰ ਉਹੀ ਬਾਲੜੀ ਜਿਹੀ ਲੱਗਣ ਲੱਗ ਪਈ ਜਿਸ ਨੂੰ ਗੋਦੀ ਚੁੱਕ ਚੁੱਕ ਕੇ ਖਿਡਾਇਆ ਸੀ।

ਥੋੜੀ ਦੇਰ ਬਾਅਦ ਹੀ ਡਿਊਟੀ ਡਾਕਟਰ ਆਇਆ ਸੀ। ਰਮਾ ਕੋਈ ਗੱਲ ਕਰਨ ਤੋਂ ਝਿਜਕ ਗਈ ਸੀ ਪਰ ਸ਼ੀਤਲ ਗੱਲ ਕਰਨ ਲਈ ਜਿਉਂ ਹੀ ਅੱਗੇ ਹੋਈ ਤਾਂ ਰਮਾ ਨੇ ਉਸਦਾ ਹੱਥ ਖਿੱਚ ਲਿਆ। ਅਸਲ ਵਿਚ ਰਮਾ ਡਰਦੀ ਸੀ ਕਿ ਪਤਾ ਨਹੀਂ ਡਾਕਟਰ ਉਸਦੀ ਗੱਲ ਨੂੰ ਕਿਵੇਂ ਲਵੇਗਾ? ਦਫ਼ਤਰ ਦੀ ਕਲਰਕੀ ਨੇ ਅਫ਼ਸਰਾਂ ਪ੍ਰਤੀ ਉਸ ਦਾ ਇਕ ਤਰ੍ਹਾਂ ਸੁਭਾਅ ਹੀ ਬਣਾ ਦਿੱਤਾ ਸੀ ਕਿ ਅਫ਼ਸਰ ਦੇ ਸਾਹਮਣੇ ਸਾਹ ਵੀ ਨਹੀਂ ਕੱਢਣਾ। ਅਫ਼ਸਰ ਦੀ ਹਰੇਕ ਗੱਲ 'ਤੇ ਬੱਸ 'ਜੀ-ਜੀ' ਹੀ ਕਰਨਾ ਹੁੰਦੈ। ਸ਼ੀਤਲ ਭਾਵੇਂ ਇਹ ਗੱਲ ਸਮਝਦੀ ਸੀ ਕਿ ਭਾਰਤ ਵਿਚ ਉਚੇ ਅਹੁਦੇ 'ਤੇ ਆ ਕੇ ਬੰਦੇ ਵਿਚ ਹਵਾ ਭਰ ਜਾਂਦੀ ਹੈ ਪਰ ਫਿਰ ਵੀ ਉਹ ਇਸ ਗੱਲੋਂ ਦਲੇਰ ਸੀ। ਮੇਰੇ ਵਿੱਚ ਪਾਪਾ ਵਾਲ਼ੇ ਬਹੁਤੇ ਗੁਣ ਆ ਗਏ ਸਨ। ਉਹ ਵੀ ਕਿਸੇ ਅਫ਼ਸਰ ਤੋਂ ਭੋਰਾ ਭਰ ਝਿਜਕ ਨਹੀਂ ਸੀ ਮੰਨਦੇ। ਉਹ ਇਹ ਸੋਚ ਕੇ ਹਰੇਕ ਅਫ਼ਸਰ ਨਾਲ਼ ਗੱਲ ਕਰਨ ਤੋਂ ਝਿਜਕਦੀ ਨਹੀਂ ਸੀ, ਇਹ ਸੋਚ ਕੇ ਗੱਲ ਕਰ ਲੈਂਦੀ ਸੀ-'ਰੁੱਖਾ ਜਵਾਬ ਹੀ ਦੇ ਸਕਦੈ, ਹੋਰ ਮੂੰਹ ਵਿੱਚ ਤਾਂ ਨੀ ਪਾ ਜੂ।'

ਡਾਕਟਰ ਚੰਗਾ ਸੀ। ਉਸਦੇ ਸੁਆਲ ਦਾ ਉਹਨੇ ਬਹੁਤ ਹੀ ਨਿਮਰਤਾ ਨਾਲ਼ ਜਵਾਬ ਦਿੱਤਾ ਸੀ। ਜਵਾਬ ਉਹੀ ਸੀ ਜੋ ਉਸ ਨੇ ਪਹਿਲਾਂ ਹੀ ਸੋਚ ਰੱਖਿਆ ਸੀ। ਹਾਂ ਇਹ ਐਕਸੀਡੈਂਟ ਬਿੱਲਕੁੱਲ ਵੀ ਨਹੀਂ ਸੀ। ਡਾਕਟਰ ਨੇ ਬਹੁਤ ਹੀ ਸਾਫ਼ ਸ਼ਬਦਾਂ ਵਿਚ ਐਕਸੀਡੈਂਟ ਨੂੰ ਰੱਦ ਕੀਤਾ ਸੀ। ਮਰੀਜ਼ ਦਾ ਸਿਰਫ਼ ਹੈਲਮਿਟ ਹੀ ਟੁੱਟਿਆ ਸੀ। ਟੁੱਟਿਆ ਕੀ ਬੱਸ ਚੂਰ ਚੂਰ ਹੀ ਕੀਤਾ ਪਿਆ ਸੀ, ਜਿਸ ਤੋਂ ਇਹੋ ਸਿੱਟਾ ਨਿਕਲ਼ਦਾ ਸੀ ਕਿ

ਉਸਦੇ ਕਿਸੇ ਦੋਖੀ ਨੇ ਜਾਣ ਬੁੱਝ ਕੇ ਗੁੱਝੀਆਂ ਸੱਟਾਂ ਮਾਰੀਆਂ ਹਨ। ਵਾਲੀਆ ਅੰਕਲ ਘਟਨਾ ਸਥਾਨ ਤੋਂ ਹੈਲਮਿਟ ਦੇ ਟੁਕੜੇ ਚੁੱਕ ਲਿਆਏ ਸਨ ਜਿਸ ਤੋਂ ਸਾਫ਼ ਹੀ ਪਤਾ ਲੱਗਦਾ ਸੀ ਕਿ ਐਕਸੀਡੈਂਟ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਕਿੰਨਾ ਚਿਰ ਸ਼ੀਤਲ ਉਨ੍ਹਾਂ ਟੁਕੜਿਆਂ ਨੂੰ ਜੋੜ ਜੋੜ ਕੇ ਵੇਖਦੀ ਰਹੀ। ਸ਼ਾਇਦ ਉਸਨੂੰ ਜਾਪਦਾ ਸੀ ਕਿ ਇਸ ਤਰ੍ਹਾਂ ਘਟਨਾ ਦਾ ਭੇਤ ਕੱਢਿਆ ਜਾ ਸਕਦਾ ਹੈ।

ਜਦੋਂ ਅਜੇ ਉਹ ਪਿੰਡ ਵਿਚ ਰਹਿੰਦੇ ਸਨ, ਉਸਨੇ ਸੁਣਿਆ ਸੀ ਕਿ ਸੱਟਾਂ ਮਾਰਨ ਵਾਲ਼ੇ ਅੰਗਾਂ ਉਪਰ ਮੋਟਾ ਕੱਪੜਾ ਵਲ੍ਹੇਟ ਲੈਂਦੇ ਹਨ, ਜੀਹਦੇ ਨਾਲ਼ ਸਰੀਰ 'ਤੇ ਜ਼ਖ਼ਮ ਨਹੀਂ ਹੁੰਦਾ ਪਰ ਬੰਦੇ ਦਾ ਕੱਖ ਨਹੀਂ ਰਹਿੰਦਾ। ਇਹੋ ਗੱਲ ਪਾਪਾ ਨਾਲ਼ ਹੋਈ ਲੱਗਦੀ ਸੀ। ਉਸ ਨੂੰ ਯਾਦ ਆਇਆ ਕਿ ਪਿੰਡ ਵਾਲ਼ੇ ਪਾਲੇ ਮਜ਼੍ਹਬੀ ਸਿੱਖ ਦੀਆਂ ਲੰਬੜਦਾਰਾਂ ਨੇ ਲੱਤਾਂ ਬਾਂਹਾਂ ਏਸ ਤਰ੍ਹਾਂ ਹੀ ਤੋੜੀਆਂ ਸੀ। ਉਨ੍ਹਾਂ ਨੇ ਇਕ ਦਿਨ ਸ਼ਹਿਰੋਂ ਆਉਂਦੇ ਨੂੰ ਰਾਹ ਵਿਚ ਘੇਰ ਕੇ ਰਾਡਾਂ ਨਾਲ਼ ਕੁੱਟ ਕੁੱਟ ਕੇ ਉਹਦੀ ਇਹ ਹਾਲਤ ਕਰ ਦਿੱਤੀ ਸੀ। ਲੱਤਾਂ ਬਾਂਹਾਂ 'ਤੇ ਖੇਸ ਬੰਨ੍ਹ ਕੇ ਨਕਾਰਾ ਕਰ ਦਿੱਤੀਆਂ ਸਨ। ਹੱਡੀ ਕੋਈ ਨੀ ਸੀ ਟੁੱਟੀ। ਚਾਰੇ ਅੰਗ ਕੱਟਣੇ ਪਏ ਸਨ। ਲੰਬੜਾਂ ਦੇ ਮੁੰਡੇ ਨੇ ਉਹਦੀ ਕੁੜੀ ਦੀ ਇੱਜ਼ਤ ਨੂੰ ਹੱਥ ਪਾਇਆ ਸੀ। ਕੁੜੀ ਨੇ ਪੂਰਾ ਮੁਕਾਬਲਾ ਕਰਦਿਆਂ ਲੰਬੜਾਂ ਦੇ ਮੁੰਡੇ ਨੂੰ ਦੰਦੀਏਂ ਖਾ ਲਿਆ ਸੀ। ਕੁੜੀ ਦੇ ਕੱਪੜੇ ਭਾਵੇਂ ਲੰਗਾਰ ਹੋ ਗਏ ਸਨ ਪਰ ਉਸ ਨੇ ਆਪਣੀ ਆਣ-ਸ਼ਾਨ ਨੂੰ ਆਂਚ ਨਹੀਂ ਸੀ ਆਉਣ ਦਿੱਤੀ। ਪਾਲਾ ਪੁਲਸ ਕੋਲ ਗਿਆ ਸੀ। ਪੁਲਸ ਨੇ ਕੋਈ ਗੱਲ ਨਹੀਂ ਸੀ ਸੁਣੀ। ਲੰਬੜਾਂ ਦੀ ਉਪਰ ਤੱਕ ਜੋ ਚਲਦੀ ਸੀ। ਛੋਟੇ ਮੁੱਖ ਮੰਤਰੀ ਦੇ ਪਾਲ਼ੇ ਹੋਏ ਗੁੰਡੇ ਸਨ। ਪਾਲਾ ਕਿਸੇ ਪਾਰਟੀ ਦਾ ਕਾਰਕੁਨ ਸੀ। ਪਾਰਟੀ ਵਾਲ਼ਿਆਂ ਨੂੰ ਨਾਲ਼ ਲੈ ਕੇ ਉਹ ਫਿਰ ਥਾਣੇ ਗਿਆ ਪਰ ਪੁਲਸ ਵਾਲ਼ੇ ਵੀ ਤੇ , ਲੰਬੜ ਵੀ ਪਾਲੇ ਉਪਰ ਸਮਝੌਤਾ ਕਰਨ ਲਈ ਦਬਾਅ ਪਾਉਂਦੇ ਰਹੇ ਸਨ। ਵਿਚੋਲੇ ਨੇ ਵੀਹ ਹਜ਼ਾਰ ਰੁਪਿਆ ਦਿਵਾਉਣ ਦੀ ਗੱਲ ਕੀਤੀ ਸੀ ਪਰ ਪਾਲਾ ਮੰਨਿਆ ਨਹੀਂ ਸੀ, ਅੱਗੋਂ ਭੈਂਕਰ ਕੇ ਬੋਲਿਆ ਸੀ-

"ਤਾਂ ਗਰੀਬ ਦੀ ਧੀ ਦੀ ਕੀਮਤ ਵੀਹ ਹਜ਼ਾਰ ਰੁਪਿਆ ਹੁੰਦੀ ਹੈ। ਪੈਸਿਆਂ ਨਾਲ਼ ਜਿਸਦੀ ਮਰਜ਼ੀ ਇੱਜ਼ਤ ਖ਼ਰੀਦ ਲੈਣ ਇਹ ਪੈਸਿਆਂ ਵਾਲ਼ੇ। ਹਾਂ ਅਜੇ ਇਹਨਾਂ ਦੀਆਂ ਚੜ੍ਹ ਮੱਚੀਆਂ ਨੇ। ਕੋਈ ਨੀ ਸਾਡਾ ਸਮਾਂ ਵੀ ਆਉਣ ਵਾਲ਼ਾ ਐ।" ਹੋਰ ਕੋਈ ਲੋਭੜ ਹੁੰਦਾ ਤਾਂ ਸ਼ਾਇਦ ਸਮਝੌਤਾ ਕਰਕੇ ਪਾਸੇ ਹੁੰਦਾ। ਪਾਰਟੀ ਵਾਲ਼ਿਆਂ ਨੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਾਉਣ ਲਈ ਝੰਡੇ ਚੁੱਕ ਲਏ ਸਨ। ਮੁਜ਼ਾਹਰੇ, ਧਰਨੇ ਸ਼ੁਰੂ ਹੋ ਗਏ। ਪੁਲਿਸ ਡਾਂਗਾਂ ਲੈ ਕੇ ਮੁਜ਼ਾਹਰਾਕਾਰੀਆਂ ਨੂੰ ਝੰਬਣ 'ਤੇ ਲਾ ਦਿੱਤੀ। ਸੇਵਾ ਕਰਨ ਦਾ ਸਰਕਾਰੀ ਪ੍ਰੋਗਰਾਮ ਧੜਾ ਧੜ ਲਾਗੂ ਹੋਣ ਲੱਗ ਪਿਆ ਸੀ। ਲੋਕਾਂ ਦਾ ਦਿਨ ਪ੍ਰਤੀ ਦਿਨ ਰੋਹ ਵਧਦਾ ਜਾਂਦਾ ਸੀ। ਲੋਕਾਂ ਦੇ ਦਬਾਅ ਥੱਲੇ ਆ ਕੇ ਕੁਰਸੀਆਂ ਹਿੱਲੀਆਂ ਸਨ ਤੇ ਕੇਸ ਦਰਜ਼ ਕਰਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨਾ ਪਿਆ ਸੀ। ਬਿੱਲਕੁੱਲ ਸੱਚਦੇਵਾ ਨਾਲ਼ ਕੁੱਝ ਏਸ ਤਰ੍ਹਾਂ ਦਾ ਹੀ ਹੋਇਆ ਲੱਗਦਾ ਸੀ। ਉਹਦੇ ਲਈ ਤਾਂ ਕਿਸੇ ਪਾਰਟੀ ਨੇ ਹਾਅ ਦਾ ਨਾਹਰਾ ਨਹੀਂ ਸੀ ਮਾਰਿਆ। ਕੋਈ ਹਾਅ ਤਾ ਨਾਹਰਾ ਤਾਂ ਮਾਰਦਾ ਜੇ ਕਿਸੇ ਨੂੰ ਪਤਾ ਲੱਗਦਾ। ਸਭ ਕੁੱਝ ਐਨਾ ਪਰਦੇ ਨਾਲ਼ ਕੀਤਾ ਗਿਆ ਕਿ ਸਾਫ਼ ਹੀ ਨਿਰੀ ਬਦਮਾਸ਼ੀ ਝਲਕਦੀ ਸੀ। ਜੇ ਕਿਸੇ ਅਖ਼ਬਾਰ ਵਿੱਚ ਖ਼ਬਰ ਛਪਦੀ ਤਾਂ ਕਿਸੇ ਨੂੰ ਪਤਾ ਲੱਗਦਾ। ਲੋਹੜਾ ਆ ਗਿਆ ਕਿਸੇ ਵੀ ਅਖ਼ਬਾਰ ਵਿੱਚ ਖ਼ਬਰ ਨਹੀਂ ਸੀ ਲੱਗੀ। ਚੰਡੀਗੜ੍ਹ ਵਿੱਚ ਐਡੀ ਵੱਡੀ ਘਟਨਾ ਵਾਪਰੀ ਹੋਵੇ ਕਿਸੇ ਸੀਨੀਅਰ ਪੱਤਰਕਾਰ ਨਾਲ਼, ਕੋਈ ਅਖ਼ਬਾਰ ਖ਼ਬਰ ਹੀ ਨਾ ਲਾਵੇ। ਇਸ ਤੋਂ ਵੱਡੀ ਬੇਸ਼ਰਮੀ ਵਾਲ਼ੀ ਕਿਹੜੀ ਗੱਲ ਹੋ ਸਕਦੀ ਹੈ? ਇਸ ਗੱਲ ਦਾ ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਛੱਡ ਕੇ ਕਿਸੇ ਨੂੰ ਵੀ ਪਤਾ ਨਹੀਂ ਸੀ। ਸਾਜ਼ਿਸ਼ਾਂ ਦਾ ਜਾਲ ਹੀ ਐਨਾ ਬੁਣਿਆ ਹੋਇਆ ਸੀ।

ਸ਼ੀਤਲ ਦੇ ਮਨ ਵਿੱਚ ਇਹ ਗੱਲ ਵੀ ਵਾਰ ਵਾਰ ਆ ਰਹੀ ਸੀ ਕਿ ਪਾਪਾ ਤਾਂ ਸੁਭਾਅ ਦੇ ਐਨੇ ਨਰਮ



ਸਨ ਕਿ ਕਿਸੇ ਨਾਲ਼ ਆਡੇ ਆਉਂਦੇ ਹੀ ਨਹੀਂ ਸਨ। ਫਿਰ ਕਿਸੇ ਪਾਪੀ ਨੇ ਆਹ ਕੀ ਜ਼ੁਲਮ ਕੀਤਾ? ਨਿਰੀ ਗਊ ਮਾਰ ਹੀ ਕੀਤੀ ਕਿਸੇ ਦੋਜਕੀ ਨੇ। ਰਮਾ ਦਸਦੀ ਸੀ ਕਿ ਕੱਲ੍ਹ ਰਾਤ ਤਿੰਨ ਮੁੰਡੇ ਉਨ੍ਹਾਂ ਦੇ ਬੈਡੱ ਕੋਲ਼ ਆਏ ਸਨ ਤੇ ਕੁੱਝ ਚਿਰ ਘੁਸਰ ਮੁਸਰ ਜਿਹੀ ਕਰਦੇ ਰਹੇ ਸਨ। ਉਦੋਂ ਸ਼ੀਤਲ ਥੱਕੀ ਹੋਣ ਕਰਕੇ ਰਮਾ ਨੂੰ ਮਰੀਜ਼ ਕੋਲ਼ ਛੱਡ ਕੇ ਕੁੱਝ ਚਿਰ ਲਈ ਥਾਂ ਲੱਭ ਕੇ ਪੈ ਗਈ ਸੀ। ਉਨ੍ਹਾਂ ਦੀ ਮਾਸੀ ਦਾ ਇੰਜਨੀਅਰ ਪੁੱਤ ਕੁਲਵੰਤ ਦੋ ਕੁ ਘੰਟੇ ਰਿਹਾ ਸੀ, ਉਹ ਵੀ ਚਲਾ ਗਿਆ ਸੀ। ਜਦ ਰਮਾ ਨੇ ਮੁੰਡਿਆਂ ਨੂੰ ਕੁੱਛ ਪੁੱਛਣਾ ਚਾਹਿਆ ਤਾਂ ਉਹ ਖਿਸਕ ਗਏ ਸਨ। ਜਾਂਦੇ ਹੋਏ ਕਣੱਖਾ ਜਿਹਾ ਵੀ ਝਾਕੇ ਸਨ। ਇਕ ਨੇ ਤਾਂ ਰਮਾ ਵੱਲ ਹੋਰ ਹੀ ਤਰ੍ਹਾਂ ਦਾ ਇਸ਼ਾਰਾ ਜਿਹਾ ਵੀ ਕੀਤਾ ਸੀ। ਰਮਾ ਨੇ ਉਸੇ ਵੇਲੇ ਪਤਾ ਨਹੀਂ ਕਿਉਂ ਨਹੀਂ ਸੀ ਦੱਸਿਆ। ਦੂਜੇ ਦਿਨ ਦੱਸਿਆ ਸੀ-"ਦੀਦੀ ਮੈਨੂੰ ਲੱਗਦੈ, ਜਿਹੜੇ ਮੁੰਡੇ ਆਏ ਸੀ ਨਾ ਰਾਤ, ਇਹ ਕਾਰਾ ਉਨ੍ਹਾਂ ਦਾ ਹੀ ਲੱਗਦੈ।"

"ਤੂੰ ਰਾਤ ਹੀ ਕਿਉਂ ਨਾ ਦੱਸਿਆ? ਮੈਨੂੰ ਜਗਾ ਲੈਣਾ ਸੀ ਚੰਦਰੀਏ। ਆਪਾਂ ਉਨ੍ਹਾਂ ਨੂੰ ਜਾਣ ਹੀ ਕਿਉਂ ਦਿੰਦੀਆਂ?" ਸ਼ੀਤਲ ਕਿੰਨਾ ਚਿਰ ਰਮਾ ਦੀਆਂ ਅੱਖਾਂ ਵਿੱਚ ਗੱਡ ਕੇ ਵੇਖਦੀ ਰਹੀ, ਰੋਹ ਅਤੇ ਮੋਹ ਦੇ ਮਿਲਗੋਭੇ ਦੇ ਭਾਵਾਂ ਨਾਲ਼। ਉਸ ਨੂੰ ਇਕ ਚੜ੍ਹਦੀ ਸੀ ਤੇ ਇਕ ਉਤਰਦੀ ਸੀ-" ਜੇ ਕੱਲ੍ਹ ਹੀ ਮੌਕੇ 'ਤੇ ਦੱਸ ਦਿੰਦੀ ਤਾਂ ਮੈਂ ਨੀ ਸੀ ਹਟਣਾ। ਇਕ ਅੱਧ ਨੂੰ ਤਾਂ ਬੋਚ ਹੀ ਲੈਣਾ ਸੀ।" ਪਰ ਹੁਣ ਤਾਂ ਵਕਤੋਂ ਖੁੰਝੀ ਡੂਮਣੀ ਵਾਲ਼ੀ ਗੱਲ ਸੀ। ਹੁਣ ਆਲ਼ ਪਤਾਲ ਗਾਹੁਣ ਦਾ ਕੀ ਫਾਇਦਾ ਸੀ। ਨਰਸ ਆਈ ਸੀ-"ਖ਼ੁਰਾਕ ਲਿਆਉ ਜੀ। ਟਾਈਮ ਹੋ ਗਿਆ।"

ਮਰੀਜ਼ ਦੇ ਨੱਕ ਵਿੱਚ ਨਾਲ਼ੀ ਲਾਈ ਹੋਈ ਸੀ, ਜੀਹਦੇ ਵਿੱਚਦੀ ਤਰਲ ਖ਼ੁਰਾਕ ਹੀ ਦਿੱਤੀ ਜਾਂਦੀ ਸੀ, ਹਰ ਦੋ ਘੰਟੇ ਬਾਅਦ। ਹੁਣ ਦੁੱਧ ਦੇਣਾ ਸੀ ਜੋ ਪਹਿਲਾਂ ਹੀ ਤਿਆਰ ਰੱਖਿਆ ਹੋਇਆ ਸੀ। ਵੱਡੀ ਸਰਿੰਜ ਵਿੱਚ ਪਾਇਆ ਦੁੱਧ ਮਰੀਜ਼ ਦੇ ਅੰਦਰ ਗਿਆ ਤਾਂ ਇਉਂ ਲੱਗਿਆ ਕਿ ਸ਼ਾਇਦ ਉਹ ਹੁਣੇ ਕੁੱਝ ਬੋਲਣਗੇ ਪਰ ਕਿਸੇ ਦੇ ਸੋਚਣ ਨਾਲ਼ ਤਾਂ ਕੁੱਝ ਨਹੀਂ ਸੀ ਹੋਣਾ।

ਅਗਲੇ ਦਿਨ ਹੀ ਸਵੇਰੇ ਨੌਂ ਕੁ ਵੱਜਦੇ ਨੂੰ ਸੋਨੀਆ ਦਾ ਹਸਬੈਂਡ ਆ ਗਿਆ ਸੀ। ਸਵੇਰੇ ਹੀ ਬੱਸ ਫੜ ਲਈ ਹੋਣੀਐਂ। ਚਲੋ ਇਹ ਵੀ ਚੰਗਾ ਹੋਇਆ, ਕੋਈ ਤਾਂ ਸਹਾਰਾ ਮਿਲ਼ਿਆ। ਸ਼ੀਤਲ ਨੇ ਉਸਨੂੰ ਕੋਈ ਅਖ਼ਬਾਰ ਲੈਣ ਭੇਜਿਆ ਸੀ। ਉਹ ਦੋ ਤਿੰਨ ਅਖ਼ਬਾਰਾਂ ਲੈ ਆਇਆ। ਤਿੰਨਾ ਨੇ ਹੀ ਸਾਰੀਆਂ ਅਖ਼ਬਾਰਾਂ 'ਤੇ ਨਿਗਾਹ ਮਾਰੀ ਕਿ ਕਿਸੇ ਅਖ਼ਬਾਰ ਨੇ ਖ਼ਬਰ ਲਾਈ ਹੋਵੇ। ਐਡੇ ਵੱਡੇ ਪੱਤਰਕਾਰ ਦੀ ਕਿਸੇ ਕੋਣੇ ਵਿੱਚ ਫੋਟੋ ਹੀ ਲੱਗੀ ਹੋਵੇ। ਆਖ਼ਰ ਉਹ ਪੱਤਰਕਾਰਾਂ ਵਿੱਚ ਖ਼ਾਸ ਥਾਂ ਰੱਖਦੇ ਸਨ। ਸਾਰੀਆਂ ਅਖ਼ਬਾਰਾਂ ਵਰਕਾ ਵਰਕਾ ਕਰਕੇ ਫਰੋਲ਼ ਧਰੀਆਂ ਪਰ ਕਿਸੇ ਅਖ਼ਬਾਰ ਵਿੱਚ ਨਾਂ ਤੱਕ ਨਹੀਂ ਸੀ ਬੋਲਦਾ। ਅਗਲੇ ਦਿਨ ਵੀ ਉਹੀ ਗੱਲ। ਹੈਂ ਇਹ ਕੀ? ਇਕ ਸੀਨੀਅਰ ਪੱਤਰਕਾਰ ਨਾਲ਼ ਮਾੜੀ ਘਟਨਾ ਵਾਪਰੀ ਹੋਵੇ, ਕਿਸੇ ਅਖ਼ਬਾਰ ਵਿੱਚ ਖ਼ਬਰ ਹੀ ਨਾ ਲੱਗੇ, ਜ਼ਰੂਰ ਕੋਈ ਸਾਜ਼ਿਸ਼ ਹੈ। ਸ਼ੀਤਲ ਦੇ ਤਾਂ ਮਨ ਵਿਚੋਂ ਵਾਰ ਵਾਰ ਇਹੋ ਆਵਾਜ਼ ਨਿੱਕਲ਼ਦੀ ਸੀ।

ਰਮਾ ਨੇ ਤਾਂ ਮੁਸ਼ਕਲ ਨਾਲ਼ ਹੀ ਤਿੰਨ ਕੁ ਰਾਤਾਂ ਹੀ ਟਪਾਈਆਂ ਸਨ-"ਦੀਦੀ ਮੈਨੂੰ ਛੁੱਟੀ ਨੀ ਮਿਲ਼ ਸਕਦੀ। ਸਾਡਾ ਸਾਹਿਬ ਬਹੁਤ ਸਖ਼ਤ ਹੈ। ਛੁੱਟੀ ਮਨਜ਼ੂਰ ਨਹੀਂ ਕਰਦਾ ਕਿਸੇ ਦੀ।" ਉਸਦੇ ਜਾਣ ਮਗਰੋਂ ਸੋਨੀਆਂ ਵੀ ਕਲ਼ਪੀ ਸੀ-"ਮੈਂ ਕੋਈ ਭੁੱਲੀ ਤਾਂ ਨੀ ਇਹਦੇ ਪਾਖੰਡ ਨੂੰ। ਪੈਸਾ ਲਾਉਣ ਦੀ ਮਾਰੀ ਦਾ ਸਾਹਿਬ ਸਖ਼ਤ ਹੋ ਗਿਆ। ਛੁੱਟੀ ਨੀ ਮਨਜ਼ੂਰ ਹੁੰਦੀ। ਐਂ ਅਫ਼ਸਰ ਕਿਵੇਂ ਰੋਕ ਸਕਦੈ, ਛੁੱਟੀ ਨੂੰ? ਪਹਿਲੇ ਦਿਨੋਂ ਹੀ ਬਹਾਨੇਬਾਜ਼ ਤਾਂ ਹੈਗੀਓ ਆ। ਜੇ ਆਪ ਨਹੀਂ ਸੀ ਰਹਿ ਸਕਦੀ ਤਾਂ ਪਵਨ ਨੂੰ ਭੇਜ ਦਿੰਦੀ। ਖ਼ਸਮ ਦਾ ਤਾਂ ਕੋਈ ਅਫ਼ਸਰ ਨਹੀਂ ਸੀ। ਉਹਨੇ ਤਾਂ ਟੈਕਸੀ ਹੀ ਚਲਾਉਣੀ ਹੋਈ। ਦੋ ਦਿਨ ਨਾ ਚਲਾਈ ਚੱਲੋ ਦੋ ਦਿਨ ਦਿਹਾੜੀ ਨਾ ਬਣੀ। ਆਖ਼ਰ ਉਸਦਾ ਵੀ ਤਾਂ ਸਹੁਰਾ ਪਿਐ ਹਸਪਤਾਲ਼ ਵਿੱਚ। ਕੋਈ ਬੰਦਾ ਐਂ ਵੀ ਕਰਦਾ

ਹੁੰਦੈ, ਜਿਵੇਂ ਇਹ ਕਰ ਰਹੇ ਨੇ!" ਸੋਨੀਆ ਚੁੱਪ ਕਰਨ ਦਾ ਨਾਂ ਨਹੀਂ ਸੀ ਲੈ ਰਹੀ। ਸ਼ੀਤਲ ਦੇ ਦਿਮਾਗ਼ ਵਿੱਚ ਸਾਰੀ ਕਹਾਣੀ ਨੜੇ ਵਾਂਗ ਉਧੜਦੀ ਰਹੀ। ਅੰਦਰਲੀ ਔਖ ਨੂੰ ਕਦੇ ਉਹ ਘੁੱਟੀਂ ਘੁੱਟੀਂ ਪੀਣ ਦਾ ਯਤਨ ਕਰਦੀ ਕਦੇ ਇਹ ਪੀੜ ਗੁਬਾਰ ਬਣ ਕੇ ਉਸਦੇ ਸਿਰ ਨੂੰ ਚੜ੍ਹ ਕੇ ਬੇਚੈਨ ਕਰਨ ਲੱਗਦੀ।

ਸੋਨੀਆ ਉਦੋਂ ਪੰਦਰਾਂ ਕੁ ਦਿਨ ਟਪਾ ਗਈ ਸੀ। ਇਕ ਸ਼ੀਤਲ ਸੀ ਜਿਸ ਦਾ ਸਾਹਿਬ 'ਸਖ਼ਤ' ਨਹੀਂ ਸੀ। ਉਸ ਨੇ ਮੈਡੀਕਲ ਲੀਵ ਭੇਜ ਦਿੱਤੀ ਸੋਨੀਆਂ ਦੇ ਹਸਬੈਂਡ ਜਗਦੀਸ਼ ਦੇ ਹੱਥੀਂ। ਆਪੇ ਅੱਗੇ ਪਹੁੰਚਦੀ ਕਰ ਦਿਊ। ਭਰਾ ਵੀ ਤਾਂ ਮਸਾਂ ਦੋ ਦੋ ਦਿਨ ਹੀ ਰਹੇ ਸਨ। ਮੈਂ ਇਕ ਵਾਰ ਕਹਿ ਬੈਠੀ-"ਮਦਨ ਮੇਰਾ 'ਕੱਲੀ ਦਾ ਬਾਪ ਤਾਂ ਨੀ? ਥੋਡਾ ਵੀ ਤਾਂ ਕੋਈ ਫ਼ਰਜ਼ ਬਣਦਾ ਹੈ।"

ਮਦਨ ਤੇ ਸੁਭਾਸ਼ 'ਕੱਠੇ ਹੀ ਆਏ ਸਨ। ਦੋਵਾਂ ਨੇ ਹੀ ਭੈਣਾਂ-ਭਰਾਵਾਂ ਦੇ ਰਿਸ਼ਤੇ ਵਾਲ਼ੀ ਕੋਈ ਗੱਲ ਹੀ ਨਾ ਕੀਤੀ। ਸ਼ੀਤਲ ਨਾਲ਼ ਤਾਂ ਉਨ੍ਹਾਂ ਨੇ ਅੱਖ ਵੀ ਨਾ ਮਿਲਾਈ। ਸੋਨੀਆਂ ਨਾਲ਼ ਜ਼ਰੂਰ ਕੁੱਝ ਚਿਰ ਗੱਲਾਂ ਕਰਦੇ ਰਹੇ ਸਨ-"ਹੁਣ ਸੰਭਾਲੇ ਆਪੇ। ਉਦੋਂ ਤਾਂ ਹਿੱਸਾ ਲੈਣ ਨੂੰ ਮੂਹਰੇ ਹੋ ਗਈ ਸੀ।" ਸੋਨੀਆਂ ਕੋਲ਼ ਇਉਂ ਬੋਲੇ ਸਨ ਜਿਵੇਂ ਸ਼ੀਤਲ ਉਨ੍ਹਾਂ ਦੀ ਭੈਣ ਨਾ ਹੋਵੇ। ਲੱਗਦਾ ਇਸ ਤਰ੍ਹਾਂ ਹੀ ਸੀ ਕਿ ਸੋਨੀਆਂ ਨੇ ਉਨ੍ਹਾਂ ਨੂੰ ਦੋ ਚਾਰ ਦਿਨ ਰਹਿਣ ਲਈ ਕਿਹਾ ਹੋਵੇਗਾ ਜਿਸ ਦੇ ਜਵਾਬ ਵਿੱਚ ਉਹ ਇਸ ਤਰ੍ਹਾਂ ਬੋਲੇ ਸਨ। ਸ਼ੀਤਲ ਆਪ ਨਿਮਰਤਾ ਧਾਰ ਉਨ੍ਹਾਂ ਦੇ ਮੂਹਰੇ ਹੋਈ ਸੀ। ਬਥੇਰਾ ਕਿਹਾ ਸੀ ਉਸਨੇ-"ਦੇਖੋ ਵੀਰ ਪਾਪਾ 'ਤੇ ਮੈਂ ਲਾਊਂ ਸਾਰਾ ਪੈਸਾ। ਤੁਸੀਂ ਕੋਲ ਤਾਂ ਰਹਿ ਹੀ ਸਕਦੇ ਹੋ।" ਜ਼ਮੀਰਾਂ ਹੀ ਮਰ ਗਈਆਂ। ਕਹਿੰਦੇ-

"ਸਾਡੀ ਆਪਣੀ ਕਬੀਲਦਾਰੀ ਨੀ ਹੈਗੀ। ਆਪਣੇ ਜੁਆਕਾਂ ਦੇ ਗਲ਼ ਗੂਠਾ ਦੇ ਦੀਏ?" ਇਉਂ ਬੋਲੇ ਸਨ।

"ਮੈਂ ਕਦੋਂ ਕਹਿਨੀ ਆਂ ਵੀਰ ਗਲ਼ ਗੂਠਾ ਦੇਣ ਨੂੰ। ਤੁਸੀਂ ਥੋੜ੍ਹਾ ਬਹੁਤ ਸੋਚ ਕੇ ਵੇਖੋ, ਬਈ ਅਸੀਂ ਕੁੜੀਆਂ ਕਿੰਨਾ ਕੁ ਚਿਰ ਐਂ ਸਾਂਭਾਂਗੀਆਂ। ਤੁਸੀ ਕੁੱਛ ਤਾਂ ਉਤਾ ਚੱਕੋ। ਸੌ ਗੱਲਾਂ ਹੁੰਦੀਆਂ ਨੇ ਜਿਹੜੀਆਂ ਅਸੀਂ ਨਹੀਂ ਕਰ ਸਕਦੀਆਂ।" ਚੁੱਪ ਕਰ ਗਏ ਸਨ, ਦੋਵੇਂ। ਸ਼ੀਤਲ ਨੇ ਵੀ ਆਪਣਾ ਮੂੰਹ ਸੀਂ ਲਿਆ ਸੀ। ਹੋਰ ਕਰਦੀ ਵੀ ਤਾਂ ਕੀ ਕਰਦੀ?

ਸੁਭਾਸ਼ ਦੇ ਲਾਡਲੇ ਨੇ ਤਾਂ ਸੰਗ ਸ਼ਰਮ ਹੀ ਲਾਹ ਦਿੱਤੀ ਸੀ। ਬੰਟੀ ਭੂਆ ਨੂੰ ਉਹ ਕੁੱਝ ਬੋਲ ਗਿਆ ਸੀ ਜਿਸ ਦੀ ਉਹਦੇ ਕੋਲੋਂ ਉਮੀਦ ਹੀ ਨਹੀਂ ਸੀ ਕਿ ਐਨਾ ਬਦਤਮੀਜ਼ ਨਿੱਕਲੂ। ਭੂਆ ਵਾਲ਼ਾ ਕੋਈ ਰਿਸ਼ਤਾ ਹੀ ਨਹੀਂ ਸੀ ਰੱਖਿਆ। ਐਨੀਆਂ ਲੁੱਚੀਆਂ ਗਾਲ੍ਹਾਂ ਕੱਢੀਆਂ ਸਨ, ਰਹੇ ਰੱਬ ਦਾ ਨਾਂ-" ਅਖੇ ਪੈਸੇ... ਵਿਚ ਪਾ ਲੀਂ ਕੁੱਤੀਏ! ਮੇਰਾ ਆਹ! ਮੇਰਾ ਅਹੁ !!" ਜ਼ਮੀਨ ਵਿੱਚੋਂ ਹਿੱਸਾ ਕੀ ਵੰਡਾਇਆ ਕਿ ਉਹ ਹੁਣ ਸਕੇ ਭਤੀਜੇ ਲਈ ਕੁੱਤੀ ਦਾ ਦਰਜਾ ਰੱਖਦੀ ਸੀ।

ਉਦੋਂ ਸੋਨੀਆ ਨੇ ਵੀ ਬਹੁਤ ਜ਼ੋਰ ਲਾਇਆ ਸੀ ਕਿ ਸ਼ੀਤਲ ਆਪਣਾ ਹਿੱਸਾ ਬੰਟੀ ਦੇ ਨਾਂ ਲਵਾ ਦੇਵੇ। ਅਖੇ-" ਔਖੋਂ ਲਾਵਾਂ ਹੈ, ਨੁਕਸ ਢਕਿਆ ਜਾਊ। ਕੈ ਵਾਰ ਰਿਸ਼ਤਾ ਕਰਨ ਆਏ ਮੁੜ ਗਏ ਨੇ।" ਸੋਨੀਆ ਦੀਆਂ ਵੀ ਹੁਣ ਅੱਖਾਂ ਖੁੱਲ੍ਹੀਆਂ ਸਨ ਤੇ ਉਸਦੇ ਮੂੰਹੋਂ ਵੀ ਚੰਗੇ ਬੋਲ ਨਹੀਂ ਸੀ ਨਿੱਕਲ਼ੇ-ਕਾਣੇ ਬਿੱਜੂ ਦੀ ਇਕ ਰਗ ਵੱਧ ਐ ਦੀਦੀ।" ਸੋਨੀਆਂ ਨੇ ਕਿਹਾ ਸੀ।

ਸਭ ਤੋਂ ਛੋਟੇ ਰਾਜੂ ਦੇ ਵੀ ਤਾਂ ਸੱਪ ਲੜਿਆ ਸੀ ਦੁ ਮੂੰਹਾਂ। ਇਕ ਵਾਰ ਵੀ ਗੇੜਾ ਨਹੀਂ ਸੀ ਮਾਰਿਆ। ਸ਼ੀਤਲ ਕਲਪਦੀ ਕਿ ਮਹਾਜਨਾਂ ਦੇ ਘਰ ਵਿੱਚ ਹੀ ਵਿਹੁ ਮਾਤਾ ਨੇ ਐਹੋ ਜੇ ਸੰਜੋਗ ਕਿਉਂ ਭਿੜਾਏ? ਪਤਾ ਨਹੀਂ ਕਿਵੇਂ ਕਮਲੇ ਟੱਬਰ ਵਿੱਚ ਅੱਗੋਂ ਵੀ ਚੜ੍ਹਦੇ ਦਾ ਚੜ੍ਹਾ ਹੀ ਆਈਆਂ, ਵਹੁਟੀਆਂ। ਆਪਸ ਵਿੱਚ ਲਾ ਕੇ ਤਾਂ ਖਾਣਾ ਜਾਣਦੀਆਂ ਹੀ ਨਹੀਂ। ਸ਼ਹਿਰਨਾਂ ਸ਼ਹਿਰ ਵਿੱਚ ਆ ਵਸੀਆਂ, ਢਿੱਡ ਵਿੱਚ ਜ਼ਹਿਰ ਭਰ ਕੇ। ਇਕ ਦੇ ਆਉਣ ਨਾਲ਼ ਤਾਂ ਖ਼ਬਰੇ ਘਰ ਵਿੱਚ ਕੀ ਜਿੰਨ ਭੂਤ ਆ ਵੜਿਆ ਸੀ, ਘਰ ਨੂੰ ਮਹਾਂ ਭਾਰਤ ਹੀ



ਬਣਾ ਦਿੱਤਾ ਸੀ। ਫਿਰ ਦੂਜੀਆਂ ਵੀ ਚਿੱਤੋ ਪਹਿਰ ਲੋਹੇ ਦੀ ਲਾਂ ਹੀ ਖਿੱਚੀ ਰੱਖਦੀਆਂ। ਸ਼ੀਤਲ ਆਪਣੇ ਆਪ ਵਿੱਚ ਹੀ ਕਲ਼ਪਦੀ ਤੇ ਸੋਚਦੀ ਕਿ ਇਸ ਟੱਬਰ 'ਚ ਜਨਮ ਲੈ ਕੇ ਉਹ ਕਿਵੇਂ ਵੱਖਰੀ ਮਿੱਟੀ ਦੀ ਬਣ ਗਈ?-

'ਭਲਾ ਆਹ ਕਾਹਦੀ ਇਨਸਾਨੀਅਤ ਹੋਈ ਬਈ ਬਹੁਆਂ ਦੇ ਮਗਰ ਲੱਗ ਕੇ ਕੋਈ ਬਾਪ ਨੂੰ ਹੀ ਵਿਸਰ ਜਾਵੇ। ਪਰਸੋਂ ਹੀ ਅਖ਼ਬਾਰ ਦੀ ਸੰਪਾਦਕੀ ਵਿੱਚ ਪੜ੍ਹਿਆ ਸੀ ਬਈ ਨਵੇਂ ਵਿਸ਼ਵੀਕਰਨ ਦੇ ਦੌਰ ਵਿੱਚ ਇਨਸਾਨੀ ਭਾਈਚਾਰਾ ਗੈਬ ਹੋ ਰਿਹਾ ਹੈ। ਬੱਸ ਪੈਸਾ ਹੀ ਪ੍ਰਧਾਨ ਹੋ ਰਿਹਾ ਹੈ। ਇਹ ਹਵਾ ਹੁਣ ਸ਼ਹਿਰਾਂ ਤੋਂ ਪਿੰਡਾਂ ਵੱਲ ਵੀ ਵਗਣ ਲੱਗੀ ਹੈ।

ਬਾਣੀਏ ਆਮ ਤੌਰ 'ਤੇ ਮਾਰ ਖੋਰੇ ਨੀ ਹੁੰਦੇ ਪਰ ਇਹ ਤਾਂ ਜਿਵੇਂ ਬਾਣੀਏਂ ਨਾ ਹੋ ਕੇ ਨਿਰੇ ਭੇੜੀਏ ਹੋਣ। ਰਮਾ ਤਾਂ ਜੋ ਹੈ ਠੀਕ ਹੈ, ਪਰ 'ਗਾਹਾਂ ਉਸ ਨੂੰ ਜੋ ਟੱਕਰਿਆ, ਉਹ ਵੀ ਗੰਦ ਹੀ ਟੱਕਰਿਆ। ਛੇਤੀ ਹੀ ਪਰਖ ਹੋ ਗਈ ਸੀ। ਨਿਰਾ ਗੌਂ ਦਾ ਯਾਰ ਸੀ। ਕੀ ਮਜਾਲ ਐ ਪਿੰਡੇ 'ਤੇ ਮਾੜੀ ਜਿੰਨੀ ਚੂੰਢੀ ਹੀ ਵਢਾ ਲਵੇ। ਉਸ ਨੂੰ ਤਾਂ ਪੈਸਾ ਚਾਹੀਦਾ ਸੀ। ਇਹ ਨਹੀਂ ਬਈ ਉਹ ਸਾਡੇ ਨਾਲ਼ ਹੀ ਇਉਂ ਕਰਦਾ ਸੀ, ਕਿਸੇ ਰਿਸ਼ਤੇਦਾਰੀ ਵਿੱਚ ਮਿਲ਼ਣ ਗਿਲ਼ਣ ਵੀ ਨਹੀਂ ਸੀ ਜਾਂਦਾ। ਜਦੋਂ ਕਦੇ ਪਹਿਲਾਂ ਪਹਿਲਾਂ ਪਟਿਆਲ਼ੇ ਜਾਂਦੇ ਵੀ ਸਾਂ, ਦੇਖਦੇ ਸਾਰ ਚੁੱਪ ਚਾਪ ਬਾਹਰ ਨੂੰ ਤੁਰ ਜਾਂਦਾ ਸੀ। ਫਿਰ ਸਾਰੇ ਹੀ ਜਾਣੋ ਹਟ ਗਏ ਸਨ। ਉਸਨੇ ਤਾਂ ਇਕੋ ਗੱਲ ਪੱਲੇ ਬੰਨ੍ਹੀ ਹੋਈ ਐ-ਅਖੇ ਜਦੋਂ ਅਸੀਂ ਥੋਡੇ ਘਰੇ ਆਈਏ ਤਾਂ ਕੀ ਦਿਉਂਗੇ? ਜਦੋਂ ਤੁਸੀਂ ਸਾਡੇ ਆਉਂਗੇ ਤਾਂ ਕੀ ਲੈ ਕੇ ਆਉਂਗੇ? ਮੁੜ ਕੇ ਨਾ ਰਮਾ ਨੇ ਵੱਟੀ ਵਗਾਹੀ ਤੇ ਨਾ ਪਵਨ ਨੇ।

ਸੁਭਾਸ਼ ਨੂੰ ਫੋਨ ਕੀਤਾ ਸੀ ਪਰ ਉਸ ਨੇ ਚੁੱਕਿਆ ਹੀ ਨਾ। ਮਦਨ ਨੇ ਚੁੱਕ ਲਿਆ ਸੀ-"ਹਾਂ ਕੀ ਹਾਲ ਐ ਪਾਪਾ ਦਾ?" ਨਾ ਭੈਣ ਨਾ ਦੀਦੀ। ਸਿੱਧਾ ਈ ਹਾਂ ਕੀ ਹਾਲ ਐ ਪਾਪਾ ਦਾ? ਦੁਰ ਫਿੱਟੇ ਮੂੰਹ। ਸ਼ੀਤਲ ਦੇ ਤਨਾਜ਼ ਕਰਨ 'ਤੇ ਆਥਣ ਨੂੰ ਆ ਗਿਆ ਸੀ। ਪਰ ਰਿਹਾ ਸਿਰਫ਼ ਦੋ ਦਿਨ। ਹੈਤ ਥੋਡੀ। ਅਖੇ ਦੁਕਾਨ ਨੀ ਸੁੰਨੀ ਛੱਡੀ ਜਾਂਦੀ। ਕਾਣੀ ਕੌਡੀ ਵੀ ਨਾ ਲੈ ਕੇ ਆਇਆ। ਦੋਏ ਦਿਨ ਰੋਟੀਆਂ ਵੀ ਸ਼ੀਤਲ ਦੇ ਸਿਰੋਂ ਹੀ ਖਾਂਦਾ ਰਿਹਾ।

ਸ਼ੀਤਲ ਨੇ ਬਹੁਤ ਮਿੰਨਤਾਂ ਕੀਤੀਆਂ ਸਨ-"ਦੇਖ ਵੀਰ ਜਿਹੜਾ ਕੰਮ ਤੁਸੀਂ ਕਰ ਸਕਦੇ ਹੋ, ਮੈਂ ਕਿਵੇਂ ਕਰ ਸਕਦੀ ਆਂ? ਪਾਪਾ ਨੂੰ ਕੋਈ ਸੁੱਧ ਬੁੱਧ ਹੋਵੇ ਤਾਂ ਕਿਸੇ ਕਿਰਿਆ ਬਾਰੇ ਦੱਸਣ।"

ਡਾਈਪਰ ਬਦਲਣ ਵਾਸਤੇ ਪਹਿਲਾਂ ਤਾਂ ਸਫ਼ਾਈ ਸੇਵਕ ਰੱਖ ਲਿਆ ਸੀ ਦੋ ਸੌ ਰੁਪਏ ਇਕ ਵਾਰ ਦੇ। ਹੁਣ ਉਹ ਵੀ ਲੋਹੇ ਦਾ ਥਣ ਬਣ ਗਿਆ ਸੀ। ਕਹਿੰਦਾ ਤਿੰਨ ਸੌ ਲਊਂ। ਸ਼ੀਤਲ ਨੂੰ ਲੱਗਿਆ ਕਿਉਂ ਨਾ ਨੌ ਹਜ਼ਾਰ ਰੁਪਿਆ ਬਚਾਇਆ ਜਾਵੇ! ਉਸ ਨੇ ਆਪ ਹਿੰਮਤ ਕੀਤੀ ਤੇ ਇਹ ਕੰਮ ਆਪ ਸੰਭਾਲ ਲਿਆ। ਸੋਨੀਆਂ ਨੂੰ ਵੀ ਨਾ ਕਿਹਾ। ਉਸ ਨੂੰ ਇਉਂ ਹੀ ਲੱਗਣਾ ਜਿਵੇਂ ਮਰੀਜ਼ ਪਾਪਾ ਨਾ ਹੋਵੇ ਸਗੋਂ ਉਸਦਾ ਆਪਣਾ ਸੁਮੀਤ ਹੋਵੇ। ਸੁਮੀਤ ਨੂੰ ਵੀ ਤਾਂ ਸਾਂਭਦੀ ਹੀ ਰਹੀ ਸੀ। ਨਾਲ਼ ਪਾਪਾ ਨੂੰ ਕਿਹੜਾ ਹੋਸ਼ ਸੀ ਕਾਸੇ ਦੀ। ਉਸ ਦੇ ਪਾਪਾ ਨੇ ਅਚੇਤ ਅਵਸਥਾ ਵਿੱਚ ਹੀ ਪਿਸ਼ਾਬ ਵਾਲ਼ੀ ਪਾਈਪ ਖਿਚ ਦਿੱਤੀ। ਅੱਧੀ ਰਾਤ ਸੀ, ਹੁਣ ਕੀ ਕਰੇ? ਨਰਸ ਜਾਂ ਕੋਈ ਮੁਲਾਜ਼ਮ ਵੀ ਕਿਧਰੇ ਨਾ ਦਿੱਸਿਆ। ਸ਼ੀਤਲ ਨੇ ਨਰਸ ਨੂੰ ਵੇਖਿਆ ਸੀ, ਪਾਈਪ ਬਦਲਦਿਆਂ। ਉਸ ਨੇ ਉਵੇਂ ਹੀ ਪਾਈਪ ਅੰਦਰ ਵੱਲ ਧੱਕ ਦਿੱਤੀ। ਸਬੱਬ ਨਾਲ਼ ਹੀ ਠੀਕ ਆ ਗਈ। ਉਸ ਤੋਂ ਬਾਅਦ ਉਹ ਬਾਹੀ 'ਤੇ ਸਿਰ ਰੱਖ ਕੇ ਘੰਟਾ ਭਰ ਰੋਂਦੀ ਰਹੀ। ਉਚੀ ਸਾਹ ਵੀ ਨਾ ਕੱਢਿਆ ਕਿ ਨਾਲ਼ ਦੇ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਪਤਾ ਨਾ ਲੱਗ ਜਾਵੇ। ਹੌਲ਼ੀ ਹੋ ਕੇ ਪਾਪਾ ਦੇ ਮੱਥੇ 'ਤੇ ਹੱਥ ਫੇਰਦੀ ਰਹੀ-"ਪਾਪਾ ਬੋਲ ਪਉ ਇਕ ਵਾਰ ਤਾਂ। ਥੋਡੀ ਸ਼ੀਤਲ ਬੈਠੀ ਐ ਥੋਡੇ ਸਿਰ੍ਹਾਣੇ।" ਉਸ ਦੀ ਧਾਹ ਨਿਕਲ਼ਣ ਲੱਗੀ ਸੀ ਪਰ ਉਸ ਨੇ ਬੁੱਲ੍ਹਾਂ ਨੂੰ ਦੰਦਾਂ ਵਿੱਚ ਹੀ ਘੁੱਟ ਲਿਆ।

ਰਮਾ ਨੇ ਹੁਣ ਨਵਾਂ ਰਾਹ ਫੜ ਲਿਆ ਸੀ। ਲਾਹ ਹੀ ਬੰਨ੍ਹ ਲਈ ਜਾਦੂ ਮੰਤਰਾਂ ਵਾਲਿਆਂ ਕੋਲ਼ ਜਾਣ ਦੀ। ਸ਼ੀਤਲ ਨੇ ਸਮਝਾਈ ਵੀ, ਬਥੇਰਾ ਕਿਹਾ-"ਰਮਾ ਇਹ ਘਰ ਦੀਆਂ ਕੰਧਾਂ ਵੀ ਪੁੱਟ ਕੇ ਖਾ ਜਾਣਗੇ। ਕੁੱਛ ਨੀ ਧਰਿਆ ਪਿਆ ਇਨ੍ਹਾਂ ਕੋਲ਼। ਸਿਆਣੀ ਬਣ। ਪਾਪਾ ਦੇ ਸੱਟਾਂ ਵੱਜੀਆਂ ਨੇ ਜੋਤਿਸ਼ੀ ਜਾਂ ਪੁੱਛਾਂ ਦੇਣ ਵਾਲ਼ੇ ਇਹਦੇ ਵਿੱਚ ਕੀ ਕਰਨਗੇ ਭਲਾ?" ਪਰ ਉਹ ਮੰਨਣ ਵਾਲ਼ੀ ਹੀ ਕਦੋਂ ਸੀ। ਕਦੇ ਕਿਸੇ ਕੋਲ਼ੇ ਕਦੇ ਕਿਸੇ ਕੋਲ਼ੇ। ਉਹ ਸ਼ੈਤਾਨ ਕਿਸੇ ਥਾਂ ਦੀ ਲੋਕਾਂ ਵਿੱਚ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਉਸਨੂੰ ਪਾਪਾ ਦਾ ਸ਼ੀਤਲ ਨਾਲ਼ੋਂ ਵੀ ਬਹੁਤਾ ਫ਼ਿਕਰ ਹੈ।

ਹੁਣ ਉਹਨੇ ਤਾਂ ਨਵਾਂ ਹੀ ਕੱਛ 'ਚੋਂ ਮੁੰਗਲ਼ਾ ਕੱਢ ਮਾਰਿਆ-"ਅਖੇ ਜੋਤਿਸ਼ੀ ਕਹਿੰਦਾ ਹੈ, ਪਾਪਾ ਦੇ ਕਿਸੇ ਆਪਣੇ ਹੀ ਰਿਸ਼ਤੇਦਾਰ ਦਾ ਕਾਰਾ ਹੈ ਇਹ। ਰਮਾ ਤਾਂ ਮੇਰੇ ਮਗਰ ਹੀ ਪੈ ਗਈ ਸੀ ਕਿ ਮੈਂ ਪੈਸੇ ਦੇ ਲਾਲਚ ਵਿੱਚ ਇਹ ਕੁੱਝ ਕਰਵਾਇਆ ਹੈ। ਇਲਾਜ ਦੇ ਬਹਾਨੇ ਪਾਪਾ ਦੇ ਪੈਸਿਆਂ ਨੂੰ ਵਾਢਾ ਧਰ ਲੂੰਗੀ। ਸ਼ੀਤਲ ਜਾਣਦੀ ਸੀ ਕਿ ਉਹ ਸੁਭਾਸ਼ ਦੇ ਛੋਕਰੇ ਬੰਟੀ ਦੀ ਚੁੱਕੀ ਚੁਕਾਈ ਚੂਨਾ ਲਾ ਰਹੀ ਸੀ। ਕਾਣੇ ਬਹੇੜ ਨੇ ਮੈਨੂੰ ਪੀ. ਸੀ. ਓ. ਤੋਂ ਫੋਨ ਕਰਕੇ ਦਬਕਾ ਮਾਰਿਆ ਸੀ-"ਲੈ ਕੰਜਰੀਏ ਹੁਣ ਤੇਰੀ ਖੈਰ ਨੀ। ਮੈਂ ਤੇਰੇ ਖ਼ਿਲਾਫ਼ ਕਰੂੰ ਕੇਸ। ਤੂੰ ਵੱਡੇ ਪਾਪਾ ਦੇ ਪੈਸਿਆਂ 'ਤੇ ਮਰਦੀ ਐਂ ਤੇ ਤੈਂ ਇਹ ਕਾਰਾ ਕਰਵਾਇਐ ਆਵਦੇ ਕਿਸੇ ਯਾਰ ਤੋਂ।"

"ਦੁਰ ਫਿੱਟੇ ਮੂੰਹ ਗੰਦੀ 'ਲਾਦ ਦੇ। ਪਟਮੇਲ਼ੀ ਪਵੇ ਤੈਨੂੰ ਐਹੋ ਜੇ ਨੂੰ।" ਸ਼ੀਤਲ ਨੇ ਉਚੀ ਸੁਰ ਵਿੱਚ ਇਸ ਤਰ੍ਹਾਂ ਕਿਹਾ ਜਿਵੇਂ ਬੰਟੀ ਉਹਦੇ ਕੋਲ਼ ਖੜ੍ਹਾ ਸੁਣ ਰਿਹਾ ਹੋਵੇ। "ਕੋਈ ਪੁੱਛਣ ਵਾਲ਼ਾ ਹੋਵੇ ਬਈ ਐਹੋ ਜੀ ਕਿਹੜੀ ਕਮੀਨੀ ਧੀ ਹੋਊ ਜੋ ਬਾਪ ਨਾਲ਼ ਇਹੋ ਜੀ ਜੱਗੋਂ ਤੇਰ੍ਹਵੀਂ ਕਰਵਾਊਂ।"

ਭਰਾਵਾਂ ਕੋਲ਼ ਇਕੋ ਗੱਲ ਰਹਿ ਗਈ ਸੀ ਕਹਿਣ ਨੂੰ-"ਲਾਵੇ ਹੁਣ ਸ਼ੀਤਲ। ਉਦੋਂ ਤਾਂ ਹਿੱਸਾ ਲੈਣ ਵੇਲ਼ੇ ਮੂਹਰੇ ਹੋ ਗਈ ਸੀ।" ਵਾਰ ਵਾਰ ਇਕੋ ਗੱਲ ਸੁਣ ਸੁਣ ਕੇ ਉਹਦੇ ਕੰਨ ਪੱਕ ਗਏ ਸਨ।

"ਜੇ ਭਲਾ ਮੈਨੂੰ ਘਰੋਂ ਸਾਥ ਨਾ ਮਿਲ਼ਿਆ ਹੁੰਦਾ ਤੇ ਇਹ ਵੀ ਮੈਨੂੰ ਰੋਕ ਦਿੰਦੇ, ਤਾਂ ਮੈਂ ਇਕੱਲੀ ਨੇ ਕੀ ਕਰ ਲੈਣਾ ਸੀ? ਇਹ ਵੀ ਕਹਿ ਸਕਦੇ ਸੀ, ਤੂੰ ਈ ਠੇਕਾ ਲਿਐ, ਜ਼ਿੰਮੇਵਾਰੀ ਚੁੱਕਣ ਦਾ?" ਉਸਨੇ ਸ਼ੁਕਰ ਮਨਾਇਆ ਸੀ ਕਿ ਜਸਵੰਤ ਨੇ ਤਾਂ ਕਦੇ ਮੱਥੇ ਵੱਟ ਵੀ ਨਹੀਂ ਪਾਇਆ। ਸਹੁਰਾ ਨੀ ਸਮਝਿਆ, ਬਾਪ ਸਮਝਿਆ। ਉਸਨੇ ਜਦ ਵੀ ਪੈਸੇ ਮੰਗਣੇ ਖਿੜੇ ਮੱਥੇ ਦੇਣੇ। ਸੀਮਾ ਨੇ ਵੀ ਤੇ ਸੁਮੀਤ ਨੇ ਵੀ ਨਾਨੇ ਦਾ ਬਹੁਤ ਫ਼ਿਕਰ ਕੀਤਾ ਸੀ। ਦੁਹਾਂ ਨੇ ਹੀ ਕਹਿਣਾ-"ਮੰਮਾ ਪਾਪਾ ਨੂੰ ਬਚਾਉਣਾ ਜ਼ਰੂਰੀ ਹੈ। ਆਪਣੇ ਭਾਵੇਂ ਘਰ ਦਾ ਬਾਰ ਦੂਜੇ ਪਾਸੇ ਹੋ ਜੇ, ਮੰਮੀ।" ਮਾਂ ਦੇ ਮਗਰ ਲੱਗ ਕੇ ਉਹ ਵੀ ਨਾਨੇ ਨੂੰ ਪਾਪਾ ਹੀ ਆਖਦੇ ਸਨ, ਨਾਨੂੰ ਨਹੀਂ। ਕਿੰਨੇ ਸਿਆਣੇ ਹੋ ਗਏ ਸਨ ਦੋਵੇਂ। ਅਜੇ ਤਾਂ ਵੀਹਾਂ ਤੱਕ ਵੀ ਨਹੀਂ ਪਹੁੰਚੇ, ਗੱਲਾਂ ਵੱਡੇ ਕਬੀਲਦਾਰਾਂ ਵਾਂਗ ਕਰਦੇ ਸਨ। ਇਉਂ ਮਾਂ ਨੂੰ ਬਹੁਤ ਹੌਸਲਾ ਮਿਲ਼ਿਆ ਆਪਣੇ ਪਰਿਵਾਰ ਵਿਚੋਂ। ਸੀਮਾ ਦਾ ਸਹਿਜ ਵੇਖ ਕੇ ਤਾਂ ਸ਼ੀਤਲ ਨੇ ਹੁੱਬ ਜਾਣਾ। ਓਸ ਤਰ੍ਹਾਂ ਦੁਹਾਂ ਭੈਣਾਂ ਭਰਾਵਾਂ ਦੀ ਨਾਨਕਿਆਂ ਨਾਲ਼ ਸਾਂਝ ਵੀ ਖ਼ਾਸੀ ਸੀ। ਸ਼ੀਤਲ ਦੇ ਪਾਪਾ ਦੁਹਤਾ ਦੁਹਤੀ ਨੂੰ ਇਕ ਬਰਾਬਰ ਪਿਆਰ ਦਿੰਦੇ। ਛੋਟੀ ਹੁੰਦੀ ਸੀਮਾ ਨੂੰ ਬੁੱਕਲ਼ ਵਿਚ ਲੈ ਕੇ ਆਮ ਹੀ ਆਖਿਆ ਕਰਦੇ ਸਨ-"ਇਹ ਤਾਂ ਮੇਰਾ ਬਾਹਲਾ ਸਿਆਣਾ ਦੁਹਤਾ ਹੈ।" ਸੁਮੀਤ ਨੇ ਵਿਗੜ ਜਾਣਾ-"ਮੰਮਾ ਪਾਪਾ ਸੀਮਾ ਨੂੰ ਪਿਆਰ ਕਰਦੇ ਐ, ਮੈਨੂੰ ਨੀ ਕਰਦੇ।" ਪਾਪਾ ਨੂੰ ਸੁਮੀਤ ਦੇ ਸੜੇਵੇਂ ਦਾ ਪਤਾ ਲੱਗ ਜਾਣਾ। ਉਨ੍ਹਾਂ ਨੇ ਸੁਮੀਤ ਨੂੰ ਕੁੱਛੜ ਚੁੱਕ ਲੈਣਾ ਤੇ ਮਖਾਣਿਆਂ ਨਾਲ਼ ਮੂੰਹ ਭਰ ਦੇਣਾ-"ਤੂੰ ਤਾਂ ਮੇਰਾ ਸੀਮਾ ਤੋਂ ਵੀ ਪਿਆਰਾ ਦੁਹਤਾ ਹੈਂ। ਹੈਨਾ।" ਸੁਮੀਤ ਦਾ ਨੱਕ ਸਿਧਾ ਹੋ ਜਾਣਾ ਤਾਂ ਸੀਮਾ ਦਾ ਟੇਢਾ ਹੋ ਜਾਣਾ-"ਪਾਪਾ ਮੈਂ ਨੀ ਬੋਲਣਾ ਥੋਡੇ ਨਾਲ਼। ਮੈਨੂੰ ਨੀ ਮਖਾਣੇ ਦਿੱਤੇ।" ਸੀਮਾ ਦੇ ਐਨੀ ਕਹਿਣ ਦੀ ਦੇਰ ਹੁੰਦੀ ਪਾਪਾ ਉਸਨੂੰ ਗੋਦੀ ਚੁੱਕ ਕੇ ਉਸ ਦੇ ਮੂੰਹ ਵਿਚ ਚੌਕਲੇਟ ਵਾਲ਼ੀ ਟੌਫ਼ੀ ਤੁੰਨ੍ਹ ਦਿੰਦੇ। ਨਾਲ਼ੇ ਠਹਾਕਾ ਮਾਰ



ਕੇ ਹੱਸਦੇ ਪਰ ਸੁਮੀਤ ਤੋਂ ਚੋਰੀ-"ਹੁਣ ਦੱਸ ਮੈਨੂੰ ਕੌਣ ਬਾਹਲ਼ਾ ਪਿਆਰਾ ਹੈ? ਸੀਮਾ ਝੱਟ ਜਵਾਬ ਦਿੰਦੀ-"ਮੈਂ।" ਐਨੀ ਪਿਆਰੀ ਸ਼ਖ਼ਸੀਅਤ ਸਨ ਸ਼ੀਤਲ ਦੇ ਪਾਪਾ। ਹਰ ਕਿਸੇ ਨੇ ਥੋੜਾ ਬਣ ਜਾਣਾ ਜੀਵਨ ਲਾਲ ਸੱਚਦੇਵਾ। ਬਾਣੀਆਂ ਵਾਲ਼ੀ ਤਾਂ ਉਨ੍ਹਾਂ ਵਿੱਚ ਕੋਈ ਗੱਲ ਈ ਨਹੀਂ ਸੀ। ਪਿੰਡ ਵਾਲ਼ੇ ਤਾਂ ਉਨ੍ਹਾਂ ਨੂੰ ਜੱਟ ਬਾਣੀਆ ਹੀ ਕਹਿੰਦੇ ਸਨ। ਜਿੱਥੇ ਕਿਸੇ ਗਰੀਬ ਗੁਰਬੇ ਨਾਲ਼ ਧੱਕਾ ਹੋ ਰਿਹਾ ਹੁੰਦਾ, ਫਾਨੇ ਵਾਂਗੂੰ ਠੁਕ ਜਾਂਦੇ ਸਨ। ਇਹ ਗੱਲ ਉਦੋਂ ਮੈਂ ਸੁਣੀ ਜ਼ਰੂਰ ਸੀ ਪਰ ਸ਼ੀਤਲ ਨੂੰ ਸਮਝ ਨਹੀਂ ਸੀ ਲੱਗਦੀ ਫਾਨਾ ਕੀ ਹੁੰਦੈ ਤੇ ਕੋਈ ਫਾਨੇ ਵਾਂਗੂੰ ਕਿਵੇਂ ਠੁਕ ਜਾਂਦਾ ਹੈ। ਸ਼ੀਤਲ ਨੂੰ ਇਲਮ ਸੀ ਕਿ ਪਿੰਡ 'ਚੋਂ ਕਈ ਲੋਕ ਉਨ੍ਹਾਂ ਤੋਂ ਰਾਇ ਲਣ ਆਉਂਦੇ ਰਹਿੰਦੇ ਸਨ। ਆਂਢ-ਗੁਆਂਢ ਵਿੱਚ ਹੀ ਨਹੀਂ ਇਲਾਕੇ ਵਿਚ ਬਥੇਰੀ ਪੈਂਠ ਸੀ, ਜੀਵਨ ਲਾਲ ਦੀ। ਹਰੇਕ ਦੇ ਦੁਖ ਸੁਖ ਵਿੱਚ ਉਡ ਕੇ ਜਾਣਾ ਉਸਦਾ ਸੁਭਾਅ ਸੀ। ਉਹ ਆਪ ਹੀ ਤਾਂ ਦੱਸਿਆ ਕਰਦੇ ਸਨ ਕਿ ਦਸਵੀਂ ਜਮਾਤ ਵਿਚ ਹੀ ਕਵਿਤਾ ਲਿਖਣ ਲੱਗ ਪਏ ਸਨ। ਉਦੋਂ ਤੋਂ ਹੀ ਲੋਕ ਸੇਵਾ ਨੂੰ ਅਸਲੀ ਭਗਤੀ ਕਹਿਣ ਲੱਗ ਪਏ ਸਨ। ਬੱਚਿਆਂ ਨੂੰ ਉਦੋਂ ਸਮਝ ਨਾ ਲੱਗਣੀ ਕਿ ਲੋਕ ਸੇਵਾ ਹੀ ਭਗਤੀ ਕਿਵੇਂ ਹੋਈ। ਭਗਤ ਤਾਂ ਮੱਥੇ ਕੇਸਰ ਦਾ ਟਿੱਕਾ ਲਾ ਕੇ ਮਾਲ਼ਾ ਫੇਰਦੇ ਨੇ। ਦੇਵੀ ਦੀ ਮੂਰਤ ਜਾਂ ਬੁੱਤ ਮੂਹਰੇ ਧੂਫ਼ ਧੁਖਾਉਂਦੇ ਨੇ, ਟੱਲੀਆਂ ਵਜਾਉਂਦੇ ਨੇ, ਆਰਤੀ ਉਤਾਰਦੇ ਨੇ। ਸ਼ੀਤਲ ਸੋਚਦੀ। ਪਰ ਜੀਵਨ ਲਾਲ ਇਨ੍ਹਾਂ ਸਾਰੀਆਂ ਗੱਲਾਂ ਤੋਂ ਬਹੁਤ ਦੂਰ ਜਾ ਚੁੱਕੇ ਸਨ। ਬਾਹਮਣ ਬਾਣੀਆਂ ਦੇ ਕਈ ਘਰਾਂ ਵਿੱਚ ਮੰਦਰ ਬਣਾਏ ਹੋਏ ਸਨ ਪਰ ਉਨ੍ਹਾਂ ਦੇ ਘਰ ਨਹੀਂ ਸੀ ਬਣਾਇਆ ਹੋਇਆ। ਹਿੰਦੂ ਹੋ ਕੇ ਵੀ ਉਹ ਬੁੱਤ ਪੂਜਾ ਦੇ ਸਖ਼ਤ ਵਿਰੁੱਧ ਸਨ। ਖ਼ਾਸ ਕਰਕੇ ਜਿਹੜਾ ਹੁਣ ਧਰਮ ਬਦਲੀ ਦਾ ਚੱਕਰ ਚੱਲਿਆ ਸੀ ਜਾਂ ਲਾਲਚ ਦੇ ਕੇ ਧਰਮ ਤਬਦੀਲ ਕਰਨ ਤੋਂ ਉਹ ਬਹੁਤ ਚਿੜਦੇ ਸਨ। ਜਿੰਨਾ ਚਿਰ ਦਾਦਾ ਦਾਦੀ ਜਿਉਂਦੇ ਰਹੇ ਉਹ ਉਨ੍ਹਾਂ ਦਾ ਮਾਣ ਰੱਖਣ ਲਈ ਮੰਦਰ ਵੀ ਬਣਾ ਕੇ ਰੱਖਦੇ ਰਹੇ ਸਨ। ਸਾਰਾ ਕਰਮ ਕਾਂਡ ਵੀ ਕਰਦੇ ਸਨ ਪਰ ਉਨ੍ਹਾਂ ਦੇ ਮੁੱਕ ਜਾਣ ਤੋਂ ਬਾਅਦ ਤਾਂ ਉਨ੍ਹਾਂ ਨੇ ਸਾਰਾ ਕੁੱਛ ਚੁੱਕ ਕੇ ਮੰਦਰ ਵਿਚ ਭੇਜ ਦਿੱਤਾ ਸੀ। ਸ਼ੀਤਲ ਨੂੰ ਯਾਦ ਆ ਰਿਹਾ ਸੀ ਕਿ ਉਨ੍ਹਾਂ ਨੇ ਮੰਮੀ ਨੂੰ ਆ ਕੇ ਕਿਹਾ ਸੀ-"ਲੈ ਬਈ ਭਾਗਮਾਨੇ ਆਪਾਂ ਹੁਣ ਆਜ਼ਾਦ ਪੰਛੀ ਬਣ ਗਏ।" ਬੱਚੇ ਤਾਂ ਛੋਟੇ ਛੋਟੇ ਸਨ, ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਸੀ ਬਈ ਆਜ਼ਾਦ ਪੰਛੀ ਕੀ ਹੁੰਦੈ? ਉਨ੍ਹਾਂ ਨੇ ਬੱਚਿਆਂ ਨੂੰ ਆਜ਼ਾਦ ਪੰਛੀ ਬਣਾਉਣ ਦਾ ਪੂਰਾ ਯਤਨ ਕੀਤਾ। ਸ਼ੀਤਲ ਤਾਂ ਬਣ ਗਈ ਕਿਸੇ ਹੱਦ ਤੱਕ ਪਰ ਬਾਕੀਆਂ ਦੇ ਤਾਂ ਖੰਭ ਹੀ ਨਾ ਉਗੇ।

ਬੀ. ਏ. ਕਰਨ ਤੋਂ ਬਾਅਦ ਉਨ੍ਹਾਂ ਨੇ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਪੱਤਰਕਾਰੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹ ਆਪਣੀਆਂ ਲਿਖਤਾਂ ਨੂੰ ਇਕ ਫਾਈਲ ਵਿੱਚ ਸਾਂਭ ਕੇ ਰੱਖਦੇ। ਸ਼ੀਤਲ ਤੇ ਸੋਨੀਆ ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿੱਚ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੀਆਂ। ਇਕ ਦਿਨ ਉਹ ਉਨ੍ਹਾਂ ਪੜ੍ਹਦੀਆਂ ਦੇ ਉਪਰ ਆ ਗਏ ਸਨ। ਦੋਵੇਂ ਛੇਤੀ ਛੇਤੀ ਫਾਈਲ ਸਾਂਭ ਕੇ ਭੱਜਣ ਲੱਗੀਆਂ। ਉਹ ਡਰ ਗਈਆਂ ਸਨ। ਕੀ ਪਤਾ ਪਾਪਾ ਉਨ੍ਹਾਂ ਨਾਲ਼ ਕਿਹੋ ਜਿਹਾ ਸਲੂਕ ਕਰਨਗੇ? ਇਸ ਤਰ੍ਹਾਂ ਪੜ੍ਹਨ ਨੂੰ ਕਿਵੇਂ ਲੈਣਗੇ? ਉਹ ਜਦੋਂ ਫਾਈਲ ਸੁੱਟ ਕੇ ਭੱਜਣ ਲੱਗੀਆਂ ਸਨ ਤਾਂ ਪਾਪਾ ਨੇ ਦਬਕਾ ਜਿਹਾ ਮਾਰਿਆ ਸੀ-"ਉਰੇ ਆਉ ਕਿੱਧਰ ਭੱਜ ਚੱਲੀਆਂ?" ਹੋਰ ਵੀ ਬੁਰੀ ਤਰ੍ਹਾਂ ਸਹਿਮੀਆਂ ਸਹਿਮੀਆਂ ਉਹ ਪਾਪਾ ਦੇ ਕੋਲ਼ ਚਲੀਆਂ ਗਈਆਂ ਸਨ। ਡਰ ਸੀ ਕਿ ਪਤਾ ਨਹੀਂ ਹੁਣੇ ਪੈਣਗੀਆਂ ਕੰਨ 'ਤੇ ਦੋ ਦੋ। ਪਰ ਕਮਾਲ ਸੀ, ਪਾਪਾ ਨੇ ਉਨ੍ਹਾਂ ਦੁਹਾਂ ਨੂੰ ਬੁੱਕਲ਼ ਵਿੱਚ ਲੈ ਕੇ ਕਿਹਾ ਸੀ-"ਕੀ ਕਰਦੀਆਂ ਸੀ ਮੇਰੀਆਂ ਲਾਡੀਆਂ ਵਾਡੀਆਂ?" ਕੁੜੀਆਂ ਦਾ ਹੌਸਲਾ ਵਧ ਗਿਆ ਸੀ। ਸੋਨੀਆ ਤਾਂ ਨੀਵੀਂ ਜਿਹੀ ਪਾ ਕੇ ਚੁੱਪ ਵੱਟ ਗਈ ਸੀ। ਉਂ ਵੀ ਉਹ ਘੱਟ ਵੱਧ ਹੀ ਬੋਲਦੀ ਹੁੰਦੀ ਸੀ। ਸ਼ੀਤਲ ਨੇ ਹੀ ਹੌਸਲਾ ਕਰਕੇ ਜਵਾਬ ਦਿੱਤਾ ਸੀ-"ਪਾਪਾ ਅਸੀਂ ਥੋਡੀਆਂ ਪੋਇਮਾਂ ਪੜ੍ਹਦੀਆਂ ਸੀ।"

"ਪੋਇਮਾਂ ਨਹੀਂ, ਜਾਂ ਤਾਂ ਪੋਇਮਜ਼ ਕਹੀਦੈ ਜਾਂ ਕਵਿਤਾਵਾਂ ਕਹੋ।"

ਮੈਂ ਥੋੜ੍ਹੀ ਨੀਵੀਂ ਜਿਹੀ ਪਾ ਕੇ ਹਾਂ ਵਿੱਚ ਸਿਰ ਹਿਲਾ ਦਿੱਤਾ ਸੀ।

"ਕਿਹੜੀ ਕਵਿਤਾ ਬਹੁਤੀ ਵਧੀਆ ਲੱਗੀ?" ਏਸ ਦਾ ਉਨ੍ਹਾਂ ਨੂੰ ਇਕ ਦਮ ਕੋਈ ਉੱਤਰ ਨਾ ਸੁੱਝਿਆ। ਪਾਪਾ ਦੇ ਬੁੱਲ੍ਹਾਂ ਉਪਰ ਮੁਸਕ੍ਰਾਹਟ ਨੱਚ ਰਹੀ ਸੀ। ਉਨ੍ਹਾਂ ਦਾ ਚਿਹਰਾ ਐਨਾ ਨਿਰਮਲ ਜਾਪ ਰਿਹਾ ਸੀ। ਸ਼ੀਤਲ ਦਾ ਹੌਸਲਾ ਹੋਰ ਵਧ ਗਿਆ ਸੀ-"ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ।" ਪਾਪਾ ਦਾ ਚਿਹਰਾ ਹੋਰ ਵੀ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ ਸੀ-"ਤੈਨੂੰ ਸੋਨੇ ਨੂੰ ਕਿਹੜੀ ਕਵਿਤਾ ਵਧੀਆ ਲੱਗੀ?" ਪਾਪਾ ਜਦੋਂ ਬਹੁਤਾ ਖੁਸ਼ ਹੁੰਦੇ ਸੀ ਤਾਂ ਉਹ ਸੋਨੀਆ ਨੂੰ ਸੋਨਾ ਕਹਿ ਕੇ ਬੁਲਾਉਂਦੇ। ਫਿਰ ਉਹ ਚੰਡੀਗੜ੍ਹ ਦਰਪਨ ਅਖ਼ਬਾਰ ਵਿੱਚ ਆ ਗਏ ਸਨ। ਤੀਹ ਸਾਲਾਂ ਬਾਅਦ ਅੱਜ ਵੀ ਸ਼ੀਤਲ ਵੇਖ ਰਹੀ ਸੀ ਕਿ ਉਹੀ ਨਿਛੱਲਤਾ ਵਾਲ਼ਾ ਜਲੌਅ ਪਾਪਾ ਦੇ ਚਿਹਰੇ ਉਪਰ ਟਪਕ ਰਿਹਾ ਸੀ।

ਸ਼ੀਤਲ ਡਿਊਟੀ ਤੋਂ ਲੰਮੀ ਛੁੱਟੀ ਲੈ ਕੇ ਚੰਡੀਗੜ੍ਹ ਹੀ ਰਹਿ ਪਈ ਸੀ। ਉਹਦੇ ਲਈ ਪਾਪਾ ਦੀ ਜ਼ਿੰਦਗੀ ਡਿਊਟੀ ਨਾਲੋਂ ਕਿਤੇ ਕੀਮਤੀ ਸੀ। ਪਾਪਾ ਹੁਣ ਵੀ ਜਿਵੇਂ ਉਸੇ ਸ਼ਾਂਤ ਮੁਦਰਾ ਵਿੱਚ ਪਏ ਦਿਖਾਈ ਦੇ ਰਹੇ ਸਨ। ਉਹਦੇ ਮਨ ਵਿੱਚ ਵਾਰ ਵਾਰ ਆ ਰਿਹਾ ਸੀ-ਪਾਪਾ ਦੇਖੋ, ਤੁਹਾਡੀ ਸ਼ੀਤਲ ਤੇ ਸੋਨਾ ਤੁਹਾਡੇ ਸਿਰ੍ਹਾਣੇ ਖੜ੍ਹੀਆਂ ਨੇ ਪਾਪਾ।" ਪਰ ਪਾਪਾ ਤਾਂ ਜਿਵੇਂ ਸਾਡਾ ਇਹ ਰੁਦਨ ਸੁਣ ਹੀ ਨਹੀਂ ਸੀ ਰਹੇ। ਜਦੋਂ ਉਹ ਕਈ ਵਾਰ ਉਨ੍ਹਾਂ ਦੇ ਖਹਿੜੇ ਪੈ ਜਾਇਆ ਕਰਦੀਆਂ ਸਨ, ਉਦੋਂ ਵੀ ਉਹ ਇਸੇ ਤਰ੍ਹਾਂ ਘੇਸਲ ਮਾਰ ਕੇ ਅੱਖਾਂ ਬੰਦ ਕਰ ਲੈਂਦੇ ਸਨ। ਸ਼ੀਤਲ ਨੂੰ ਲੱਗਦਾ ਸੀ, ਜਦੋਂ ਉਨ੍ਹਾਂ ਦਾ ਬੇਮਾਲੂਮਾ ਜਿਹਾ ਗੁੱਸਾ ਹਵਾ ਵਿੱਚ ਉਡ ਜਾਵੇਗਾ, ਉਹ ਅੱਖਾਂ ਖੋਲ੍ਹਣਗੇ ਤੇ ਉਨ੍ਹਾਂ ਦੁਹਾਂ ਨੂੰ ਉਵੇਂ ਹੀ ਬੁੱਕਲ਼ ਵਿੱਚ ਲੈ ਲੈਣਗੇ, ਜਿਵੇਂ ਛੋਟੀਆਂ ਹੁੰਦੀਆਂ ਨੂੰ ਲਿਆ ਕਰਦੇ ਸਨ। ਪਾਪਾ ਤਾਂ ਅੱਜ ਕੁੱਝ ਵੀ ਨਹੀਂ ਸੀ ਸੁਣ ਰਹੇ। ਕੁੱਝ ਵੀ ਦੇਖ ਨਹੀਂ ਸੀ ਰਹੇ। ਅੱਜ ਉਨ੍ਹਾਂ ਨੂੰ ਧੀਆਂ ਉਪਰ ਕਾਹਦਾ ਗੁੱਸਾ ਚੜ੍ਹਿਆ ਹੋਇਆ ਸੀ?

ਦੋ ਮਹੀਨਿਆਂ ਬਾਅਦ ਡਾਕਟਰਾਂ ਨੇ ਪਾਪਾ ਨੂੰ ਘਰ ਲਿਜਾ ਕੇ ਸੇਵਾ ਕਰਨ ਬਾਰੇ ਕਹਿ ਕੇ ਛੁੱਟੀ ਕਰ ਦਿੱਤੀ ਸੀ। ਸ਼ੀਤਲ ਨੂੰ ਕੋਈ ਚਾਅ ਜਾਂ ਖੁਸ਼ੀ ਨਹੀਂ ਸੀ ਹੋਈ ਇਸ ਛੁੱਟੀ ਨਾਲ਼। ਪਾਪਾ ਦੀ ਹਾਲਤ ਤਾਂ ਜਿਉਂ ਦੀ ਤਿਉਂ ਸੀ। ਸ਼ੀਤਲ ਤੇ ਸੋਨੀਆਂ ਪਾਪਾ ਨੂੰ ਉਨ੍ਹਾਂ ਦੇ ਕੁਆਰਟਰ ਵਿੱਚ ਲੈ ਆਈਆਂ। ਜਾਂ ਤਾਂ ਸ਼ੀਤਲ ਉਨ੍ਹਾਂ ਨੂੰ ਆਪਣੇ ਘਰ ਤਪੇ ਲੈ ਕੇ ਆਉਂਦੀ ਜਾਂ ਸੋਨੀਆਂ ਧਨੌਲੇ ਆਪਣੇ ਘਰ ਲੈ ਕੇ ਜਾਂਦੀ। ਉਹ ਦੋਵੇਂ ਹੀ ਇਹ ਨਹੀਂ ਸੀ ਕਰ ਸਕਦੀਆਂ। ਹਰ ਪੰਦਰਾਂ ਦਿਨਾਂ ਬਾਅਦ ਚੈਕਿੰਗ ਵੀ ਕਰਵਾਉਣੀ ਜ਼ਰੂਰੀ ਸੀ। ਕੀ ਪਤਾ ਕਦੋਂ ਲੋੜ ਪੈ ਜਾਵੇ ਡਾਕਟਰੀ ਮੱਦਦ ਦੀ। ਇੱਥੇ ਜਦ ਲੋੜ ਪਵੇ ਐਂਬੂਲੈਂਸ ਕਾਲ ਕੀਤੀ ਜਾ ਸਕਦੀ ਸੀ। ਤਿੰਨ ਚਾਰ ਮਹੀਨੇ ਕਦੇ ਸ਼ੀਤਲ ਕਦੇ ਸੋਨੀਆਂ ਨੇ ਇਹ ਵਕਤ ਔਖੀਆਂ ਸੌਖੀਆਂ ਨੇ ਲੰਘਾਇਆ। ਉਨ੍ਹਾਂ ਨੇ ਇਕ ਵੱਡੀ ਉਮਰ ਦੀ ਔਰਤ ਆਪਣੀ ਮੱਦਦ ਵਾਸਤੇ ਰੱਖ ਲਈ ਸੀ। ਫਿਰ ਉਨ੍ਹਾਂ ਨੂੰ ਕਿਸੇ ਨੇ ਦੱਸਿਆ ਕਿ ਜੇ ਹੁਣ ਫਿਜ਼ੀਓਥੈਰਾਪੀ ਵਾਲ਼ਾ ਕੋਈ ਵਧੀਆ ਡਾਕਟਰ ਮਿਲ਼ ਜਾਵੇ ਤਾਂ ਪਾਪਾ ਦੇ ਅੰਗ ਤਕੜੇ ਹੋ ਸਕਦੇ ਨੇ। ਥੋੜ੍ਹੇ ਸਮੇਂ ਵਿੱਚ ਹੀ ਮਰੀਜ਼ ਨੂੰ ਖੜ੍ਹਾ ਕੀਤਾ ਜਾ ਸਕਦਾ ਹੈ। ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਫਿਜ਼ੀਓਥੈਰਾਪੀ ਵਾਲ਼ਿਆਂ ਦਾ ਕੀ ਘਾਟਾ ਸੀ? ਸਾਨੂੰ ਨੇੜਿਉਂ ਹੀ ਮਿਲ਼ ਗਿਆ। ਇਲਾਜ ਸ਼ੁਰੂ ਹੋ ਗਿਆ।

ਫਿਰ ਇਕ ਦਿਨ ਸੋਨੀਆ ਨੇ ਸ਼ੀਤਲ ਨੂੰ ਆਪ ਹੀ ਕਹਿ ਦਿੱਤਾ-"ਦੀਦੀ ਮੈਂ ਦਸ ਪੰਦਰਾਂ ਦਿਨ ਰਹਿ ਲੈਂਦੀ ਹਾਂ ਪਾਪਾ ਕੋਲ਼। ਤੂੰ ਡਿਊਟੀ ਕਰ ਆ ਐਨੇ ਦਿਨ। ਸ਼ੀਤਲ ਅਗਲੇ ਦਿਨ ਹੀ ਤਪੇ ਆ ਗਈ ਤੇ ਦੂਜੇ ਦਿਨ ਡਿਊਟੀ 'ਤੇ ਹਾਜ਼ਰ ਹੋ ਗਈ।

ਉਸ ਦਿਨ ਸੋਨੀਆ ਪਾਪਾ ਦੇ ਕੋਲ਼ ਹੀ ਬੈਠੀ ਸੀ, ਜਦੋਂ ਉਨ੍ਹਾਂ ਨੂੰ ਹੋਸ਼ ਆਈ ਸੀ। ਸੋਨੀਆਂ ਨੇ ਸਭ



ਤੋਂ ਪਹਿਲਾਂ ਮੈਨੂੰ ਹੀ ਫੋਨ ਕੀਤਾ ਸੀ-"ਦੀਦੀ ਪਾਪਾ ਨੇ ਅੱਖਾਂ ਖੋਲ੍ਹ ਲਈਆਂ ਦੀਦੀ। ਮੇਰੇ ਵੱਲ ਵੇਖਕੇ ਮੁਸਕ੍ਰਾਏ ਵੀ ਨੇ ਦੀਦੀ।" ਸੋਨੀਆਂ ਦੀ ਫੋਨ ਉਪਰ ਸੁਣਦੀ ਆਵਾਜ਼ ਤੋਂ ਹੀ ਪਤਾ ਲੱਗਦਾ ਸੀ ਕਿ ਉਸ ਦਾ ਚਾਅ ਨਹੀਂ ਚੁੱਕਿਆ ਜਾਂਦਾ। ਉਸਦੀ ਆਵਾਜ਼ ਵਿੱਚੋਂ ਹੀ ਉਸਦਾ ਫੁੱਲਾਂ ਵਾਂਗ ਖਿੜਿਆ ਚਿਹਰਾ ਸ਼ੀਤਲ ਨੂੰ ਨਜ਼ਰ ਆ ਗਿਆ ਸੀ। ਪੂਰੇ ਛੇ ਮਹੀਨਿਆਂ ਬਾਅਦ ਪਾਪਾ ਨੇ ਅੱਖਾਂ ਖੋਲ੍ਹ ਕੇ ਸੋਨੀਆ ਵੱਲ ਵੇਖਿਆ ਸੀ ਤੇ ਥੋੜ੍ਹੀ ਜਿੰਨੀ ਮੁਸਕ੍ਰਾਹਟ ਉਨ੍ਹਾਂ ਦੇ ਬੁੱਲ੍ਹਾਂ 'ਤੇ ਨੱਚਣ ਲੱਗੀ ਸੀ। ਮੈਨੂੰ ਆਪਣੀ ਕਮਾਈ ਸਫ਼ਲ ਹੁੰਦੀ ਜਾਪੀ ਸੀ-"ਰੱਬਾ ਤੇਰੇ ਘਰ ਨੇਰ੍ਹ ਨਹੀਂ। ਨਿਆਂ ਹੈ ਤੇਰੇ ਘਰ ਈਸ਼ਵਰ।" ਉਸ ਦੀਆਂ ਸਹਿਵਨ ਹੀ ਅੱਖਾਂ ਮੀਟੀਆਂ ਗਈਆਂ ਸਨ। ਉਹ ਇਕ ਵਾਰ ਤਾਂ ਪ੍ਰਭੂ ਭਗਤੀ ਵਿੱਚ ਡੁੱਬ ਹੀ ਗਈ। "ਹਾਂ ਉਹ ਜ਼ਰੂਰ ਬਹੁੜੂਗਾ, ਪਾਪਾ ਨੇ ਕਦੇ ਗਿੱਲੇ ਗੋਹੇ 'ਤੇ ਪੈਰ ਨੀ ਰੱਖਿਆ। ਉਨ੍ਹਾਂ ਨੂੰ ਕਾਹਦੀ ਸਜ਼ਾ?" ਵਾਰ ਵਾਰ ਉਸ ਦੇ ਮਨ ਵਿੱਚ ਆ ਰਿਹਾ ਸੀ। ਚਾਅ ਜਿਹੇ ਵਿੱਚ ਫਿਰ ਛੁੱਟੀ ਲੈ ਕੇ ਚੰਡੀਗੜ੍ਹ ਵੱਜੀ। ਚਾਅ ਸੀ ਪਾਪਾ ਨੂੰ ਹੋਸ਼ ਵਿੱਚ ਆਇਆਂ ਨੂੰ ਵੇਖਣ ਦਾ। ਉਸ ਨੂੰ ਵੇਖਕੇ ਤਾਂ ਪਾਪਾ ਦਾ ਚਿਹਰਾ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ ਸੀ। ਸ਼ੀਤਲ ਤੋਂ ਵੀ ਰਿਹਾ ਨਾ ਗਿਆ। ਉਹ ਤਾਂ ਪਾਪਾ ਦੇ ਬੈਡ 'ਤੇ ਬੈਠ ਕੇ ਉਨ੍ਹਾਂ ਦੀ ਛਾਤੀ ਉਪਰ ਢੇਰੀ ਹੋ ਕੇ ਹੁਭਕੀਂ ਹੁਭਕੀਂ ਰੋਣ ਲੱਗ ਪਈ ਸੀ। ਹੁਣ ਸਮਝ ਆਈ ਸੀ ਕਿ ਸਿਰ ਦੀਆਂ ਸੱਟਾਂ ਨਾਲ਼ ਉਨ੍ਹਾਂ ਦੇ ਸਾਰੇ ਅੰਗ ਹੀ ਮਾਰੇ ਜਾ ਚੁੱਕੇ ਸਨ। ਕੋਈ ਅੰਗ ਵਿੱਚ ਭੋਰਾ ਭਰ ਵੀ ਹਰਕਤ ਨਹੀਂ ਸੀ।

ਕਮਾਲ ਹੀ ਹੋ ਗਈ ਸੀ ਅਗਲੇ ਡੇਢ ਮਹੀਨੇ ਵਿੱਚ ਹੀ ਪਾਪਾ ਦੀ ਖੱਬੀ ਬਾਂਹ ਹਰਕਤ ਵਿੱਚ ਆ ਗਈ। ਹੁਣ ਉਨ੍ਹਾਂ ਨੂੰ ਹੋਰ ਹੌਸਲਾ ਹੋ ਗਿਆ। "ਸੋਨੀਆ ਹੁਣ ਤਾਂ ਐਂ ਲੱਗਦੈ ਬਈ ਪਾਪਾ ਨੂੰ ਆਪਾਂ ਦੋਂਹ ਚਹੁੰ ਮਹੀਨਿਆਂ ਵਿੱਚ ਤੁਰਨ ਲਾ ਲਾਂਗੀਆਂ।" ਉਨ੍ਹਾਂ ਨੂੰ ਚਾਅ ਹੀ ਤਾਂ ਚੜ੍ਹਿਆ ਹੋਇਆ ਸੀ।

ਫਿਰ ਦੁਹਾਂ ਭੈਣਾਂ ਨੇ ਕਦੇ ਕਦੇ ਆਪਸ ਵਿੱਚ ਗੱਲਾਂ ਕਰਦੀਆਂ ਨੇ ਗੁੱਭ ਗੁਭਾਟ ਕੱਢਣ ਲੱਗ ਜਾਣਾ- "ਤਿੰਨਾਂ ਭਰਾਵਾਂ 'ਚੋਂ ਕੋਈ ਹੁਣ ਆ ਕੇ ਵੇਖੇ ਪਾਪਾ ਦਾ ਹਾਲ। ਕੋਈ ਨੀ ਮਰਦਾ। ਪੀ. ਜੀ. ਆਈ. ਦੇ ਡਾਕਟਰ ਫੇਲ੍ਹ ਕਰ ਦਿੱਤੇ ਆਪਾਂ ਦੁਹਾਂ ਭੈਣਾਂ ਨੇ। ਉਹ ਤਾਂ ਕਹਿੰਦੇ ਸੀ ਕਿ ਉਨ੍ਹਾਂ ਦਾ ਦਿਮਾਗ਼ ਸੰਗਤਰੇ ਦੀਆਂ ਫਾੜੀਆਂ ਦੀ ਤਰ੍ਹਾਂ ਪਾਟ ਗਿਆ ਹੈ। ਹੁਣ ਜ਼ਿੰਦਗੀ ਭਰ ਉਨ੍ਹਾਂ ਦੇ ਹੋਸ਼ ਵਿਚ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ। ਪਰ ਆਹ ਤਾਂ ਕ੍ਰਿਸ਼ਮਾ ਹੀ ਹੋ ਗਿਆ ਸੋਨੀਆ।"

ਇਨ੍ਹਾਂ ਗੱਲਾਂ ਨੂੰ ਪੂਰਾ ਸਾਲ ਹੋ ਗਿਆ ਹੈ। ਅੱਜ ਦੇ ਦਿਨ ਹੀ ਯਾਨੀ ਗਿਆਰਾਂ ਮਾਰਚ ਨੂੰ ਇਹ ਘਟਨਾ ਵਾਪਰੀ ਸੀ ਤੇ ਅੱਜ ਉਹੀ ਦਿਨ ਆ ਗਿਆ। ਪੈਸਾ ਪਾਣੀ ਵਾਂਗੂੰ ਵਹਿ ਰਿਹਾ ਸੀ। ਸ਼ੀਤਲ ਦੰਦਾਂ ਵਿੱਚ ਜੀਭ ਲੈ ਕੇ ਖ਼ਰਚ ਕਰੀ ਜਾਂਦੀ ਸੀ। ਉਸ ਦੇ ਮਨ ਵਿੱਚ ਇਹੋ ਆਉਂਦਾ ਸੀ-'ਉਹ ਛੀ ਲੱਖ ਸਾਂਭ ਕੇ ਰੱਖੂਗੀ। ਜਦ ਪਾਪਾ ਰਾਜ਼ੀ ਹੋ ਗਏ ਇਕ ਇਕ ਪੈਸਾ ਉਨ੍ਹਾਂ ਦੀ ਝੋਲ਼ੀ ਵਿੱਚ ਢੇਰੀ ਕਰ ਦਿਊਗੀ।' ਹੁਣ ਉਹ ਆਪਣੀ ਤਨਖਾਹ ਚੋਂ ਜਾਂ ਜਸਵੰਤ ਤੋਂ ਫੜ ਫੜ ਲਾਈ ਜਾਂਦੀ ਸੀ।

ਹੁਣ ਇਕ ਨਵੀਂ ਚੰਗੀ ਗੱਲ ਹੋਣ ਲੱਗੀ ਸੀ। ਜਦੋਂ ਉਹ ਪਾਪਾ ਨੂੰ ਬੁਲਾਉਂਦੀਆਂ ਤਾਂ ਉਹ ਹੁੰਗਾਰਾ ਭਰਨ ਦਾ ਯਤਨ ਵੀ ਕਰਦੇ ਪਰ ਉਨ੍ਹਾਂ ਤੋਂ ਬੋਲਿਆ ਨਾ ਜਾਂਦਾ। ਫਿਜ਼ੀਓਥੈਰਾਪੀ ਵਾਲ਼ੇ ਡਾਕਟਰ ਨੂੰ ਉਨ੍ਹਾਂ ਪੁੱਛਿਆ ਸੀ-"ਪਾਪਾ ਕਿੰਨੀ ਕੁ ਚਿਰ ਵਿੱਚ ਬੋਲਣ ਲੱਗ ਜਾਣਗੇ?" "ਦੇਖੋ!" ਡਾਕਟਰ ਨੇ ਬੱਸ ਐਨਾ ਹੀ ਕਿਹਾ ਸੀ। ਉਨ੍ਹਾਂ ਦਾ ਮਨ ਤਾਂ ਕਹਿ ਰਿਹਾ ਸੀ ਕਿ ਪਾਪਾ ਹੁਣੇ ਉਨ੍ਹਾਂ ਨਾਲ਼ ਗੱਲਾਂ ਕਰਨ ਲੱਗਣ ਤੇ ਦੱਸਣ ਕਿ ਉਨ੍ਹਾਂ ਨਾਲ਼ ਕੀ ਵਾਪਰਿਆ?

ਸੋਨੀਆਂ ਵੀ ਹੁਣ ਰਿਸ਼ਤਿਆਂ ਨੂੰ ਸਮਝਣ ਲੱਗੀ ਸੀ। ਬੋਲੀ ਸੀ-"ਦੀਦੀ ਪੈਸਾ ਪਿਆਰਾ ਹੋ ਗਿਆ। ਪਾਪਾ ਨੇ ਵੀ ਤਾਂ ਗਲਤੀ ਕੀਤੀ, ਇਕ ਦਮ ਹੀ ਸਾਰਿਆਂ ਨੂੰ ਆਪਣਾ ਆਪਣਾ ਹਿੱਸਾ ਦੇ ਦਿੱਤਾ। ਸਾਰੀ ਜਾਇਦਾਦ ਆਪਣੇ ਹੱਥ ਹੇਠ ਰੱਖਦੇ, ਫਿਰ ਦੇਖਦੇ ਕਿਵੇਂ ਪੈਰਾਂ ਥੱਲੇ ਹੱਥ ਦਿੰਦੇ ਫਿਰਦੇ। ਮੈਨੂੰ ਵੀ ਅੱਜ

ਪਛਤਾਵਾ ਲੱਗਿਆ ਹੋਇਐ, ਬਈ ਮੈਂ ਕਿਉਂ ਆਪਨਾ ਹਿੱਸਾ ਬੰਟੀ ਦੇ ਨਾਂ ਲਵਾਇਆ। ਹੁਣ ਪਛਤਾਉਂਦੀ ਆਂ। ਮੇਰਾ ਕੀ ਗੁਣ ਜਾਨਿਆ ਇਹਨਾਂ ਨੇ?" ਸੋਨੀਆ ਦਾ ਸੁਭਾਅ ਤਾਂ ਅਜੇ ਵੀ ਪੇਂਡੂਆਂ ਵਾਲ਼ਾ ਈ ਐ।

"ਸੋਨੀਆਂ ਤੂੰ ਜੇ ਅਖ਼ਬਾਰ ਵੀ ਪੜ੍ਹਦੀ ਰਹਿੰਦੀ ਰੋਜ਼, ਤੈਨੂੰ ਪਤਾ ਲੱਗਦਾ, ਬਈ ਸਲੱਗ ਔਲਾਦ ਕਿਵੇਂ ਅੰਤਲੀ ਉਮਰ ਵਿਚ ਹਜ਼ਾਰਾਂ ਹੀ ਬਜ਼ੁਰਗ ਮਾਂ ਬਾਪ ਨੂੰ ਹਰਦੁਆਰ ਛੱਡ ਆਈ ਸੀ। ਅਖੇ ਗੰਗਾ ਮਈਆ ਦੀ ਗੋਦ ਵਿਚ ਭਜਨ ਬੰਦਗੀ ਕਰਕੇ ਅਗਲਾ ਜਨਮ ਸੁਧਾਰੋ। ਐਸ ਜਨਮ ਵਿੱਚ ਨਰਕ ਭੋਗੋ ਤੇ ਅਗਲੇ ਜਨਮ ਲਈ ਸੁਰਗ ਦੀ ਬੁਕਿੰਗ ਕਰਵਾਉ। ਆਪਣਿਆਂ ਦਾ ਖ਼ੂਨ ਵੀ ਤਾਂ ਚਿੱਟਾ ਹੋ ਗਿਆ। ਮੇਰਾ ਜੀਅ ਨੀ ਕਰਦਾ ਇਹ ਗੱਲ ਕਹਿਣ ਨੂੰ। ਸੋਨੀਆਂ ਤਿੰਨਾਂ ਨੂੰ ਹੀ ਸਹੁਰੇ ਚੱਜ ਦੇ ਨੀ ਮਿਲੇ। ਇਕ ਦੇ ਤਾਂ ਉਸੇ ਨੂੰ ਲੁੱਟ ਲੁੱਟ ਕੇ ਖਾਈ ਜਾਂਦੇ ਨੇ। ਧੀਆਂ ਨੂੰ ਦਿੰਦੇ ਹੁੰਦੇ ਹੈ ਕਿ ਧੀਆਂ ਦੇ ਘਰ ਨੂੰ ਵਾਢਾ ਲਾਉਂਦੇ ਐ। ਕਦੇ ਦੇਖਿਆ ਸੁਣਿਆ ਨਹੀਂ ਸੀ ਐਹੋ ਜਿਹਾ ਕੁੱਛ। ਮਲੰਗ ਕਿਸੇ ਥਾਂ ਦੇ। ਉਹ ਚੁੜੇਲ ਕਹੂਗੀ ਅਖੇ ਉਸਦੇ ਬਾਈ ਜੀ ਬਿਮਾਰ ਰਹਿੰਦੇ ਐ। ਕੋਈ ਕੰਮ ਨੀ ਕਰ ਸਕਦੇ।"

ਓਸੇ ਦਿਨ ਸ਼ੀਤਲ ਦੇ ਦਿਮਾਗ਼ ਵਿੱਚ ਇਹ ਵਿਚਾਰ ਘੁੰਮ ਗਿਆ ਕਿ ਜਿਹੜੇ ਅਖ਼ਬਾਰ ਦੇ ਦਫ਼ਤਰ ਵਿੱਚ ਪਾਪਾ ਕੰਮ ਕਰਦੇ ਸੀ, ਉਨ੍ਹਾਂ ਦੇ ਦਫ਼ਤਰ ਦਾ ਕੋਈ ਬੰਦਾ ਪਾਪਾ ਦਾ ਪਤਾ ਕਰਨ ਕਿਉਂ ਨੀ ਆਇਆ? ਤੇ ਨਾਲ਼ੇ ਹੋਰ ਕਿਸੇ ਅਖ਼ਬਾਰ ਨੇ ਤਾਂ ਕੀ ਉਨ੍ਹਾਂ ਦੇ ਆਪਣੇ ਅਖ਼ਬਾਰ ਨੇ ਵੀ ਖ਼ਬਰ ਕਿਉਂ ਨਹੀਂ ਲਾਈ। ਐਨੀ ਵੱਡੀ ਘਟਨਾ ਵਾਪਰੀ ਹੋਵੇ, ਇਕ ਪੱਤਰਕਾਰ ਏਸ ਹਾਲਤ ਵਿਚ ਹਸਪਤਾਲ ਦਾਖ਼ਲ ਹੋਵੇ, ਕੀ ਸਾਰੇ ਅਖ਼ਬਾਰਾਂ ਦੇ ਕਾਗਜ਼ ਤੇ ਸਿਆਹੀ ਖ਼ਤਮ ਹੋ ਗਏ ਸੀ। ਸੱਚਦੇਵਾ ਦੀ ਡਾਇਰੀ ਵਿੱਚ ਇਕ ਮੁੰਡੇ ਦਾ ਫੋਨ ਨੰਬਰ ਸੀ। ਸ਼ੀਤਲ ਨੇ ਉਹ ਨੰਬਰ ਮਿਲਾਇਆ। ਅੱਗੋਂ ਆਵਾਜ਼ ਆਈ-ਹੈਲੋ, ਕੌਣ?"

"ਵਾਤਿਸ਼ ਵੀਰ ਜੀ ਦਰਪਨ ਅਖ਼ਬਾਰ ਤੋਂ?"

"ਹਾਂ ਜੀ, ਤੁਸੀਂ ਕੌਣ ਬੋਲਦੇ ਓ?"

" ਵੀਰ ਜੀ ਮੈਂ ਜੀਵਨ ਲਾਲ ਸੱਚਦੇਵਾ ਦੀ ਬੇਟੀ ਬੋਲ ਰਹੀ ਹਾਂ।"

"ਹਾਂ ਬੋਲੋ।" ਅਗਲੇ ਦੀ ਆਵਾਜ਼ ਤੋੜ ਕੇ ਸੁੱਟਣ ਵਾਲ਼ੀ ਸੀ ਨਾ ਕਿ ਹਮਦਰਦੀ ਵਾਲ਼ੀ।

"ਵੀਰ ਜੀ ਥੋਨੂੰ ਕਿਵੇਂ ਲੱਗਦੈ ਪਾਪਾ ਨਾਲ਼ ਕੀ ਵਾਪਰਿਆ ਹੋਊ?"

"ਅਸੀਂ ਕੀ ਕਹਿ ਸਕਦੇ ਬੀਬੀ। ਉਨ੍ਹਾਂ ਨੇ ਓਸ ਦਿਨ ਦਾਰੂ ਕੁੱਝ ਜ਼ਿਆਦਾ ਹੀ ਪੀ ਲਈ ਸੀ। ਅਸੀਂ ਤਾਂ ਜਿਵੇਂ ਜਿਵੇਂ ਸਾਡੇ ਰਸਤੇ ਆਉਂਦੇ ਗਏ ਆਪਣੇ ਘਰਾਂ ਨੂੰ ਮੁੜਦੇ ਗਏ। ਸੱਚਦੇਵਾ ਜੀ ਦਾ ਸਾਨੂੰ ਕੋਈ ਪਤਾ ਨਹੀਂ ਕੀ ਬਣਿਆ?" ਇਹ ਸੌ ਫੀ ਸਦੀ ਝੂਠ ਸੀ ਕਿਉਂਕਿ ਉਹ ਤਾਂ ਸ਼ਰਾਬ ਨੂੰ ਮੂੰਹ ਵੀ ਨਹੀਂ ਸੀ ਲਾਉਂਦੇ। ਉਸ ਨੂੰ ਇਹ ਜ਼ਰੂਰ ਖੁੜਕ ਗਈ ਕਿ ਹੋਵੇ ਨਾ ਤਾਂ ਇਹ ਇਨ੍ਹਾਂ ਲੋਕਾਂ ਦੀ ਹੀ ਕਰਤੂਤ ਹੈ।

"ਊਂ ਵੀਰ ਜੀ ਤੁਸੀਂ ਕੋਈ ਪਿੱਛਾ ਕੀਤਾ ਹੋਵੇ, ਅਗਲੇ ਦਿਨ ਕੋਈ ਪੜਤਾਲ਼ ਪੜਤੂਲ਼ ਕੀਤੀ ਹੋਵੇ?"

"ਦਫ਼ਤਰ ਦਾ ਕੰਮ ਹੀ ਐਨਾ ਹੁੰਦੈ, ਕੀਹਦੇ ਕੋਲ਼ ਟਾਈਮ ਹੈ? ਵੈਸੇ ਜਿੱਥੋਂ ਤੱਕ ਸਾਡਾ ਅੰਦਾਜ਼ਾ ਹੈ, ਉਨ੍ਹਾਂ ਦਾ 43 ਸੈਕਟਰ ਦੇ ਚੌਕ ਵਿੱਚ ਕਿਸੇ ਵਾਹਨ ਨਾਲ਼ ਐਕਸੀਡੈਂਟ ਹੋ ਗਿਆ ਲੱਗਦੈ।"

"ਵੀਰ ਜੀ ਜੇ ਐਕਸੀਡੈਂਟ ਹੋਇਆ ਹੁੰਦਾ ਤਾਂ ਪਿੰਡੇ 'ਤੇ ਵੀ ਕੋਈ ਜ਼ਖ਼ਮ ਬਗੈਰਾ ਹੋਣਾ ਸੀ। ਪਿੰਡੇ 'ਤੇ ਇਕ ਵੀ ਝਰੀਟ ਨਹੀਂ ਸੀ। ਕਿਸੇ ਕੱਪੜੇ 'ਤੇ ਕੋਈ ਨਿਸ਼ਾਨ ਤੱਕ ਨਹੀਂ ਸੀ। ਡਾਕਟਰ ਵੀ ਇਹੋ ਕਹਿੰਦੇ ਹਨ ਕਿ ਇਹ ਐਕਸੀਡੈਂਟ ਨਹੀਂ।"

"ਕੀ ਕਹਿ ਸਕਦੇ ਹਾਂ ਜੀ, ਕੁਦਰਤ ਨੂੰ ਪਤੈ ਜਾਂ ਉਪਰ ਵਾਲ਼ੇ ਨੂੰ।"

"ਵੀਰ ਜੀ ਕਿਸੇ ਅਖ਼ਬਾਰ ਵਿੱਚ ਕੋਈ ਖ਼ਬਰ ਵੀ ਨਹੀਂ ਲੱਗੀ। ਆਖ਼ਰ ਸੀਨੀਅਰ ਪੱਤਰਕਾਰ ਸਨ



ਪਾਪਾ।"

"ਭੈਣ ਜੀ ਤੁਸੀਂ ਆਪ ਸਿਆਣੇ ਹੋ। ਅਖ਼ਬਾਰ ਦੀ ਆਪਣੀ ਪੌਲਸੀ ਹੁੰਦੀ ਹੈ। ਇਹ ਅਖ਼ਬਾਰਾਂ ਵਾਲ਼ੇ ਹੀ ਜਾਣਦੇ ਐ ਕਿ ਕਿਉਂ ਨੀ ਲਾਈ ਖ਼ਬਰ।"

"ਥੋੜਾ ਦਿਮਾਗ਼ ਕੀ ਕਹਿੰਦੈ ਵੀਰ ਜੀ, ਬਈ ਕੀ ਵਾਪਰਿਆ ਪਾਪਾ ਨਾਲ਼? ਡਾਕਟਰ ਤਾਂ ਕਹਿੰਦੇ ਨੇ ਬਈ ਇਹ ਐਕਸੀਡੈਂਟ ਦਾ ਕੇਸ ਬਿੱਲਕੁੱਲ ਵੀ ਨਹੀਂ ਹੈ।"

"ਉਪਰ ਵਾਲ਼ਾ ਜਾਣਦੈ ਬੀਬੀ ਜੀ, ਅਸੀਂ ਕੀ ਕਹਿ ਸਕਦੇ ਹਾਂ।"

"ਜੱਧੇ ਉਪਰ ਵਾਲ਼ੇ ਦੇ।"-ਸ਼ੀਤਲ ਨੇ ਕੌੜਾ ਥੁੱਕ ਦੂਰ ਵਗਾਹ ਮਾਰਿਆ। ਸ਼ੀਤਲ ਨੂੰ ਹੁਣ ਪੱਕਾ ਵਿਸ਼ਵਾਸ਼ ਹੋ ਗਿਆ ਸੀ ਕਿ ਇਸ ਘਟਨਾ ਪਿੱਛੇ ਇਸ ਟੋਲ਼ੇ ਦਾ ਹੱਥ ਹੈ। ਉਸ ਦੇ ਪਾਪਾ ਸੱਚ 'ਤੇ ਪਹਿਰਾ ਦੇਣ ਵਾਲ਼ੇ ਜੋ ਸਨ। ਕਿਸੇ ਲੀਡਰ ਲੂਡਰ ਦੀ ਕੋਈ ਐਸੀ ਵੈਸੀ ਖ਼ਬਰ ਲਾ ਦਿੱਤੀ ਹੋਊ ਅਖ਼ਬਾਰ ਵਿੱਚ। ਇਹ ਕਿਹੜਾ ਛਿਪਦੇ ਸੀ ਕਿਸੇ ਤੋਂ। ਚੋਣਾਂ ਦੇ ਦਿਨ ਸਨ, ਜ਼ਰੂਰ ਹੀ ਕੋਈ ਐਸੀ ਵੈਸੀ ਖ਼ਬਰ ਲਾਈ ਹੋਊ ਪਾਪਾ ਨੇ ਜਿਸ ਤੋਂ ਲੀਡਰਾਂ ਦੇ ਮਿਰਚਾਂ ਲੱਗੀਆਂ ਹੋਣਗੀਆਂ। ਅੱਵਲ ਤਾਂ ਵਾਤਿਸ਼ ਤੇ ਉਸ ਦੇ ਨਾਲ਼ ਦੇ ਸ਼ਾਮਿਲ ਨੇ ਘਟਨਾ ਵਿੱਚ, ਨਹੀਂ ਤਾਂ ਏਸ ਨੂੰ ਪਤੈ ਸਾਰੇ ਕਾਸੇ ਦਾ। ਸ਼ੀਤਲ ਤੇ ਸੋਨੀਆ ਨੇ ਪਾਪਾ ਕੋਲੋਂ ਕੋਈ ਸੁਰਾਖ ਲੱਭਣ ਦਾ ਰਾਹ ਲੱਭਿਆ। ਪਾਪਾ ਥੋੜ੍ਹਾ ਕੁ ਇਸ਼ਾਰੇ ਮਾਤਰ ਹੁੰਘਾਰਾ ਤਾਂ ਭਰਦੇ ਹੀ ਸਨ। ਸ਼ੀਤਲ ਉਨ੍ਹਾਂ ਦਾ ਇਸ਼ਾਰਾ ਸਮਝਣ ਵੀ ਲੱਗ ਪਈ ਸੀ।

"ਪਾਪਾ ਅੱਖਾਂ ਬੰਦ ਕਰ ਲਿਉ ਜੇ ਜਵਾਬ ਹਾਂ ਵਿੱਚ ਹੋਇਆ ਤਾਂ। ਠੀਕ ਐ?" ਕਹਿਣ ਦੀ ਦੇਰ ਸੀ ਕਿ ਉਸ ਦੇ ਪਾਪਾ ਨੇ ਅੱਖਾਂ ਬੰਦ ਕਰ ਲਈਆਂ। ਇਸ ਦਾ ਮਤਲਬ ਪਾਪਾ ਸਾਰੀ ਗੱਲ ਸਮਝਣ ਲੱਗ ਪਏ ਸਨ।

"ਪਾਪਾ ਥੋਨੂੰ ਪਤੈ ਬਈ ਸੱਟਾਂ ਕੀਹਨੇ ਮਾਰੀਆਂ ਸੀ?" ਪਾਪਾ ਨੇ ਅੱਖਾਂ ਬੰਦ ਕਰ ਲਈਆਂ।

"ਕੌਣ ਸੀ ਨਾਲ਼ ਦੇ ਪੱਤਰਕਾਰ ਸੀ" ਪਾਪਾ ਨੇ ਅੱਖਾਂ ਬੰਦ ਕਰ ਲਈਆਂ।

"ਕੋਈ ਖ਼ਬਰ ਦਾ ਰੌਲ਼ਾ ਸੀ?" ਪਾਪਾ ਨੇ ਅੱਖਾਂ ਬੰਦ ਕਰ ਲਈਆਂ ਸਨ।

"ਪਾਪਾ ਉਹ ਖ਼ਬਰ ਸੀ ਜਿਹੜੀ ਇਕ ਐਮ. ਐਲ. ਏ. ਦੇ ਦੂਜੀ ਪਾਰਟੀ ਵਿੱਚ ਸ਼ਾਮਿਲ ਹੋਣ ਬਾਰੇ ਸੀ?" ਹਾਇ ਉਇ ਰੱਬਾ! ਪਾਪਾ ਤਾਂ ਹਰੇਕ ਗੱਲ 'ਤੇ ਹੀ ਅੱਖਾਂ ਬੰਦ ਕਰ ਲੈਂਦੇ ਹਨ। ਮੈਂ ਜਾਣਕੇ ਹੀ ਇਕ ਹੋਰ ਸੁਆਲ ਕੀਤਾ-"ਪਾਪਾ ਪੁਲਿਸ ਵਾਲ਼ਿਆਂ ਨੇ ਮਾਰੀਆਂ ਸੱਟਾਂ?" ਪਾਪਾ ਨੇ ਅੱਖਾਂ ਬੰਦ ਨਹੀਂ ਕੀਤੀਆਂ, ਸਗੋਂ ਸ਼ੀਤਲ ਵੱਲ ਵੇਖਕੇ ਅੱਖਾਂ ਉਪਰ ਨੂੰ ਚੜ੍ਹਾ ਲਈਆਂ। ਉਹ ਇਕ ਉਂਗਲ਼ ਨਾਂਹ ਵਿੱਚ ਹਿਲਾਉਣ ਲੱਗ ਪਏ। ਮੈਂ ਸਮਝ ਗਈ ਕਿ ਉਹ ਅੱਗੋਂ ਗੱਲ ਕਰਨ ਤੋਂ ਅਤੇ ਕਿਸੇ ਕਾਰਵਾਈ ਵਿੱਚ ਪੈਣ ਤੋਂ ਵਰਜ ਰਹੇ ਨੇ। ਉਸ ਰਾਤ ਸੱਚਦੇਵਾ ਬਹੁਤ ਬੇਚੈਨ ਰਹੇ। ਸ਼ੀਤਲ ਨੂੰ ਪਛਤਾਵਾ ਵੀ ਹੋਇਆ ਕਿ ਕਿਉਂ ਪਾਪਾ ਨੂੰ ਇਹ ਸੰਤਾਪ ਦਿੱਤਾ? ਉਹ ਉਠ ਉਠ ਕੇ ਵੇਖਦੀ ਰਹੀ ਹਰ ਵਾਰ ਪਾਪਾ ਜਾਗਦੇ ਦੇ ਜਾਗਦੇ। ਉਸ ਨੂੰ ਹੋਰ ਵੀ ਫ਼ਿਕਰ ਵੱਢ ਵੱਢ ਖਾਣ ਲੱਗਿਆ-"ਕਾਹਨੂੰ ਪੁੱਛਣਾ ਸੀ ਮਨਾ?"

ਸ਼ੀਤਲ ਨੇ ਆਪਣੇ ਪਤੀ ਜਸਵੰਤ ਨਾਲ਼ ਗੱਲ ਕੀਤੀ। ਆਪਣੇ ਦਿਲ ਦੀ ਦੱਸੀ-"ਮੈਂ ਪਾਪਾ ਨਾਲ਼ ਇਹ ਕਾਰਾ ਕਰਨ ਵਾਲ਼ਿਆਂ ਨੂੰ ਨੰਗਾ ਕਰਕੇ ਹਟੂੰ।"

"ਸ਼ੀਤਲ ਵੇਖ ਲੈ, ਜਿਵੇਂ ਤੈਨੂੰ ਠੀਕ ਲੱਗਦੈ। ਪਰ ਮੈਨੂੰ ਇਹ ਲੱਗਦਾ ਬਈ ਬੰਦੇ ਇਹਦੇ ਪਿੱਛੇ ਵੱਡੇ ਨੇ ਆਪਣਾ ਫਹੁ ਨਹੀਂ ਪੈਣਾ।"

"ਫਹੁ ਕਿਉਂ ਨੀ ਪੈਣਾ ਕਾਨੂੰਨ ਵੀ ਤਾਂ ਕਾਨੂੰਨ ਐ। ਆਪਾਂ ਅਦਾਲਤ ਤੱਕ ਲੈ ਜਾਵਾਂਗੇ ਕੇਸ। ਮੈਂ ਸੀ. ਬੀ. ਆਈ. ਤੋਂ ਇਨਕੁਆਇਰੀ ਕਰਵਾਊਂ।"

"ਦੇਖ ਲੈ ਤੇਰੀ ਮਰਜ਼ੀ ਐ। ਮੇਰੇ ਕੋਲੋਂ ਤਾਂ ਸਾਫ਼ ਗੱਲ ਐ ਪੈਰਵੀ ਨੀ ਹੋ ਸਕਦੀ। ਮੇਰੀ ਜੌਬ ਈ ਕੁੱਛ ਐਸੀ ਹੈ। ਮੈਂ ਤਾਂ ਪੈਸਾ ਲਾ ਸਕਦਾਂ। ਅੜੇ ਥੁੜੇ ਨਾਲ਼ ਵੀ ਜਾ ਸਕਦਾਂ, ਜਦੋਂ ਟਾਈਮ ਹੋਇਆ।"

ਇਕ ਔਰਤ ਲਈ ਤਾਂ ਐਨਾ ਹੀ ਕਾਫ਼ੀ ਹੈ, ਸ਼ੀਤਲ ਨੇ ਸੋਚਿਆ। ਘਰੋਂ ਜੇ ਐਨੀ ਹੱਲਾਸ਼ੇਰੀ ਹੀ ਮਿਲ਼ ਜਾਵੇ ਤਾਂ ਹੋਰ ਕੀ ਚਾਹੀਦਾ ਐ ਔਰਤ ਨੂੰ। ਉਸ ਨੂੰ ਪਤਾ ਸੀ ਕਿ ਜਸਵੰਤ ਨੂੰ ਵਿਹਲ ਨਹੀਂ ਮਿਲ਼ਣੀ। ਉਸ ਨੇ ਅਰਜ਼ੀ ਨਵੀਸ ਤੋਂ ਡੀ. ਆਈ. ਜੀ. ਦੇ ਨਾਂ ਅਰਜ਼ੀ ਲਿਖਵਾ ਕੇ ਰਜਿਸਟਰੀ ਕਰਵਾ ਦਿੱਤੀ। ਮੁੱਖ ਮੰਤਰੀ ਨੂੰ ਪੜਤਾਲ਼ ਕਰਨ ਲਈ ਵੱਖਰੀ ਅਰਜ਼ੀ ਪਾ ਦਿੱਤੀ। ਉਹ ਪੂਰੇ ਹੌਸਲੇ ਵਿੱਚ ਸੀ ਕਿ ਹੁਣ ਉਹ ਅਸਲ ਦੋਸ਼ੀਆਂ ਨੂੰ ਅੰਦਰ ਕਰਾ ਕੇ ਹੀ ਦਮ ਲਵੇਗੀ। ਵੀਹ ਦਿਨ ਵੀ ਨਹੀਂ ਸੀ ਹੋਏ ਕਿ ਮੈਨੂੰ ਡੀ. ਆਈ. ਜੀ. ਦੇ ਦਫ਼ਤਰੋਂ ਬਿਆਨ ਦੇਣ ਲਈ ਪੱਤਰ ਆ ਗਿਆ। ਉਹ ਹੋਰ ਹੌਸਲੇ ਵਿੱਚ ਆ ਗਈ। ਸੋਨੀਆਂ ਨੂੰ ਨਾਲ਼ ਲੈ ਕੇ ਉਹ ਅਫ਼ਸਰ ਦੇ ਦਫ਼ਤਰ ਪਹੁੰਚ ਗਈ। ਡੀ. ਆਈ. ਜੀ. ਦੇ ਦਫ਼ਤਰੋਂ ਉਨ੍ਹਾਂ ਨੂੰ ਹੁਕਮ ਹੋਇਆ ਕਿ ਡੀ. ਐਸੱ. ਪੀ. ਦੇ ਦਫ਼ਤਰ ਪੇਸ਼ ਹੋਵੋ। ਸੌ ਰੁਪਏ ਵਿਚ ਆਟੋ ਕਰਕੇ ਉਹ ਡੀ. ਐਸੱ. ਪੀ. ਦੇ ਦਫ਼ਤਰ ਪਹੁੰਚ ਗਈਆਂ। ਉਂਝ ਉਨ੍ਹਾਂ ਨੂੰ ਡਰ ਵੀ ਲੱਗੇ ਕਿ ਦੋ ਤੀਵੀਂਆਂ ਮਾਨੀਆਂ ਕਿੱਥੇ ਕਿੱਥੇ ਖੱਜਲ਼ ਖੁਆਰ ਹੁੰਦੀਆਂ ਫਿਰਦੀਆਂ ਸਨ? ਹੋਰ ਖੱਜਲ਼ ਖੁਆਰ ਦੀ ਕੋਈ ਕਸਰ ਸੀ। ਡੀ. ਐਸੱ. ਪੀ. ਦੇ ਦਫ਼ਤਰੋਂ ਉਨ੍ਹਾਂ ਨੂੰ ਹੁਕਮ ਹੋਇਆ ਕਿ ਏ. ਐੱਸ. ਪੀ. ਦੇ ਦਫ਼ਤਰ ਹਾਜ਼ਰ ਹੋਇਆ ਜਾਵੇ। ਉਥੋਂ ਫਿਰ ਸੌ ਰੁਪਿਆ ਆਟੋ ਵਾਲ਼ੇ ਨੂੰ ਹੋਰ ਦੇ ਕੇ ਓਥੇ ਪਹੁੰਚ ਗਈਆਂ। ਓਥੋਂ ਅਫਸਰ ਨੇ ਹੋਰ ਫੁਨ੍ਹਾਂ ਫੜਾ ਦਿੱਤਾ ਅਖੇ ਐਕਸੀਡੈਂਟ ਵਾਲ਼ੀ ਥਾਂ ਨਾਲ਼ ਸਬੰਧਤ ਚੌਕੀ ਵਿੱਚ ਹਾਜ਼ਰ ਹੋਵੋ। ਉਥੋਂ ਫਿਰ ਸੌ ਰੁਪਿਆ ਦੇ ਕੇ ਆਟੋ ਕੀਤਾ। ਅੱਗੇ ਗਈਆਂ ਤਾਂ ਹੌਲਦਾਰ ਕਹਿੰਦਾ-"ਸਾਹਿਬ ਇਕ ਤਫ਼ਤੀਸ਼ 'ਤੇ ਗਏ ਹੋਏ ਨੇ। ਪਤਾ ਨਹੀਂ ਕਿੰਨਾ ਸਮਾਂ ਲੱਗ ਜਾਵੇ। ਉਡੀਕ ਕਰ ਲਉ, ਨਹੀਂ ਤਾਂ ਕੱਲ੍ਹ ਨੂੰ ਆ ਜਾਇਓ।"

"ਬੇੜਾ ਗਰਕ!" ਮੇਰੇ ਚਿੱਤ ਵਿੱਚ ਆਇਆ। ਸ਼ੀਤਲ ਸੋਚਾਂ ਵਿੱਚ ਪੈ ਗਈ ਕਿ ਕਾਨੂੰਨ ਵਾਲ਼ੀ ਗੱਲ ਕਿਤੇ ਉਸ ਦਾ ਸੁਪਨਾ ਹੀ ਤਾਂ ਨਹੀਂ ਸੀ? ਨਹੀਂ ਸੁਪਨਾ ਨਹੀਂ, ਹੋ ਸਕਦੈ ਅਫ਼ਸਰ ਤਫ਼ਤੀਸ਼ 'ਤੇ ਹੀ ਗਿਆ ਹੋਵੇ। ਹੌਲਦਾਰ ਨੇ ਕੋਈ ਮਾੜਾ ਵਰਤਾਅ ਤਾਂ ਨਹੀਂ ਕੀਤਾ। ਫਿਰ ਉਸਦਾ ਮਨ ਡਹਿਕਿਆ। ਕਿਤੇ ਕਾਨੂੰਨ ਵਾਲ਼ਾ ਸੁਪਨਾ ਹੀ ਤਾਂ ਨਹੀਂ, ਜਿਸਦੇ ਪੂਰਾ ਹੋਣ ਦੀ ਸੰਭਾਵਨਾ ਹੀ ਨਹੀਂ ਜਾਪਦੀ। ਨਾ ਡੀ. ਆਈ.ਜੀ. ਨੇ, ਨਾ ਡੀ. ਐਸੱ. ਪੀ. ਨੇ ਕੋਈ ਗੱਲ ਸੁਣੀ ਨਾ ਏ. ਐਸ. ਪੀ. ਨੇ। ਕੁੱਛ ਵੀ ਪੱਲੇ ਨਾ ਪਾਇਆ। ਏ. ਐਸੱ. ਪੀ. ਤਾਂ ਸਾਨ੍ਹ ਵਾਂਗੂੰ ਪੱਸਰਿਆ ਫਸਿਆ ਬੈਠਾ ਸੀ ਕੁਰਸੀ ਵਿੱਚ। ਬੰਦਿਆਂ ਵਾਲ਼ੀ ਕੋਈ ਗੱਲ ਹੀ ਨਹੀਂ ਸੀ ਲੱਗਦੀ। ਕਿਵੇਂ ਸੋਨੀਆ ਵੱਲ ਅੱਖਾਂ ਪਾੜ ਪਾੜ ਵੇਖੀ ਜਾਂਦਾ ਸੀ। ਦੂਜੇ ਅਫ਼ਸਰਾਂ ਦੇ ਤਾਂ ਕਲਰਕਾਂ ਨੇ ਹੀ ਬਾਹਰ ਦੀ ਬਾਹਰ ਮੋੜ ਦਿੱਤੀਆਂ ਸਨ। ਡਰਦੀਆਂ ਮਾਰੀਆਂ ਕੁੱਝ ਬੋਲ ਵੀ ਨਹੀਂ ਸੀ ਸਕਦੀਆਂ। ਪੁਲਿਸ ਦਫ਼ਤਰਾਂ ਵਿੱਚ ਔਰਤਾਂ ਦੇ ਸਤਿਕਾਰ ਦੀਆਂ ਅਖ਼ਬਾਰਾਂ ਵਿੱਚ ਬਹੁਤ ਖ਼ਬਰਾਂ ਛਪਦੀਆਂ ਰਹੀਆਂ ਸਨ। ਸ਼ੀਤਲ ਦੇ ਦਿਮਾਗ਼ ਵਿੱਚ ਬਿਜਲੀ ਦੇ ਝਟਕੇ ਵਾਂਗ ਇਕ ਵਿਚਾਰ ਦੀ ਲਹਿਰ ਦੌੜ ਗਈ-"ਕਿੰਨਾ ਸਤਿਕਾਰ ਹੋਇਆ ਸਾਡਾ ਔਰਤਾਂ ਹੋਣ ਕਾਰਨ!"

ਹੁਣ ਥਾਣੇ ਵਿੱਚ ਉਡੀਕਣਾ ਕਿਹੜਾ ਸੌਖਾ ਸੀ। ਡਰ ਲੱਗ ਰਿਹਾ ਸੀ, ਪੁਲਸੀਆਂ ਤੋਂ। ਕੀ ਪਤਾ ਥਾਣੇਦਾਰ ਕਦੋਂ ਆਵੇ। ਅਖੇ ਤਫ਼ਤੀਸ਼ ਕਰਨ ਗਿਆ ਹੈ। ਬੈਠਣਾ ਹੀ ਪੈਣਾ ਸੀ, ਸੋ ਬੈਠ ਗਈਆਂ, ਇਕ ਬੈਂਚ 'ਤੇ। ਡੇਢ ਦੋ ਘੰਟਿਆਂ ਬਾਅਦ ਥਾਣੇਦਾਰ ਆਇਆ। ਆਉਂਦਿਆਂ ਹੀ ਉਸ ਨੇ ਉਨ੍ਹਾਂ ਨੂੰ ਸੱਦ ਲਿਆ। ਨਰਮ ਸੀ ਰਵਈਆ ਉਸਦਾ। ਦੂਹਾਂ ਨੂੰ ਲੱਗਿਆ ਬਈ ਪੁਲਸ ਵਾਲ਼ੇ ਸਾਰੇ ਹੀ ਇਕੋ ਤਰ੍ਹਾਂ ਦੇ ਨਹੀਂ ਹੁੰਦੇ। ਕਿਸੇ ਵਿੱਚ ਇਨਸਾਨੀਅਤ ਵੀ ਹੁੰਦੀ ਹੈ।

"ਹਾਂ ਦੱਸੋ ਬੀਬੀ ਜੀ, ਤੁਸੀਂ ਸੱਚਦੇਵਾ ਜੀ ਦੇ ਸਬੰਧ ਵਿੱਚ ਹੀ ਆਈਆਂ ਹੋ ਕਿ?" ਸ਼ੀਤਲ ਦਾ ਮਨ



ਗੱਦ ਗੱਦ ਹੋ ਗਿਆ। ਇਸ ਦਾ ਮਤਲਬ ਉਨ੍ਹਾਂ ਦੀ ਦਰਖ਼ਾਸਤ ਇਸ ਅਫ਼ਸਰ ਕੋਲ਼ ਪਹਿਲਾਂ ਹੀ ਪਹੁੰਚੀ ਹੋਈ ਸੀ। ਜਿਸ ਰਸਤੇ ਅਰਜ਼ੀ ਇਸ ਦਫ਼ਤਰ ਤੱਕ ਪਹੁੰਚੀ ਸੀ, ਉਨ੍ਹਾਂ ਨੂੰ ਓਸੇ ਰਸਤੇ ਇੱਥੇ ਭੇਜਿਆ ਜਾਣਾ ਸ਼ਾਇਦ ਕਾਨੂੰਨ ਦੇ ਘੇਰੇ ਵਿੱਚ ਹੀ ਆਉਂਦਾ ਸੀ। ਸ਼ੀਤਲ ਸੋਚ ਰਹੀ ਸੀ ਕਿ ਥਾਣੇਦਾਰ ਦੀ ਬਾਜ਼ ਅੱਖ ਨੇ ਇਹ ਕਿਵੇਂ ਪਛਾਣ ਲਿਆ ਕਿ ਉਹ ਦਰਖ਼ਾਸਤ ਓਸੇ ਦੀ ਹੀ ਸੀ।

"ਹਾਂ ਜੀ ਅਸੀਂ ਉਨ੍ਹਾਂ ਦੀਆਂ ਬੇਟੀਆਂ ਹਾਂ।" ਸ਼ੀਤਲ ਨੇ ਹੌਸਲਾ ਕਰਕੇ ਕਿਹਾ। ਉਹ ਤਾਂ ਜਿਵੇਂ ਅਫ਼ਸਰ ਦੇ ਧੰਨਵਾਦ ਵਿੱਚ ਗਲ਼ ਤੱਕ ਡੁੱਬੀ ਪਈ ਸੀ।

"ਬਹੁਤ ਮਾੜੀ ਗੱਲ ਹੋਈ ਹੈ, ਇਕ ਸੀਨੀਅਰ ਪੱਤਰਕਾਰ ਨਾਲ਼। ਬਹੁਤ ਮਾੜਾ ਵਾਪਰਿਆ ਹੈ, ਬੀਬਾ।" ਧੰਨਵਾਦ ਵਿੱਚ ਦੁਹਾਂ ਦੇ ਹੀ ਉਸਦੇ ਮੂਹਰੇ ਹੱਥ ਜੁੜ ਗਏ।

ਥਾਣੇਦਾਰ ਦੀ ਨਿਮਰਤਾ ਦੇਖਕੇ ਉਹ ਉਹਨਾਂ ਨੂੰ ਰੱਬ ਦਾ ਰੂਪ ਹੀ ਲੱਗਿਆ। ਕਹਿੰਦੇ ਐ ਬਈ ਪੁਲਸ ਵਾਲ਼ੇ ਰਾਖ਼ਸ਼ ਬਣ ਜਾਂਦੇ ਨੇ। ਪਰ ਇਹ ਤਾਂ ਨਿਰਾ ਦੇਵਤਾ ਹੀ ਲੱਗਦਾ ਸੀ। ਉਸ ਨੇ ਆਪਣਾ ਵਿਖਿਆਨ ਅੱਗੇ ਜਾਰੀ ਰੱਖਦਿਆਂ ਕਹਿਣਾ ਸ਼ੁਰੂ ਕੀਤਾ-"ਬੀਬਾ ਜੀ ਅਖ਼ਬਾਰ ਦੇ ਮਾਲਕ ਦਾ ਵੀ ਫੋਨ ਆ ਗਿਆ ਹੈ। ਸੱਚਦੇਵਾ ਜੀ ਦੇ ਪੱਖ ਵਿੱਚ ਹੀ ਕੀਤੀ ਹੈ, ਉਨ੍ਹਾਂ ਨੇ ਸਾਰੀ ਗੱਲ। ਅਸੀਂ ਤੁਹਾਡੀ ਹਰ ਮੱਦਦ ਕਰਾਂਗੇ।" ਸੁਣ ਕੇ ਉਨ੍ਹਾਂ ਦਾ ਰੋਮ ਰੋਮ ਹਰਾ ਹੋ ਗਿਆ। ਜਿਵੇਂ ਥਾਣੇ ਵਿੱਚ ਨਹੀਂ ਕਿਸੇ ਮੰਦਰ ਗੁਰਦੁਆਰੇ ਵਿੱਚ ਬੈਠੀਆਂ ਹੋਣ। ਕਾਨੂੰਨ ਆਪਣਾ ਰੰਗ ਤਾਂ ਵਿਖਾਉਂਦਾ ਹੀ ਹੈ। ਇਹ ਅਫ਼ਸਰ ਕਾਨੂੰਨ ਦਾ ਕਿੰਨਾ ਪਾਬੰਦ ਜਾਪਿਆ ਸੀ ਉਨ੍ਹਾਂ ਨੂੰ।

"ਅੱਛਾ ਕੋਈ ਸਬੂਤ ਹੈ ਤੁਹਾਡੇ ਕੋਲ਼ ਇਨ੍ਹਾਂ ਬੰਦਿਆਂ ਦੇ ਖ਼ਿਲਾਫ਼? ਤੁਹਾਡੇ ਬਿਆਨ ਲਿਖਣੇ ਹਨ। ਤੁਸੀਂ ਜਿਨ੍ਹਾਂ ਪੱਤਰਕਾਰਾਂ ਦਾ ਨਾਂ ਇਸ ਅਰਜ਼ੀ ਵਿੱਚ ਲਿਖਿਆ ਹੈ, ਇਨ੍ਹਾਂ ਬਾਰੇ ਤੁਸੀਂ ਕੋਈ ਸਬੂਤ ਲੈ ਕੇ ਅਏ ਹੋ?"

"ਜੀ ਉਨ੍ਹਾਂ ਦੀਆਂ ਫੋਨ ਕਾਲਾਂ ਹਨ, ਜੋ ਅਸੀਂ ਰਿਕਾਰਡ ਕੀਤੀਆਂ ਹੋਈਆਂ ਨੇ। ਪਾਪਾ ਵੀ ਇਨ੍ਹਾਂ ਵੱਲ ਹੀ ਇਸ਼ਾਰਾ ਕਰਦੇ ਨੇ।"

"ਕੀ ਹੈ, ਉਨ੍ਹਾਂ ਕਾਲਾਂ ਵਿੱਚ? ਤੁਹਾਡੇ ਪਾਪਾ ਬਿਆਨ ਦੇ ਸਕਦੇ ਹਨ?" ਥਾਣੇਦਾਰ ਦਾ ਲਹਿਜਾ ਥੋੜ੍ਹਾ ਕੁ ਬਦਲਦਾ ਜਾਪਿਆ।

"ਸਰ ਬਿਆਨ ਤਾਂ ਨਹੀਂ ਦੇ ਸਕਦੇ ਪਰ ਇਸ਼ਾਰੇ ਨਾਲ਼ ਸਮਝਾਉਂਦੇ ਨੇ। ਇਨ੍ਹਾਂ ਕਾਲਾਂ ਵਿੱਚੋਂ ਉਨ੍ਹਾਂ ਕਸੂਰਵਾਰਾਂ ਦਾ ਝੂਠ ਸਹਿਜੇ ਹੀ ਫੜਿਆ ਜਾ ਸਕਦਾ ਹੈ। ਇਕ ਫੋਨ ਕਾਲ ਵਿੱਚ ਇਹ ਵਾਤਿਸ਼ ਕਹਿੰਦਾ ਹੈ ਕਿ ਪਾਪਾ ਨੇ ਸ਼ਰਾਬ ਬਹੁਤ ਪੀਤੀ ਹੋਈ ਸੀ। ਉਨ੍ਹਾਂ ਦਾ ਕਿਸੇ ਵਾਹਨ ਨਾਲ਼ ਐਕਸੀਡੈਂਟ ਹੋ ਗਿਆ। ਦੂਜੀ ਕਾਲ ਵਿੱਚ ਉਹ ਕਹਿੰਦਾ ਹੈ ਕਿ ਉਹ ਪਾਪਾ ਨੂੰ ਕਾਰ ਵਿਚ ਪਾ ਕੇ ਘਰ ਛੱਡ ਗਏ ਸੀ ਜੋ ਬਾਅਦ ਵਿਚ ਸਿਗਰਟ ਬੱਤੀ ਲੈਣ ਚਲੇ ਗਏ ਤੇ ਉਨ੍ਹਾਂ ਦਾ ਮੋਟਰ ਸਾਈਕਲ ਕਿਸੇ ਵਾਹਨ ਨਾਲ਼ ਟਕਰਾ ਗਿਆ। ਪਾਪਾ ਨੇ ਕਦੇ ਵੀ ਸ਼ਰਾਬ ਜਾਂ ਸਿਗਰਟ ਨੂੰ ਕਦੇ ਹੱਥ ਤੱਕ ਨਹੀਂ ਲਾਇਆ। ਇਹ ਉਨ੍ਹਾਂ ਦੀਆਂ ਮਨੋਘੜਤ ਗੱਲਾਂ ਨੇ। ਇਹ ਸਾਰਾ ਕੁੱਝ ਸਾਡੇ ਫੋਨ ਵਿੱਚ ਰਿਕਾਰਡ ਕੀਤਾ ਹੋਇਆ ਹੈ।"

ਥਾਣੇਦਾਰ ਚੁੱਪ ਚਾਪ ਸੁਣੀ ਜਾ ਰਿਹਾ ਸੀ ਜਿਸ ਤੋਂ ਲੱਗਦਾ ਸੀ ਕਿ ਉਸਦੀ ਸਾਡੇ ਨਾਲ਼ ਪੂਰੀ ਹਮਦਰਦੀ ਹੈ। ਸ਼ੀਤਲ ਦਾ ਗੱਲ ਕਰਨ ਦਾ ਹੌਸਲਾ ਹੋਰ ਵਧ ਗਿਆ ਸੀ-"ਸਰ ਦੇਖੋ ਤੁਹਾਡੀ ਰਿਪੋਰਟ ਵਿੱਚ ਵੀ ਮੋਟਰ ਸਾਈਕਲ ਸਲਿੱਪ ਕੀਤਾ ਲਿਖਿਆ ਹੋਇਆ ਹੈ। ਜੇ ਮੋਟਰ ਸਾਈਕਲ ਸਲਿੱਪ ਕੀਤਾ ਹੁੰਦਾ ਤਾਂ ਮੋਟਰ ਸਾਈਕਲ ਦਾ ਵੀ ਨੁਕਸਾਨ ਹੋਇਆ ਹੋਣਾ ਸੀ। ਮੋਟਰ ਸਾਈਕਲ ਦੀ ਤਾਂ ਸਿਰਫ਼ ਪਿਛਲੀ ਬੱਤੀ ਹੀ ਟੁੱਟੀ ਹੈ ਸਰ, ਉਹ ਵੀ ਪੂਰੀ ਤਰ੍ਹਾਂ ਨੀ। ਪਾਪਾ ਦੇ ਕੱਪੜਿਆਂ ਤੇ ਕੋਈ ਦਾਗ਼ ਤੱਕ ਨਹੀਂ ਸੀ। ਅਸੀਂ

ਚਾਹੁੰਦੀਆਂ ਹਾਂ ਕਿ ਇਸ ਘਟਨਾ ਦੀ ਪੜਤਾਲ਼ ਹੋਣੀ ਚਾਹੀਦੀ ਹੈ। ਬੰਦਿਆਂ ਕੋਲ਼ੋਂ ਪੁੱਛ ਪੜਤਾਲ ਵਿੱਚੋਂ ਹੀ ਕੋਈ ਸੁਰਾਖ ਮਿਲ਼ ਸਕਦੈ ਸਰ।”

“ਦੇਖੋ ਮੈਨੂੰ ਤੁਹਾਡੇ ਨਾਲ਼ ਪੂਰੀ ਹਮਦਰਦੀ ਹੈ ਪਰ ਇਹ ਦਰਖ਼ਾਸਤ ਤੁਹਾਡੀ ਬਿੱਲਕੁੱਲ ਝੂਠੀ ਹੈ। ਤੁਸੀਂ ਤਿੰਨ ਸ਼ਰੀਫ਼ ਪੱਤਰਕਾਰਾਂ ਉਪਰ ਨਜਾਇਜ਼ ਦੋਸ਼ ਲਾ ਰਹੇ ਹੋ ਜਿਸ ਦਾ ਤੁਹਾਡੇ ਕੋਲ਼ ਕੋਈ ਸਬੂਤ ਨਹੀਂ। ਇਹ ਫੋਨ ਕਾਲਾਂ ਵੀ ਜਾਹਲੀ ਹੋ ਸਕਦੀਆਂ ਨੇ। ਮੁਆਫ਼ ਕਰਨਾ ਹੁਣ ਮੈਨੂੰ ਤੁਹਾਡੇ ਖ਼ਿਲਾਫ਼ ਝੂਠੀ ਦਰਖ਼ਾਸਤ ਦੇਣ ਦਾ ਪਰਚਾ ਦਰਜ਼ ਕਰਨਾ ਪਏਗਾ ਜੇ ਤੁਸੀਂ ਆਪਣੀ ਅਰਜ਼ੀ ਵਾਪਸ ਨਹੀਂ ਲੈਂਦੇ।”


“ਵਾਹ ਕਿਸਮਤ !” ਸ਼ੀਤਲ ਦੀ ਇਕ ਦਮ ਖਾਨਿਉਂ ਗਈ, ਨੀਵੀਂ ਪੈ ਗਈ ਤੇ ਸੋਨੀਆਂ ਨੇ ਉੱਚੀ ਲੇਰ ਮਾਰੀ। ਉਹਨੇ ਉਸ ਨੂੰ ਉਥੋਂ ਉਠਾ ਕੇ ਪਰ੍ਹੇ ਲਿਜਾ ਕੇ ਦਿਲਬਰੀ ਦਿੱਤੀ।

“ਦੇਖ ਜਦੋਂ ਬਿਪਤਾ ਪੈਂਦੀ ਐ ਨਾ ’ਕੱਠੀ ਈ ਪੈਂਦੀ ਹੁੰਦੀ ਐ। ਤੂੰ ਨਾ ਦਿਲ ਪਤਲਾ ਕਰ। ਕੀ ਪਤਾ ਅਜੇ ਹੋਰ ਕਿੰਨੀਆਂ ਝੱਲਣੀਆਂ ਪੈਣਗੀਆਂ।” ਰੱਬ ਉਪਰ ਅਟੱਲ ਭਰੋਸਾ ਕਰਨ ਵਾਲ਼ੀ ਸ਼ੀਤਲ ਦੇ ਮੂੰਹੋਂ ਨਿਕਲ਼ਿਆ ਸੀ-“ਰੱਬਾ ਦੇਖਦੈਂ ਕਿਤੇ? ਰੱਬਾ ਤੈਂ ਕਾਨੂੰਨ ਦੀਆਂ ਕਾਪੀਆਂ ਕਿਹੜੇ ਪਾਪੀਆਂ ਦੇ ਹੱਥ ਫੜਾ ਦਿੱਤੀਆਂ !” ਤੇ ਉਸ ਦੇ ਮਨ ਵਿੱਚ ਸ਼ਬਦਾਂ ਦਾ ਘੜਮੱਸ ਮੱਚਿਆ ਹੋਇਆ ਸੀ- ਕਿਸੇ ਰਾਜਸੀ ਆਗੂ ਖ਼ਿਲਾਫ਼ ਛਪੀ ਖ਼ਬਰ, ਭੋਂ ਮਾਫ਼ੀਆ, ਡਰੱਗ ਮਾਫ਼ੀਆ, ਰੇਤ ਮਾਫ਼ੀਆ, ਕਾਨੂੰਨ, ਪੱਤਰਕਾਰ ਮਾਫ਼ੀਆ ਤੇ... ਹੋਰ ਪਤਾ ਨਹੀਂ ਕੀ...ਮਾਫ਼ੀਆ, ਮਾਫ਼ੀਆ?

ਸੱਚ ’ਤੇ ਪਹਿਰਾ ਦੇਣ ਵਾਲ਼ੇ ਕਾਨੂੰਨ ਦਾ ਚਿਹਰਾ ਮੋਹਰਾ ਜਿੰਨ ਦਾ ਰੂਪ ਧਾਰਕੇ ਸਾਹਮਣੇ ਥਾਣੇਦਾਰ ਬਣਿਆ ਖੜੋਤਾ ਸੀ। ਕਾਨੂੰਨ ਦੇ ਰਾਖੇ ਪੂਰੀ ਤਰ੍ਹਾਂ ਕਾਨੂੰਨ ਦੀ ਰਾਖੀ ਕਰ ਰਹੇ ਹਨ। ਉਨ੍ਹਾਂ ਨੂੰ ਵਾਪਸ ਜਾਂਦੀਆਂ ਨੂੰ ਉਸ ਨੇ ਰੋਕਿਆ ਵੀ ਨਹੀਂ ਸੀ। ਸ਼ੀਤਲ ਇਕ ਵਾਰ ਖੜ੍ਹ ਕੇ ਸੋਚਣ ਲੱਗੀ ਸੀ ਕਿ ਦੁਬਾਰਾ ਜਾ ਕੇ ਗੱਲ ਕਰੇ। ਜਦ ਉਸ ਨੇ ਪਿਛਾਂਹ ਮੁੜ ਕੇ ਵੇਖਿਆ ਸੀ ਤਾਂ ਥਾਣੇਦਾਰ ਮੁਣਸ਼ੀ ਵੱਲ ਖਚਰੀ ਹਾਸੀ ਹੱਸਦਾ ਕਹਿ ਰਿਹਾ ਸੀ-“ਅਰਜ਼ੀ ਦਫ਼ਤਰ ਦਾਖ਼ਲ ਕਰ ਦਿਉ। ਜਾਣ ਇਹ ਪਰ੍ਹਾਂ। ਬਥੇਰੀਆਂ ਤੁਰੀਆਂ ਫਿਰਦੀਆਂ ਐਹੋ ਜੀਆਂ। ਪਤਾ ਨੀ ਬਲੈਕ ਮੇਲਰਾਂ ਹੀ ਹੋਣ। ਚਲ ਆਪਾਂ ਗਲ਼ੋਂ ਲਾਹ ਦਿੱਤੀਆਂ।”

(ਸੰਪਰਕ-94175-81936)

**ਵਿਲੱਖਣ ਸ਼ੈਲੀਕਾਰ ਦੇਸ ਰਾਜ ਕਾਲੀ ਛਪ ਰਿਹਾ**
**ਨਵਾਂ ਨਾਵਲ**




***ਸ਼ਹਿਰ ਵਿਚ ਸਾਨੂੰ ਹੋਣ ਦਾ ਮਤਲਬ***
**(ਨਾਵਲ)**
**ਪ੍ਰਕਾਸ਼ਕ ਦੀਪਕ ਪਬਲਿਸ਼ਰਜ਼,**
**ਜਲੰਧਰ**



## ਕਹਾਣੀ/ ਚਾਰ ਤੱਤ ਕਾ ਪੂਤਲਾ / ਸਰੂਪ ਸਿਆਲਵੀ

“ਬੰਦਾ ਪੰਜ ਤੱਤ ਦਾ ਪੂਤਲਾ ਏ।’ ਜਲ, ਅਗਨੀ, ਪ੍ਰਿਥਵੀ, ਪਵਨ ਤੇ ਆਕਾਸ਼... ਇਹਨਾਂ ਪੰਜਾਂ ਤੱਤਾਂ ਦਾ ਬਣਿਆ ਹੋਇਆ ਏ। ਜਦ ਵਿਅਕਤੀ ਆਪਣੀ ਉਮਰ ਭੋਗ ਕੇ ਮਰ ਜਾਂਦਾ ਏ ਤਾਂ ਉਹਦੀ ਆਤਮਾ ਪਰਲੋਕ ਗਮਨ ਕਰ ਜਾਂਦੀ ਐ।”

ਹੈਂ ਆ ਆ ਬਨੇਰੇ ’ਤੇ ਬੈਠੀ ਮੇਰੀ ਆਤਮਾ, ਇਹ ਕੀ ਸੁਣ ਰਹੀ ਏ? ਜਦਕਿ ਮੈਂ ਜਲ, ਪਵਨ, ਅਗਨ, ਪ੍ਰਿਥਵੀ ਤੇ ਆਕਾਸ਼ ਵਿਚੋਂ ਆਕਾਸ਼ ਨਾਂ ਦੇ ਪੰਜਵੇਂ ਤੱਤ ਨੂੰ, ਬੰਦੇ ਦੀ ਉਤਪਤੀ ਵਿਚ ਸ਼ਾਮਿਲ ਮੰਨਦਾ ਹੀ ਨਹੀਂ । ਮੈਂ ਤਾਂ ਜਲ, ਪਵਨ, ਅਗਨ ਤੇ ਪ੍ਰਿਥਵੀ ਇਨ੍ਹਾਂ ਚਾਰ ਤੱਤਾਂ ਦੁਆਰਾ ਹੀ ਵਿਆਕਤੀ ਨੂੰ ਨਿਰਮਿਤ ਹੋਇਆ ਮੰਨਦਾ ਹਾਂ।

ਮੇਰੀ ਮ੍ਰਿਤਕ ਦੇਹ ਨੂੰ ਸਾਡੇ ਘਰ ਦੇ ਵਿਹੜੇ ਵਿਚ ਦਰੀ ਵਿਛਾ ਕੇ ਲਿਟਾਇਆ ਹੋਇਆ ਹੈ ਤੇ ਮ੍ਰਿਤਕ ਦੇਹ ਨੂੰ ਚਿੱਟੀ ਚਾਦਰ ਨਾਲ ਢਕਿਆ ਹੋਇਆ ਏ। ਸਾਡੇ ਮੁਹੱਲੇ ਵਿਚਲੇ ਡੇਰੇ ਦਾ ਸੰਚਾਲਕ ਬਾਬਾ ਬੇਲੀ, ਮਧਰਾ ਕੱਦ, ਭਾਰੀ ਦੇਹ, ਸਿਰ ਤੇ ਦਾੜ੍ਹੀ ਦੇ ਸਫ਼ੇਦ ਵਾਲ਼ ਖੁਲ੍ਹੇ ਛੱਡੀ ਗਲ ਵਿਚ ਮਾਲਾ ਤੇ ਭਗਵਾ ਚੋਲਾ ਪਾਈ... ਜਿਵੇਂ ਮੇਰੇ ਘਰਦਿਆਂ ਨੂੰ ਡਰਾ ਰਿਹਾ ਏ।

“ਭਾਈਓ ! ਤੇ ਬੀਬੀਓ !! ਮਰੇ-ਮੁਕੇ ਕਿਸੇ ਦੇ ਮਿੱਤ ਨਹੀਂ ਹੁੰਦੇ, ਅਸੀਂ ਉਪਚਾਰ ਕਰਨੈ ਕਿ ਮ੍ਰਿਤਕ ਦੇ ਸਰੀਰ ਵਿਚੋਂ ਆਤਮਾ ਨਿਕਲਕੇ ਪ੍ਰੇਤ ਆਤਮਾ ਦਾ ਰੂਪ ਧਾਰਕੇ ਘਰ ਪਰਵਾਰ ਦੇ ਜੀਆਂ ਜਾਂ ਘਰ ਆਏ ਸਾਕ ਰਿਸ਼ਤੇਦਾਰਾਂ ਨੂੰ ਤੰਗ ਪ੍ਰੇਸ਼ਾਨ ਨਾ ਕਰੇ। ਪ੍ਰੇਤ-ਆਤਮਾ ਦੀ ਝਪੇਟ ਵਿਚ ਜਿਆਦਾਤਰ ਦੁਧ ਚੁੰਘਦੇ ਬਾਲ ਨਿਆਣੇ ਗਰਭਵਤੀਆਂ ਤੀਵੀਆਂ ਤੇ ਮਾਸਿਕ ਧਰਮ ਵਾਲੀਆਂ ਬੀਬੀਆਂ ਆਉਂਦੀਆਂ ਹਨ।”

ਬਾਬੇ ਬੇਲੀ ਨੇ, “ਬੁੜ ਬੁੜ ਬੁੜ।” ਕਰਦਿਆਂ, ਕਿਸੇ ਮੰਤਰ ਦਾ ਜਾਪ ਕਰਦਿਆਂ, ਮੇਰੀ ਮ੍ਰਿਤਕ ਦੇਹ ਦੁਆਲੇ ਤਿੰਨ ਚੱਕਰ ਕੱਟੇ ਤੇ ਕਿਹਾ, “ਮੈਂ ਹਾਲ ਦੀ ਘੜੀ ਮ੍ਰਿਤਕ ਦੇਹ ਨੂੰ ਕੀਲ ਦਿੱਤਾ ਏ। ਹੁਣ ਮ੍ਰਿਤਕ ਦੇਹ ਵਿਚੋਂ ਆਤਮਾ ਨਿਕਲ ਕੇ ਪ੍ਰੇਤ ਆਤਮਾ ਦੇ ਰੂਪ ਵਿਚ ਕਿਸੇ ਨੂੰ ਡਰਾਊਗੀ ਨਹੀਂ, ਤੇ ਨਾ ਹੀ ਕਿਸੇ ਨੂੰ ਨੁਕਸਾਨ ਪਹੁੰਚਾਵੇਗੀ।”

ਮੇਰੀ ਆਤਮਾ ਬਨੇਰੇ ਤੇ ਬੈਠੀ ਸੋਚ ਰਹੀ ਏ ਕਿ ਮੇਰੇ ਜੀਵਤ ਹੁੰਦਿਆਂ, ਇਹ ਬਾਬਾ ਬੇਲੀ, ਮੇਰੇ ਅੱਗੇ ਕੁਸਕਦਾ ਨਹੀਂ ਸੀ ਹੁੰਦਾ। ਮੈਂ ਇਹਦੇ ਫੈਲਾਏ ਜਾਂਦੇ ਅੰਧ ਵਿਸ਼ਵਾਸਾ ਤੇ ਕੀਤੇ ਜਾਂਦੇ ਢਕੋਂਸਲਿਆਂ ਨੂੰ ਨੰਗੇ ਕਰਦਾ ਰਹਿੰਦਾ ਸਾਂ। ਜੇਕਰ ਮੈਂ ਪਰ੍ਹਾਂ ਪੰਚੈਤ ਵਿਚ ਚਲਿਆ ਜਾਂਦਾ ਸਾਂ ਤਾਂ ਆਤਮਾ ਪ੍ਰਮਾਤਮਾ ਤੇ ਭੂਤਾਂ ਚੁੜੇਲਾ ਦੀਆਂ ਗੱਲਾਂ ਕਰਦਾ, ਬਾਬਾ ਬੇਲੀ, ਕੋਈ ਬਹਾਨਾ ਬਣਾ ਕੇ ਉਥੋਂ ਉਠ ਕੇ ਚਲਿਆ ਜਾਂਦਾ ਸੀ।

ਪਰ ਅਜ...ਮੇਰੀ ਮ੍ਰਿਤਕ ਦੇਹ ਅਜੇ ਸਾਡੇ ਘਰੋਂ ਚੁਕੀ ਵੀ ਨਹੀਂ ਗਈ, ਤੇ ਇਹ ਬਾਬਾ ਬੇਲੀ... ਜਿਵੇਂ ਮੇਰੇ ਦੁਆਰਾ ਕੀਤੀਆਂ ਜਾਂਦੀਆਂ ਰਹੀਆਂ ਗੱਲਾਂ ਦਾ ਮਜ਼ਾਕ ਉਡਾਉਂਦਿਆਂ... ਮੇਰੇ ਹੀ ਘਰਦਿਆਂ ਦੇ ਮਨਾਂ ਵਿਚ ਭਰਮ-ਭੁਲੇਖਿਆਂ ਦਾ ਭੂਤ ਵਾੜਨ ਲੱਗ ਪਿਆ ਏ। ਇਹ ਜਿਵੇਂ ਮੇਰੀ ਮ੍ਰਿਤਕ ਦੇਹ ਨੂੰ ਸੁਣਾ ਕੇ ਕਹਿ ਰਿਹਾ ਹੋਵੇ, “ਉਦੋਂ ਤਾਂ ਤੂੰ ਮੈਨੂੰ ਪਰ੍ਹਾਂ ਪੰਚੈਤ ਵਿਚੋਂ ਡਰਾ ਕੇ ਭਜਾ ਦਿੰਦਾ ਹੁੰਦਾ ਸੀ... ਲੈ ਹੁਣ ਮੈਨੂੰ ਆਪਣੇ ਘਰੋਂ ਹੀ ਭਜਾ ਕੇ ਦਿਖਾ?”

ਲੈ ਹੁਣ ਉਹ ਵਜਦ ਵਿਚ ਮਸਤੀ ਵਿਚ ਆ ਕੇ ਆਲੇ ਦੁਆਲੇ ਬੈਠੇ ਲੋਕਾਂ ਨੂੰ ਗਿਆਨ ਦਾ ਉਪਦੇਸ਼

ਦੇਣ ਲੱਗ ਪਿਆ ਏ-

ਪੰਜ ਤੱਤ ਕਾ ਪੂਤਲਾ

ਨਾਮ ਰੱਖ ਦੀਆ ਇਸਕਾ ਬੰਦਾ।

ਉੱਪਰ ਤਾਂ ਲੱਕੜੀ ਚੰਦਨ ਲਾ ਤੀ

ਧਿਰ ਭਰ ਦੀਆ ਮਾਲ ਇਸਕੇ ਗੰਦਾ। ਪੰਜ...

ਬਾਬੇ ਬੇਲੀ ਦੀ ਮਾੜੀ ਆਦਤ ਤੋਂ ਸਭ ਦੁਖੀ ਨੇ। ਪਰ ਲੋਕਾਂ ਦਾ ਪੂਜ ਹੋਣ ਕਰਕੇ, ਕੋਈ ਬੋਲਦਾ ਨੀ ਹੈਗਾ। ਮ੍ਰਿਤਕ ਦੇਹ ਅਜੇ ਅਗਲਿਆਂ ਦੇ ਬਾਰ ਵਿਚ ਪਈ ਹੁੰਦੀ ਏ, ਇਹ ਬਾਬਾ ਬੇਲੀ ਦੁਖ ਵੰਡਾਉਣ ਆਏ ਸਾਕਾਂ-ਰਿਸ਼ਤੇਦਾਰਾਂ ਮਿੱਤਰ ਮੇਲੀਆਂ ਨੂੰ ਦੁਖ ਸਾਂਝਾ ਕਰਨ ਦਾ ਮੌਕਾ ਵੀ ਨਹੀਂ ਦਿੰਦਾ, ਆਪਣੇ ਪ੍ਰਵਚਨ ਸੁਣਾਉਣ ਲੱਗ ਪੈਂਦਾ ਏ।

"ਭਾਈਓ ਤੇ ਭੈਣੋ! ਸਰੀਰ ਨਾਸ਼ਮਾਨ ਏ ਤੇ ਆਤਮਾ ਅਮਰ ਏ। ਇਹ ਇਕ ਜਨਮ ਤੋਂ ਦੂਸਰੇ ਜਨਮ ਵਿਚ ਪ੍ਰਵੇਸ਼ ਕਰਦੀ ਰਹਿੰਦੀ ਏ। ਪ੍ਰਾਣੀ ਪਿਛਲੇ ਜਨਮ ਵਿਚ ਕੀਤੇ ਚੰਗੇ ਤੇ ਮਾੜੇ ਕਰਮਾਂ ਦਾ ਫ਼ਲ ਭੋਗਣ ਲਈ ਇਸ ਸੰਸਾਰ ਵਿਚ ਜਨਮ ਲੈਂਦਾ ਏ। ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਭਾਈਓ! ਜਿਸ ਪ੍ਰਾਣੀ ਨੇ ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹੁੰਦੇ ਨੇ ਉਹ ਉੱਚ ਵਰਣ ਵਿਚ ਤੇ ਉੱਚੀ ਜਾਤ ਵਿਚ ਜਨਮ ਲੈਂਦਾ ਏ ਤੇ ਜਿੰਨ੍ਹਾਂ ਪ੍ਰਾਣੀਆਂ ਨੇ ਪਿਛਲੇ ਜਨਮ ਵਿਚ ਬੁਰੇ ਕਰਮ ਕੀਤੇ ਹੁੰਦੇ ਨੇ, ਉਹ ਭਾਈ ਮੇਰੇ ਤੇ ਥੁਆਡੇ ਵਾਂਗ ਸੂਦਰ ਵਰਣ ਵਿਚ ਨੀਵੀਆਂ ਜਾਤੀਆਂ ਵਿਚ ਜਨਮ ਲੈਂਦੇ ਨੇ। ਇਸ ਲਈ ਮੈਂ ਸਾਧ-ਸੰਗਤ ਨੂੰ ਉਪਦੇਸ਼ ਦਿੰਦਾ ਰਹਿੰਦਾ ਹਾਂ ਕਿ ਭਾਈ ਇਸ ਜਨਮ ਵਿਚ ਚੰਗੇ ਤੇ ਸ਼ੁਭ ਕਰਮ ਕਰੋ, ਤਾਂ ਜੋ ਥੁਆਡਾ ਅਗਲਾ ਜਨਮ ਉੱਚ ਵਰਣ ਵਿਚ ਹੋਵੇ। ਤੇ ਜਿਹੜੇ ਪ੍ਰਾਣੀ ਸਾਧ ਸੰਗਤ ਨਾਲ ਮਿਲਕੇ ਹਰ ਜਸ ਗਾਉਣਗੇ," ਸਾਧ ਸੰਗਤ ਮਿਲ ਹਰਿ ਜਸ ਗਾਇਓ। ਜਨਮ ਮਰਨ ਕੇ ਦੁਖ ਗਵਾਇਉ।" ਤੇ ਦਾਨ ਪੁਨ ਕਰਨਗੇ, ਉਹ ਭਾਈਓ... ਜਨਮ ਮਰਨ ਦੇ ਚੱਕਰ ਤੋਂ ਛੁੱਟ ਜਾਣਗੇ। ਤੇ ਉਹਨਾਂ ਦਾ ਸਵਰਗ ਵਿਚ ਵਾਸਾ ਹੋਵੇਗਾ। ਭਾਈਓ! ਮਰਨ ਤੋਂ ਬਾਅਦ ਬੰਦੇ ਦਾ ਇਥੇ ਕੁਝ ਨਹੀਂ ਰਹਿੰਦਾ... ਬੰਦਾ ਆ ਜਿੰਨ੍ਹਾਂ ਪੰਜਾਂ ਤੱਤਾਂ ਵਿਚੋਂ ਜਨਮ ਲੈਂਦਾ ਏ... ਉਨ੍ਹਾਂ ਪੰਜਾਂ ਤੱਤਾਂ ਵਿਚ ਹੀ ਵਿਲੀਨ ਹੋ ਜਾਂਦਾ ਏ। ਉਹ ਗਾਉਣ ਹੀ ਤਾਂ ਲੱਗ ਪਿਆ ਏ।

ਮਿੱਟੀ ਦੇ ਵਿਚ ਮਿੱਟੀ ਮਿਲ ਗਈ

ਪੌਣ 'ਚ ਮਿਲ ਗਈ ਪੌਣ

ਵੇ ਸਾਧੂ ਰਾਮਾ, ਬਾਕੀ ਫਿਰ ਰਹਿ ਗਿਆ ਕੌਣ?

ਵੇ ਬੋਲੀ ਬਾਬਿਆ, ਬਾਕੀ ਫਿਰ...

ਬੱਲੇ ਓ! ਸਾਧ ਸੰਗਤ ਜੀ... ਬਾਕੀ ਫਿਰ...

ਨਿੱਤ ਡੇਰੇ ਜਾਣ ਵਾਲੇ, ਕਿੰਨੇ ਹੀ ਬਾਬੇ ਦੇ ਭਗਤ, ਬਾਬੇ ਦੇ ਨਾਲ ਹੀ ਜਾਪ ਕਰਨ ਲੱਗ ਪਏ ਨੇ-

ਮਿੱਟੀ ਦੇ ਵਿਚ ਮਿੱਟੀ ਮਿੱਟੀ ਮਿਲ ਗਈ

ਧੌਣ 'ਚ ਮਿਲ ਗਈ ਪੌਣ



ਬਾਬਾ ਬੇਲੀ ਡੇਰੇ ਵਿਚ ਬਣੀ ਸਮਾਧ 'ਤੇ ਸੰਝ, ਸਵੇਰ ਧੂਪ ਬੱਤੀ ਕਰਦਾ ਏ। ਸੰਝ ਨੂੰ ਡੇਰੇ ਵਿਚ ਖਾਸੀ ਸੰਗਤ 'ਕੱਠੀ ਹੋ ਜਾਂਦੀ ਏ। ਬਾਬਾ ਬੇਲੀ ਸੰਝ ਨੂੰ ਤੂੰਬਾ ਤੇ ਖੜਤਾਲਾਂ ਵਜਾ ਕੇ ਭਜਨ ਬੰਦਗੀ ਕਰਦਾ ਏ-

ਜਮਨਾ 'ਚ ਨੱਥਿਆ ਸੀ, ਕਾਲੀ ਨਾਗ ਨੂੰ'

ਤੁਣਨ... ਤੁਣਨ ਤੁਣ... ਤੁਣਨ... ਤੁਣਨ ਤੁਣ... (ਉਹ ਨਾਲ ਦੀ ਨਾਲ ਤੂੰਬੇ ਦੀ ਤਾਰ ਨੂੰ ਛੇੜੀ ਜਾਂਦਾ ਏ। ਨਾਲੇ ਗਾਈ ਜਾਂਦਾ ਏ)

'ਪਰ ਜਾਣੋ ਕਾਲੀ ਨਾਗ ਨੂੰ

ਬਾਲ ਹਿਰਦੇ 'ਚ ਗਿਆਨ ਦੇ ਚਰਾਗ ਨੂੰ ਜੀ ਈ ਦੀ'

(ਉਹ ਮਸਤੀ ਵਿਚ ਤੂੰਬੇ ਦੀ 'ਤੁਣ ਤੁਣ' ਨਾਲ ਸਿਰ ਹਿਲਾਉਂਦਿਆਂ ਗਾਉਂਦਾ ਏ-'ਬਿਨਾ ਮੰਤਰਾਂ ਤੋਂ ਛੇੜ ਬੈਠਾ ਨਾਗ ਨੂੰ।

ਪਰ ਛੇੜ ਬੈਠਾ ਨਾਗ ਨੂੰ...

ਬਾਲ ਹਿਰਦੇ 'ਚ ਗਿਆਨ ਦੇ ਚਰਾਗ ਨੂੰ। ਜੀ ਜੀ ਈ ਈ....

ਭਾਵੇਂ ਪਿੰਡ ਦੀ ਬਹੁਤੀ ਸੰਗਤ ਪਿੰਡ ਦੇ ਮੰਦਰ ਤੇ ਗੁਰਦੁਆਰੇ ਵਿਚ ਜਾਂਦੀ ਏ, ਫਿਰ ਵੀ ਟਾਵੀਂ ਟਾਵੀਂ ਸੰਗਤ, ਸਾਡੇ ਮੁਹੱਲੇ ਵਿਚਲੇ ਬਾਬੇ ਦੇ ਡੇਰੇ ਵਿਚ ਜਾਂਦੀ ਰਹਿੰਦੀ ਏ। ਇਸ ਡੇਰੇ ਦਾ ਅੱਜ ਕਲ ਗੱਦੀ ਨਸ਼ੀਨ 'ਬਾਬਾ ਬੇਲੀ' ਏ। ਬਜ਼ੁਰਗ ਗੱਲਾਂ ਕਰਦੇ ਹੁੰਦੇ ਨੇ ਕਿ ਜਵਾਨੀ ਪਹਿਰੇ ਬਾਬਾ ਬੇਲੀ, ਬਹੁਤ ਨਸ਼ੇ ਪੱਤੇ ਕਰਦਾ ਹੁੰਦਾ ਸੀ। ਇਹ ਦਾਰੂ ਪੀ ਕੇ ਬੜਕਾ ਮਾਰਦਾ ਸੀ।

ਅਸੀਂ ਬੈਲੀਆਂ ਨੇ ਬੈਲ ਕਮਾਉਣੇ

ਕੋਈ ਰੋਕ ਸਕੇ ਤਾਂ ਰੋਕੇ ਏ ਏ... ਹੁੱਰਾ ਰਾ ਆ... ਤੇ ਇਹ 'ਬੈਲੀ' ਕੁਹਾ ਕੇ ਖ਼ੁਸ਼ ਹੁੰਦਾ ਸੀ। ਇਸਦੇ ਪਿਓ ਬਾਬਾ ਢੇਰ ਨਾਥ ਦੀ ਮੌਤ ਤੋਂ ਬਾਅਦ ਜਦ ਇਸਨੂੰ ਡੇਰੇ ਦੀ ਗੱਦੀ ਤੇ ਬਿਠਾਇਆ ਗਿਆ ਤਾਂ ਇਹਦਾ ਨਾਂ 'ਬਾਬਾ ਬੇਲੀ' ਪੈ ਗਿਆ। ਇਹ ਬੈਲੀ ਤੋਂ ਸਾਧ ਸੰਗਤ ਦਾ ਸੇਵਕ, ਹਮਦਰਦ 'ਬਾਬਾ ਬੇਲੀ' ਬਣ ਗਿਆ ਸੀ। ਸੰਗਤ ਆਖਦੀ ਬਾਬੇ ਬੇਲੀ ਵਿਚ ਹੁਣ ਬਾਬੇ ਦੀ ਸਮਾਧ ਦੀ ਸ਼ਕਤੀ ਆ ਗਈ ਏ। ਸਾਧ ਸੰਗਤ ਬਾਬੇ ਦੇ ਪੈਰੀਂ ਹੱਥ ਲਾਉਣ ਲੱਗ ਪਈ ਤੇ ਬਾਬਾ ਬੇਲੀ ਸਿਰ ਪਲੋਸ ਕੇ ਆਸ਼ੀਰਵਾਦ ਦੇਣ ਲੱਗ ਪਿਆ। ਬਾਬਾ ਬੇਲੀ, ਬਚਪਨ ਵਿਚ ਆਪਣੇ ਪਿਓ ਬਾਬਾ ਢੇਰ ਨਾਥ ਨਾਲ ਮਿਲ ਕੇ ਭਜਨ ਗਾਉਂਦਾ ਹੁੰਦਾ ਸੀ। ਹੌਲੀ ਹੌਲੀ ਉਹ 'ਕੱਲਾ ਹੀ ਤੂੰਬਾ ਤੇ ਖੜਤਾਲਾ ਵਜਾ ਕੇ ਭਜਨ ਬੰਦਗੀ ਕਰਨ ਲੱਗ ਪਿਆ ਸੀ। ਤੇ ਹੁਣ ਡੇਰੇ ਦਾ ਗੱਦੀ ਨਸ਼ੀਨ ਬਣਨ 'ਤੇ ਉਹ ਪਿਓ ਵਾਂਗ ਸਾਧਾਂ ਤੋਂ ਸੁਣੇ ਸੁਣਾਏ ਪ੍ਰਵਚਨ ਵੀ ਦੇਣ ਲੱਗ ਪਿਆ ਏ-

ਪਤਾ ਨਹੀਂ ਕਿੰਨ੍ਹੀਆਂ ਪੁਸ਼ਤਾਂ ਤੋਂ ਪੀੜ੍ਹੀ ਦਰ ਪੀੜ੍ਹੀ ਮੂੰਹੋਂ ਮੂੰਹ ਤੁਰੀਆ ਚੱਲੀਆਂ ਆਉਂਦੀਆਂ ਗੱਲਾਂ ਯਾਦ ਕਰਕੇ ਬਜ਼ੁਰਗ ਹੁਣ ਵੀ ਹਸਦੇ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਜਦ ਪਹਿਲੀ ਓ ਪਹਿਲੀ ਵਾਰ ਪਿੰਡ ਵਿਚ, ਦਲਿਤਾਂ ਵਿਚੋਂ ਬਣੇ ਸੰਤ ਆਏ ਤਾਂ ਰਾਤ ਨੂੰ ਡੇਰੇ ਵਿਚ 'ਕੱਠ ਹੋਇਆ ਮਜ਼ਬੀ ਰਵਿਦਾਸੀਏ, ਜਿਨ੍ਹਾਂ ਨੂੰ ਉਦੋਂ ਚੂੜ੍ਹੇ-ਚਮਾਰ ਕਹਿੰਦੇ ਸਨ ਤੇ ਜਿਨ੍ਹਾਂ ਨੂੰ ਉਦੋਂ ਅਛੂਤ ਹੋਣ ਕਰਕੇ ਮੰਦਰ ਤੇ ਗੁਰਦੁਆਰੇ ਕੋਲ ਦੀ ਲੰਘਣ ਵੀ ਨਹੀਂ ਦਿੱਤਾ ਜਾਂਦਾ ਸੀ। ਫਿਰ ਉਨ੍ਹਾਂ ਵਿਚਾਰਿਆਂ ਨੂੰ ਅਧਿਆਤਮਵਾਦ

ਦਾ ਕੀ ਗਿਆਨ ਹੋ ਸਕਦਾ ਸੀ? ਸੰਤ ਬੋਲੇ,"ਆਪ ਪਾਪ ਕਰਮ ਮੱਤ ਕਰੋ।" ਸੰਤਾਂ ਨੇ ਉਪਰ ਵੱਲ ਉਂਗਲੀ ਖੜ੍ਹੀ ਕੀਤੀ, "ਕਿਉਂਕਿ ਉਪਰ ਬੈਠਾ ਭਗਵਾਨ ਸਭ ਕੁਝ ਦੇਖ ਰਿਹਾ ਹੈ।" ਪੰਡਾਲ ਵਿਚ ਬੈਠੇ ਅਛੂਤ ਅਚੰਭਿਤ ਹੋਏ ਉਪਰ ਆਕਾਸ਼ ਵੱਲ ਨੂੰ ਮੂੰਹ ਚੁੱਕ ਚੁੱਕ ਕੇ ਦੇਖਣ ਲੱਗ ਪਏ ਸਨ। ਕਈ ਤਾਂ ਖੜ੍ਹੇ ਹੋ ਕੇ ਉਪਰ ਵੱਲ ਦੇਖਣ ਲੱਗ ਪਏ... ਕਿ ਉਪਰੋਂ ਅਸਮਾਨ ਵਿਚੋਂ ਉਨ੍ਹਾਂ ਨੂੰ ਕੋਈ ਦੇਖ ਰਿਹਾ ਹੈ।

ਸੰਤ ਜੀ ਸਮਝ ਗਏ ਕਿ ਇਹ ਅਗਿਆਨੀ ਹਨ। ਸੰਤਾਂ ਨੇ ਦੱਸਿਆ, "ਭਗਵਾਨ ਐਸੇ ਨਜ਼ਰ ਨਹੀਂ ਆਤਾ, ਉਸ ਕੋ ਦੇਖਨੇ ਕੇ ਲੀਏ ਦਿਬ ਦ੍ਰਿਸ਼ਟੀ ਚਾਹੀਏ।" ਸੰਤਾਂ ਨੇ ਸੋਚਿਆ ਕਿ ਇਨ੍ਹਾਂ ਅਗਿਆਨੀਆਂ ਨੂੰ 'ਪਾਪ ਕਰਮਾਂ' ਦੇ ਬਾਰੇ ਵਿਚ ਵੀ ਪਤਾ ਨਹੀਂ ਹੋਵੇਗਾ। (ਹੁਣ ਮੈਂ ਸੋਚਦਾ ਹਾਂ ਕਿ ਇਨ੍ਹਾਂ ਦਲਿਤਾਂ ਨੂੰ ਪਿਛਲੇ ਜਨਮ ਵਿਚ ਕੀਤੇ ਪਾਪ ਕਰਮਾਂ ਬਾਰੇ ਨਾ ਹੀ ਪਤਾ ਲਗਦਾ ਤਾਂ ਕਿੰਨਾ ਚੰਗਾ ਹੁੰਦਾ ਇਹ ਦਲਿਤ ਅੰਧ ਵਿਸ਼ਵਾਸੀ ਤਾਂ ਨਾ ਬਣਦੇ।) ਉਹ ਦੱਸਣ ਲੱਗੇ, "ਪਾਪ ਕਰਮ, ਬੁਰੇ ਕਰਮ ਹੋਤੇ ਹੈ... ਕਿਉਂਕਿ ਆਪ ਸਭ ਨੇ ਪਿਛਲੇ ਜਨਮ ਮੇਂ ਪਾਪ ਕਰਮ ਬੁਰੇ ਕੰਮ ਕੀਏ ਹੈ। ਇਸ ਲੀਏ ਆਪ ਇਸ ਜਨਮ ਮੇਂ ਸ਼ੂਦਰ ਵਰਣ ਮੇਂ ਨੀਚ ਜਾਤੀਓ ਮੇਂ ਪੈਦਾ ਹੂਏ ਹੈਂ। ਹਾਂ ਅਗਰ ਆਪ ਇਸ ਜਨਮ ਮੇਂ ਅੱਛੇ ਕਾਮ, ਸ਼ੁਭ ਕਰਮ ਕਰੇਂਗੇ ਤੋਂ ਆਪਕਾ ਅਗਲਾ ਜਨਮ ਸੁਧਰ ਜਾਏਗਾ।"

ਸੰਤ ਫਿਰ ਆਤਮਾ ਪਰਮਾਤਮਾ, ਸਵਰਗ, ਨਰਕ, ਅਗਲਾ ਜਨਮ, ਪਿਛਲਾ ਜਨਮ, ਮੁਕਤੀ ਮੋਕਸ ਆਦਿ ਬਾਰੇ ਵਿਸਥਾਰ ਨਾਲ ਦੱਸਦੇ ਚਲੇ ਗਏ। ਪਰ ਵਿਚਾਰੇ ਅਗਿਆਨੀ, ਅਛੂਤਾਂ ਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ। ਉਨ੍ਹਾਂ ਨੂੰ ਰੱਬ ਦਾ ਨਾਂ ਜਪਣ ਬਾਰੇ ਤੇ ਦਾਨ ਪੁੰਨ ਕਰਨ ਬਾਰੇ। ਬੱਸ ਦੋ ਹੀ ਗੱਲਾਂ ਦੀ ਸਮਝ ਲੱਗੀ ਸੀ। ਨਵਾਂ ਨਵਾਂ ਗਿਆਨ ਪ੍ਰਾਪਤ ਹੋਇਆ ਹੋਣ ਕਰਕੇ, ਕਿੰਨੇ ਹੀ ਅਛੂਤ ਪਰਵਾਰਾਂ ਦੇ ਸਾਰੇ ਜੀਅ ਸੰਝ, ਸਵੇਰ ਹੱਥ ਜੋੜ ਕੇ ਬਹਿ ਕੇ, 'ਰੱਬ ਰੱਬ ਰੱਬ ਰੱਬ।' ਦਾ ਜਾਪ ਜਪਣ ਲੱਗ ਪਏ ਸਨ। ਪਰ ਜਿਓਂ ਹੀ ਕਣਕ ਦੀ ਵਢਾਈ ਪਈ, ਭੁੱਖੇ ਮਰਦੇ ਅਛੂਤਾਂ ਨੂੰ ਚਾਰ ਮਣ ਦਾਣੇ ਕਰਨ ਦੀ ਪੈ ਗਈ। ਹਰ ਪਰਵਾਰ ਦਾ ਬੱਚਾ ਬੁੱਢਾ ਤੜਕੇ ਉੱਠਕੇ ਦਾਤੀਆਂ ਚੁੱਕ ਕੇ ਵਢਾਈ ਕਰਨ ਲਈ ਤੁਰ ਪੈਂਦਾ ਸੀ। ਤੇ ਨ੍ਹੇਰੇ ਹੋਏ ਥੱਕ ਹਾਰ ਕੇ ਵਾਪਸ ਮੁੜਦੇ। ਉਨ੍ਹਾਂ ਨੂੰ ਰੱਬ ਰੱਬ ਜਪਣਾ ਭੁੱਲ ਗਿਆ ਸੀ। ਉਹ ਦਿਨ ਵਿਚ ਵਾਢੀ ਕਰਦਿਆਂ ਗੱਲਾਂ ਕਰਦੇ, "ਰੱਬ ਦਾ ਨਾਂ ਜਪਣਾ ਵੀ ਵਿਹਲੇ ਬੰਦਿਆਂ ਦਾ ਹੀ ਕੰਮ ਹੈ।"

ਸਾਡੇ ਪਿੰਡ ਦੇ ਬਾਬੇ ਦੇ ਡੇਰੇ ਵਿਚ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਦਲਿਤ ਸੰਤ ਆ ਕੇ ਪ੍ਰਵਚਨ ਦਿੰਦੇ ਰਹਿੰਦੇ ਸਨ। ਅਛੂਤਾਂ ਨੂੰ ਪੀੜ੍ਹੀ ਦਰ ਪੀੜ੍ਹੀ ਦਲਿਤ ਸੰਤਾਂ ਕੋਲੋਂ ਉਹੀ ਗੱਲਾਂ ਸੁਣਦਿਆਂ ਜੋ ਹੋਰ ਨਹੀਂ ਤਾਂ ਏਨਾ ਅੰਧ ਵਿਸ਼ਵਾਸ ਜ਼ਰੂਰ ਹੋ ਗਿਆ ਹੈ ਕਿ ਉਨ੍ਹਾਂ ਨੇ ਪਿਛਲੇ ਜਨਮ ਵਿਚ ਬੁਰੇ ਕਰਮ ਕੀਤੇ ਨੇ, ਇਸ ਲਈ ਉਨ੍ਹਾਂ ਨੇ ਇਹ ਜਨਮ ਨੀਚ ਜਾਤੀਆਂ ਵਿਚ ਲਿਆ ਹੈ ਤੇ ਜੋ ਉਹ ਇਸ ਜਨਮ ਵਿਚ ਸੁਭ ਕਰਮ ਪੁੰਨ ਦਾਨ ਕਰਨਗੇ ਤਾਂ ਉਹਨਾਂ ਦਾ ਅਗਲਾ ਜਨਮ ਉੱਚ ਜਾਤੀਆਂ ਵਿਚ ਹੋਵੇਗਾ।

ਡੇਰੇ ਵਿਚ ਆਉਣ ਵਾਲੇ ਸੰਤਾਂ ਦੁਆਰਾ ਸੁਣਾਈਆਂ ਜਾਂਦੀਆਂ ਕਹਾਣੀਆਂ, ਮੇਰੇ ਪਿੰਡ ਦੇ ਦਲਿਤਾਂ ਦੇ ਮਨਾਂ ਵਿਚਲੇ ਅਗਲੇ, ਪਿਛਲੇ ਜਨਮਾਂ ਦੇ ਡਰ ਦੇ ਪਏ ਅੰਧ ਵਿਸ਼ਵਾਸ ਨੂੰ ਹੋਰ ਪੱਕਾ ਕਰਦੀਆਂ ਰਹਿੰਦੀਆਂ। ਸੰਤ ਜੀ ਪ੍ਰਵਚਨ ਕਰਦੇ, "ਇਕ ਪਹੁੰਚੇ ਹੋਏ ਸੰਤ ਮਹਾਤਮਾ ਨੂੰ, ਮਾਰਨ ਤੋਂ ਬਾਅਦ, ਧਰਮ ਰਾਜ ਨੇ ਦੱਸਿਆ ਕਿ ਸੌ ਜਨਮ ਤੋਂ ਇਕ ਜਨਮ ਪਹਿਲਾਂ, ਇਕ ਸੌ ਇਕਵੇਂ ਜਨਮ ਵਿਚ ਤੈਂ ਬਚਪਨ ਵਿਚ ਖੇਡ ਖੇਡ ਵਿਚ ਇਕ ਅੱਕ ਟਿੱਡੇ ਨੂੰ ਫੜਕੇ ਉਹਦੇ ਪੇਟ ਵਿਚ ਨੂੰ ਸੂਲ ਲੰਘਾ ਕੇ ਉਹਨੂੰ ਸੂਲੀ 'ਤੇ ਟੰਗ ਦਿੱਤਾ ਸੀ। ਤੈਨੂੰ ਉਹਦੀ ਸਜ਼ਾ ਵਜੋਂ ਇਕ ਦਿਨ ਵਾਸਤੇ ਨਰਕ ਦੇ ਦੁਖ ਸਹਿਣੇ ਹੀ ਪੈਣੇ ਨੇ।" ਸੰਤਾਂ ਨੇ ਸਮਝੌਤੀਆਂ ਦਿੰਦਿਆਂ ਕਿਹਾ, "ਸਾਧ ਸੰਗਤ ਜੀਓ! ਸੂਲ ਦੀ ਸੂਲੀ ਬਣ ਜਾਂਦੀ ਏ, ਜਦ ਸੌ ਜਨਮ



ਤਪੱਸਿਆ ਕਰਨ ਵਾਲੇ ਸੰਤਾਂ ਨੂੰ ਵੀ ਇਕ ਦਿਨ ਲਈ ਨਰਕ ਦੇ ਦੁਖ ਸਹਿਣੇ ਪਏ ਫਿਰ ਅਸੀਂ ਤੁਸੀਂ ਤਾਂ ਕੀਹਦੇ ਪਾਣੀ ਹਾਰ ਹਾਂ... ਅਸੀਂ ਤਾਂ ਕਿੰਨੇ ਵੱਡੇ ਪਾਪੀ ਅਪਰਾਧੀ ਹਾਂ... ਇਸ ਲਈ ਭਾਈ ਨਾਮ ਜਪੋ, ਪੁੰਨ ਦਾਨ ਕਰੋ, ਸ਼ਾਇਦ ਮਾਲਕ ਦੀ ਥੁਆਡੇ ਵੱਲ ਵੀ ਸਿੱਧੀ ਨਜ਼ਰ ਹੋ ਜਾਵੇ।"

ਡੇਰੇ ਵਿਚ ਅਜਿਹੀਆਂ ਕਥਾ ਕਹਾਣੀਆਂ ਸੁਣਦਿਆਂ ਮੇਰੇ ਪਿੰਡ ਦੇ ਦਲਿਤਾਂ ਦੇ ਮਨਾਂ 'ਤੇ ਅੰਧ ਵਿਸ਼ਵਾਸ ਦਾ ਇਹ ਭੂਤ ਸਵਾਰ ਹੋ ਗਿਆ ਹੈ ਕਿ ਉਹਨਾਂ ਨੂੰ ਇਸ ਜਨਮ ਵਿਚ ਚੰਗੇ ਕਰਮ ਕਰਕੇ, ਪੁੰਨ-ਦਾਨ ਕਰਕੇ ਅਗਲਾ ਜਨਮ ਸੁਧਾਰਨਾ ਚਾਹੀਦਾ ਹੈ। ਉਦੋਂ ਨਵੇਂ ਨਵੇਂ ਗਿਆਨ-ਵਾਨ ਹੋਏ ਮੇਰੇ ਪਿੰਡ ਦੇ ਨਰ ਨਾਰੀ, ਬੱਚੇ ਬੁੱਢੇ ਡੇਰੇ ਵਿਚਲੀ ਸਮਾਧ ਦੇ ਅੱਗੇ, ਦੋਵੇਂ ਹੱਥ ਫੈਲਾਈ, ਨਤ ਮਸਤਕ ਹੁੰਦਿਆਂ ਨਕ ਰਗੜਦਿਆਂ ਮਨ ਵਿਚ ਕੋਈ ਸੁਖਣਾ ਸੁਖ ਕੇ ਕਿੰਨਾ-ਕਿੰਨਾ ਚਿਰ ਪਏ ਰਹਿੰਦੇ। ਕਿਸੇ ਸ਼ਰਧਾਲੂ ਨੇ ਸਮਾਧ ਤੋਂ ਬਾਹਰਵਾਰ ਲਿਖਵਾ ਦਿੱਤਾ, "ਮਨੋ ਕਾਮਨਾਵਾਂ ਪੂਰੀਆਂ ਕਰਨ ਵਾਲਾ ਬਾਬਾ।" ਫਿਰ ਕੀ ਸੀ? ਘਰ ਘਰ ਗੱਲਾਂ ਹੋਣ ਲੱਗੀਆਂ, "ਬਾਬਾ ਤਾਂ ਖੁਦ ਜਾਣੀ ਜਾਣ ਏ... ਕਰਨੀ ਵਾਲਾ ਬਾਬਾ। ਮੂੰਹ ਮੰਗੀਆਂ ਮੁਰਾਦਾ ਪੂਰੀਆਂ ਕਰ ਦਿੰਦਾ ਏ।"

ਥੋੜ੍ਹੀ ਥੋੜ੍ਹੀ ਦੇਰ ਬਾਅਦ ਡੇਰੇ ਵਿਚ ਦਲਿਤ ਸੰਤਾਂ ਦੇ ਆਉਂਦੇ ਰਹਿਣ ਨਾਲ, ਡੇਰੇ ਵਿਚ ਆਉਣ ਵਾਲੀ ਸੰਗਤ ਵਧਦੀ ਚਲੀ ਗਈ। ਮੇਰੇ ਮੁਹੱਲੇ ਦੇ ਨਰ ਨਾਰੀ ਤੇ ਬੱਚੇ ਬੁੱਢੇ ਪਿੰਡ ਦੇ ਕਿਸੇ ਵੀ ਧਾਰਮਿਕ ਸਥਾਨ ਉੱਤੇ ਜਾ ਕੇ ਛੂਆ-ਛੂਤ, ਤੇ ਬੇ ਅਦਬੀ ਕਰਵਾਉਣ ਦੀ ਥਾਂ ਮੁਹੱਲੇ ਵਿਚਲੇ, 'ਬਾਬੇ ਦੇ ਡੇਰੇ' ਵਿਚ ਪੈਸਾ ਟਕਾ ਆਟਾ ਦਾਲ ਤੇ ਹੋਰ ਚੜ੍ਹਾਵਾ ਚੜ੍ਹਾ ਕੇ ਮਾਣ ਮਹਿਸੂਸ ਕਰਦੇ ਸਨ ਤੇ ਮਨ ਮਰਜ਼ੀ ਦਾ ਪ੍ਰਸ਼ਾਦ, ਕਦੇ ਖੀਰ, ਕਦੇ ਕੜਾਹ, ਬਣਾ ਕੇ ਆਪਣੇ ਹੱਥੀਂ ਸੰਗਤ ਵਿਚ ਵਰਤਾਉਂਦੇ ਸਨ ਤੇ ਅਥਾਹ ਸੰਤੁਸਟੀ ਤੇ ਖੁਸ਼ੀ ਅਨੁਭਵ ਕਰਦੇ ਸਨ। ਇਸ ਤਰ੍ਹਾਂ ਨਾਲ ਕਿੰਨੀਆਂ ਹੀ ਪੁਸ਼ਤਾ ਪਹਿਲਾ, ਬਾਬੇ ਦੇ ਡੇਰੇ ਨੇ ਮੇਰੇ ਪਿੰਡ ਦੇ ਦਲਿਤਾਂ ਨੂੰ ਉਹਨਾਂ ਦੀ ਆਪਣੀ ਪਹਿਚਾਣ ਦੇ ਦਿੱਤੀ ਸੀ। ਤੇ ਸਾਡੇ ਮੁਹੱਲੇ ਵਿਚਲੇ ਮਜ੍ਹਬੀ, ਰਵਿਦਾਸੀਆਂ ਦੀਆਂ ਖੁਸ਼ੀਆਂ ਗ਼ਮੀਆਂ , ਵਿਆਹ ਤੇ ਮਰਗ ਦੀਆਂ ਰਸਮਾਂ ਵੀ ਡੇਰੇ ਦਾ ਤਤਕਾਲੀ ਬਾਬਾ ਪੂਰੀਆਂ ਕਰਵਾਉਣ ਲੱਗ ਪਿਆ ਸੀ।

ਹੁਣ ਦਲਿਤਾਂ ਅਛੂਤਾਂ ਦੇ ਨਵੇਂ ਪੋਚ ਦੇ ਕੁਝ ਮੁੰਡੇ ਪੜ੍ਹ ਲਿਖ ਕੇ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਸਨ। ਉਹ ਕੁਝ ਸਰਧਾ ਤੇ ਕੁਝ ਦਿਖਾਵੇ ਲਈ, ਇਕ ਦੂਜੇ ਤੋਂ ਵਧ ਚੜ੍ਹ ਕੇ ਡੇਰੇ ਨੂੰ ਦਾਨ ਦੇਣ ਲੱਗ ਪਏ ਨੇ। ਤੇ ਹੁਣ ਡੇਰੇ ਵਿਚ ਗੁਰੂ ਰਵਿਦਾਸ ਤੇ ਰਿਸ਼ੀ ਵਾਲਮੀਕ ਦੇ ਜਨਮ ਦਿਵਸ 'ਤੇ ਛੋਲੇ ਪੂੜੀਆਂ ਤੇ ਜਲੇਬੀਆਂ ਦਾ ਲੰਗਰ ਲਾਇਆ ਜਾਣ ਲੱਗ ਪਿਆ ਏ। ਹੁਣ ਮਜ੍ਹਬੀ ਰਵਿਦਾਸੀਆਂ ਦੇ ਨਾਲ ਨਾਲ ਰਾਹਗੀਰਾਂ, ਪਛੜੀਆਂ ਸ਼੍ਰੇਣੀਆਂ ਤੇ ਕੁਝ ਉੱਚ ਜਾਤੀਆਂ ਦੇ ਰਾਜਨੇਤਾ ਵੀ ਛੋਲੇ, ਪੂੜੀਆਂ ਤੇ ਜਲੇਬੀਆਂ ਦਾ ਲੰਗਰ ਛਕਣ ਲਈ ਆਉਣ ਲੱਗ ਪਏ ਨੇ।

ਪਿੰਡ ਵਿਚ ਉੱਚਿਆਂ ਘਰਾਂ ਵਿਚ ਗੱਲਾਂ ਹੁੰਦੀਆਂ ਨੇ ਕਿ ਪੁਸ਼ਤਾਂ ਤੋਂ ਕੌਲੀਆਂ ਚੁੱਕ ਕੇ, ਦੂਰ ਦੂਰ ਤੱਕ ਲੰਗਰ ਖਾਣ ਲਈ ਜਾਣ ਵਾਲੇ, ਅੱਜ ਕਿਧਰ ਦੇ ਲੰਗਰ ਲਾਉਣ ਵਾਲੇ ਬਣ ਗਏ ਨੇ। ਗੱਲ ਉਹਨਾਂ ਦੀ ਵੀ ਠੀਕ ਈ ਏ। ਹੁਣ ਵੀ ਵੱਡੀ ਗਿਣਤੀ ਵਿਚ ਇਹ ਪੀੜਿਤ ਦਲਿਤ ਦੂਰ ਦੂਰ ਤੱਕ, ਲੁਕ ਛਿਪ ਕੇ ਲੰਗਰ ਖਾਣ ਲਈ ਜਾਂਦੇ ਈ ਨੇ। ਪਰ ਜੇ ਲੰਗਰ ਲਾਉਣ ਵਾਲੇ ਮੁੱਠੀ ਭਰ ਦਲਿਤਾਂ ਨੂੰ ਪੁੱਛਿਆ ਜਾਵੇ ਕਿ ਉਹ ਲੰਗਰ ਲਾਉਣ ਵਾਲੇ ਕਿਵੇਂ 'ਬਣ ਗਏ'? ਉਹ ਜਵਾਬ ਦੇਣਗੇ, "ਉਸ ਲੰਗਰ ਵਾਲੇ ਦੀ ਮਿਹਰ ਨਾਲ।" ਪਰ ਜੇ ਪੁਛੋ,"ਪਿਛਲੇ ਤਿੰਨ ਹਜ਼ਾਰ ਸਾਲ ਤੋਂ ਕਿਸੇ ਉਪਰ ਵਾਲੇ ਦੀ ਮਿਹਰ ਕਿਉਂ ਨੀ ਹੋਈ? ਇਹ ਤਾਂ ਪੂਰਵਜ਼ਾ ਨੇ ਲੰਮਾ ਸੰਘਰਸ਼ ਕਰਕੇ, ਦਲਿਤਾਂ ਅਛੂਤਾਂ ਲਈ ਪੜ੍ਹਨ ਲਿਖਣ ਤੇ ਸਰਕਾਰੀ ਨੌਕਰੀਆਂ

ਕਰਨ ਦੇ ਅਧਿਕਾਰ ਪ੍ਰਾਪਤ ਕੀਤੇ ਤੇ ਤੁਸੀਂ ਸਰਕਾਰੀ ਨੌਕਰੀਆਂ ਕਰਕੇ ਲੰਗਰ ਲਾਉਣ ਵਾਲੇ ਬਣ ਗਏ।" ਪਰ ਲੰਗਰ ਲਾਉਣ ਵਾਲਿਆਂ ਦਾ ਆਗੂ ਬਣਿਆ ਬਨਾਰਸੀ ਦਾਸ, ਉੱਚ ਜਾਤੀ ਵਾਲੇ ਆਪਣੇ ਦੋਸਤਾਂ ਦੀ ਰੀਸ ਵਿਚ ਕਹੂ, "ਬਈ ਮੈਨੂੰ ਤਾਂ ਨੌਕਰੀ ਇਸ ਕਰਕੇ ਮਿਲੀ... ਮੇਰੀ ਬੇਬੇ ਬਾਰਾਂ ਸਾਲਾਂ ਤੋਂ ਬਾਬੇ ਦੀ ਸਮਾਧ ਤੇ ਜਾ ਕੇ ਮੱਥੇ ਰਗੜਦੀ ਰਹੀ। ਤੇ ਮੇਰੀ ਨੌਕਰੀ ਲੱਗਣ ਦੀਆਂ ਸੁਖਾ ਸੁਖਦੀ ਰਹੀ।" ਉਹਦੇ ਨਾਲ ਲੰਗਰ ਲਾਉਣ ਵਾਲੇ ਵੀ ਉਹਦੀ ਹਾਂ ਵਿਚ ਹਾਂ ਮਿਲਾਉਂਦੇ ਹਨ। ਤੇ ਉਹ ਪੈਰਾਂ ਵਿਚੋਂ ਜੁੱਤੀਆਂ ਖੋਲ੍ਹ ਕੇ, ਬਾਬੇ ਦੇ ਡੇਰੇ ਵੱਲ ਮੂੰਹ ਕਰਕੇ, ਸਿਰ ਝੁਕਾਉਂਦਿਆਂ ਉੱਚੀ ਆਵਾਜ਼ ਵਿਚ ਨਾਅਰਾ ਮਾਰਦੇ ਹਨ, "ਜੈ ਬਾਬੇ ਸਮਾਧ ਵਾਲੇ ਦੀ।"

ਇਸ ਤਰ੍ਹਾਂ ਨਾਲ ਸਾਡੇ ਮੁਹੱਲੇ ਵਿਚ ਸਮਾਧ 'ਤੇ ਬਣੇ ਡੇਰੇ ਨੇ ਸਾਡੇ ਮੁਹੱਲੇ ਦੇ ਦਲਿਤਾਂ, ਅਛੂਤਾਂ ਨੂੰ ਸਦੀਆਂ ਤੋਂ ਲੈ ਕੇ ਇਕ ਵੱਖਰੀ ਪਹਿਚਾਣ ਤਾਂ ਦਿੱਤੀ ਏ... ਪਰ ਸਦੀਆਂ ਤੋਂ ਡੇਰੇ ਵਿਚ ਚਲਦੇ ਪ੍ਰਵਚਨਾਂ, ਸੁਣਾਈਆਂ ਜਾਂਦੀਆਂ ਸਾਖੀਆਂ ਨੇ ਨਿਰਛਲ, ਨਿਸ਼ਕਪਟ ਤੇ ਅਗਿਆਨੀ ਦਲਿਤਾਂ, ਅਛੂਤਾਂ ਨੂੰ ਆਤਮਾ, ਪਰਮਾਤਮਾ, ਪ੍ਰੇਤ-ਆਤਮਾ, ਅਗਲਾ ਪਿਛਲਾ ਜਨਮ ਤੇ ਨਰਕ ਸਵਰਗ ਆਦਿ ਦੇ ਵਹਿਮਾਂ ਭਰਮਾਂ ਵਿਚ ਪਾ ਕੇ ਅੰਧ ਵਿਸ਼ਵਾਸੀ ਡਰਾਕਲ ਤੇ ਲਾਈਲੱਗ ਬਣਾ ਦਿੱਤਾ ਹੈ। ਉਹ ਆਪਣੀ ਗਰੀਬੀ, ਲਾਚਾਰੀ ਤੇ ਭੁੱਖਮਰੀ ਨੂੰ ਪਿਛਲੇ ਜਨਮ ਵਿਚ ਕੀਤੇ ਬੁਰੇ ਕਰਮਾਂ ਦਾ ਫ਼ਲ ਸਮਝਦੇ ਹਨ ਤੇ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਬਣਿਆ ਹੋਇਆ ਏ ਕਿ ਉਨ੍ਹਾਂ ਦੇ ਦੁਖਾਂ ਨੂੰ ਕੋਈ ਆਦ੍ਰਿਸ਼ ਸ਼ਕਤੀ, ਗੈਬੀ ਸ਼ਕਤੀ ਹੀ ਦੂਰ ਕਰ ਸਕਦੀ ਏ ਤੇ ਉਨ੍ਹਾਂ ਨੂੰ ਮਾਲਾ-ਮਾਲ ਕਰ ਸਕਦੀ ਏ।

ਉਹ ਕਿਸੇ ਸੂਰਤ ਵਿਚ ਵੀ ਮੰਨਣ ਲਈ ਤਿਆਰ ਨਹੀਂ ਹੋਣਗੇ ਕਿ ਅਮੀਰੀ ਗਰੀਬੀ ਤੇ ਜਾਤ ਪਾਤ... ਸਦੀਆਂ ਤੋਂ ਚਲੀ ਆ ਰਹੀ ਵਿਵਸਥਾ ਕਰਕੇ ਹੈ, ਉਹ ਕਹਿਣਗੇ... 'ਨਹੀਂ ਇਹ ਪਿਛਲੇ ਜਨਮ ਦੇ ਕਰਮਾਂ ਦਾ ਫ਼ਲ ਹੈ।' ਜੇ ਉਨ੍ਹਾਂ ਨੂੰ ਕਹੋ ਕਿ ਸਮਾਜਿਕ ਤੇ ਆਰਥਿਕ ਨਾ ਬਰਾਬਰੀ ਵਾਲੀ ਵਿਵਸਥਾ ਨੂੰ ਸੰਘਰਸ਼ ਕਰਕੇ ਬਦਲਿਆ ਜਾ ਸਕਦਾ ਏ ਤੇ ਸਮਾਜਿਕ ਤੇ ਆਰਥਿਕ ਬਰਾਬਰੀ ਲਿਆਂਦੀ ਜਾ ਸਕਦੀ ਏ। ਤਾਂ ਉਹ ਕਹਿਣਗੇ, "ਨਹੀਂ ਨਹੀਂ ਸਮਾਜਿਕ ਤੇ ਆਰਥਿਕ ਬਰਾਬਰੀ ਕੋਈ ਉਪਰੋਂ ਆਈ ਅਦ੍ਰਿਸ਼ ਸ਼ਕਤੀ, ਅਵਤਾਰ ਧਾਰ ਕੇ ਹੀ ਲਿਆ ਸਕਦੀ ਏ। ਉਹ ਆਪਣੇ ਈਸ਼ਟ ਨੂੰ ਅਵਾਜ਼ਾਂ ਮਾਰਨ ਲੱਗ ਜਾਣਗੇ, "ਆ ਜਾ ਬਾਬਾ ਲਾਟੂ ਵਾਲਿਆ... ਸੰਗਤ ਪਈ ਪੁਕਾਰੇ, ਤੂੰ ਕਰਦੇ ਵਾਰੇ ਨਿਆਰੇ।"

ਇਸ ਲਈ ਮੈਂ ਧਰਮਸ਼ਾਲਾ ਅੱਗੇ ਨਿੰਮ ਤੇ ਰੁੱਖ ਥੱਲੇ ਬਣੇ ਚਬੂਤਰੇ 'ਤੇ ਬੈਠੇ ਲੋਕਾਂ ਨੂੰ ਰਾਤ ਨੂੰ ਬਾਬੇ ਦੇ ਡੇਰੇ ਵਿਚ ਆਤਮਾ ਪ੍ਰੇਤ ਆਤਮਾ ਤੇ ਭੂਤਾਂ ਪ੍ਰੇਤਾਂ ਚੁੜੇਲਾ ਆਦਿ ਦੀਆਂ ਕਹਾਣੀਆਂ ਸੁਣਾ ਕੇ, ਉਹਨਾਂ ਦੇ ਮਨਾਂ ਵਿਚ ਪੈਦਾ ਕੀਤੇ ਡਰ ਤੇ ਅੰਧ ਵਿਸ਼ਵਾਸਾਂ ਨੂੰ ਕੱਢਣ ਦੀ, ਦੂਰ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ।

ਮੇਰੀਆਂ ਗੱਲਾਂ ਸੁਣ ਕੇ ਲੋਕੀ ਆਖਦੇ ਨੇ ਕਿ 'ਤੇਰੀਆਂ ਗੱਲਾਂ ਪੂਰੀ ਤਰ੍ਹਾਂ ਸਮਝ ਤਾਂ ਸਾਨੂੰ ਆਉਂਦੀਆਂ ਨੀ, ਪਰ ਚੰਗੀਆਂ ਜ਼ਰੂਰ ਲੱਗਦੀਆਂ ਹਨ। ਕਿਉਂਕਿ ਇਹ ਸਾਡੇ ਮਨਾਂ ਵਿਚ ਡਰ ਤਾਂ ਪੈਦਾ ਨਹੀਂ ਕਰਦੀਆਂ ਸਗੋਂ ਡੇਰੇ ਵਿਚ ਸੁਣੀਆਂ ਗੱਲਾਂ ਕਾਰਨ ਮਨ ਵਿਚ ਪੈਦਾ ਹੋਏ ਡਰ ਨੂੰ ਦੂਰ ਜ਼ਰੂਰ ਕਰਦੀਆਂ ਨੇ।

ਲੋਕਾਂ ਦੇ ਮਨਾਂ ਵਿਚ ਭੂਤਾਂ-ਪ੍ਰੇਤਾਂ ਦਾ ਡਰ ਪੈਦਾ ਕਰਕੇ ਤੇ ਬਾਹਰਲੀ ਕਸਰ ਤੋਂ ਬਚਣ ਲਈ, ਵੱਧ ਤੋਂ ਵੱਧ ਚੜ੍ਹਾਵਾ ਚੜ੍ਹਾਉਣ ਲਈ ਵਾਰ ਵਾਰ ਕਹੀ ਜਾਣ ਤੋਂ ਤੰਗ ਆਏ ਲੋਕੀਂ... ਬਾਬੇ ਦੇ ਡੇਰੇ ਵਿਚ ਜਾਣ ਤੋਂ ਡਰਨ ਲੱਗ ਪਏ ਸਨ ਤੇ ਬਾਬੇ ਦੇ ਡੇਰੇ ਵਿਚ ਜਾਣ ਵਾਲੀ ਸੰਗਤ ਦਿਨ ਪ੍ਰਤੀ ਦਿਨ ਘਟਣ ਲੱਗ



ਪਈ ਸੀ।

ਬਾਬਾ ਬੇਲੀ ਨੇ ਡੇਰੇ ਆਉਣ ਵਾਲੀ ਸੰਗਤ ਦੀ ਗਿਣਤੀ ਵਧਾਉਣ ਲਈ ਬਾਹਰੋਂ ਇਕ ਬਾਬੇ ਨੂੰ ਪ੍ਰਵਚਨ ਦੇਣ ਲਈ ਬੁਲਾ ਲਿਆ ਸੀ। ਸੰਗਤ ਬਾਹਰੋਂ ਆਏ ਬਾਬੇ ਤੋਂ ਕਥਾ ਪ੍ਰਵਚਨ ਸੁਣਨ ਲਈ ਹੁਮ ਹੁਮਾ ਕੇ ਪਹੁੰਚ ਰਹੀ ਸੀ। ਵਿਸ਼ੇਸ਼ ਕਰਕੇ ਤੀਵੀਆਂ, ਬੰਦਿਆਂ ਨਾਲੋਂ ਕਿਤੇ ਵੱਧ ਗਿਣਤੀ ਵਿਚ ਵੱਡੇ ਬੱਚਿਆਂ ਨੂੰ ਉਂਗਲ ਲਾਈ ਤੇ ਛੋਟੇ ਬੱਚਿਆਂ ਨੂੰ ਗੋਦੀ ਚੁੱਕੀ ਡੇਰੇ ਵਿਚ ਪਹੁੰਚ ਰਹੀਆਂ ਸਨ। ਜਿਵੇਂ ਉਹਨਾਂ ਨੇ ਕੋਈ ਲੁਟ ਲੁਟਾਈ ਹੋਵੇ।

ਬਾਬੇ ਬੇਲੀ ਨੇ ਇਕ ਮੋਟਾ ਡਾਹਢਾ ਕਾਲਾ ਕਲੂਟਾ ਬਾਬਾ ਸੰਗਤ ਅੱਗੇ ਚੌਂਕੀ 'ਤੇ ਗਦੈਲਾ ਵਿਛਾ ਕੇ ਬਿਠਾਇਆ ਹੋਇਆ ਸੀ। ਉਹ ਮਾਈਕ ਵਿਚ ਨੂੰ ਭਰੜਾਈ ਆਵਾਜ਼ ਵਿਚ ਬੋਲ ਰਿਹਾ ਸੀ। ਉਹਨੇ ਥੋੜਾ ਚਿਰ ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਦੀਆਂ ਗੱਲਾਂ ਕੀਤੀਆਂ। ਫਿਰ ਪ੍ਰੇਤ ਆਤਮਾਵਾਂ, ਭੂਤਾਂ, ਪ੍ਰੇਤਾਂ ਦੀਆਂ ਗੱਲਾਂ ਛੇੜ ਲਈਆਂ ਸਨ। ਉਹ ਕੋਈ ਪਹੁੰਚਿਆ ਹੋਇਆ, ਭੂਤ ਕੱਢਣ ਵਾਲਾ ਸਿਆਣਾ ਜਾਪਦਾ ਸੀ। ਉਹਨੇ ਦੱਸਿਆ ਕਿ ਡੇਰੇ ਵਿਚ ਬਣੀ ਸਮਾਧੀ 'ਤੇ ਮੱਥਾ ਟੇਕਣ ਨਾਲ ਬੰਦੇ ਵਿਚੋਂ ਭੂਤ ਨਿਕਲ ਕੇ ਭੱਜ ਜਾਂਦੇ ਹਨ। ਇਸ ਲਈ ਦੂਰੋਂ ਦੂਰੋਂ ਓਪਰੀ ਕਸਰ ਵਾਲੇ ਲੋਕੀ ਸਮਾਧ ਤੇ ਮੱਥਾ ਟੇਕਣ ਲਈ ਆਉਂਦੇ ਰਹਿੰਦੇ ਹਨ।

ਡੇਰੇ ਦੇ ਸਾਹਮਣੇ ਘਰ ਵਾਲੀ ਬੰਤੋ ਬੁੜ੍ਹੀ ਪਹਿਲਾਂ ਹੀ ਬਾਹਰੋਂ ਆਏ ਬਾਬੇ ਨੂੰ ਉਹਦੀ ਨੂੰਹ, ਨੰਦ ਕੁਰ ਨੂੰ ਬਾਹਰਲੀ ਕਸਰ ਹੋਣ ਬਾਰੇ ਦੱਸ ਗਈ ਸੀ। ਬਾਬੇ ਨੇ ਨੰਦ ਕੌਰ ਨੂੰ ਸੰਗਤ ਤੋਂ ਅੱਗੇ ਕਰਕੇ, ਆਪਣੇ ਨੇੜੇ ਪੱਟਾ ਪੂਰਕੇ ਬਿਠਾਇਆ ਹੋਇਆ ਸੀ। ਬਾਬੇ ਨੇ ਕਿਹਾ, "ਜੋ ਹੋਰ ਕਿਸੇ ਨੂੰ ਵੀ ਬਾਹਰਲੀ ਕਸਰ ਹੁੰਦੀ ਏ, ਉਹ ਵੀ ਅੱਗੇ ਆ ਕੇ ਨੰਦ ਕੌਰ ਦੇ ਕੋਲ ਆ ਕੇ ਬਹਿ ਜਾਵੇ।" ਪਰ ਕੋਈ ਅੱਗੇ ਆ ਕੇ ਨੰਦ ਕੌਰ ਦੇ ਕੋਲ ਆ ਕੇ ਨਾ ਬੈਠੇ। ਨੰਦ ਕੌਰ ਵੀ 'ਕੱਲੀ ਬੈਠੀ ਡਰੀ ਜਾ ਰਹੀ ਸੀ। ਜੇ ਉਹ ਪਿਛੇ ਨੂੰ ਮੁੜਕੇ ਦੇਖਦੀ ਤਾਂ ਉਹਦੀ ਸੱਸ, ਬੰਤੋ ਉਹਨੂੰ ਹੱਥ ਦਾ ਇਸ਼ਾਰਾ ਕਰਕੇ ਉਥੇ ਹੀ ਬੈਠੀ ਰਹਿਣ ਨੂੰ ਕਹਿ ਦਿੰਦੀ।

ਬਾਹਰੋਂ ਆਏ ਬਾਬੇ ਨੇ ਦੱਸਣਾ ਸ਼ੁਰੂ ਕੀਤਾ ਕਿ ਭੂਤ, ਉਸ ਬੰਦੇ ਦੀ ਆਤਮਾ ਹੁੰਦੀ ਏ, ਜਿਹੜਾ ਭਿਆਨਕ ਮੌਤ ਨਾਲ, ਕਿਸੇ ਦੁਰਘਟਨਾ ਨਾਲ ਜਾਂ ਆਤਮਾ ਹੱਤਿਆ ਕਰਕੇ ਮਰਿਆ ਹੋਵੇ। ਜਾਂ ਫੇਰ ਉਹ ਮਿਰਤੂ ਦੰਡ ਦਾ ਸ਼ਿਕਾਰ ਹੋਇਆ ਹੋਵੇ। ਭੂਤਾਂ ਵਿਚੋਂ ਸਭ ਤੋਂ ਭਿਆਨਿਕ ਭੂਤ ਰਾਖਸ਼, ਦੈਂਤ ਹੁੰਦੇ ਨੇ। ਜਿਹੜੇ ਸ਼ਮਸ਼ਾਨ ਘਾਟ ਵਿਚ ਜਲ ਰਹੇ ਮੁਰਦੇ ਦਾ ਮਾਸ ਕੱਢ ਕੇ ਖਾ ਜਾਂਦੇ ਨੇ। ਉਹ ਆਮ ਤੌਰ ਤੇ ਰਾਤ ਨੂੰ ਸਰਗਰਮ ਹੁੰਦੇ ਨੇ। ਉਹ ਬੁੱਢੀ ਔਰਤ ਖੂਬਸੂਰਤ ਆਦਮੀ ਵੱਖ ਵੱਖ ਰੂਪ ਧਾਰ ਲੈਂਦੇ ਹਨ। ਜਿਹੜਾ ਵੀ ਉਹਨਾਂ ਦੀ ਲਪੇਟ ਵਿਚ ਆ ਜਾਂਦਾ ਹੈ, ਉਹ ਡਰਦਾ ਮਾਰਾ ਬੀਮਾਰ ਪੈ ਜਾਂਦਾ ਹੈ। ਖਵੀਸ ਵੀ ਇਕ ਖਤਰਨਾਕ ਭੂਤ ਹੁੰਦਾ ਹੈ। ਉਹ ਜਿਹੜੀ ਵੀ ਸੁਹਣੀ ਔਰਤ 'ਤੇ ਆਸ਼ਕ ਹੋ ਜਾਵੇ, ਉਸ ਨਾਲ ਰਾਤ-ਬਰਾਤ ਸੰਗ ਕਰਦਾ ਏ, ਸੈਕਸ ਕਰਦਾ ਏ। ਪਹਿਲਾਂ ਪਹਿਲਾਂ ਔਰਤ ਉਸ ਤੋਂ ਡਰਦੀ ਮਾਰੀ ਕਿਸੇ ਨੂੰ ਦੱਸਦੀ ਨੀ ਹੈਗੀ ਵਿਚੋਂ ਵਿਚ ਸੁੱਕੀ ਜਾਂਦੀ ਏ। ਜੇ ਕਿਸੇ ਕਾਬਲ ਸਿਆਣੇ ਕੋਲੋਂ ਇਲਾਜ਼ ਨਾ ਕਰਵਾਇਆ ਜਾਵੇ ਤਾਂ ਉਹ ਔਰਤ ਮਰ ਵੀ ਸਕਦੀ ਏ।

ਬਾਬੇ ਦੀਆਂ ਡਰਾਉਣੀਆਂ ਗੱਲਾਂ ਸੁਣਕੇ ਸੰਗਤ ਵਿਚ ਬੈਠੀਆਂ ਨੌਜਵਾਨ ਔਰਤਾਂ ਡਰ ਰਹੀਆਂ ਸਨ। ਕਿ ਕਿਤੇ ਬਾਬੇ ਦਾ ਛੱਡਿਆ ਜਿੰਨ ਖਵੀਸ ਰਾਤ ਨੂੰ ਉਹਨਾਂ ਨਾਲ ਹੀ ਆ ਕੇ ਨਾ ਪੈ ਜਾਵੇ। ਪਰ ਸੰਗਤ ਤੋਂ ਅਲਗ ਬਾਬੇ ਦੇ ਨੇੜੇ ਬੈਠੀ, ਨੰਦ ਕੌਰ ਤਾਂ ਬਹੁਤੀਓ ਡਰ ਰਹੀ ਸੀ। ਉਹਦੀ ਡਰ ਦੇ ਮਾਰੇ ਲੂੰਈਂ

ਕੰਡਰਾਂ ਰਹੀ ਸੀ। ਬਾਬਾ ਜੋਸ਼ ਵਿਚ ਆ ਕੇ ਬੋਲੀ ਜਾ ਰਿਹਾ ਸੀ, "ਚੁੜੇਲ ਉਸ ਔਰਤ ਦੀ ਆਤਮਾ ਹੁੰਦੀ ਹੈ, ਜਿਹੜੀ ਮਾਸਿਕ ਧਰਮ ਦੌਰਾਨ ਜਾ ਪ੍ਰਸਵ ਦੌਰਾਨ ਮਰੀ ਹੋਵੇ ਕਚੀਲ ਮਰੀ ਹੋਵੇ। ਚੁੜੇਲ ਦੇ ਪੈਰ ਪੁੱਠੇ ਹੁੰਦੇ ਹਨ ਦੰਦ ਤੇ ਜੀਭ ਬਾਹਰ ਨੂੰ ਨਿਕਲੀ ਹੋਈ ਹੁੰਦੀ ਹੈ। ਵੱਡੇ ਵੱਡੇ ਸਤਨ ਮੋਢਿਆ ਦੇ ਉਪਰੋ ਪਿੱਛੇ ਨੂੰ ਸੁੱਟੇ ਹੁੰਦੇ ਨੇ।" ਚੁੜੇਲ ਦੀ ਭਿਆਨਕ ਸ਼ਕਲ ਦੀ ਕਲਪਨਾ ਕਰਦਿਆਂ ਪਹਿਲਾਂ ਹੀ ਡਰ ਨਾਲ ਕੰਬ ਰਹੀ ਨੰਦ ਕੌਰ ਨੇ ਡਰਾਉਣੀ ਚੀਕ ਮਾਰੀ ਤੇ ਪਿਛੇ ਨੂੰ ਡਿੱਗ ਕੇ ਬੇਹੋਸ਼ ਹੋ ਗਈ ਸੀ। ਬਾਬੇ ਨੇ ਕਿਹਾ, "ਨੰਦ ਕੌਰ ਨੂੰ ਕੋਈ ਵੀ ਹੱਥ ਨਾ ਲਾਵੇ। ਇਹ ਇਕ ਭਿਆਨਿਕ ਭੂਤ ਦੇ ਸਾਏ ਹੇਠ ਹੈ। ਮੈਂ ਇਹਨੂੰ ਆਪੇ ਠੀਕ ਕਰ ਦਵਾਂਗਾ।

ਡਾ. ਰਘਬੀਰ ਸਿੰਘ, ਕਿਸੇ ਨੂੰ ਦਵਾਈ ਦੇ ਕੇ ਵਾਪਸ ਆ ਰਿਹਾ ਸੀ। ਨੰਦ ਕੌਰ ਦੇ ਪਤੀ, ਪਰਮਜੀਤ ਨੇ ਲੰਘੇ ਜਾਂਦੇ ਡਾਕਟਰ ਨੂੰ ਅਵਾਜ਼ ਮਾਰਕੇ ਬੁਲਾ ਲਿਆ ਸੀ। ਡਾ. ਰਘਬੀਰ ਸਿੰਘ ਨੇ ਨੰਦ ਕੌਰ ਦੇ ਬੇਹੋਸੀ ਦੂਰ ਹੋਣ ਦਾ ਇੰਜੈਕਸ਼ਨ ਲਾਇਆ ਤੇ ਭੂਤ ਕੱਢਣ ਵਾਲੇ ਬਾਬੇ ਨੂੰ ਘੂਰਿਆ, "ਹੁਣ ਤੂੰ ਬੋਲੀ ਨਾ, ਜੇ ਨਾ ਹੀ ਹੋਸ਼ ਵਿਚ ਆਈ ਨੰਦ ਕੌਰ ਦੇ ਸਾਹਮਣੇ ਹੋਈ। ਨਹੀਂ ਤਾਂ ਜੇ ਉਹ ਤੇਰੀ ਡਰਾਉਣੀ ਸ਼ਕਲ ਨੂੰ ਦੇਖ ਕੇ ਮੁੜ ਬੇਹੋਸ ਹੋ ਗਈ, ਉਹਨੂੰ ਛੇਤੀ ਛੇਤੀ ਹੋਸ਼ ਨੀ ਆਉਣੀ। ਜੇ ਉਹਨੂੰ ਕੁਝ ਹੋ ਗਿਆ ਤਾਂ ਕਤਲ ਕੇਸ ਤੇਰੇ ਗਲ ਪੈ ਜਾਵੇਗਾ। " ਡਾ. ਰਘਬੀਰ ਸਿੰਘ ਭੂਤਾਂ ਪ੍ਰੇਤਾਂ ਨੂੰ ਮੰਨਦਾ ਨੀ ਹੈਗਾ। ਉਹਨੇ ਬਾਬੇ ਨੂੰ ਚੈਲਿੰਜ ਕੀਤਾ, "ਲੈ ਮੈਂ ਤੇਰੇ ਸਾਹਮਣੇ ਬੈਠਾ ਆ, ਮੇਰੇ ਵਿਚ ਭੂਤ ਵਾੜ ਕੇ ਦਿਖਾ ਆ?" ਬਾਬਾ ਝੱਟ ਭੱਜ ਕੇ ਕੁਟੀਆਂ ਦੇ ਅੰਦਰ ਵੜ ਗਿਆ ਸੀ। ਬਾਹਰੋਂ ਆਏ ਬਾਬੇ ਦੀਆਂ ਡਰ ਪੈਦਾ ਕਰਨ ਵਾਲੀਆਂ ਗੱਲਾਂ ਸੁਣਦਿਆਂ ਲੋਕ ਪਹਿਲਾਂ ਹੀ ਤੰਗ ਆਏ ਹੋਏ ਸਨ। ਟਾਵੇਂ ਟਾਵੇਂ ਲੋਕੀਂ ਉਠ ਕੇ ਆਪਣੇ ਘਰਾਂ ਨੂੰ ਤੁਰਨ ਲੱਗ ਪਏ ਸਨ। ਬਹੂ ਨੂੰ ਹੋਸ ਆ ਗਈ ਸੀ, ਉਹ ਸੱਸ ਨਾਲ ਉਠ ਕੇ ਤੁਰਨ ਲੱਗੀ, ਕਹਿਣ ਲੱਗੀ, "ਬੇਬੇ ਜੀ ਤਾਂ ਐਵੇਂ ਸਿਆਣੇਆਂ ਨੂੰ ਘਰ ਬੁਲਾਈ ਜਾਂਦੀ ਐ। ਸਿਆਣੇ ਮੇਰੇ ਵਾਲ਼ ਪੁੱਟਦੇ ਨੇ ਤੇ ਮੋਢੇ ਹਲੂਣਦੇ ਕੁੜਤੀ ਵਿਚ ਹੱਥ ਪਾਉਣ ਨੂੰ ਕਰਦੇ ਨੇ। ਇਹਨੇ ਸਿਆਣਿਆਂ ਤੋਂ ਮੈਨੂੰ ਮਰਵਾ ਦੇਣੈ... ਮੈਂ ਪੜ੍ਹੀ ਲਿਖੀ ਆ। ਮੈਨੂੰ ਕੋਈ ਕਸਰ ਕੁਸਰ ਨੀ ਹੋਈ ਵੀ।"ਬਹੂ ਦੇ ਪਤੀ, ਪਰਮਜੀਤ ਨੇ ਬੁੜੀ ਨੂੰ ਘੂਰਿਆ, "ਬੇਬੇ ਤੂੰ ਐਵੇਂ ਵਹਿਮ ਭਰਮ ਕਰੀ ਜਾਂਦੀ ਐਂ। ਤੈਂ ਹੁਣ ਜੇ ਕਿਸੇ ਸਿਆਣੇ ਨੂੰ ਘਰ ਬੁਲਾਇਆ ਮੈਤੋਂ ਬੁਰਾ ਕੋਈ ਨੀ ਹੋਊਗਾ। ਇਹ ਡੇਰੇ ਵਾਲਾ ਬਾਬਾ, ਬੇਲੀ ਵੀ, ਐਮੇਂ ਤੀਵੀਆਂ ਨੂੰ ਵਹਿਮਾਂ ਭਰਮਾਂ ਵਿਚ ਪਾਈ ਜਾਂਦਾ ਆ... ਬਾਬੇ ਬੇਲੀ ਨੂੰ ਵੀ ਤੈਂ ਘਰ ਨੀ ਵੜਨ ਦੇਣੈ।"

ਪਰਮਜੀਤ ਨੇ ਤਾਂ ਬਾਬੇ ਬੇਲੀ ਨੂੰ ਆਪਣੇ ਘਰ ਆਉਣ ਤੋਂ ਰੋਕ ਦਿੱਤਾ ਏ, ਪਰ ਇਹੀ ਬਾਬਾ ਬੇਲੀ ਸਾਡੇ ਘਰ ਤਾਂ ਅੜਿਆ ਬੈਠਾ ਐ। ਮੇਰੀ ਮ੍ਰਿਤਕ ਦੇਹ ਵਿਚੋਂ ਨਿਕਲ ਕੇ ਬਨੇਰੇ ਤੇ ਬੈਠੀ ਮੇਰੀ ਆਤਮਾ ਸਭ ਕੁਝ ਦੇਖ ਸੁਣ ਤਾਂ ਸਕਦੀ ਏ ਪਰ ਬੋਲ ਨਹੀਂ ਸਕਦੀ। ਵਿਹੜੇ ਵਿਚ ਮੇਰੀ ਮ੍ਰਿਤਕ ਦੇਹ ਪਈ ਹੋਣ ਕਰਕੇ, ਮੇਰੇ ਘਰਦਿਆਂ ਦੀ ਰੋਟੀ ਬਣਾ ਕੇ ਖਾਣ ਨੂੰ ਵੱਢੀ ਰੂਹ ਨਹੀਂ ਕਰਦੀ। ਪਰ ਸਾਡੇ ਮੁਹੱਲੇ ਦਾ ਪੂਜ ਹੋਣ ਕਰਕੇ ਬਾਬੇ ਬੇਲੀ ਦੀ ਗੱਲ ਮੇਰੇ ਪਰਵਾਰ ਦੇ ਜੀਆਂ ਨੂੰ ਮੰਨਣੀ ਪਈ ਏ। ਬਾਬੇ ਨੇ ਕਿਹਾ ਏ, "ਰੋਟੀ ਤਾਂ ਭਾਈ ਮਰਨ ਵਾਲੇ ਪ੍ਰਾਣੀ ਦੀ ਛੁੱਟ ਗਈ ਏ। ਜਿਉਂਦੇ ਜੀਆਂ ਨੂੰ ਤਾਂ ਰੋਟੀ ਖਾਣੀਓ ਪੈਣੀ ਏ। ਅੱਜ ਨਹੀਂ ਤਾਂ ਕਲ੍ਹ ਭੁੱਖੇ ਪੇਟ ਤਾਂ ਭਾਈ ਰੋਇਆ ਪਿੱਟਿਆ ਵੀ ਨੀ ਜਾਂਦਾ।" ਮੇਰੇ ਭਰਾ ਭਰਪੂਰ ਦੀ ਪਤਨੀ ਤੇ ਉਸਦੀਆਂ ਲੜਕੀਆਂ ਨੇ ਆਪਣੇ ਘਰ ਮੂੰਗੀ ਦੀ ਦਾਲ ਬਣਾ ਕੇ, ਫੁਲਕੇ ਲਾਹ ਲਏ ਨੇ। ਸਭ ਤੋਂ ਪਹਿਲਾਂ ਬਾਬੇ ਬੇਲੀ ਨੂੰ ਭੋਜਨ ਛਕਾਇਆ ਗਿਆ ਏ। ਬਾਬੇ ਦੇ ਬਹੁਤਾ ਈ ਜ਼ੋਰ ਪਾਉਣ ਤੇ ਮੇਰੇ ਪਰਿਵਾਰ ਦੇ ਜੀਆਂ ਤੇ ਆਏ ਹੋਏ ਰਿਸ਼ਤੇਦਾਰਾਂ ਨੇ, ਔਖੇ ਸੌਖੇ ਦੋ ਦੋ ਫੁਲਕੇ ਸੰਘ ਤੋਂ ਥੱਲੇ ਲੰਘਾਏ ਨੇ। ਬਾਬੇ ਦੇ ਪਰਿਵਾਰ ਤੇ ਡੇਰੇ ਬੈਠੀ



ਸੰਗਤ ਲਈ ਭੋਜਨ ਬਾਬੇ ਦੇ ਡੇਰੇ ਵਿਚ ਭੇਜ ਦਿੱਤਾ ਗਿਆ ਏ। ਬਾਬਾ ਮੇਰੀ ਮ੍ਰਿਤਕ ਦੇਹ ਕੋਲ ਕਿਸੇ ਨੂੰ ਨਾ ਜਾਣ ਦੀ ਤਾਕੀਦ ਕਰਦਿਆਂ, ਆਪ ਵੀ ਡੇਰੇ ਵਿਚ ਨੂੰ ਚਲਿਆ ਗਿਆ ਏ।

ਬਾਬੇ ਬੇਲੀ ਦਾ ਡੇਰੇ ਵਿਚ ਵੱਧ ਤੋਂ ਵੱਧ ਸੰਗਤ ਬੁਲਾਉਣ ਦਾ ਦਾਓ ਪੁੱਠਾ ਪਿਆ ਸੀ। ਕਿਉਂਕਿ ਡੇਰੇ ਵਿਚ ਸੰਗਤ ਵਧਾਉਣ ਲਈ ਬੁਲਾਇਆ ਬਾਬਾ, ਡਾ. ਰਘਬੀਰ ਸਿੰਘ ਦੀਆਂ ਝਿੜਕਾ ਖਾ ਕੇ ਡਰ ਦਾ ਮਾਰਿਆ ਰਾਤ ਨੂੰ ਹੀ ਭੱਜ ਗਿਆ ਸੀ। ਬਾਬੇ ਨੇ ਡੇਰੇ ਦੀ ਸੰਗਤ ਵਧਾਉਣ ਲਈ ਕਿਸੇ ਗੁਰੂ ਬਾਬੇ ਨੂੰ ਬੁਲਾਉਣ ਦੀ ਥਾਂ ਇਕ ਝਗੜਾਲੂ ਜਿਹੇ, ਆਪਣੇ ਪੁਰਾਣੇ ਚੇਲੇ ਨੂੰ ਡੇਰੇ ਵਿਚ ਰਹਿਣ ਲਈ ਬੁਲਾ ਲਿਆ ਸੀ। ਬਾਬੇ ਦੀ ਸਮੱਸਿਆ ਤਾਂ ਮੇਰੀਆਂ ਗੱਲਾਂ ਨੂੰ ਕਾਟ ਕਰਨ ਦੀ ਸੀ ਤੇ ਜਿਸ ਦਿਨ ਧਰਮਸ਼ਾਲਾ ਅੱਗੇ ਜੁੜੀ ਪਰ੍ਹਾ ਵਿਚ ਬਾਬੇ ਦਾ ਝਗੜਾਲੂ ਚੇਲਾ ਚਲਿਆ ਜਾਂਦਾ, ਉਹ ਆਤਮਾ ਤੇ ਭੂਤ, ਪ੍ਰੇਤ ਬਣਨ ਬਾਰੇ, ਆਪਣੀਆਂ ਹੀ ਗੱਲਾਂ ਮਾਰੀ ਜਾਂਦਾ। ਉਹ ਨਾ ਕਿਸੇ ਦੀ ਸੁਣਦਾ ਤੇ ਨਾ ਕਿਸੇ ਨੂੰ ਬੋਲਣ ਦਿੰਦਾ। ਲੋਕੀ ਚਬੂਤਰੇ ਉਪਰੋਂ ਉੱਠ ਉੱਠ ਕੇ ਜਾਣ ਲੱਗ ਪੈਂਦੇ।

ਇਕ ਦਿਨ ਜਦ ਬਾਬੇ ਦਾ ਝਗੜਾਲੂ ਜਿਹਾ ਚੇਲਾ, ਮੈਨੂੰ ਗੱਲ ਹੀ ਨਹੀਂ ਸੀ ਆਉਣ ਦੇ ਰਿਹਾ ਤਾਂ ਪਰ੍ਹਾ ਵਿਚ ਮੇਰੀਆਂ ਗੱਲਾਂ ਸੁਣਨ ਲਈ ਆ ਕੇ ਬੈਠੇ ਕੁਝ ਕਾਲਜੀਏਟ ਮੁੰਡਿਆ ਨੇ ਮੈਨੂੰ ਇਕ ਪਾਸੇ ਬੁਲਾ ਕੇ ਕਿਹਾ ਕਿ ਉਹ ਮੇਰੇ ਕੋਲੋਂ 'ਇਨਸਾਨ ਪੰਜ ਤੱਤਾਂ ਦਾ ਨਹੀਂ... ਚਾਰ ਤੱਤਾਂ ਦਾ ਬਣਿਆ ਹੋਇਆ ਏ। ਇਸਦੇ ਬਾਰੇ ਵਿਸਥਾਰ ਨਾਲ ਜਾਣਨਾ ਚਾਹੁੰਦੇ ਨੇ। ਤੇ ਅਸੀਂ ਪਿੰਡੋਂ ਬਾਹਰ ਨਿਕਲ ਕੇ ਇਕ ਟਿਊਬਵੈਲ ਤੇ ਤੂਤਾਂ ਦੀ ਛਾਵੇਂ ਡਹੇ ਮੰਜਿਆਂ ਤੇ ਜਾ ਕੇ ਬਹਿ ਗਏ ਸਾਂ। "ਸੱਚੀ ਗੱਲ ਦੱਸਦੇ ਆ...।" ਕਾਲਜੀਏਟ ਕੁਲਵਿੰਦਰ ਨੇ ਮੁਸ਼ਕੜੀਆਂ ਹੱਸਦਿਆਂ ਗੱਲ ਸ਼ੁਰੂ ਕੀਤੀ, "ਸਰ ! ਜਿਵੇਂ ਕਹਿੰਦੇ ਨੇ 'ਚਰਚਾ ਗਲੀ ਗਲੀ' ਪਿੰਡ ਦੀ ਗਲੀ ਗਲੀ ਵਿਚ ਚਰਚਾ ਏ ਕਿ ਚਮਾਰਾਂ ਦੇ ਚਮੇਲੇ ਦਾ ਮੁੰਡਾ ਪਾਗਲ ਹੋ ਗਿਆ ਏ। ਉਹ ਇਨਸਾਨ ਨੂੰ ਪੰਜ ਤੱਤਾਂ ਦੀ ਥਾਂ ਚਾਰ ਤੱਤਾਂ ਦਾ ਪੁਤਲਾ ਦੱਸਦਾ ਫਿਰਦਾ ਏ। ਅਸੀਂ ਕਿਹਾ ਸਰ ਕਾਲਿਜ ਵਿਚ ਪੜ੍ਹਾਉਂਦੇ ਨੇ, ਉਹ ਬਿਨਾ ਸਬੂਤਾਂ ਤੋਂ ਕੋਈ ਗੱਲ ਨਹੀਂ ਕਰ ਸਕਦੇ। ਸਰ ! ਅਸੀਂ ਕੁਝ ਮੁੰਡੇ ਜੱਟਾਂ ਦੇ ਮੁਹੱਲੇ ਦੇ ਤੇ ਕੁਝ ਮੁੰਡੇ ਦਲਿਤਾਂ ਦੇ ਮੁਹੱਲੇ ਦੇ, ਥੁਆਡੇ ਕੋਲ 'ਕੱਠੇ ਹੋ ਕੇ ਆਏ ਆ। ਸਾਨੂੰ ਦੱਸੋ ਕਿ ਇਨਸਾਨ ਪੰਜ ਤੱਤਾਂ ਦੀ ਥਾਂ ਚਾਰ ਤੱਤਾਂ ਦਾ ਪੁਤਲਾ ਕਿਵੇਂ ਐ? ਤਾਂ ਜੋ ਅਸੀਂ ਲੋਕਾਂ ਦੇ ਸ਼ੰਕਿਆਂ ਦਾ ਨਿਪਟਾਰਾ ਕਰ ਸਕੀਏ।"

ਮੈਂ ਸੰਖੇਪ ਵਿਚ ਦੱਸਣਾ ਸ਼ੁਰੂ ਕੀਤਾ, "ਲੋਕਾਇਤ ਜਿਹੜੇ ਕਿ ਪੰਜਵੀਂ ਛੇਵੀਂ ਸਦੀ ਈਸਵੀਂ ਪੂਰਵ ਹੋਏ, ਉਹ ਰਿਸ਼ੀ ਵਿਦਵਾਨ ਸਨ, ਜਿਨ੍ਹਾਂ ਨੂੰ ਲੋਕਾਂ ਦੇ ਹਿੱਤ ਦੀ ਗੱਲ ਕਰਨ ਕਰਕੇ 'ਲੋਕਾਇਤ' ਕਿਹਾ ਜਾਣ ਲੱਗ ਪਿਆ ਸੀ, ਉਹ ਉਸ ਗਿਆਨ ਨੂੰ ਵਿਸ਼ਵਾਸ ਯੋਗ ਮੰਨਦੇ ਸਨ, ਜਿਹੜਾ ਗਿਆਨ ਅੱਖਾਂ, ਕੰਨ, ਜੀਭ ਤੇ ਚਮੜੀ ਇਨ੍ਹਾਂ ਪੰਜ ਗਿਆਨ ਇੰਦਰੀਆਂ ਦੁਆਰਾ ਪ੍ਰਾਪਤ ਕੀਤਾ ਗਿਆ ਹੋਵੇ ਉਹ ਅਨੁਮਾਨ ਦੁਆਰਾ ਪ੍ਰਾਪਤ ਕੀਤੇ ਗਏ ਗਿਆਨ ਨੂੰ ਵਿਸ਼ਵਾਸ ਯੋਗ ਨਹੀਂ ਮੰਨਦੇ ਸਨ। ਲੋਕਾਇਤ ਦੱਸਦੇ ਸਨ ਕਿ ਵਿਅਕਤੀ ਦੀ ਉਤਪਤੀ ਵਿਚ ਸ਼ਾਮਲ ਮੰਨੇ ਜਾਂਦੇ ਪੰਜ ਤੱਤਾਂ ਪ੍ਰਿਥਵੀ, ਪਵਨ, ਜਲ, ਅਗਨੀ ਤੇ ਆਕਾਸ਼ ਵਿਚੋਂ ਆਕਾਸ਼ ਨਾ ਦੇ ਤੱਤ ਦਾ ਗਿਆਨ ਪ੍ਰਤੱਖ ਇੰਦਰੀ ਬੋਧ 'ਤੇ ਅਧਾਰਿਤ ਨਹੀਂ। ਇਹ ਅਨੁਮਾਨ ਤੇ ਅਧਾਰਿਤ ਹੈ। ਇਸ ਲਈ ਉਹ 'ਆਕਾਸ਼' ਨਾ ਦੇ ਤੱਤ ਨੂੰ ਮਨੁੱਖ ਦੀ ਸਿਰਜਣਾ ਵਿਚ ਸ਼ਾਮਲ ਹੋਇਆ ਨਹੀਂ ਮੰਨਦੇ ਸਨ।

ਲੋਕਾਇਤ ਮੰਨਦੇ ਸਨ ਕਿ ਪ੍ਰਿਥਵੀ, ਅਗਨੀ, ਪਵਨ ਤੇ ਜਲ ਦੇ ਉਸ ਰੁਪਾਂਤਰਣ ਦੀ ਰਸਾਇਣਕ ਪ੍ਰਕਿਰਿਆ ਦੇ ਸਿਟੇ ਵਜੋਂ ਜੀਵਨ, ਚੇਤਨਾ ਤੇ ਸਿਮਰਤੀ ਤੋਂ ਸੰਪੰਨ ਸਰੀਰ ਪੈਦਾ ਹੋਇਆ ਹੈ ਤੇ ਸਰੀਰ

ਵਿਚ ਚੇਤਨਾ ਹੀ ਆਤਮਾ ਹੈ। ਇਸ ਤੋਂ ਅਲੱਗ ਇਸ ਸਰੀਰ ਵਿਚ ਆਕਾਸ਼ ਵਿਚੋਂ ਆ ਕੇ ਪ੍ਰਵੇਸ਼ ਹੋਣ ਵਾਲੀ ਤੇ ਮਰਨ ਤੋਂ ਬਾਅਦ ਇਸ ਸਰੀਰ ਵਿਚੋਂ ਨਿਕਲ ਕੇ ਦੂਸਰੇ ਲੋਕ ਨੂੰ ਜਾਣ ਵਾਲੀ ਕੋਈ ਵਸਤੂ ਨਹੀਂ ਹੁੰਦੀ।

ਪਰ ਲੋਕਾਇਤਾਂ ਦੀਆਂ ਗੱਲਾਂ ਤੇ ਬ੍ਰਾਹਮਣ ਸ਼ੰਕਾ ਪ੍ਰਗਟ ਕਰਦੇ ਸਨ ਕਿ ਜਦ ਸੰਸਾਰ ਦੇ ਮੂਲ ਤੱਤ ਪਵਨ, ਜਨ, ਪ੍ਰਿਥਵੀ ਤੇ ਅਗਨੀ ਨਿਰਜੀਵ ਪਦਾਰਥ ਹਨ... ਫਿਰ ਇਹਨਾਂ ਦੇ ਮਿਸ਼ਰਣ ਨਾਲ ਚੇਤਨਾ ਕਿਵੇਂ ਪੈਦਾ ਹੋ ਜਾਂਦੀ ਏ?

"ਅਜਿਹੇ ਸ਼ੰਕੇ ਤਾਂ ਸਾਡੇ ਮਨਾਂ ਵਿਚ ਵੀ ਉੱਠ ਰਹੇ ਹਨ। ਜਾਣੀ ਯਕੀਨ ਜਿਹਾ ਨੀ ਆਉਂਦਾ ਕਿ ਆਤਮਾ ਤੋਂ ਬਿਨਾ ਸਰੀਰ ਵਿਚ ਚੇਤਨਾ ਕਿਵੇਂ ਆ ਸਕਦੀ ਏ?" ਮੁੰਡਿਆ ਵਿਚੋਂ ਵੀ ਕਿਸੇ ਨੇ ਸ਼ੰਕਾ ਪ੍ਰਗਟ ਕੀਤੀ। ਸ਼ਾਇਦ ਅਜਿਹੀ ਸ਼ੰਕਾ ਸੁਭਾ ਹੋਰ ਮੁੰਡਿਆ ਦੇ ਮਨਾਂ ਵਿਚ ਵੀ ਹੋਵੇਗੀ ਕਿਉਂਕਿ ਲਗਭਗ ਸਾਰਿਆਂ ਦੇ ਚਿਹਰੇ ਪ੍ਰਸ਼ਨ ਚਿੰਨ੍ਹ ਬਣੇ ਹੋਏ ਸਨ।

"ਲੋਕਾਇਤ ਇਸ ਸ਼ੰਕੇ ਦਾ ਉੱਤਰ ਉਪਮਾ ਨਾਲ ਦਿੰਦੇ ਸਨ। ਜਿਵੇਂ ਪਾਨ, ਕੱਥਾ, ਕਸੈਲੀ ਤੇ ਚੂਨਾ... ਇਨ੍ਹਾਂ ਵਿਚ ਲਾਲ ਰੰਗ ਨਹੀਂ ਹੁੰਦਾ ਪਰ ਇਨ੍ਹਾਂ ਨੂੰ ਮਿਲਾ ਕੇ ਚਬਾਉਣ ਨਾਲ ਰੰਗ ਦਾ ਵਿਕਾਸ ਹੁੰਦਾ ਹੈ।"

ਸ਼ਾਇਦ ਦਿਮਾਗ 'ਤੇ ਭਾਰ ਪਾਉਣ ਵਾਲੀਆਂ ਗੱਲਾਂ ਸੁਣਦਿਆਂ ਮੁੰਡੇ ਅਕੇਵਾ ਜਿਹਾ ਮਹਿਸੂਸ ਕਰਨ ਲੱਗ ਪਏ ਸਨ। ਕੁਲਵਿੰਦਰ ਦੀ ਛੋਟੀ ਭੈਣ ਚਾਹ ਦਾ ਜੱਗ ਤੇ ਗਲਾਸ ਲੈ ਕੇ ਆ ਗਈ ਸੀ। ਕੁਲਵਿੰਦਰ ਹੱਸ ਕੇ ਕਹਿਣ ਲੱਗਿਆ, "ਸਰ! ਮੋਬਾਇਲ ਦਾ ਆਹੀਂ ਤਾਂ ਫਾਇਦਾ ਘਰ ਫੋਨ ਕੀਤਾ, ਚਾਹ ਆ ਗਈ।" ਮੁੰਡੇ ਸਟੀਲ ਦੇ ਗਲਾਸਾਂ ਵਿਚ ਜਿੰਨੀ ਕਿਸੇ ਨੇ ਪੀਣੀ ਏ, ਚਾਹ ਪਾ ਕੇ ਪੀਣ ਲੱਗ ਪਏ ਸਨ।

ਮੈਂ ਵੀ ਚਾਹ ਦੀਆਂ ਚੁਸਕੀਆਂ ਲੈਂਦਿਆਂ ਰਤਾ ਹੱਸਦਿਆਂ ਪੁੱਛਿਆ, "ਹਾਂ ਬਈ.. ਥੁਆਡੇ ਵਿਚੋਂ ਕਿਸੇ ਨੇ ਆਪਣਾ ਕੋਈ ਬਜ਼ੁਰਗ ... ਦਾਰੂ ਕੱਢਦਾ ਦੇਖਿਆ?" ਸਾਰੇ ਇਕ ਦੂਸਰੇ ਦੇ ਮੂੰਹ ਵੱਲ ਦੇਖਦਿਆਂ ਮੁਸਕੜੀਆਂ ਹੱਸਣ ਲੱਗ ਪਏ ਸਨ। ਕੁਲਵਿੰਦਰ ਨੇ ਕਿਹਾ, "ਹਾਂ ਮੈਂ ਨਿੱਕੇ ਹੁੰਦਿਆਂ ਦੇਖਿਆ, ਮੇਰਾ ਬਾਬਾ ਇਸੇ ਖੂਹ 'ਤੇ ਜਿਸ ਵਿਚ ਬੋਰ ਕਰਵਾ ਕੇ ਅਸੀਂ ਟਿਊਬਵੈੱਲ ਲੁਆਇਆ, ਬਾਬਾ ਲੱਕੜਾ ਦੀ ਭੱਠੀ ਬਾਲ ਕੇ ਦਾਰੂ ਕੱਢਦਾ ਹੁੰਦਾ ਸੀ।" ਉਹਦੀ ਗੱਲ ਸੁਣ ਕੇ ਮੁੰਡੇ ਹੱਸਣ ਲੱਗ ਪਏ ਸਨ, ਕਿਉਂਕਿ ਹੁਣ ਇਸ ਤਰ੍ਹਾਂ ਘਰ ਦੀ ਦਾਰੂ ਕੱਢੀ ਨਹੀਂ ਜਾਂਦੀ।

ਮੈਂ ਪਾਨ ਚਬਾ ਕੇ ਲਾਲ ਰੰਗ ਪ੍ਰਗਟ ਕਰਨ ਦੀ ਦਿੱਤੀ ਮਿਸਾਲ ਵਾਂਗ ਇਕ ਹੋਰ ਦਾਰੂ ਕੱਢਣ ਦੀ ਹੀ ਮਿਸਾਲ ਦਿੱਤੀ। ਜਿਵੇਂ ਗੁੜ ਵਿਚ ਨਸ਼ਾ ਨਹੀਂ ਹੁੰਦਾ ਤੇ ਨਾ ਹੀ ਪਾਣੀ ਵਿਚ ਹੁੰਦਾ ਏ। ਪਰ ਦੋਹਾਂ ਨੂੰ ਮਿਲਾ ਕੇ ਸੜਨ ਨਾਲ ਨਸ਼ਾ ਉਤਪਨ ਹੋ ਜਾਂਦਾ ਹੈ। ਇਸੇ ਤਰ੍ਹਾਂ ਚਾਰ ਤੱਤਾਂ ਦੇ ਮਿਸ਼ਰਣ ਨਾਲ ਜੀਵ ਪੈਦਾ ਹੁੰਦਾ ਏ। ਤੇ ਉਸ ਵਿਚ ਚੇਤਨਾ ਪੈਦਾ ਹੋ ਜਾਂਦੀ ਏ। ਇਸ ਤਰ੍ਹਾਂ ਨਾਲ ਲੋਕਾਇਤ ਪ੍ਰਤੱਖ ਇੰਦਰੀ ਬੋਧ ਨੂੰ ਹੀ ਮਹੱਤਵ ਦਿੰਦੇ ਸਨ ਤੇ ਪ੍ਰਮਾਣਾਂ ਨਾਲ ਸਾਬਤ ਕਰਦੇ ਸਨ ਕਿ ਸਰੀਰ ਵਿਚ ਚੇਤਨਾ ਹੀ ਆਤਮਾ ਹੈ।

(ਮਨੋਤ ਮੰਨੀ ਗਈ) ਆਤਮਾ ਨੇ ਹੀ ਪਿਛਲਾ ਜਨਮ ਫਿਰ ਅਗਲਾ ਜਨਮ ਧਾਰਨ ਕਰਨਾ ਹੁੰਦਾ ਏ। ਤੇ ਨਰਕ ਸਵਰਗ ਵਿਚ ਜਾਣਾ ਹੁੰਦਾ ਏ। ਜਦ ਆਤਮਾ ਦੀ ਧਾਰਨਾ ਹੀ ਰੱਦ ਹੋ ਗਈ ਫਿਰ ਅਗਲਾ ਜਨਮ ਪਿਛਲਾ ਜਨਮ ਤੇ ਨਰਕ, ਸਵਰਗ ਦੀਆਂ ਧਾਰਨਾਵਾਂ ਆਪਣੇ ਆਪ ਰੱਦ ਹੋ ਜਾਂਦੀਆਂ ਨੇ। ਫਿਰ ਨਾ ਕੋਈ ਮੋਕਸ਼ ਮੁਕਤੀ ਨਾ ਕੋਈ ਆਵਾਗਮਨ ਦਾ ਚੱਕਰ ਰਹਿ ਜਾਂਦਾ ਏ।



"ਸਰ! ਆ ਗੱਲ ਥੁਆਡੀ ਪੂਰੀ ਤਰ੍ਹਾਂ ਸਮਝ ਵਿਚ ਤਾਂ ਨਹੀਂ ਆਈ, ਥੁਆਡੇ ਕੋਲੋਂ ਸਮਝਦੇ ਰਹਾਂਗੇ। ਏਨੀ ਗੱਲ ਜ਼ਰੂਰ ਏ ਕਿ ਆਤਮਾ ਨਾਂ ਦੇ ਤੱਤ ਦੇ ਨਾਂ ਹੋਣ ਦਾ ਪਤਾ ਲੱਗਣ ਤੇ ਮਨ ਵਿਚੋਂ ਨਰਕਾਂ ਦਾ ਭਾਗੀ ਹੋਣ ਦਾ ਫੈਲਾਇਆ ਹੋਇਆ ਡਰ ਤੇ ਪ੍ਰੇਤ ਆਤਮਾਵਾਂ ਤੇ ਭੂਤਾਂ ਚੁੜੈਲਾ ਦਾ ਡਰ ਮਨ ਵਿਚੋਂ ਨਿਕਲ ਗਿਆ ਏ।" ਕੁਲਵਿੰਦਰ ਨੇ ਕਿਹਾ, "ਸਰ! ਮੇਰੀ ਬੇਬੇ ਵੀ ਅਨਾਜ਼ ਦਾ ਥਾਲ ਭਰ ਕੇ ਤੇ ਹੱਥ ਵਿਚ ਵੀਹ ਦਾ ਪੰਜਾਹ ਦਾ ਨੋਟ ਫੜ ਕੇ ਬਾਬੇ ਬੇਲੀ ਦੇ ਡੇਰੇ ਨੂੰ ਤੁਰੀ ਰਹਿੰਦੀ ਏ। ਉਹਨੂੰ ਵੀ ਸਮਝਾਊਂ।" ਕਾਲਜੀਏਟ ਮੁੰਡੇ ਇਹ ਗੱਲਾਂ ਡਾਢੇ ਆਤਮ ਵਿਸ਼ਵਾਸ ਨਾਲ ਕਰਦੇ ਜਾਪਦੇ ਸਨ, ਜਿਵੇਂ ਉਨ੍ਹਾਂ ਦੇ ਮਨਾਂ ਵਿਚੋਂ ਨਰਕ ਸਵਰਗ ਤੇ ਭੂਤਾਂ ਪ੍ਰੇਤਾਂ ਦਾ ਡਰ ਸਚਮੁੱਚ ਨਿਕਲ ਗਿਆ ਸੀ। ਕਾਲਜੀਏਟ ਮੁੰਡੇ ਮੇਰੇ ਨਾਲ ਲੋਕਾਇਤਾਂ ਦੇ ਫਲਸਫੇ ਬਾਰੇ ਵਿਸਥਾਰ ਨਾਲ ਗੱਲ-ਬਾਤ ਕਰਨ ਲਈ, ਦੂਜੇ-ਚੌਥੇ ਦਿਨ ਸਾਡੇ ਘਰ ਆਉਂਦੇ ਰਹਿੰਦੇ ਸਨ।

ਕੱਲ੍ਹ ਮੇਰੀ ਮੌਤ ਦੀ ਖ਼ਬਰ ਸੁਣ ਕੇ ਵੀ, ਇਹ ਕਾਲਜੀਏਟ ਮੁੰਡੇ ਸਾਡੇ ਘਰ ਅਫਸੋਸ ਪ੍ਰਗਟ ਕਰਨ ਲਈ ਆਏ ਸਨ। ਬਨੇਰੇ ਤੇ ਬੈਠੀ ਮੇਰੀ ਆਤਮਾ ਸਭ ਕੁਝ ਦੇਖ ਸੁਣ ਰਹੀ ਸੀ। ਉਨ੍ਹਾਂ ਨੂੰ ਮੇਰੀ ਮ੍ਰਿਤਕ ਦੇਹ ਨੂੰ ਕੀਲਣ ਆਦਿ ਦੇ ਢਕਵੰਜ ਬਹੁਤ ਬੁਰੇ ਲੱਗ ਰਹੇ ਸਨ। ਪਰ ਉਹ ਬਾਬਾ ਬੇਲੀ ਨੂੰ ਕੁਝ ਕਹਿ ਵੀ ਸਕਦੇ ਸਨ ਤੇ ਬਾਬਾ ਬੇਲੀ ਵੀ ਉਨ੍ਹਾਂ ਦੇ ਆਉਣ ਨੂੰ ਚੰਗਾ ਨਹੀਂ ਸਮਝ ਰਿਹਾ ਸੀ।

ਅੱਜ ਦੁਪਹਿਰ ਤੱਕ, ਸਾਡੇ ਸਾਰੇ ਰਿਸ਼ਤੇਦਾਰ ਪਹੁੰਚ ਚੁੱਕੇ ਹਨ। ਮੇਰੀ ਮ੍ਰਿਤਕ ਦੇਹ ਨੂੰ ਅੰਤਮ ਇਸ਼ਨਾਨ ਕਰਵਾ ਕੇ ਧਰਤੀ ਉਪਰੋਂ ਚੁੱਕ ਕੇ ਅਰਥੀ ਉੱਤੇ ਲਿਟਾ ਦਿੱਤਾ ਗਿਆ ਹੈ। ਮੇਰੀਆਂ ਲੜਕੀਆਂ ਰੋਂਦੀਆਂ ਕੁਰਲਾਉਂਦੀਆਂ ਹੰਝੂ ਵਸਾਉਂਦੀਆਂ, ਹਾਲੋਂ ਬੇਹਾਲ ਹੋ ਰਹੀਆਂ ਹਨ। ਔਰਤਾਂ ਰੋ ਪਿੱਟ ਰਹੀਆਂ ਹਨ। ਸਾਡੀਆਂ ਆਂਢਣਾਂ ਗਵਾਂਢਣਾਂ ਉਹਨਾਂ ਨੂੰ ਸੰਭਾਲ ਰਹੀਆਂ ਹਨ। ਮੈਨੂੰ ਕੀ ਪਤਾ ਸੀ ਕਿ ਮੇਰੀ ਏਨੀ ਛੇਤੀ ਮੌਤ ਹੋ ਜਾਵੇਗੀ। ਮੈਂ ਤਾਂ ਇਕ ਦਿਨ ਹਾਸੇ ਹਾਸੇ ਵਿਚ ਪ੍ਰੋ. ਮੇਲੂ ਤੇ ਡਾ. ਸੁਖਿੰਦਰ ਨੂੰ ਆਪਣੀ ਅੰਤਿਮ ਇੱਛਾ ਲਿਖ ਕੇ ਦਿੱਤੀ ਸੀ। ਮੈਨੂੰ ਲਗਦਾ ਏ ਕਿ ਉਹਨਾਂ ਨੇ ਅੱਜ ਮੇਰੀ ਅੰਤਿਮ ਇੱਛਾ ਅਖ਼ਬਾਰਾਂ ਵਿਚ ਛਪਵਾ ਦਿੱਤੀ ਏ। ਤਾਂ ਹੀ ਤਾਂ ਕੁਲਵਿੰਦਰ ਸਿੰਘ ਤੇ ਉਹਦੇ ਕਾਲਜੀਏਟ ਦੋਸਤ ਅਖਬਾਰਾਂ ਚੁੱਕੀਂ ਫਿਰ ਰਹੇ ਹਨ। ਉਹਨਾਂ ਨੇ ਮੇਰੇ ਘਰਦਿਆਂ ਨੂੰ, 'ਮੇਰੀ ਅੰਤਿਮ ਇੱਛਾ ਅਖ਼ਬਾਰ ਵਿਚੋਂ ਪੜ੍ਹ ਕੇ ਸੁਣਾਈ ਹੈ। 'ਚਾਰ ਤੱਤਾਂ ਕਾ ਪੁਤਲਾ... ਚਾਰ ਤੱਤਾਂ ਵਿਚ ਵਿਲੀਨ' ਤੇ ਅੱਗੇ ਲਿਖਿਆ ਏ ਕਿ ਮੇਰੀ ਮ੍ਰਿਤਕ ਦੇਹ ਨੂੰ ਹਸਪਤਾਲ ਵਿਚ ਲਿਜਾ ਕੇ ਮੇਰੀਆਂ, ਅੱਖਾਂ, ਕਿਡਨੀ, ਲਿਵਰ, ਆਦਿ ਜ਼ਰੂਰੀ ਅੰਗ ਮੇਰੀ ਮ੍ਰਿਤਕ ਦੇਹ ਵਿਚੋਂ ਕੱਢ ਲਏ ਜਾਣ। ਤਾਂ ਜੋ ਲੋੜਵੰਦਾ ਦੇ ਕੰਮ ਆ ਸਕਣ। ਤੇ ਮੇਰਾ ਅੰਤਿਮ ਸੰਸਕਾਰ ਕਰਨ ਵੇਲੇ ਕੋਈ ਵੀ ਧਾਰਮਿਕ ਰਸਮ ਨਾ ਕੀਤੀ ਜਾਵੇ।" ਬੇਲੀ ਬਾਬਾ ਬੋਲਿਆ ,"ਪੂਰੇ ਅੰਗਾਂ ਸਮੇਤ ਅਗਨ ਭੇਟ ਕੀਤੇ ਗਏ ਵਿਅਕਤੀ ਦੀ ਆਤਮਾ ਹੀ ਸਿੱਧੀ ਪਰਲੋਕ ਗਮਨ ਕਰਦੀ ਏ। ਅੰਗ ਕੱਢਣ ਨਾਲ ਵਿਅਕਤੀ ਦੀ ਆਤਮਾ ਪ੍ਰੇਤ-ਆਤਮਾ ਬਣ ਜਾਂਦੀ ਏ।" ਉਹਨੇ ਹੱਸ ਕੇ ਕਿਹਾ, "ਭਲਾ ਜੇ ਮ੍ਰਿਤਕ ਦੇਹ ਦੀਆਂ ਅੱਖਾਂ ਹੀ ਕੱਢ ਲਈਆਂ ਗਈਆਂ, ਪ੍ਰਾਣੀ ਨੂੰ ਸਵਰਗ ਦਾ ਰਾਹ ਕਿਵੇਂ ਨਜ਼ਰ ਆਵੇਗਾ?" ਮੇਰੀ ਪਤਨੀ ਨੇ ਬੇਲੀ ਬਾਬੇ ਦੀਆਂ ਗੱਲਾਂ ਸੁਣ ਕੇ, 'ਸੱਤ ਬਚਨ' ਕਿਹਾ ਏ, ਕਾਲਜੀਏਟ ਮੁੰਡੇ ਨਿਰਾਸ਼ ਜਿਹੇ ਖੜ੍ਹੇ ਗੱਲਾਂ ਕਰ ਰਹੇ ਨੇ, "ਸਾਨੂੰ ਲੋਕਾਇਤਵਾਦ ਦਾ ਗਿਆਨ ਦੇਣ ਵਾਲੇ ਸਰ ਜਦ ਆਪਣੀ ਪਤਨੀ ਦੀ ਸੋਚ ਨੂੰ ਨਹੀਂ ਬਦਲ ਸਕੇ ਫਿਰ ਸਾਨੂੰ ਜਾਪਦਾ ਏ ਕਿ ਲੋਕਾਂ ਨੂੰ ਆਤਮਾ ਪਰਮਾਤਮਾ, ਪ੍ਰੇਤ ਆਤਮਾ, ਅਗਲਾ ਪਿਛਲਾ ਜਨਮ ਤੇ ਨਰਕ ਸਵਰਗ ਦੇ ਅੰਧ ਵਿਸ਼ਵਾਸ ਵਿਚੋਂ ਕੱਢਣਾ ਬਹੁਤ ਮੁਸ਼ਕਲ ਕੰਮ ਹੈ। ਆਸਾਨ ਨਹੀਂ।" ਜਦ ਮੇਰੀ ਅਰਥੀ ਨੂੰ ਮੇਰੇ ਭਤੀਜੇ ਚੁੱਕਣ ਲੱਗੇ ਤਾਂ ਕੁਲਵਿੰਦਰ ਤੇ ਉਹਦੇ ਕਾਲਜੀਏਟ ਦੋਸਤਾਂ ਨੇ ਫਿਰ ਕਿਹਾ, "ਸਰ

ਨੇ ਆਪਣੀ ਅੰਤਿਮ ਇੱਛਾ ਵਿਚ ਲਿਖਿਆ ਏ ਕਿ 'ਮੇਰੇ ਇਕਲੋਤੇ ਪੁੱਤਰ ਦੀ ਮੌਤ ਹੋ ਗਈ ਸੀ। ਇਸ ਲਈ ਮੇਰੀਆਂ ਪੁੱਤਰੀਆਂ ਹੀ ਮੇਰੀ ਅਰਥੀ ਨੂੰ ਮੋਢਾ ਲਾਉਣ।" ਬਾਬਾ ਬੇਲੀ ਫਿਰ ਭੜਕ ਪਿਆ ਏ, "ਜੇ ਪਿਓ ਦੀ ਅਰਥੀ ਨੂੰ ਪੁੱਤਰ ਮੋਢਾ ਲਾਵੇ ਤਾਂ ਹੀ ਪਿਓ ਦੀ ਆਤਮਾ ਸਵਰਗ ਨੂੰ ਜਾਂਦੀ ਏ। ਮੈਂ ਮ੍ਰਿਤਕ ਦੀ ਆਤਮਾ ਨੂੰ ਪਤਾ ਨਹੀਂ ਕਿਵੇਂ ਉਪਚਾਰ ਕਰਕੇ ਸਵਰਗ ਨੂੰ ਭੇਜਣਾ ਏ... ਮੁੰਡਿਓ! ਤੁਸੀਂ ਵਿਚ ਵਿਘਨ ਨਾ ਪਾਈ ਜਾਓ।" ਕਾਲਜੀਏਟ ਮੁੰਡੇ ਫਿਰ ਨਿਰਾਸ਼ ਹੋ ਕੇ ਪਿੱਛੇ ਹਟ ਗਏ ਹਨ।

ਮੇਰੀਆਂ ਪੁੱਤਰੀਆਂ ਨੂੰ ਮੇਰੀ ਮ੍ਰਿਤਕ ਦੇਹ ਨਾਲ ਲਿਪਟ ਕੇ ਰੋਂਦੀਆਂ ਕੁਰਲਾਂਦੀਆਂ ਨੂੰ ਬੜੀ ਮੁਸ਼ਕਲ ਨਾਲ ਪਿੱਛੇ ਹਟਾਇਆ ਗਿਆ ਏ। ਤੇ ਮੇਰੇ ਭਤੀਜੇ ਮੇਰੀ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਘਾਟ ਵੱਲ ਤੁਰ ਪਏ ਹਨ। ਪਿਛੇ ਪਿਛੇ ਸੋਗ ਗ੍ਰਸਤ ਸਾਕ-ਰਿਸ਼ਤੇਦਾਰ ਹਮਦਰਦ, ਜਾਣਕਾਰ ਤੁਰੇ ਜਾ ਰਹੇ ਹਨ। ਮੇਰੀ ਮ੍ਰਿਤਕ ਦੇਹ ਵਿਚੋਂ ਨਿਕਲ ਕੇ ਬਨੇਰੇ ਤੇ ਬੈਠੀ ਮੇਰੀ ਆਤਮਾ ਵੀ ਉਹਨਾਂ ਦੇ ਨਾਲ ਨਾਲ ਉਡੀ ਜਾ ਰਹੀ ਏ ਤੇ ਉਹਨਾਂ ਦੇ ਸਿਵਿਆਂ ਵਿਚ ਪਹੁੰਚਣ 'ਤੇ ਸਾਹਮਣੇ ਵਾਲੀ ਇਕ ਕਿੱਕਰ ਦੇ ਰੁਖ 'ਤੇ ਜਾ ਕੇ ਬਹਿ ਗਈ ਏ।

ਸ਼ਮਸ਼ਾਨ ਘਾਟ ਵਿਚ ਮੋਟੀਆਂ ਮੋਟੀਆਂ ਲੱਕੜਾ ਥੱਲੇ ਚਿਣ ਕੇ ਪਹਿਲਾਂ ਹੀ ਮੇਰੀ ਚਿਤਾ ਤਿਆਰ ਕੀਤੀ ਹੋਈ ਹੈ। ਮੇਰੀ ਮ੍ਰਿਤਕ ਦੇਹ ਨੂੰ ਚਿਤਾ ਉੱਤੇ ਲਿਟਾ ਕੇ ਉਪਰ ਲੱਕੜਾਂ ਤੇ ਪਾਥੀਆਂ ਚਿਣ ਦਿੱਤੀਆਂ ਗਈਆਂ ਹਨ। ਜਦ ਮੇਰੇ ਭਤੀਜੇ ਮੇਰੀ ਚਿਖਾ ਨੂੰ ਅੱਗ ਦਿਖਾਉਣ ਲਈ ਤਿਆਰ ਹੋਣ ਲੱਗੇ ਤਾਂ ਕਾਲਜੀਏਟ ਕੁਲਵਿੰਦਰ ਤੇ ਉਹਦੇ ਦੋਸਤ ਫਿਰ ਮੇਰੀ ਅੰਮਿਤ ਇੱਛਾ ਦੱਸਣ ਲਈ ਅੱਗੇ ਆਏ। ਉਂਝ ਉਹਨਾਂ ਨੇ ਪਹਿਲਾਂ ਹੀ ਸਲਾਹ ਕਰ ਲਈ ਸੀ ਕਿ ਸਰ ਦੀ ਅੰਤਿਮ ਇੱਛਾ ਦੀ ਜਦ ਪਹਿਲਾਂ ਕੋਈ ਗੱਲ ਨਹੀਂ ਮੰਨੀ ਤਾਂ ਇਹ ਵੀ ਬਾਬੇ ਬੇਲੀ ਨੇ ਕਿਥੇ ਮੰਨਣ ਦੇਣੀ ਏ। ਪਰ ਉਹਨਾਂ ਨੇ ਸੋਚਿਆ ਕਿ 'ਅਸੀਂ ਤਾਂ ਆਪਣੇ ਸਰ ਦੀ ਅੰਤਿਮ ਇੱਛਾ ਦੱਸਕੇ ਆਪਣਾ ਫਰਜ਼ ਪੂਰਾ ਕਰਨਾ ਏ, ਕੋਈ ਮੰਨੇ ਭਾਵੇਂ ਨਾ ਮੰਨੇ।" ਉਹਨਾਂ ਵਿਚੋਂ ਕੁਲਵਿੰਦਰ ਅੱਗੇ ਹੋ ਕੇ ਦੱਸਣ ਲੱਗਿਆ, "ਸਰ ਨੇ ਆਪਣੀ ਅੰਤਿਮ ਇੱਛਾ ਵਿਚ ਲਿਖਿਆ ਏ ਕਿ ਉਹਨਾਂ ਦੇ ਪੁੱਤਰ ਦੀ ਅਣਹੋਂਦ ਵਿਚ, ਉਹਨਾਂ ਦੀ ਚਿਤਾ ਨੂੰ ਅਗਨੀ ਉਹਨਾਂ ਦੀਆਂ ਬੇਟੀਆਂ ਹੀ ਦਿਖਾਉਣ।"

ਫਿਰ ਬਾਬੇ ਬੇਲੀ ਨੇ ਜਵਾਬ ਦੇ ਦਿੱਤਾ ਏ, "ਵੇਦਾਂ, ਸ਼ਾਸਤਰਾਂ ਵਿਚ ਲਿਖਿਆ ਏ ਕਿ ਇਸਤਰੀਆਂ ਨੂੰ ਮ੍ਰਿਤਕ ਪ੍ਰਾਣੀ ਦੀਆਂ ਅੰਤਿਮ ਰਸਮਾਂ ਨੂੰ ਅੱਗੇ ਹੋ ਕੇ ਨਿਭਾਉਣ ਦਾ ਕੋਈ ਅਧਿਕਾਰ ਨਹੀਂ ਹੈ। ਮ੍ਰਿਤਕ ਦੀ ਆਤਮਾ ਸਾਲਾਂ ਬੱਧੀ ਭਟਕਦੀ ਰਹਿੰਦੀ ਏ।" ਪਿਛੇ ਖੜ੍ਹੇ ਕਿਸੇ ਬੁਜ਼ਰਗ ਨੇ ਉੱਚੀ ਅਵਾਜ਼ ਵਿਚ ਕਿਹਾ ਏ, "ਬਾਬਾ ਜੀ! ਤੁਸੀਂ ਪੂਰਵਜ਼ਾ ਤੋਂ ਚਲੀਆਂ ਆ ਰਹੀਆਂ ਰਵਾਇਤਾਂ ਅਨੁਸਾਰ ਹੀ ਚਲਦੇ ਰਹੋ... ਇਨ੍ਹਾਂ ਮੁੰਡਿਆ ਨੂੰ ਬੋਲੀ ਜਾਣ ਦਿਓ... ਇਹਨਾਂ ਮੁੰਡਿਆਂ ਨੂੰ ਭਲਾ ਕੀ ਪਤਾ ਐ।"

ਬਾਬਾ ਬੇਲੀ, ਮੇਰੀ ਚਿਤਾ ਨੂੰ ਅੱਗ ਦਿਖਾਏ ਜਾਣ ਤੋਂ ਪਹਿਲਾਂ ਫਿਰ ਅਰਦਾਸ ਕਰਨ ਲੱਗ ਪਿਆ ਏ। ਮੇਰੀ ਅਰਥੀ ਨੂੰ, ਸਾਡੇ ਘਰ ਵਿਚੋਂ ਚੁੱਕਣ ਤੋਂ ਪਹਿਲਾਂ ਇਸਨੇ ਅਰਦਾਸ ਕੀਤੀ ਸੀ। ਤੇ ਇਹ ਬਾਬਾ ਬੇਲੀ ਕੱਲ੍ਹ ਦਾ ਮੇਰੀ ਮ੍ਰਿਤਕ ਦੇਹ ਕੋਲ ਖੜ ਕੇ ਕਿੰਨੀ ਵਾਰੀ ਅਰਦਾਸ ਕਰਕੇ ਮੇਰੀ ਆਤਮਾ ਨੂੰ ਸਵਰਗ ਵਿਚ ਨਿਵਾਸ ਦੇਣ ਦੀਆਂ ਅਰਜੋਈਆਂ ਬੇਨਤੀਆਂ ਕਰ ਚੁੱਕਾ ਏ।

ਕੱਲ੍ਹ ਦੀ ਬਨੇਰੇ 'ਤੇ ਬੈਠੀ ਮੇਰੀ ਆਤਮਾ ਸੋਚਦੀ ਰਹੀ ਏ, ਕਿ ਜੋ ਬਾਬਾ ਬੇਲੀ ਏਨਾ ਹੀ ਕਰਨੀ ਵਾਲਾ ਏ ਅਦ੍ਰਿਸ਼ ਸ਼ਕਤੀਆਂ ਦਾ ਮਾਲਕ ਏ, ਫਿਰ ਇਹ ਇਕ ਵਾਰ ਅਰਦਾਸ ਕਰਕੇ ਹੀ ਮ੍ਰਿਤਕ ਦੀ ਆਤਮਾ ਨੂੰ ਸਵਰਗ ਵਿਚ ਕਿਉਂ ਨਹੀਂ ਪਹੁੰਚਾ ਦਿੰਦਾ। ਤੇ ਫਿਰ ਜੇ ਇਹਨੂੰ ਕੋਈ ਦੁਬਾਰਾ ਅਰਦਾਸ ਕਰਨ ਨੂੰ ਕਹੇ ਇਹ ਕਹਿ ਕਿਆ ਕਰੇ... ਕਿ 'ਮੈਂ ਤਾਂ ਮ੍ਰਿਤਕ ਦੀ ਆਤਮਾ ਨੂੰ ਇਕ ਵਾਰੀ ਅਰਦਾਸ ਕਰਕੇ ਸਵਰਗ ਵਿਚ



ਪਹੁੰਚਾ ਦਿੱਤਾ ਏ... ਹੁਣ ਵਾਰ ਵਾਰ ਅਰਦਾਸ ਕਰਨ ਦੀ ਕੀ ਜ਼ਰੂਰਤ ਏ।"


ਬਾਬਾ ਬੇਲੀ ਨੇ ਅੰਤਿਮ ਅਰਦਾਸ ਵਿਚ ਕੁਝ ਸ਼ਬਦ ਆਪਣੇ ਕੋਲੋਂ ਜੋੜੇ ਹੋਏ ਨੇ.... " ਮ੍ਰਿਤਕ ਦੀ ਆਤਮਾ ਨੂੰ ਪ੍ਰੇਤ ਆਤਮਾ ਬਣਨ ਤੋਂ ਭੂਤ ਪ੍ਰੇਤ ਬਣਨ ਤੋਂ ਬਚਾ ਕੇ ਸਵਰਗ ਵਿਚ ਨਿਵਾਸ ਬਖ਼ਸ਼ੀ।" ਉਹਨੇ ਅੰਤ ਵਿਚ ਜੈਕਾਰਾ ਛੱਡਿਆ, "ਬੋਲੇ ...ਏ...ਏ...।"

"ਬੋਲੇ ... ਏ...ਏ...।" ਵੱਡੇ ਤੜਕੇ ਨੂੰ ਗੁਰਦੁਆਰੇ ਦੇ ਭਾਈ ਜੀ ਦੁਆਰਾ ਮਾਈਕ ਵਿਚ ਨੂੰ ਉੱਚੀ ਅਵਾਜ਼ ਵਿਚ ਜੈਕਾਰਾ ਛੱਡਣ ਨਾਲ ਸੁੱਤੇ ਪਏ ਦੀ ਮੇਰੀ ਜਾਗ ਖੁੱਲ੍ਹ ਗਈ ਏ। ਮੈਂ ਉਭੜਵਾਹੇ ਐਧਰ ਉਧਰ ਉੱਠ ਕੇ ਦੇਖਦਾ ਹਾਂ। ਚਿੰਤਾ ਵਿਚ ਮੇਰੀ ਮ੍ਰਿਤਕ ਦੇਹ ਆਲੇ ਦੁਆਲੇ ਖੜੇ ਲੋਕੀਂ, ਅੰਤਿਮ ਅਰਦਾਸ ਕਰਦਾ ਬਾਬਾ ਬੇਲੀ... ਤੇ ਕਿੱਕਰ 'ਤੇ ਬੈਠੀ ਮੇਰੀ ਆਤਮਾ... ਇਥੇ ਤਾਂ ਕੁਝ ਵੀ ਨਹੀਂ ਇਹ ਸਭ ਕਿਧਰ ਚਲੇ ਗਏ... ਤਾਂ ਕੀ ਮੈਂ ਭਿਆਨਕ ਸੁਪਨਾ ਦੇਖ ਰਿਹਾ ਸਾਂ?

ਪਰ ਕੀ 'ਆਤਮਾ ਨਾ ਦੇ ਪੰਜਵੇਂ ਤੱਤ' ਵਿਚ ਅਜੇ ਵੀ ਮੇਰਾ ਵਿਸ਼ਵਾਸ ਹੈ? ਮੈਂ ਆਪਣੇ ਮਨ ਮਸਤਕ ਨੂੰ ਟਟੋਲ ਕੇ ਦੇਖਦਾ ਹਾਂ। ਮੇਰਾ ਆਤਮਾ ਨਾ ਦੇ ਪੰਜਵੇਂ ਤੱਤ ਵਿਚ ਕੋਈ ਵਿਸ਼ਵਾਸ ਨਹੀਂ ਹੈ।

ਏਨੇ ਨੂੰ ਕੁਲਵਿੰਦਰ ਕਾਲਜੀਏਟ, ਆਪਣੇ ਕਿਸੇ ਦੋਸਤ ਨੂੰ ਲੈ ਕੇ ਸਾਡੇ ਘਰ ਆ ਜਾਂਦਾ ਹੈ। ਮੇਰਾ ਪੋਤਾ ਯੁਵੀ ਤਿੰਨ ਕੱਪ ਚਾਹ ਦੇ ਜਾਂਦਾ ਹੈ। ਅਸੀਂ ਚਾਹ ਦੀਆਂ ਚੁਸਕੀਆਂ ਲੈਣ ਲਗਦੇ ਹਾਂ, ਕੁਲਵਿੰਦਰ ਆਪਣੇ ਦੋਸਤ ਦੀ ਮੇਰੇ ਨਾਲ ਜਾਣ ਪਛਾਣ ਕਰਵਾਉਂਦਾ ਏ, "ਸਰ! ਇਹ ਮੇਰਾ ਕਾਲਜੀਏਟ ਦੋਸਤ ਦਵਿੰਦਰ ਰਾਤ ਦਾ ਮੇਰੇ ਕੋਲ ਆਇਆ ਹੋਇਆ ਏ। ਮੈਂ ਇਹਨੂੰ ਦੱਸਿਆ ਤਾਂ ਹੈ, ਪਰ ਤੁਸੀਂ ਇਹਨੂੰ ਸਵਾਰਕੇ ਸਮਝਾਓ ਕਿ ਬੰਦਾ ਪੰਜ ਤੱਤ ਦੀ ਥਾਂ ਚਾਰ ਤੱਤ ਦਾ ਪੁਤਲਾ ਏ।" ਤੇ ਮੈਂ ਉਹਨਾਂ ਨੂੰ ਫਿਰ ਮੁੱਢ ਤੋਂ ਦੱਸਣ ਲੱਗ ਪੈਂਦਾ ਹਾਂ... ਕਿ ...।

ਪਤਾ ਪਿੰਡ ਮਾਜਰੀ, ਡਾ. ਸਿਆਲਬਾ, ਜ਼ਿਲ੍ਹਾ ਮੋਹਾਲੀ-140110, ਮੋਬਾਇਲ-98881-29977


ਕਹਾਣੀਕਾਰ **ਦੇਸ ਰਾਜ ਕਾਲੀ**

ਦਾ ਨਵਾਂ ਕਹਾਣੀ-ਸੰਗ੍ਰਹਿ

***ਯਹਾਂ ਚਾਏ ਅੱਛੀ ਨਹੀਂ ਬਨਤੀ***

**Deepak Publishars**

**Mai Hira Gate, Jalandhar - 144008**

**email : deepakpublishar@yahoo.com**

**ਮੁੱਲ : 150/-   ਪੰਨੇ : 80**

## ਕਹਾਣੀ / ਕੋਠੀ ਦਾ ਸੌਦਾ / ਦਵਿੰਦਰ ਮੰਡ

ਇਸ ਵਾਰ ਭਤੀਜਾ ਪਿਛੇ ਹੀ ਪੈ ਗਿਆ ਅਖੇ, "ਚਾਚਾ ਜੀ ! ਭਾਵੇਂ ਪੰਦਰਾਂ ਦਿਨ ਦੀ ਛੁੱਟੀ ਲੈ ਕੇ ਆਓ, ਜ਼ਰੂਰ ਪਹੁੰਚੋ ਇੰਡੀਆ।"

ਮੈਨੂੰ ਭਤੀਜੇ ਦੀ ਇਸ ਗੱਲ ਦੇ ਨਾਲ ਹੋਰ ਕੀਤੀਆਂ ਗੱਲਾਂ ਨਾਲ ਮੋਹ ਆਇਆ ਉਂਝ ਵੀ ਜਦੋਂ ਤੁਸੀਂ ਵਿਦੇਸ਼ ਵਿਚ ਹੋ ਤਾਂ ਤੁਹਾਨੂੰ ਆਪਣੀ ਭੂਮੀ, ਰਿਸ਼ਤੇ ਨਾਤੇ, ਸਭਿਆਚਾਰ ਹਮੇਸ਼ਾਂ ਅਵਾਜ਼ਾਂ ਮਾਰਦਾ ਰਹਿੰਦਾ ਹੈ, ਦੂਜਾ ਭਤੀਜੇ ਨਾਲ ਜ਼ਿਆਦਾ ਹਮਦਰਦੀ ਦਾ ਕਾਰਣ ਸੀ ਉਹਦਾ 'ਇਕੱਲੇ' ਰਹਿ ਜਾਣਾ। ਬਾਪ ਭਾਵ ਮੇਰਾ ਵੱਡਾ ਭਰਾ ਪਚਵੰਜਾ ਕੁ ਸਾਲ ਦੀ ਉਮਰ 'ਚ ਗੁਰਦਿਆਂ ਦੇ ਫ਼ੇਲ ਹੋ ਜਾਣ ਕਾਰਣ ਮੌਤ ਦੇ ਮੂੰਹ 'ਚ ਚਲਾ ਗਿਆ ਤੇ ਭਰਜਾਈ ਕੋਈ ਸਾਲ ਬਾਅਦ ਗਲੇ ਦੇ ਕੈਂਸਰ ਨਾਲ ਖ਼ਤਮ ਹੋ ਗਈ। ਭਤੀਜਾ ਇਕੱਲਾ ਰਹਿ ਗਿਆ। ਨਾ ਵਿਆਹਿਆ, ਨਾ ਕੋਈ ਕੰਮ ਕਾਜ। ਹੋਰ ਉਹਦਾ ਹੈ ਵੀ ਕੌਣ ਸੀ ਨਾ ਭੂਆ ਨਾ ਤਾਇਆ ਨਾ ਕੋਈ ਹੋਰ ਭੈਣ ਭਰਾ। ਬਸ ਮੈਂ ਹੀ ਸਾਂ ਪ੍ਰਮੁੱਖ। ਮਾਮੇ ਉਹਦੇ ਬਾਹਰ ਸਨ ਯੂ. ਕੇ. 'ਚ। ਉਂਝ ਵੀ ਉਹਨਾਂ 'ਚ ਕੋਈ ਭਰਾਤਰੀ ਭਾਵ ਦਾ ਮਾਦਾ ਨਹੀਂ ਸੀ ਦਿਸਦਾ। ਬੱਸ ਕੁਝ ਕੁ ਅੰਗਰੇਜਾਂ ਵਾਂਗ ਖਾ ਲਿਆ ਹੱਗ ਲਿਆ, ਹੱਸ ਲਿਆ। ਗੰਭੀਰਤਾ ਤੇ ਰਿਸ਼ਤੇ-ਨਾਤਿਆਂ ਦਾ ਮੋਹ ਉਹਨਾਂ ਕੋਲੋਂ ਖ਼ਤਮ ਹੋ ਚੁੱਕਾ ਸੀ। ਮੈਨੂੰ ਯੂ. ਐੱਸ. ਏ. ਗਿਆ ਕੋਈ ਦਸ ਸਾਲ ਹੋ ਗਏ ਸਨ। ਮੈਥੋਂ ਭਾਰਤ ਆ ਨਹੀਂ ਸੀ ਹੋਇਆ। ਮੇਰੇ ਭਰਾ ਤੇ ਭਰਜਾਈ ਦੋਵੇਂ ਗੁਜ਼ਰ ਗਏ ਸਨ ਮੈਥੋਂ ਫਿਰ ਵੀ ਨਾ ਆ ਹੋਇਆ। ਦੁਹੱਥੜ ਮਾਰ ਕੇ ਰੋ ਛੱਡਿਆ। ਬਸ ਰੋਜ਼ ਰੋਜ਼ ਫ਼ੋਨ 'ਤੇ ਭਤੀਜੇ ਨੂੰ ਦਿਲਾਸਾ ਦੇ ਛੱਡਦਾ।

ਬੜਾ ਸੋਹਣਾ ਘਰ ਚੱਲ ਰਿਹਾ ਸੀ ਸ਼ਹਿਰ ਦੇ ਅਰਬਨ ਐਸਟੇਟ 'ਚ। ਇਕ ਕਨਾਲ ਦੀ ਕੋਠੀ ਸੀ। ਬੜੇ ਰੀਝਾਂ ਨਾਲ ਬਣਾਈ ਮੇਰੇ ਭਰਾ ਨੇ। ਨੌਕਰੀ ਚੰਗੀ ਸੀ। ਪਹਿਲਾਂ ਟੀ ਵੀ ਤੇ ਫਿਰ ਰੇਡੀਓ ਤੇ ਕਾਰਜਕਾਰੀ ਅਫ਼ਸਰ ਰਿਹਾ ਤੇ ਹੁਣ ਥੋੜ੍ਹਾ ਸਮਾਂ ਹੀ ਹੋਇਆ ਸੀ ਦਿੱਲੀ ਤਬਦੀਲ ਹੋਇਆ। ਰੇਡੀਓ ਦਾ ਸਹਾਇਕ ਡਾਇਰੈਕਟਰ ਬਣ ਕੇ ਗਿਆ ਸੀ। ਭਰਜਾਈ ਮੇਰੀ ਇਕ ਯੂਨੀਵਰਸਿਟੀ ਵਿਚ ਮਨੋਵਿਗਿਆਨ ਦੀ ਪ੍ਰੋਫ਼ੈਸਰ ਸੀ। ਇਕੋ ਇਕ ਮੁੰਡਾ ਹੋਣ ਕਰਕੇ ਲਾਡ ਵਿਚ ਰੱਖਿਆ ਉਹਨੂੰ। ਪੜ੍ਹ ਤਾਂ ਗਿਆ ਪਰ ਨੌਕਰੀ ਵਲ ਕੋਈ ਧਿਆਨ ਨਾ ਦਿੱਤਾ ਨਾ ਪਿਓ ਨੇ। ਮੈਂ ਕਈ ਵਾਰ ਫ਼ੋਨ ਤੇ ਗੱਲ ਕੀਤੀ ਵੀ ਸੀ, "ਕਿਤੇ ਮੁੰਡੇ ਦਾ ਜੁਗਾੜ ਕਰ ਦੇਣਾ...।"

"ਲੈ ਦੱਸ ਖਾ ਬਥੇਰਾ ਪੈਹਾ ਆਪਣੇ ਕੋਲ, ਵੱਡੀ ਕੋਠੀ ਸਾਰੀ ਦੋਹਾਂ ਦੀ ਪੈਨਸ਼ਨ ਨਹੀਂ ਮੁੱਕਣੀ, ਇਹਨੂੰ ਕੀ ਕੰਮ ਕਰਨ ਦੀ ਲੋੜ ਆ।"

ਬਸ ਇਸ ਮਾਨਸਿਕਤਾ 'ਚ ਬੈਠੇ ਮੁੰਡੇ ਨੂੰ ਮੋਹ ਦੀ ਛਾਂ 'ਚ ਬਿਠਾਈ ਰੱਖਦੇ। ਕੁਦਰਤ ਦਾ ਨੇਮ ਅਟੱਲ ਹੈ ਕਦੇ ਛਾਂ ਤੇ ਕਦੇ ਧੁੱਪ। ਬਸ ਫਿਰ ਕੀ ਸੀ ਠੰਢੀ ਛਾਂ ਅਜਿਹੀ ਗਈ ਕਿ 'ਧੁੱਪ ਦਾ ਸੂਰਜ' ਭਤੀਜੇ ਦੇ ਰਾਹਾਂ 'ਚ ਆ ਚਮਕਿਆ।

"ਹੁਣ ਕੀ ਕੀਤਾ ਜਾਵੇ?" ਮੈਨੂੰ ਤੇ ਹੋਰ ਰਿਸ਼ਤੇਦਾਰਾਂ ਨੂੰ ਚਿੰਤਾ ਖਾਣ ਲੱਗੀ।

"ਪੁੱਤਰ ਬਸ ਹੁਣ ਤੂੰ ਪਹਿਲਾਂ ਵੱਡੀ ਕੋਠੀ ਵੇਚ।" ਭਤੀਜਾ ਮੇਰੀ ਗੱਲ 'ਤੇ ਕਿੰਤੂ ਪਰੰਤੂ ਕਰਨ ਲੱਗਾ।

"ਦੇਖ ਪੁੱਤਰ ਆਪਾਂ ਏਡੀ ਵੱਡੀ ਕੋਠੀ ਕੀ ਕਰਨੀ ਆ... ਛੋਟੀ ਲਵਾਂਗੇ... ਛੇ ਸੱਤ ਮਰਲੇ ਦੀ... ਤੇ



ਬਾਕੀ ਪੈਸਾ ਜਮਾਂ ਕਰਾਦੀ... ਆਪੇ ਵਿਆਜ ਆਉਂਦਾ ਰਹੂ...।"

ਚਾਚਾ ਮੇਰਾ ਬਾਹਰ ਨਾ ਬਣੂ ਤੁਹਾਡੇ ਕੋਲ?"

ਪੁੱਤਰ ਉਹ ਵੀ ਦੇਖਦੇ ਆ ਪਹਿਲਾਂ ਆਪਾਂ ਇਹ ਵੱਡਾ ਕੰਮ ਕਰੀਏ... ਫਿਰ ਤੇਰਾ ਵਿਆਹ ਵੀ ਕਰਨੈ...।"

ਭਤੀਜੇ ਨੂੰ ਕਈ ਵਾਰ ਸਮਝਾਉਣ ਤੇ ਉਹ ਮਨ ਗਿਆ। ਕਈ ਪ੍ਰਾਪਰਟੀ ਡੀਲਰਾਂ ਨੂੰ ਜਾ ਮਿਲਣ ਲੱਗਾ। ਵੱਡੀ ਕੋਠੀ ਸੀ... ਮਹਿੰਗੇ ਥਾਂ ਤੇ...। ਡੇਢ ਦੋ ਕਰੋੜ ਰੁਪਈਆ ਵੀ ਕੋਈ ਵੱਡਾ ਬੰਦਾ ਹੀ ਖ਼ਰਚ ਸਕਦਾ।

"ਪੁੱਤਰ ਜਦੋਂ ਕੋਠੀ ਦੀ ਗੱਲ ਬਣ ਗਈ ਮੈਨੂੰ ਦੱਸ ਦਈ ਮੈਂ ਆਜੂੰ...।" ਮੈਂ ਕਈ ਵਾਰ ਫ਼ੋਨ 'ਤੇ ਭਤੀਜੇ ਨੂੰ ਕਹਿ ਚੁੱਕਾ ਸੀ। ਇੰਝ ਕੋਠੀ ਬਾਰੇ ਫ਼ੋਨ 'ਤੇ ਪੁੱਛਦਿਆਂ ਮੇਰੀ ਬਸ ਹੋ ਗਈ ਸੀ। ਕਰਦੇ ਕਰਾਉਂਦੇ ਸਾਲ ਡੇਢ ਸਾਲ ਦਾ ਸਮਾਂ ਲੰਘ ਗਿਆ।

"ਗੱਲ ਕੀ ਪੁੱਤਰ ਕਿਉਂ ਨਹੀਂ ਵਿਕਦੀ ਕੋਠੀ?"

ਇਹ ਵਾਕ ਖ਼ਬਰੇ ਮੈਂ ਕਿੰਨੀ ਵਾਰ ਫ਼ੋਨ ਤੇ ਦੁਹਰਾਇਆ ਸੀ।

"ਬਸ ਚਾਚਾ ਅਖੇ ਸਾਊਥ ਫੇਸਿੰਗ ਆ...।"

"ਅਖੇ ਫ਼ਰਸ਼ ਸੜਕ ਤੋਂ ਨੀਵਾਂ..."

"ਕੋਈ ਕਹਿੰਦਾ ਵਸਤੂ ਸ਼ਾਸ਼ਤਰ ਅਨੁਸਾਰ ਨਹੀਂ ਬਣੀ...

"ਅਖੇ ਪੁਰਾਣੀ ਬਹੁਤ ਆ...।"

ਇਹੋ ਜਿਹੇ ਫ਼ਿਕਰੇ ਭਤੀਜੇ ਨੇ ਵੀ ਹਰ ਵਾਰ ਦੁਹਰਾਏ ਸੀ।

"ਪੁੱਤਰ ਕੋਈ ਹੋਰ ਗੱਲ ਤਾਂ ਨਹੀਂ?"

ਇਕ ਅੱਧ ਵਾਰ ਮੈਂ ਇਹ ਵਾਕ ਵੀ ਕਿਹਾ ਸੀ।

"ਚਾਚਾ ਹੋਰ ਤਾਂ ਕੋਈ ਸਮੱਸਿਆ ਨਹੀਂ... ਲੋਕੀਂ ਵਹਿਮਾਂ ਭਰਮਾ 'ਚ ਪਏ ਰਹਿੰਦੇ ਆ...।"

"ਪੁੱਤਰ ਕਿਸੇ ਬਾਹਰਲੇ ਬੰਦੇ ਜਾਂ ਕਿਸੇ ਅਫ਼ਸਰ ਨੂੰ ਦੇ ਨਾਂ...।"

ਚਾਚਾ ਇਹੋ ਜਿਹੇ ਬੰਦੇ ਵੀ ਬੜੇ ਆਏ ਆ ਦੇਖਣ, ਪਰ ਬਾਅਦ 'ਚ ਦਸਦੇ ਕੁਝ ਨਹੀਂ...।" ਭਤੀਜੇ ਦੇ ਵੀ ਰਟੇ ਰਟਾਏ ਬੋਲ ਹੁੰਦੇ।

ਕੋਠੀ ਦੇ ਨਾ ਵਿਕਣ ਕਾਰਣ ਮੈਂ ਪ੍ਰੇਸ਼ਾਨ ਹੋ ਗਿਆ। ਮੈਂ ਵੀ ਅਮਰੀਕਾ ਵਿਚੋਂ ਇਕ ਦੋ ਪ੍ਰਾਪਰਟੀ ਡੀਲਰਾਂ ਨੂੰ ਫ਼ੋਨ ਕੀਤੇ। ਉਹਨਾਂ ਦਾ ਜਵਾਬ ਇਹੀ ਸੀ,"ਸਰ ਅਕਾਲੀ ਸਰਕਾਰ ਨੇ ਪ੍ਰਾਪਰਟੀ ਦਾ ਭੱਠਾ ਬਿਠਾ ਤਾ ਅਸੀਂ ਵਿਹਲੇ ਬੈਠੇ ਆ ਕੋਈ ਖ਼ਰੀਦੋ ਫਰੋਖ਼ਤ ਨਹੀਂ ਹੋ ਰਹੀ... ਕਿਤੇ ਕਾਂਗਰਸ ਰਾਜ ਆਊ ਤਾਂ ਕੰਮ ਚੱਲਣਗੇ ਮਰ ਗਏ ਅਸੀਂ ਤਾਂ...

............

ਬਸ ਫਿਰ ਜਿਹੜਾ ਇਹ ਭਤੀਜੇ ਦਾ ਫ਼ੋਨ ਆਇਆ ਇਹਨੇ ਤਾਂ ਮੈਨੂੰ ਖੁਸ਼ ਕਰ ਦਿੱਤਾ।

"ਚਾਚਾ ਜੀ ਸੁਣ ਲਈ ਰੱਬ ਨੇ... ਬਸ ਕਲ੍ਹ ਹੀ ਲਿਆ ਚਾਲੀ ਲੱਖ ਬਿਆਨਾ... ਤਿੰਨ ਮਹੀਨੇ ਦਾ ਸਮਾਂ ਲਿਆ... ਇਹ ਪ੍ਰਾਪਰਟੀ ਡੀਲਰ ਚੰਗਾ ਸੀ ਆਪਣਾ ਬੰਦਾ ...।"

"ਆਪਣਾ ਰਿਸ਼ਤੇਦਾਰ!"

"ਨਹੀਂ ਆਪਣੀ ਜ਼ਾਤ ਦਾ।"

ਜਦੋਂ ਭਤੀਜੇ ਨੇ ਇਹ ਕਿਹਾ ਤਾਂ ਮੈਨੂੰ ਵੀ ਖੁਸ਼ ਹੋ ਗਿਆ।

ਭਤੀਜੇ ਨੂੰ ਪਤਾ ਸੀ ਮੈਂ ਵੀ ਆਪਣੀ ਜ਼ਾਤ ਪ੍ਰਤੀ ਕੱਟੜ ਹਾਂ। ਉਹ ਮੈਨੂੰ ਪਹਿਲਾਂ ਵੀ ਇਹੋ ਜਿਹੀਆਂ ਗੱਲਾਂ ਦੱਸਦਾ ਹੁੰਦਾ ਸੀ। ਵਿਆਨਾ ਕਾਂਡ ਬਾਰੇ ਨਿੱਕੀ ਨਿੱਕੀ ਗੱਲ ਮੈਨੂੰ ਫ਼ੋਨ 'ਤੇ ਦੱਸਦਾ ਰਿਹਾ ਸੀ। ਦੁਆਬੇ ਵਿਚ ਦਲਿਤਾਂ ਦੀ ਸਰਦਾਰੀ ਬਾਰੇ ਹੁੱਬ ਹੁੱਬ ਕੇ ਦੱਸਦਾ ਸੀ। ਪਰ ਮੈਨੂੰ ਇਹ ਸਭ ਕੁਝ ਪਤਾ ਸੀ। ਮੇਰੇ ਅਤੇ ਮੇਰੇ ਭਰਾ ਵਿਚ ਇਹੀ ਅੰਤਰ ਸੀ। ਮੈਂ ਘੱਟ ਪੜ੍ਹਿਆ ਹੋਣ ਕਾਰਣ ਕੱਟੜਵਾਦੀ ਸਾਂ... ਤੇ ਮੇਰਾ ਭਰਾ ਐਮ. ਏ. , ਐਮ ਫਿਲ ਤੇ ਨਾਲ ਪੀਐਚ. ਡੀ. ਸੀ। ਭਾਵੇਂ ਉਹਦੇ ਅੰਦਰ ਆਪਣੀ ਜ਼ਾਤ ਦੇ ਬੰਦਿਆਂ ਪ੍ਰਤੀ ਮੋਹ ਤਾਂ ਸੀ ਪਰ ਉਹਦੀ ਦੋਸਤੀ ਦਾ ਦਾਇਰਾ ਬਹੁਤ ਵਿਸ਼ਾਲ ਸੀ। ਹਰ ਧਰਮ, ਜ਼ਾਤ, ਮਜ਼ਹਬ ਦਾ ਬੰਦਾ ਉਹਦਾ ਮਿੱਤਰ ਅਖਵਾਉਂਦਾ ਸੀ। ਜਦੋਂ ਉਹ ਜਲੰਧਰ ਰੇਡੀਓ ਸਟੇਸ਼ਨ ਤੇ ਯੁਵ ਬਾਣੀ ਪ੍ਰੋਗਰਾਮ ਦਾ ਇੰਚਾਰਜ਼ ਸੀ ਤਾਂ ਉਹਨੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਪ੍ਰੋਗਰਾਮ ਦਿੱਤੇ।

"ਅਖੇ ਤੂੰ ਕੋਈ ਰਚਨਾ ਪੜ੍ਹ ਜਾ... ਚਾਰ ਪੈਸੇ ਮਿਲ ਜਾਣਗੇ... ਤੇਰਾ ਪੜ੍ਹਾਈ ਦਾ ਖ਼ਰਚ ਨਿਕਲ ਜੂ...।"

ਇੰਝ ਉਸਨੇ ਕਈ ਵਿਦਿਆਰਥੀਆਂ ਨੂੰ ਸਾਹਿਤ ਵਾਲੇ ਪਾਸੇ ਵੀ ਲਾਇਆ। ਫਿਰ ਜਦੋਂ ਉਹ ਪੰਜਾਬੀ ਪ੍ਰੋਗਰਾਮ ਦਾ ਮੁਖੀ ਬਣਿਆ ਤਾਂ ਸਾਹਿਤ ਦੇ ਵੱਡੇ ਵੱਡੇ ਵਿਦਵਾਨ ਉਹਦੇ ਕਮਰੇ 'ਚ ਆ ਕੇ ਨਤਮਸਤਕ ਹੁੰਦੇ ਰਹੇ। ਕਈ ਵਿਦਵਾਨਾਂ ਨੇ ਭਰਾ ਦੀ ਸ਼ਖ਼ਸੀਅਤ ਉਪਰ ਅਖਬਾਰਾਂ, ਰਸਾਲਿਆਂ ਵਿਚ ਆਰਟੀਕਲ ਲਿਖੇ। ਕਿਸੇ ਨੇ ਉਸਨੂੰ 'ਸਾਂਵਲਾ ਸੂਰਜਮੁਖੀ' ਕਿਹਾ ਤੇ ਕਿਸੇ ਨੇ ਉਸਦੀ ਤਸ਼ਬੀਹ ਨਾਰੀਅਲ ਨਾਲ ਕੀਤੀ। ਕਿਸੇ ਨੇ ਉਹਨੂੰ 'ਵਗਦਾ ਦਰਿਆ' ਕਿਹਾ ਤੇ ਕਿਸੇ ਨੇ ਪੰਜਾਬੀਅਤ ਦਾ ਵਾਰਸ। ਘਰ ਦੇ ਡਰਾਇੰਗ ਰੂਮ 'ਚ ਵੱਡੇ ਭਰਾ ਦੀਆਂ ਤਿਰਕਾਰਾਂ ਵਲੋਂ ਬਣਾਈਆਂ ਪੈਂਟਿੰਗਾਂ ਵੀ ਭਰਾ ਦੀ ਵਿਦਵਤਾ ਤੇ ਮੋਹ ਦੀ ਹਾਮੀ ਭਰਦੀਆਂ ਸਨ।

ਮੈਨੂੰ ਭਤੀਜਾ ਸਮੇਂ ਸਮੇਂ ਤੇ ਘਰ ਦੀ ਸਾਰੀ ਖ਼ਬਰ ਦੱਸਦਾ ਰਿਹਾ ਸੀ। ਮੇਰੀ ਸ਼ਾਦੀ ਵੀ ਅਮਰੀਕਾ ਵਿਚ ਮੇਰੇ ਇਸ ਵੱਡੇ ਭਰਾ ਨੇ ਹੀ ਕਰਾਈ ਸੀ। ਇਕ ਪਰਵਾਸੀ ਸ਼ਾਇਰ ਜੋ ਰਵਿਦਾਸੀਆਂ ਧਰਮ ਨਾਲ ਸਬੰਧ ਰੱਖਦਾ ਸੀ ਉਹਨੂੰ ਭਾਰਤ ਆਏ ਤੇ ਮੇਰੇ ਭਰਾ ਨੇ ਕਈ ਪ੍ਰੋਗਰਾਮ ਦੇ ਦਿੱਤੇ। ਉਹ ਖੁਸ਼ ਹੋ ਗਿਆ। ਉਹ ਉਂਝ ਵੀ ਆਪਣੀ ਕੁੜੀ ਦਾ ਰਿਸ਼ਤਾ ਲੱਭਣ ਹੀ ਆਇਆ ਸੀ। ਜਦੋਂ ਮੇਰੇ ਵੱਡੇ ਭਰਾ ਨੇ ਉਹਨੂੰ ਮੇਰੀ ਦੱਸ ਪਾਈ ਤਾਂ ਉਹ ਝੱਟ ਮੰਨ ਗਿਆ। ਉਧਰੋਂ ਆਈ ਕੁੜੀ ਭਾਵ ਮੇਰੀ ਪਤਨੀ ਨੇ ਵੀ ਮੇਰੇ ਨਾਲ ਗੱਲਾਂ ਬਾਤਾਂ ਕੀਤੀਆਂ, ਮੈਂ ਉਹਨੂੰ ਪਸੰਦ ਆ ਗਿਆ। ਉਹ ਉਧਰਲੀ ਨਾਗਰਿਕ ਸੀ ਜਿਸ ਕਰਕੇ ਮੇਰਾ ਕੰਮ ਛੇ ਮਹੀਨਿਆਂ ਵਿਚ ਹੀ ਬਣ ਗਿਆ। ਅਸੀਂ ਸਾਰੇ ਇਸ ਰਿਸ਼ਤੇ ਤੇ ਬੜੇ ਖੁਸ਼ ਸਾਂ। ਛੇਤੀ ਦੀ ਅਸੀਂ ਅਮਰੀਕਾ ਪਹੁੰਚ ਗਏ ਉਥੇ ਅਸੀਂ ਡੱਟ ਕੇ ਕੰਮ ਕੀਤਾ। ਛੇਤੀ ਆਪਣਾ ਘਰ ਵੀ ਲੈ ਲਿਆ। ਇਕ ਪੁੱਤਰ ਜੰਮ ਪਿਆ।



ਬਸ ਖੁਸ਼ ਸਾਂ ਪਰ ਜੋ 'ਭਾਣਾ' ਭਾਰਤ ਵਿਚ ਵਾਪਰ ਗਿਆ ਉਸ ਨੇ ਮੇਰੇ ਮਨ 'ਚ ਬੇਤਰਤੀਬੀ ਪੈਦਾ ਕਰ ਦਿੱਤਾ।

............

ਹੁਣ ਕੋਠੀ ਦੇ ਬਿਆਨੇ ਤੋਂ ਬਾਅਦ ਮੈਂ ਛੇਤੀ ਟਿਕਟ ਬੁੱਕ ਕਰਾ ਦਿੱਤੀ। ਦਿੱਲੀ ਮੇਰਾ ਭਤੀਜਾ ਹੀ ਮੈਨੂੰ ਲੈਣ ਆਇਆ ਸੀ। ਉਹ ਤਾਂ ਖੁਸ਼ਹਾਲੀ ਦੇ ਵਾਤਾਵਰਣ 'ਚ ਰਹਿੰਦਾ ਸੀ ਪਰ ਹੁਣ ਸੁਕ ਕੇ ਤੀਲਾ ਹੋ ਗਿਆ ਸੀ। ਮੈਨੂੰ ਦੇਖ ਕੇ ਉਹ ਭੁੱਬੀ ਰੋ ਪਿਆ। ਮੇਰਾ ਹਾਲ ਵੀ ਬੁਰਾ ਸੀ।

"ਪੁੱਤਰ ਮੈਂ ਜੀਉਂਦਾ ਹੱਲੇ, ਆਹ ਕੀ ਹਾਲ ਬਣਾ ਲਿਆ?" ਜਦੋਂ ਮੈਂ ਕਿਹਾ ਤਾਂ ਕਹਿਣ ਲੱਗਾ,"ਚਾਚਾ ਮੈਨੂੰ ਨਹੀਂ ਪਤਾ ਸੀ ਮੈਂ ਇੰਝ ਅਰਸ਼ ਤੋਂ ਫਰਸ਼ ਤੇ ਆ ਜਾਊਂਗਾ....।"

ਮੈਥੋਂ ਭਤੀਜੇ ਨਾਲ ਹੋਰ ਗੱਲਾਂ ਨਾ ਹੋ ਸਕੀਆਂ। ਸ਼ਤਾਬਦੀ ਗੱਡੀ 'ਚ ਅਸੀਂ ਦੋਂਹੇ ਚੁਪ ਚਾਪ ਇਕ ਦੂਜੇ ਦੇ ਹਾਲ ਨੂੰ ਅੰਦਰੋਂ ਅੰਦਰੀਂ ਪੜ੍ਹਦੇ ਰਹੇ। ਮੇਰਾ ਸੀਨਾ ਭਤੀਜੇ ਬਾਰੇ ਸੋਚ ਸੋਚ ਛੱਲਣੀ ਹੋ ਰਿਹਾ ਸੀ। ਨਿੱਕੇ ਹੁੰਦੇ ਨੂੰ ਮੈਂ ਹੀ ਤਾਂ ਪਾਲਿਆ ਸੀ। ਭਰਜਾਈ ਤੇ ਭਰਾ ਦੋਵੇਂ ਸਰਕਾਰੀ ਨੌਕਰੀ 'ਚ ਹੋਣ ਕਾਰਣ ਭਤੀਜੇ ਰਿੰਕੂ ਦੀ ਦੇਖ ਰੇਖ ਮੇਰੇ ਹੱਥ ਸੀ। ਉਂਝ ਵੀ ਉਹ ਸਤਮਾਂਹਾ ਸੀ। ਮਸ਼ੀਨਾਂ ਵਿਚ ਰੱਖ ਰੱਖ ਕੇ ਤਾਂ ਉਹਨੂੰ ਪਾਲ਼ਿਆ ਸੀ। ਮੈਂ ਚੁਪ ਚੁਪੀਤੇ ਭਰਾ ਅਤੇ ਭਰਜਾਈ ਦੇ ਮੌਤ ਦੇ ਦਰਦ ਨੂੰ ਅੰਦਰੋਂ ਅੰਦਰੀਂ ਜ਼ਜ਼ਬ ਕਰਦਾ ਰਿਹਾ। ਘਰ ਤੱਕ ਪਹੁੰਚਦਿਆਂ ਮੈਂ ਤੇ ਭਤੀਜੇ ਨੇ ਬਹੁਤ ਥੋੜ੍ਹੀਆਂ ਗੱਲਾਂ ਕੀਤੀਆਂ। ਅਸੀਂ ਸਿੱਧੇ ਅਰਬਨ ਐਸਟੇਟ ਕੋਠੀ ਪਹੁੰਚੇ। ਮੈਂ ਜਿਉਂ ਹੀ ਡਰਾਇੰਗ ਰੂਮ 'ਚ ਵੜਿਆ ਸਾਰਾ ਕੁਝ ਉਖੜਿਆ ਉਖੜਿਆ ਪਿਆ ਸੀ।

"ਆਹ ਕੀ ਕੀਤਾ...?" ਜਦੋਂ ਮੈਂ ਇਹ ਕਿਹਾ ਤਾਂ ਭਤੀਜਾ ਕਹਿਣ ਲੱਗਾ, "ਅਇਡਾ ਵੱਡਾ ਘਰ ਮੈਨੂੰ ਖਾਣ ਨੂੰ ਪੈਂਦਾ ਮੈਨੂੰ ਤਾਂ ਮੰਮੀ ਦੀ ਯਾਦ ਬੜੀ ਆਉਂਦੀ ਆ... ਕਦੇ ਇਸ ਨੁਕਰ 'ਚ ਘੁੰਮਦੀ ਨਜ਼ਰ ਆਉਂਦੀ ਕਦੇ ਉਸ 'ਚ ... ਕੀ ਕਰਾਂ...।"

"ਅਇਥੇ ਦੋ ਵੱਡੀਆਂ ਤਸਵੀਰਾਂ ਹੁੰਦੀਆਂ ਸੀ ਕਿਥੇ ਗਈਆਂ...।"

ਭਤੀਜਾ ਕਹਿਣ ਲੱਗਾ, "ਰੰਗ ਕਰਾਉਣੈ ਜਿਹਨਾਂ ਖਰੀਦੀ ਆ... ਲਾਹ ਲਈਆਂ...।"

ਮੈਨੂੰ ਭਤੀਜੇ ਦੀ ਗੱਲ ਦਾ ਮਤਲਬ ਠੀਕ ਢੰਗ ਨਾਲ ਸਮਝ ਨਾ ਆਇਆ।

"ਮੈਂ ਪ੍ਰਾਪਰਟੀ ਡੀਲਰ ਨੂੰ ਮਿਲਣੈ...?" ਜਦੋਂ ਮੈਂ ਇਹ ਕਿਹਾ ਤਾਂ ਭਤੀਜਾ ਕਹਿਣ ਲੱਗਾ, "ਹੁਣੇ ਸੱਦਾਂ?"

"ਨਾ ਨਾ ਕੱਲ੍ਹ ਸੱਦ ਲਈ।"

"ਭਰਾ ਦੀਆਂ ਕਿਤਾਬਾਂ?" ਜਦੋਂ ਮੈਂ ਇਹ ਕਿਹਾ ਤਾਂ ਭਤੀਜਾ ਰਿੰਕੂ ਕਹਿਣ ਲੱਗਾ, "ਉਪਰ ਸਟੋਰ 'ਚ ਸਾਰੀਆਂ ਕੱਠੀਆਂ ਕਰਕੇ ਰੱਖ ਦਿੱਤੀਆਂ?"

"ਤੂੰ ਨਹੀਂ ਪੜ੍ਹਦੈ?"

"ਚਾਚਾ ਮੈਨੂੰ ਕਿਥੇ ਸ਼ੌਕ ਐ ਮੈਂ ਤਾਂ ਕਿਤੇ ਕਿਤੇ 'ਮੇਰੀ ਸਹੇਲੀ', 'ਸਖੀ, 'ਨਸ਼ੀਲੀ' ਆਦਿ ਪੜ੍ਹਦੈ...।" ਭਤੀਜਾ ਨਿਸ਼ੰਗ ਸੱਚ ਬੋਲ ਗਿਆ।

"ਉਪਰ ਚਲੀਏ ਸਟੋਰ 'ਚ।"

ਜਦੋਂ ਮੈਂ ਇਹ ਕਿਹਾ ਤਾਂ ਭਤੀਜਾ ਫਿਰ ਕਹਿਣ ਲੱਗਾ, "ਚਾਚਾ ਹੁਣ ਤਾਂ ਨੇਰ੍ਹਾ ਉਪਰ ਲੈਟ ਹੈਨੀ... ਮੈਂ ਤਿੰਨ ਫੇਜ਼ ਤੋਂ ਇਕ ਫੇਜ਼ ਕਰਾਤਾ ਸੀ। ਕੁਨੈਕਸ਼ਨ... ਮੈਂ ਤਾਂ ਆਹ ਕਮਰੇ 'ਚ ਪਿਆ ਰਹਿੰਦੈ?"

"ਕੋਈ ਉਧਰੋਂ ਆਇਆ... ਤੇਰੇ ਮਾਮਿਆ ਅਲੋਂ?"

ਆਹੋ ਮਾਮੇ ਦੀਆਂ ਕੁੜੀਆਂ ਆ ਜਾਂਦੀਆਂ ਚਿੰਤਾ ਕਰਦੀਆਂ ਸੀ ਮੇਰੀ। ਕਹਿੰਦੀਆਂ ਆਪਣੇ ਚਾਚੇ ਨਾਲ ਬਣਾ ਕੇ ਰੱਖੀਂ...।"

"ਪੁੱਤਰ ਮੈਂ ਤਾਂ ਤੇਰੇ ਅਲ੍ਹ ਉਲਰਿਆ ਪਿਐ ਸਾਰੇ ਦਾ ਸਾਰਾ।" ਜਦੋਂ ਮੈਂ ਇਹ ਕਿਹਾ ਤਾਂ ਮੇਰੀਆਂ ਅੱਖਾਂ 'ਚ ਫਿਰ ਪਾਣੀ ਆ ਗਿਆ। ਭਤੀਜਾ ਵੀ ਉਸਤੋਂ ਬਾਅਦ ਚੁਪ ਕਰ ਗਿਆ।

ਰਾਤ ਸਾਢੇ ਕੁ ਦਸ ਦਾ ਸਮਾਂ ਸੀ, ਅਸੀਂ ਦੋਹਾਂ ਨੇ ਇਧਰ ਉਧਰ ਦੀਆਂ ਗੱਲਾਂ ਮਾਰੀਆਂ। ਮੈਂ ਭਤੀਜੇ ਲਈ ਕਾਫ਼ੀ ਸਾਰਾ ਸਮਾਨ ਲਿਆਂਦਾ ਸੀ। ਐਪਲ ਦਾ ਫ਼ੋਨ । ਉਹ ਤਾਂ ਖੁਸ਼ ਹੋ ਗਿਆ। ਮੈਨੂੰ ਇਸ ਗੱਲ ਦਾ ਵੀ ਪਤਾ ਸੀ ਮਾਂ ਪਿਓ ਦੀ ਥਾਂ ਐਪਲ ਫੋਰ, ਫਾਈਵ, ਸਿਕਸ ਅਤੇ ਮਹਿੰਗੇ ਤੋਂ ਮਹਿੰਗਾ ਫ਼ੋਨ ਵੀ ਨਹੀਂ ਲੈ ਸਕਦਾ।

ਮੈਂ ਚੁਪ ਚੁਪੀਤੇ ਤੁਰ ਗਏ ਇਹਨਾਂ ਰਿਸ਼ਤਿਆਂ ਦੇ ਖ਼ਲਾਅ ਨੂੰ ਸਮਝਣ ਲੱਗਾ। ਉਦਾਸੀ, ਨਿਰਾਸ਼ਾ ਅਤੇ ਭਤੀਜੇ ਪ੍ਰਤੀ ਉਲਾਰ ਭਾਵਨਾ ਬਾਰੇ ਸੋਚਦਿਆਂ ਪਤਾ ਨਹੀਂ ਕਦੋਂ ਨੀਂਦ ਆ ਗਈ।

...............

ਸਵੇਰੇ ਅਸੀਂ ਦੋਹੇ ਦੇਰ ਨਾਲ ਉਠੇ।

"ਦੱਸ ਕੁ ਵਜੇ ਪ੍ਰਾਪਰਟੀ ਡੀਲਰ ਨੂੰ ਸੱਦ ਲੈ, ਮੈਂ ਮਿਲ ਲਵਾਂ।" ਰਿੰਕੂ ਨੂੰ ਕਹਿ ਮੈਂ ਖ਼ੁਦ ਤਿਆਰ ਬਰ ਤਿਆਰ ਹੋਣ ਲੱਗਾ। ਰਿੰਕੂ ਨੇ ਪ੍ਰਾਪਰਟੀ ਡੀਲਰ ਨੂੰ ਫ਼ੋਨ ਕਰ ਦਿੱਤਾ। ਫਿਰ ਉਹ ਮੁੜ ਮੰਜੇ ਤੇ ਲੰਮਾ ਪੈ ਗਿਆ। ਮਾਂ ਪਿਓ ਦੀ ਮੌਤ ਤੋਂ ਬਾਅਦ ਉਹਦਾ ਬਲੱਡ ਪਰੈਸ਼ਰ ਵੀ ਘਟਣ ਲੱਗ ਪਿਆ ਸੀ। ਸੁਸਤੀ ਤੇ ਨਿਰਾਸ਼ਾ ਦਾ ਆਲਮ ਉਸ ਉਪਰ ਭਾਰੂ ਹੋ ਗਿਆ ਸੀ। ਪ੍ਰਾਪਰਟੀ ਡੀਲਰ ਦੇ ਆਉਣ ਤੋਂ ਪਹਿਲਾਂ ਮੈਂ ਭਰਾ ਦੀਆਂ ਕਿਤਾਬਾਂ ਦੇਖਣ ਲਈ ਉਪਰ ਚਲਾ ਗਿਆ। ਜਿਉਂ ਹੀ ਸਟੋਰ 'ਚ ਅੰਦਰ ਵੜਿਆ ਮੈਂ ਹੈਰਾਨ ਰਹਿ ਗਿਆ। ਕਿਤਾਬਾਂ ਦਾ ਖਿਲਾਰਾ ਦੇਖ ਮੈਨੂੰ ਪ੍ਰੇਸ਼ਾਨੀ ਹੋਣ ਲੱਗੀ। ਢੇਰਾਂ ਦੀਆਂ ਢੇਰ ਪੁਸਤਕਾਂ ਇਧਰ ਉਧਰ ਖਿਲਰੀਆਂ ਪਈਆਂ ਸਨ। ਜਿਉਂ ਹੀ ਮੈਂ ਸਟੋਰ 'ਚ ਪੈਰ ਰੱਖਿਆ ਮੇਰੇ ਪੈਰਾਂ ਦੇ ਸਾਹਮਣੇ ਮਿੱਟੀ ਨਾਲ ਲਿਬੜਿਆ, ਸਿਊਂਕ ਨੇ ਖਾਧਾ ਇਕ ਥੀਸਿਜ਼ ਸੀ। 'ਰਵਿਦਾਸ ਬਾਣੀ ਦਾ ਬਿੰਬ-ਵਿਧਾਨ' ਮੈਂ ਉਹਨੂੰ ਝਾੜ ਪੂੰਝ ਕੇ ਇਕ ਅਲਮਾਰੀ ਵਿਚ ਟਿਕਾ ਦਿੱਤਾ। ਜਦੋਂ ਹੋਰ ਅਗਾਂਗ ਹੋਇਆ ਤਾਂ ਸੰਤ ਕਬੀਰ ਤੇ ਡਾ. ਅੰਬੇਡਕਰ ਦੇ ਜੀਵਨ ਨਾਲ ਜੁੜੀਆਂ ਕਈ ਪੁਸਤਕਾਂ ਹੇਠਾਂ ਡਿੱਗੀਆਂ ਵੇਖੀਆ। ਮੈਂ ਤੁਰੰਤ ਜਿੰਨੀਆਂ ਕੁ ਚੁਕ ਹੁੰਦੀਆਂ ਸਨ ਚੁਕ ਕੇ ਅਲਮਾਰੀ ਵਿਚ ਟਿਕਾ ਦਿੱਤੀਆਂ। ਉਹਨੀਂ ਪੈਰੀਂ ਮੈਂ ਵਾਪਸ ਆ ਗਿਆ।

ਕੋਈ ਸਾਢੇ ਕੁ ਦਸ ਵਜੇ ਪ੍ਰਾਪਰਟੀ ਡੀਲਰ ਘਰ ਆ ਗਿਆ। ਉਹ ਬੜਾ ਖੁਸ਼ ਸੀ। ਮੈਨੂੰ ਦੇਖ ਕੇ ਉਹਦੇ ਚਿਹਰੇ 'ਤੇ ਖੁਸ਼ੀ ਦੁੱਗਣੀ ਹੋ ਗਈ। ਉਹਨੇ ਮੈਨੂੰ ਪਿਆਰ ਨਾਲ ਜੱਫੀ ਪਾਈ ਤੇ ਨਾਲ ਹੀ ਕਹਿਣ ਲੱਗਾ, "ਭਾਜੀ ਤੁਹਾਨੂੰ ਮਿਲਣਾ ਦੀ ਬੜੀ ਤਮੰਨਾ ਸੀ ... ਤੁਸੀਂ ਆਪਣੇ ਬੰਦੇ... ਕਿਥੇ ਦੀ ਕਿਥੇ ਪਹੁੰਚ ਗਏ... ਜੇ ਮੈਂ ਸਿਸਟਮ ਨਾਲ ਨਾ ਚਲਦਾ ਕੋਠੀ ਨੀ ਵਿਕਣੀ ਸੀ... ਬਸ ਕਈ ਕੁਝ ਦੇਖਣਾ ਪੈਂਦਾ...।"



ਕੀ ਹੋਇਆ? ਕੀ ਕੀਤਾ ਤੁਸੀਂ?" ਮੈਂ ਹੈਰਾਨੀ ਨਾਲ ਪੁੱਛਿਆ।

"ਲੈਅ ਦੱਸੋ ਭਾ ਜੀ ਤੁਹਾਨੂੰ ਰਿੰਕੂ ਨੇ ਨਹੀਂ ਦੱਸਿਆ। ਬੜੇ ਲੋਕ ਕੋਠੀ ਦੇਖਣ ਆਏ... ਤੁਹਾਨੂੰ ਕੀ ਦੱਸਾਂ ਏਨੇ ਪੈਹੇ ਕੌਣ ਖਰਚ ਸਕਦਾ ਸੀ... ਉਪਰਲੀਆਂ ਜਾਤਾਂ ਦੇ ਵੀ ਆਏ... ਬਸ ਫੇ ਕੀ ਸੀ ਡਰੈਂਗ ਰੂਮ 'ਚ ਦੋਵੇਂ ਵੱਡੀਆਂ ਫੋਟੋਆਂ ਦੇਖ ਕੇ ਸਮਝ ਜਾਂਦੇ ਸਨ। ਡਾ. ਅੰਬੇਡਕਰ  ਅਤੇ ਬਾਬੇ ਰਵਿਦਾਸ ਦੀਆਂ ਤਸਵੀਰਾਂ। ਕਈ ਵਾਰ ਤਾਂ ਉਹਨਾਂ ਦੀਆਂ ਬਜ਼ੁਰਗ ਔਰਤਾਂ ਸਿੱਧਾ ਹੀ ਨਾਂਹ ਕਰ ਦਿੰਦੀਆਂ ਰਹੀਆਂ। ਪਿਛਲੀ ਵਾਰ ਜਦੋਂ ਐਸ. ਐਸ. ਪੀ ਆ ਗਿਆ ਤਾਂ ਮੈਨੂੰ ਕਹਿਣ ਲੱਗਾ, "ਯਾਰ ਚਮਾਰਾਂ-ਚੂਹੜਿਆਂ ਦੀਆਂ ਕੋਠੀਆਂ ਨਾਂ ਦਿਖਾਲ ਸਾਨੂੰ... ਸਾਡੇ ਕੋਲੋਂ ਨੀ ਰਹਿ ਹੋਣਾ... ਉਪਰਲੀ ਜ਼ਾਤ ਦੇ ਬੰਦਿਆਂ ਦੀਆਂ ਕੋਠੀਆਂ ਦਿਖਾ...।" ਪ੍ਰਾਪਰਟੀ ਡੀਲਰ ਦੀ ਨਿਸ਼ੰਗ ਗੱਲ ਸੁਣ ਮੈਂ ਹੋਰ ਪ੍ਰੇਸ਼ਾਨ ਹੋ ਗਿਆ। ਉਹ ਫਿਰ ਬੋਲਦਾ ਗਿਆ, "ਤੁਹਾਨੂੰ ਇਧਰਲਾ ਮਾਹੌਲ ਨਹੀਂ ਪਤਾ... ਹੁਣ ਜਦੋਂ ਦੀਆਂ ਫੋਟੋਆ ਲਾਹ ਕੇ ਲੁਕੋ ਦਿੱਤੀਆਂ ਤਾਂ ਜਾ ਕੇ ਸੌਦਾ ਹੋਇਆ... ਇਹ ਵੀ ਹਰਿਆਣੇ ਸਾਈਡ ਦੇ ਰਾਜਪੂਤ ਆ... ਇਹ ਕਹਿ ਪ੍ਰਾਪਰਟੀ ਡੀਲਰ ਮੈਨੂੰ ਲੈ ਕੇ ਨਾਲ ਦੇ ਕਮਰੇ ਵਿਚ ਚਲਾ ਗਿਆ। ਤਹਿ ਲਾਈਆਂ ਰਜਾਈਆਂ 'ਚੋਂ ਇਕ ਰਜਾਈ ਖੋਲਦਾ ਕਹਿਣ ਲੱਗਾ, "ਆਹ ਹੇਠਾਂ ਰੱਖੀਆਂ ਮੈਂ ਦੋਵੇਂ ਤਸਵੀਰਾ... ਆਪਾਂ ਤਾਂ ਸਭ ਜਾਣਦੇ ਆ ਇਹ ਸਾਡੇ ਰਹਿਬਰ ਆ ਪਰ ਜੀਣ ਲਈ, ਬਿਜਨਸ ਲਈ ਆਹ ਸਾਰਾ ਕੁਝ ਕਰਨਾ ਪੈਂਦਾ...

ਮੈਂ ਭਿੱਜੀਆਂ ਅੱਖਾਂ ਨਾਲ ਦੋਹਾਂ ਤਸਵੀਰਾਂ 'ਤੇ ਹੱਥ ਫੇਰਿਆ ਤੇ ਲੰਬੇ ਹਾਉਂਕੇ ਨਾਲ ਭਰਾ ਨੂੰ ਯਾਦ ਕੀਤਾ ਜਿਹਨੇ ਵੱਡੇ ਪੱਧਰ 'ਤੇ ਇਹਨਾਂ ਮਹਾਂਪੁਰਸ਼ਾਂ ਤੇ ਖੋਜ ਦਾ ਕਾਰਜ ਕੀਤਾ ਸੀ... ਤੇ ਫਿਰ ਮੈਂ ਦੋਹੇ ਤਸਵੀਰਾਂ ਅਮਰੀਕਾ ਲਿਜਾਣ ਲਈ ਅਟੈਚੀ ਵਿੱਚ ਸਾਂਭ ਲਈਆਂ।

ਪਤਾ- ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀ. ਏ. ਵੀ. ਕਾਲਜ, ਜਲੰਧਰ, (99145-65255)

ਪਰਵਾਜ਼ ਪ੍ਰਕਾਸ਼ਨ ਵਲੋਂ ਛਪ ਰਹੇ
ਦਰਸ਼ਨ ਸਿੰਘ ਦਰਸ਼ਨ
ਦੇ ਦੋ ਨਵੇਂ ਨਾਵਲ

ਧੁੱਪ ਦਾ ਸਫ਼ਰ
ਅਤੇ
ਤਪੱਸਵਣ

ਪ੍ਰਕਾਸ਼ਕ ਪਰਵਾਜ਼ ਪ੍ਰਕਾਸ਼ਨ ,ਜਲੰਧਰ

## ਕਹਾਣੀ / ਅੰਨ੍ਹੇ-ਸੁਜਾਖੇ / ਅਜਮੇਰ ਸਿੱਧੂ

ਡਾ. ਏ. ਐਸ. ਬਾਠ ਦੀ ਸੋਚ ਉਸ ਬਹੁਤ ਵੱਡੇ ਪਲੇਟਫਾਰਮ ਉੱਤੇ ਟਿਕੀ ਹੋਈ ਹੈ, ਜਿਹੜਾ ਸਕਾਟਲੈਂਡ ਦੇ ਇੰਜੀਨੀਅਰਾਂ ਨੇ ਸਮੁੰਦਰ ਵਿਚ ਬਣਾਇਆ ਹੋਇਆ ਹੈ। ਉਨ੍ਹਾਂ ਇਸ ਪਲੇਟ ਫਾਰਮ ਉੱਤੇ ਪੂਰੇ ਦਾ ਪੂਰਾ ਸ਼ਹਿਰ ਵਸਾ ਲਿਆ ਸੀ। ਇਸ ਨੂੰ ਧਰਤੀ ਤੋਂ ਰੇਲ ਅਤੇ ਸੜਕਾਂ ਨਾਲ ਵੀ ਜੋੜਿਆ ਹੋਇਆ ਹੈ। ਭੂਚਾਲ ਵੀ ਇਸ ਤੈਰਨ ਵਾਲੇ ਪਲੇਟ ਫਾਰਮ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਜਦੋਂ ਪ੍ਰਬੰਧਕੀ ਸਿੰਡੀਕੇਟ ਨੂੰ ਲਗਦਾ ਹੈ ਕਿ ਪਲੇਟ ਫਾਰਮ ਦੀ ਥਾਂ ਸਹੀ ਨਹੀਂ ਤਾਂ ਉਹ ਉਸਨੂੰ ਖਿਸਕਾ ਕੇ ਦੂਜੀ ਥਾਂ ਲੈ ਜਾਂਦੇ ਹਨ।

'ਰੋਸਲਿਨ ਇੰਸਟੀਚਿਊਟ' ਦੇ ਵਿਗਿਆਨਕਾਂ ਨੇ ਉਸ ਪਲੇਟਫਾਰਮ ਉੱਤੇ ਦਰਸ਼ਕਾਂ ਲਈ ਇਕ ਪ੍ਰਯੋਗਸ਼ਾਲਾ ਸਥਾਪਤ ਕੀਤੀ ਸੀ। ਕਈ ਸਾਲ ਇਸ ਪ੍ਰਯੋਗਸ਼ਾਲਾ ਦਾ ਇੰਚਾਰਜ ਏ. ਐਸ. ਬਾਠ ਰਿਹਾ ਸੀ। ਇਥੇ ਵਿਗਿਆਨੀ ਅਸਮਾਨੀ ਬਿਜਲੀ ਤੋਂ ਊਰਜਾ ਦਾ ਕੰਮ ਲੈਂਦੇ ਹਨ। ਜਦੋਂ ਅਕਾਸ਼ ਵਿਚ ਬੱਦਲਵਾਈ ਹੁੰਦੀ ਹੈ ਤਾਂ ਉਹ ਆਪਣਾ ਰਾਕੇਟ ਦਾਗ ਦਿੰਦੇ ਹਨ, ਜਿਹੜਾ ਆਪਣੇ ਪੰਧ ਦੇ ਰਸਤੇ ਵਿਚਲੇ ਕਣਾਂ ਨੂੰ ਚਾਰਜਤ ਕਰਦਾ ਹੋਇਆ ਬੱਦਲਾਂ ਵਿਚ ਦੀ ਲੰਘ ਜਾਂਦਾ ਹੈ। ਅਸਮਾਨੀ ਬਿਜਲੀ ਉਸੇ ਰਸਤੇ ਉੱਤੇ ਧਰਤੀ ਵੱਲ ਨੂੰ ਤੁਰ ਪੈਂਦੀ ਹੈ। ਬਿਜਲੀ ਰਾਕੇਟ ਦਾਗਣ ਵਾਲੇ ਸਥਾਨ ਤੇ ਪਏ ਉਪਕਰਣਾਂ ਉੱਤੇ ਆ ਡਿੱਗਦੀ ਹੈ। ਇਸ ਤਰ੍ਹਾਂ ਜਮ੍ਹਾਂ ਹੋਈ ਬਿਜਲੀ ਨਾਲ ਹੀ ਉਸ ਪ੍ਰਯੋਗਸ਼ਾਲਾ ਵਿਚ ਨਿਰੰਤਰ ਕੰਮ ਚਲਦਾ ਰਹਿੰਦਾ ਹੈ।

ਇਸ ਪ੍ਰਯੋਗਸ਼ਾਲਾ ਵਿਚ ਉਨ੍ਹਾਂ 'ਜੀਨ ਚਿਪ ਮਸ਼ੀਨ' ਵੀ ਰੱਖੀ ਹੋਈ ਹੈ। ਜਿਹੜੀ ਬਾਇਓ ਟੈਕਨੀਕ ਰਾਹੀਂ ਮਨੁੱਖ ਦੀ ਰਹਿੰਦੀ ਉਮਰ ਅਤੇ ਜੀਵਨ ਕਾਲ ਵਿਚ ਹੋਣ ਵਾਲੀਆਂ ਗੰਭੀਰ ਕਿਸਮ ਦੀਆਂ ਬਿਮਾਰੀਆਂ ਦੀ ਜਾਣਕਾਰੀ ਦਿੰਦੀ ਹੈ। ਇਥੋਂ ਦੇ ਵਿਗਿਆਨੀਆਂ ਨੇ ਸਮੁੰਦਰ ਦੀਆਂ ਡੂੰਘਾਈਆਂ ਵਿਚ ਸਫ਼ਰ ਕਰਨ ਵਾਲਾ ਘੋੜਾ ਵੀ ਬਣਾਇਆ ਹੋਇਆ ਹੈ। ਦਰਸ਼ਕ ਇਸ ਉਪਰ ਬੈਠ ਕੇ ਨਜ਼ਾਰਾ ਦੇਖਣ ਸਮੁੰਦਰ ਦੇ ਅੰਦਰ ਚਲੇ ਜਾਂਦੇ ਹਨ। ਉਥੇ ਸਾਹ ਲੈਣ ਲਈ ਆਕਸੀਜਨ ਦਾ ਪ੍ਰਬੰਧ ਹੁੰਦਾ ਹੈ।

ਇਸ ਭਾਰਤੀ ਵਿਗਿਆਨੀ ਦਾ ਪਿੰਡ ਪੰਜਾਬ ਵਿਚ ਹੈ। ਉਹ ਉੱਨੀ ਸੌ ਪਝੱਤਰ ਵਿਚ ਪੱਚੀ ਸਾਲ ਦੀ ਉਮਰ ਵਿਚ ਉਚੇਰੀ ਪੜ੍ਹਾਈ ਲਈ ਇੰਗਲੈਂਡ ਗਿਆ ਸੀ। ਉਸ ਪੜ੍ਹਾਈ ਪੂਰੀ ਕਰਨ ਉਪਰੰਤ ਸਕਾਟਲੈਂਡ ਦੀ ਵਿਗਿਆਨ ਸੰਸਥਾ ਵਿਚ ਵਿਗਿਆਨੀ ਦੇ ਤੌਰ 'ਤੇ ਨੌਕਰੀ ਕਰਨੀ ਸ਼ੁਰੂ ਕੀਤੀ ਸੀ। ਉਸਦਾ ਪੂਰਾ ਨਾਂ ਅਰਜਨ ਸਿੰਘ ਬਾਠ ਹੈ। ਜੈਨੇਟਿਕ ਇੰਜੀਨੀਅਰਿੰਗ ਦੇ ਖੇਤਰ ਵਿਚ ਇਸ ਵਿਗਿਆਨੀ ਦਾ ਵੱਡਾ ਨਾਂ ਹੈ, "ਰੋਸਲਿਨ ਇੰਸਟੀਚਿਊਟ' ਦੀ ਜਿਸ ਟੀਮ ਨੇ 'ਡੌਲੀ' ਨਾਂ ਦੀ ਭੇਡ ਦਾ ਕਲੋਨ ਤਿਆਰ ਕੀਤਾ ਸੀ, ਡਾ. ਏ. ਐਸ. ਬਾਠ ਉਸ ਵਿਚ ਸ਼ਾਮਿਲ ਸੀ।

ਉਹ ਆਪਣੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਪੱਕੇ ਤੌਰ 'ਤੇ ਆਪਣੇ ਪਿੰਡ ਵਿਚ ਵਸ ਗਿਆ ਹੈ। ਉਸਨੇ ਆਪਣੀ ਜ਼ਮੀਨ ਵਿਚ ਪ੍ਰਯੋਗਸ਼ਾਲਾ, ਇਕ ਹਾਲ ਅਤੇ ਉਪਰ ਰਿਹਾਇਸ਼ ਵਾਲੀ ਇਮਾਰਤ ਦੀ ਉਸਾਰੀ ਕਰਵਾਈ। ਵੱਡੀ ਗਿਣਤੀ ਵਿਚ ਛਾਂ ਦਾਰ ਦਰਖਤ, ਸੁੰਦਰ ਫੁੱਲ ਅਤੇ ਫ਼ਲਾਂ ਦੇ ਬੂਟੇ ਲਾਏ। ਇਮਾਰਤ ਦੇ ਬਾਹਰ 'ਨਿਊਟਨ ਪਾਥ' ਦੇ ਨਾਂ ਵਾਲੀ ਪਲੇਟ ਲਾ ਦਿੱਤੀ। ਉਹ ਤੇ ਉਸਦਾ ਸਹਾਇਕ ਹਮੇਸ਼ਾ ਕੰਮ ਵਿਚ ਰੁਝੇ ਰਹਿੰਦੇ। ਬੂਟਿਆਂ ਤੇ ਦਰਖ਼ਤਾਂ ਦੀ ਕੱਟ ਵੱਢ, ਸਫ਼ਾਈ ਅਤੇ ਪਾਣੀ ਆਪ ਹੀ ਲਾਉਂਦੇ। ਨੌਕਰਾਂ ਵਾਲੇ ਸਮਝੇ ਜਾਂਦੇ ਕੰਮ, ਯੂਰਪੀ ਸੁਭਾਅ ਮੁਤਾਬਕ ਉਹ ਆਪ ਹੀ ਕਰਦਾ। ਸਧਾਰਨ ਕੱਦ, ਛੀਂਟਕਾ ਸਰੀਰ ਤੇ ਲਾਲ ਦਗ਼-ਦਗ਼ ਕਰਦੇ ਚਿਹਰੇ ਤੋਂ ਉਹ ਵਲੈਤੀਆ ਲਗਦਾ। ਸੰਘਣੇ ਚਿੱਟੇ ਵਾਲਾਂ ਵਿਚ ਵੀ



ਉਹ ਫੁਰਤੀਲਾ ਜਵਾਨ ਦਿਸਦਾ ਹੈ। ਤੜਕੇ ਉੱਠ ਕੇ ਲੰਮੀ ਤੇ ਤੇਜ਼ ਤੇਜ਼ ਸੈਰ ਕਰਨੀ ਅਤੇ ਆਪਣੇ ਬਾਗ਼ ਬਗੀਚੇ ਵਿਚ ਪੁੱਜ ਕੇ ਕਸਰਤ ਕਰਨੀ ਉਸਦਾ ਨਿੱਤ ਨੇਮ ਹੈ।

ਇਕ ਦਿਨ ਉਹਨਾਂ ਦੀ ਪ੍ਰਯੋਗਸ਼ਾਲਾ ਵਿਚ ਬਹੁਤ ਸਾਰੇ ਪ੍ਰੋਫੈਸਰ, ਲੇਖਕ ਅਤੇ ਪੱਤਰਕਾਰ ਆਏ। ਆਰੀਆ ਕਾਲਜ ਦਾ ਪ੍ਰੋਫ਼ੈਸਰ ਪੁਰੀ ਵੀ ਉਨ੍ਹਾਂ ਵਿਚ ਸ਼ਾਮਿਲ ਸੀ, ਜੋ ਉਸਦਾ ਗੂੜ੍ਹਾ ਮਿੱਤਰ ਹੈ। ਬਾਠ ਦੇ ਪਿੰਡ ਦਾ ਹੀ ਐਮ. ਐਸ. ਸੀ. ਕਰ ਰਿਹਾ ਬਲਰਾਜ ਸਿੰਘ ਪ੍ਰੋਫ਼ੈਸਰ ਪੁਰੀ ਦਾ ਵਿਦਿਆਰਥੀ ਹੈ। ਪ੍ਰੋਫ਼ੈਸਰ ਸਾਹਿਬ ਨੇ ਉਸਨੂੰ ਵੀ ਪ੍ਰਯੋਗਸ਼ਾਲਾ ਸੱਦ ਲਿਆ ਸੀ। ਬਾਠ ਸਾਹਿਬ ਨੇ ਪ੍ਰੈੱਸ ਨੂੰ ਦੱਸਿਆ ਕਿ ਉਹ ਪਿੰਡ ਵਿਚ 'ਐਡਵਾਂਸਡ ਸੈੱਲ ਟੈਕਨਾਲੋਜੀ' ਸਥਾਪਤ ਕਰ ਰਹੇ ਹਨ। ਤਾਂ ਕਿ ਉਸਦੇ ਆਪਣੇ ਪਿੰਡ, ਇਲਾਕੇ, ਪੰਜਾਬ ਜਾਂ ਦੇਸ਼ ਦੇ ਨੌਜਵਾਨ ਵੀ ਵਧੀਆ ਵਿਗਿਆਨਕ ਸੋਚ ਦੇ ਧਾਰਨੀ ਬਣ ਸਕਣ ਅਤੇ ਹੋ ਸਕਦੈ ਕੁਝ ਵਿਗਿਆਨੀ ਵੀ ਬਣ ਜਾਣ। ਇਥੇ ਉਹ ਵਿਦਿਆਰਥੀਆਂ ਨੂੰ ਵਿਗਿਆਨਕ ਖੋਜਾਂ ਵਿਚ ਸ਼ਾਮਿਲ ਕਰਨਗੇ। ਵਿਗਿਆਨਕ ਮੈਗਜ਼ੀਨ 'ਨੇਚਰ' ਦਾ ਪੰਜਾਬੀ ਵਿਚ ਉਲੱਥਾ ਕਰਕੇ ਛਾਪਿਆ ਕਰਨਗੇ। ਪੰਜ ਸਾਲ ਤੱਕ ਇਹ ਪ੍ਰੋਜੈਕਟ ਸ਼ੁਰੂ ਕਰ ਦੇਣਗੇ। ਪ੍ਰੋਫ਼ੈਸਰ ਪੁਰੀ ਨੇ ਬਲਰਾਜ ਸਿੰਘ ਨੂੰ ਵੀ ਉਨ੍ਹਾਂ ਨਾਲ ਜੋੜ ਦਿੱਤਾ ਸੀ।

ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਜਦੋਂ ਤੱਕ 'ਐਡਵਾਂਸਡ ਸੈੱਲ ਟੈਕਨਾਲੌਜੀ' ਸਥਾਪਤ ਹੋਣਾ ਹੈ, ਉਦੋਂ ਤੱਕ ਉਹ ਹੋਣਹਾਰ ਵਿਦਿਆਰਥੀਆਂ ਅਤੇ ਨੌਜਵਾਨਾਂ ਵਿਚ ਵਿਗਿਆਨਕ ਚੇਤਨਾ ਪੈਦਾ ਕਰਨਗੇ। ਇਸ ਤੋਂ ਪਹਿਲਾਂ ਉਸਨੇ ਉਨ੍ਹਾਂ ਦੇ ਮਾਪਿਆਂ ਅੰਦਰ ਇਸਦਾ ਫੈਲਾਓ ਕਰਨਾ ਚਾਹਿਆ। ਇਸ ਦੀ ਸ਼ੁਰੂਆਤ ਉਸ ਆਪਣੇ ਪਿੰਡ ਤੋਂ ਹੀ ਕੀਤੀ। ਉਸਨੇ ਪੜ੍ਹੇ ਲਿਖੇ ਪੱਚੀ ਔਰਤਾਂ ਅਤੇ ਪੱਚੀ ਮਰਦ ਚੁਣੇ, ਜਿਨ੍ਹਾਂ ਦੇ ਬੱਚੇ ਵਿਦਿਆਰਥੀ ਸਨ। ਉਸਨੇ ਉਨ੍ਹਾਂ ਦੇ ਨਾਂ ਅਤੇ ਵੇਰਵੇ ਕੰਪਿਊਟਰ ਵਿਚ ਫੀਡ ਕਰ ਲਏ।

ਹਰ ਐਤਵਾਰ ਕਲਾਸ ਲਗਣੀ ਸ਼ੁਰੂ ਹੋਈ। ਇਨ੍ਹਾਂ ਐਤਵਾਰਾਂ ਨੂੰ ਉਸ ਵਿਗਿਆਨ ਕੀ ਹੈ? ਮਨੁੱਖੀ ਜੀਵਨ ਵਿਚ ਵਿਗਿਆਨ ਦੀ ਵੀ ਮਹੱਤਤਾ ਹੈ? ਵਿਗਿਆਨ ਹੀ ਕਿਉਂ ਪੜ੍ਹੀਏ? ਵਿਗਿਆਨ ਨਾਲ ਹੀ ਕਿਉਂ ਜੁੜੀਏ? ਆਦਿ ਵਿਸ਼ਿਆਂ 'ਤੇ ਚਰਚਾ ਕਰਵਾਈ। ਸਵੇਰੇ ਉੱਠਦੇ ਸਾਰ ਬੁਰਸ ਕਰਨ ਤੋਂ ਲੈ ਕੇ ਰਾਤ ਬੈੱਡ 'ਤੇ ਸੌਣ ਤੱਕ ਹਰ ਵਸਤ ਜੋ ਵਿਗਿਆਨੀਆਂ ਨੇ ਬਣਾਈ ਹੈ, ਦੀ ਵਰਤੋਂ ਬਾਰੇ ਬੜੀਆਂ ਖੁੱਲ੍ਹੀਆਂ ਅਤੇ ਬਰੀਕ ਗੱਲਾਂ ਕੀਤੀਆਂ। ਲੋਕਾਂ ਲਈ ਇਹ ਨਵੀਆਂ ਗੱਲਾਂ ਸਨ। ਉਹ ਹਰ ਵਾਰ ਨਵਾਂ ਵਿਸ਼ਾ ਛੂਹ ਲੈਂਦਾ ਅਤੇ ਪ੍ਰੋਜੈਕਟਰ ਰਾਹੀਂ ਵਿਗਿਆਨ ਦੇ ਚਮਤਕਾਰ ਪੇਸ਼ ਕਰਦਾ।

ਸਰੋਤੇ ਵੀ ਉਸਨੂੰ ਖੁਭ ਕੇ ਸੁਣਦੇ। ਉਸ ਨਾਲ ਵਿਚਾਰ ਵਟਾਂਦਰਾਂ ਕਰਨ ਲੱਗੇ। ਇਕ ਦਿਨ ਉਨ੍ਹਾਂ ਉਸਨੂੰ ਅਨੇਕਾਂ ਸਵਾਲ ਕੀਤੇ,

"ਅਸੀਂ ਮਨੁੱਖ ਕਿਉਂ ਹਾਂ? ਸ਼ੇਰ ਜਾਂ ਲੰਗੂਰ ਕਿਉਂ ਨਹੀਂ ਬਣ ਰਹੇ?

ਲੰਗੂਰ ਤੋਂ ਮਨੁੱਖ ਕਿਵੇਂ ਬਣੇ? ਹੁਣ ਲੰਗੂਰਾਂ ਤੋਂ ਮਨੁੱਖ ਕਿਉਂ ਨਹੀਂ ਬਣ ਰਹੇ? ਕੁੱਤਾ, ਬਿੱਲੀ, ਗਾਂ, ਬਲਦ... ਆਦਿ ਵੱਖ ਕਿਉਂ ਹਨ? ਜੀਵ ਮਾਸਾਹਾਰੀ ਜਾਂ ਸਾਕਾਹਾਰੀ ਕਿਉਂ ਹੁੰਦੇ ਹਨ? ਚੂਹੇ ਨੂੰ ਛੇਤੀ ਕੀਤੇ ਦਰਦ ਜਾਂ ਕੈਂਸਰ ਕਿਉਂ ਨਹੀਂ ਹੁੰਦਾ? ਸੋਹਣੀ ਜਿਹੀ ਮੋਨਾਰਕ ਤਿਤਲੀ ਕੌੜੀ ਤੇ ਜ਼ਹਿਰੀਲੀ ਕਿਉਂ ਹੁੰਦੀ ਹੈ? ਕੋਇਲ ਕਿਉਂ ਮਿੱਠਾ ਗਾਉਂਦੀ ਹੈ?"

ਉਸਨੇ ਦੱਸਿਆ ਇਸਦਾ ਰਾਜ਼ ਜੀਨੋਮ ਵਿਚ ਪਿਆ ਹੈ। ਇਸ ਨਾਲ ਸਰੀਰ ਦੀ ਬਿਮਾਰੀ, ਤੰਦਰੁਸਤੀ, ਸਹਿਣ ਸ਼ਕਤੀ, ਆਦਤਾਂ, ਸਮਰੱਥਾ ਤੇ ਯੋਗਤਾ ਆਦਿ ਦਾ ਪਤਾ ਲੱਗ ਜਾਂਦਾ ਹੈ। ਸਹਾਇਕ ਨੇ ਲੈਪਟੋਪ 'ਤੇ ਉਂਗਲੀ ਘੁਮਾਉਣੀ ਸ਼ੁਰੂ ਕੀਤੀ ਸੀ। ਪਰਦੇ ਉੱਤੇ ਜੀਵਨ ਦੀ ਬ੍ਰਹਿਮੰਡੀ ਵਰਣਮਾਲਾ ਚਮਕ ਪਈ।

ਉਸ ਦੱਸਿਆ ਜੀਨੋਮ ਦੀ ਇਹ ਲੜੀ ਲੱਭ ਜਾਣ ਨਾਲ ਵਿਗਿਆਨੀ ਨਾਮੁਰਾਦ ਬਿਮਾਰੀਆਂ ਅਤੇ ਉਨ੍ਹਾਂ ਦੇ ਇਲਾਜ਼ ਲੱਭ ਸਕਣਗੇ।

ਅੱਜ ਉਸ ਕਲੋਨ ਦੇ ਵਿਸ਼ੇ 'ਤੇ ਕਲਾਸ ਲਾਉਣੀ ਹੈ। ਜਿਸ ਵਿਗਿਆਨੀ ਨੇ ਭੇਡ, ਸੂਰ ਅਤੇ ਵੱਛੇ ਦੇ ਕਲੋਨ ਬਣਾਏ ਹੋਣ, ਉਸ ਕੋਲੋਂ ਕਲੋਨ ਬਣਾਉਣ ਦੀ ਵਿਧੀ ਸੁਣਨ ਦੀ ਸਰੋਤਿਆਂ ਵਿਚ ਬੜੀ ਉਤਸੁਕਤਾ ਹੈ। ਲੋਕ 'ਨਿਊਟਨ ਪਾਥ' ਦੇ ਹਾਲ ਅੰਦਰ ਕੁਰਸੀਆਂ 'ਤੇ ਬੈਠ ਗਏ ਹਨ। ਬਲਰਾਜ ਸਿੰਘ ਦੀ ਕੁਰਸੀ 'ਤੇ 'ਨੇਚਰ' ਮੈਗਜ਼ੀਨ ਦੀ 1998 ਵਾਲੀ ਕਾਪੀ ਪਈ ਹੈ। ਉਸਦੀ ਨਿਗਾ ਖੋਜ ਖ਼ਬਰ 'ਤੇ ਗਈ ਹੈ।

'5 ਜੁਲਾਈ 1996 ਨੂੰ ਡਾ. ਈਅਨ ਇਲਮਟ ਦੀ ਟੀਮ ਨੇ 'ਡੌਲੀ' ਨਾਂ ਦੀ ਭੇਡ ਦਾ ਕਲੋਨ ਬਣਾ ਕੇ ਦੁਨੀਆਂ ਨੂੰ ਹੈਰਾਨ ਕੀਤਾ ਸੀ। ਜਦੋਂ ਪਿਛਲੇ ਸਾਲ 27 ਫਰਵਰੀ 1997 ਨੂੰ ਇਹ ਚਮਤਕਾਰੀ ਖੋਜ ਅਸੀਂ ਛਾਪੀ ਸੀ ਤਾਂ ਬਹੁਤ ਸਾਰੇ ਲੋਕਾਂ ਨੇ ਸ਼ੰਕੇ ਪ੍ਰਗਟ ਕੀਤੇ ਸਨ। ਹੁਣ ਖ਼ਬਰ ਆਈ ਹੈ ਕਿ 'ਡੌਲੀ' ਜੁਆਨ ਹੋ ਗਈ ਹੈ। ਨੈਸ਼ਨਲ ਸਾਇੰਸ ਮਿਊਜ਼ੀਅਮ ਲੰਡਨ ਵਾਲਿਆਂ ਨੇ ਉਸ ਤੋਂ ਉੱਨ ਲਾਹ ਕੇ ਸਵੈਟਰ ਬੁਣਾਏ ਹਨ। ਨੀਲ੍ਹੇ, ਹਰੇ ਤੇ ਚਿੱਟੇ ਰੰਗ ਦਾ ਡਿਜਾਇਨ ਕੀਤਾ ਸਵੈਟਰ ਇਕ ਬਾਰ੍ਹਾਂ ਸਾਲ ਦੀ ਬਾਲੜੀ ਹੋਲੀ ਨੇ ਪਹਿਨ ਕੇ ਕੌਮੀ ਪੱਧਰ ਦਾ ਮੁਕਾਬਲਾ ਜਿੱਤਿਆ ਹੈ। ਸਵੈਟਰ ਦੀ ਬੁਣਤੀ ਵਿਚ ਖੇਤਾਂ ਵਿਚ ਚੁਗਦੀਆਂ ਦੋ ਇਕੋ ਜਿਹੀਆਂ (ਕਲੋਨ) ਭੇਡਾਂ ਵੀ ਬਣਾਈਆਂ ਹੋਈਆਂ ਹਨ।'

ਅੱਜ ਡਾ. ਏ. ਐਸ. ਬਾਠ ਨੇ ਵੀ ਉਹੋ ਜਿਹਾ ਸਵੈਟਰ ਪਹਿਨਿਆ ਹੋਇਆ ਹੈ। ਇਸ ਉੱਤੇ ਭੇਡ 'ਡੌਲੀ' ਤੇ ਉਸਦੀ ਧੀ 'ਬੌਨੀ' ਦੀ ਬੁਣਤੀ ਪਾਈ ਹੋਈ ਹੈ। ਉਹ ਬਹੁਤ ਖੁਸ਼ ਨਜ਼ਰ ਆ ਰਿਹਾ ਹੈ। ਉਸਦੇ ਸਹਾਇਕ ਨੇ ਪ੍ਰੋਜੈਕਟਰ ਔਨ ਕੀਤਾ ਹੈ। ਪਰਦੇ 'ਤੇ ਕਲੋਨ ਦੇ ਅਰਥ ਲਿਖੇ ਗਏ ਹਨ।

-'ਕਾਰਬਨ ਕਾਪੀ ਭਾਵ ਆਪਣੇ ਮਾਪੇ ਦੀ ਹੂ-ਬ-ਹੂ ਸ਼ਕਲ ਜਾਂ ਮੜੰਗਾ। ਉਸ ਪੂਰੇ ਟਾਇਮ 'ਤੇ ਆਪਣਾ ਲੈਕਚਰ ਸ਼ੁਰੂ ਕੀਤਾ ਹੈ-

"ਜਦੋਂ ਅਸੀਂ 27 ਫਰਵਰੀ,1997 ਨੂੰ 'ਡੌਲੀ' ਦਾ ਕਲੋਨ ਬਣਾਉਣ ਦੀ ਖ਼ਬਰ ਨਸ਼ਰ ਕੀਤੀ। ਉਦੋਂ ਸੰਸਾਰ ਭਰ ਦੇ ਲੋਕਾਂ ਦੇ ਕੰਨ ਸਾਡੀ ਸਕਾਟਲੈਂਡ ਦੀ ਸੰਸਥਾ 'ਰੋਸਲਿਨ ਇੰਸਟੀਚਿਊਟ' ਵੱਲ ਲੱਗ ਗਏ। ਰਾਤੋ-ਰਾਤ ਖੰਭਾਂ ਦੀ ਡਾਰ ਵਾਂਗ ਇਹ ਖ਼ਬਰ ਦੁਨੀਆਂ ਦੇ ਕੋਨੇ ਕੋਨੇ 'ਚ ਫੈਲ ਗਈ ਸੀ। ਕੀ ਭਲਾ ਕਿਸੇ ਖਾਸ ਤਰੀਕੇ ਨਾਲ ਭੇਡ ਦੀ ਪੈਦਾਇਸ਼ ਕਰਵਾਈ ਗਈ ਸੀ। ਗਾਂ, ਕਲੋਨ ਵਿਧੀ ਨਾਲ। ਜਿਵੇਂ ਗੁਲਾਬ ਦੀ ਕਲਮ ਲਗਾ ਕੇ ਗੁਲਾਬ ਦੇ ਹੋਰ ਪੌਦੇ ਤਿਆਰ ਕਰ ਲਏ ਜਾਂਦੇ ਹਨ।"

"ਇਹ ਭੇਡ ਅਤੇ ਭੇਡੂ ਦੇ ਮੇਲ ਤੋਂ ਬਿਨਾਂ ਹੀ ਪੈਦਾ ਹੋ ਗਈ ਸੀ?" ਗੁਰਵਿੰਦਰ ਸਿੰਘ ਸਵਾਲ ਪੁੱਛ ਕੇ ਬੈਠ ਗਿਆ ਹੈ।

"ਜੀ ਹਾਂ, ਬਿਨਾਂ ਮੇਲ ਤੋਂ। ਇਕ ਨਹੀਂ ਹਜ਼ਾਰਾਂ ਲੱਖਾਂ ਭੇਡਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਕਲੋਨਿੰਗ ਵਿਧੀ ਵਿਚ ਮਾਂ ਬਾਪ ਦੀ ਜ਼ਰੂਰਤ ਨਹੀਂ ਹੁੰਦੀ। ਦੋਹਾਂ ਵਿੱਚੋਂ ਇਕ ਹੀ ਔਲਾਦ ਪੈਦਾ ਕਰ ਸਕਦਾ ਹੈ।" ਬਾਠ ਸਾਹਿਬ ਦੀ ਗੱਲ ਸੁਣ ਕੇ ਸਾਰੇ ਜਣੇ ਭੁਚੱਕੇ ਰਹਿ ਗਏ ਹਨ।

"ਕੀ ਇਸ ਵਿਧੀ ਨਾਲ ਹੋਰ ਜੀਵ-ਜੰਤੂ ਵੀ ਪੈਦਾ ਕੀਤੇ ਜਾ ਸਕਦੇ ਹਨ?" ਅਮਰ ਦੀ ਪਤਨੀ ਮਨੀਸ਼ਾ ਮੁਸਕਰਾਈ ਹੈ।

"ਹਾਂ, ਬੀਬਾ। ਕੋਈ ਵੀ ਜੀਵ-ਜੰਤੂ। ਮਨੁੱਖ ਵੀ ਬਣਾਏ ਜਾ ਸਕਦੇ ਹਨ। ਤੁਸੀਂ ਕਿਸੇ ਵੀ ਔਰਤ ਜਾਂ ਮਰਦ ਦਾ ਸੈੱਲ ਲੈ ਕੇ ਉਸਦੇ ਮੁੜੰਗੇ ਦਾ ਕਲੋਨ ਤਿਆਰ ਕਰ ਸਕਦੇ ਹੋ।" ਬਾਠ ਨੇ ਸਾਹ ਲੈ ਕੇ ਗੱਲ ਅੱਗੇ



ਤੋਰੀ ਹੈ।

"ਇਕ ਵਿਚ ਦੋ ਆਪਸ਼ਨਜ਼ ਹਨ। ਜਿਸ ਵੀ ਔਰਤ ਜਾਂ ਮਰਦ ਦਾ ਹਮਸ਼ਕਲ ਤਿਆਰ ਕਰਨਾ ਹੈ। ਉਸਦੀ ਚਮੜੀ ਤੋਂ ਕੁਝ ਜਿਉਂਦੇ ਸੈੱਲ ਲੈ ਕੇ ਉਨ੍ਹਾਂ ਨੂੰ ਉਗਾਇਆ ਜਾਂਦਾ ਹੈ। ਜੇਕਰ ਤੁਸੀਂ ਦੋਹਰੀ ਸ਼ਖ਼ਸ਼ੀਅਤ ਤਿਆਰ ਕਰਨੀ ਹੈ ਤਾਂ ਇਕ ਦੇ ਸਰੀਰ ਦੇ ਸੈੱਲ ਅਤੇ ਦੂਸਰੇ ਦੇ ਦਿਮਾਗ਼ ਦੇ ਸੈੱਲ ਮਿਲਾ ਕੇ ਉਗਾਏ ਜਾਂਦੇ ਹਨ।"

ਉਹ ਮਨੀਸ਼ਾ ਵੱਲ ਵੇਖ ਮੁਸਕਰਾਇਆ ਹੈ। ਉਸਨੂੰ ਸੰਬੋਧਨ ਹੋਇਆ ਹੈ-

"ਮਸਲਨ ਜਿਸ ਬੀਬੀ ਨੇ ਸਵਾਲ ਕੀਤਾ ਹੈ। ਇਹ ਬਹੁਤ ਸੁੰਦਰ ਏ। ਮੰਨ ਲਓ ਇਸਦਾ ਦਿਮਾਗ਼ ਘੱਟ ਆ। ਪਲੀਜ਼ ਮਾਈਂਡ ਨ੍ਹੀਂ ਕਰਨਾ ਮਨੀਸ਼ਾ। ਇਹ ਬਲਰਾਜ ਸਿੰਘ ਬਾਇਓਲੋਜੀ ਵਿਚ ਮਾਸਟਰ ਕਰ ਰਹੇ ਨੇ ਪਰ ਸੋਹਣੇ ਸੁਨੱਖੇ ਨ੍ਹੀਂ ਪਰੀ ਵਰਗੀ ਬੀਬੀ ਮਨੀਸ਼ਾ ਦੇ ਚਮੜੀ ਦਾ ਸੈੱਲ ਅਤੇ ਬਲਰਾਜ ਦੇ ਦਿਮਾਗ਼ ਦਾ ਸੈੱਲ ਲੈ ਕੇ ਬਣੇ ਭਰੂਣ ਤੋਂ ਇਕ ਬਹੁਤ ਹੀ ਸੋਹਣਾ ਤੇ ਹੁਸ਼ਿਆਰ ਬੱਚਾ ਕਿਸੇ ਔਰਤ ਦੀ ਕੁੱਖ ਵਿਚ ਰੱਖ ਕੇ ਪੈਦਾ ਕੀਤਾ ਜਾ ਸਕਦਾ ਹੈ।"

"ਆਪਣੇ ਪਿੰਡ ਵਿਚ ਚਾਰ ਘਰ ਏਹੋ ਜਿਹੇ ਹਨ, ਜਿਨ੍ਹਾਂ ਦੇ ਬੱਚੇ ਨ੍ਹੀਂ ਹੋਏ। ਤੁਸੀਂ ਉਹਨਾਂ ਦੇ ਘਰ ਵਿਚ ਚਿਰਾਗ਼ ਬਾਲ਼ ਦਿਓਗੇ?" ਸ਼ਰਧਾ ਰਾਮ ਨੇ ਵਿਗਿਆਨੀ ਨੂੰ ਘੇਰਨਾ ਚਾਹਿਆ ਹੈ।

"ਦਰਅਸਲ ਕਲੋਨ ਦੀ ਖੋਜ ਅਜਿਹੇ ਲੋੜਵੰਦ ਮਾਪਿਆਂ ਲਈ ਹੋਈ ਹੈ।" ਡਾ. ਬਾਠ ਨੇ ਕਲੋਨ ਦੀ ਮਹੱਤਤਾ ਬਾਰੇ ਦੱਸਿਆ ਹੈ।

"ਇਹ ਸੰਭਵ ਹੈ ਜੀ?" ਬੈਂਕ ਮੁਲਾਜ਼ਮ ਪੁਨੀਤ ਅਜੇ ਵੀ ਸ਼ੰਕਾ ਵਿਚ ਹੈ।

"ਅਮਰੀਕੀ ਸੰਸਥਾ ਕਲੋਨਾਇਡ ਦੇ ਵਿਗਿਆਨੀਆਂ ਨੇ 'ਈਵ' ਨਾਂ ਦੀ ਕਲੋਨ ਬੇਬੀ ਪੈਦਾ ਕਰਨ ਦਾ ਐਲਾਨ ਕੀਤਾ ਸੀ ਪਰ ਸਰਕਾਰਾਂ ਨੇ ਮਨੁੱਖੀ ਕਲੋਨ ਬਣਾਉਣ 'ਤੇ ਪਾਬੰਦੀ ਲਾ ਦਿੱਤੀ ਏ।" ਬਾਠ ਸਾਹਿਬ ਨੇ ਬੋਲ ਕੇ ਕਲੋਨ ਦੀ ਵਿਧੀ ਸਮਝਾਉਣ ਲਈ ਪਰਦੇ ਵੱਲ ਮੂੰਹ ਕੀਤਾ ਹੈ। ਉਹ ਮੁੜ ਸਰੋਤਿਆਂ ਨੂੰ ਸੰਬੋਧਨ ਹੋਇਆ ਹੈ।

"ਆਉਣ ਵਾਲੇ ਸਾਲਾਂ ਵਿਚ ਵੱਡੇ ਸ਼ਹਿਰਾਂ ਵਿਚ ਪ੍ਰਯੋਗਸ਼ਾਲਾਵਾਂ ਖੁੱਲ੍ਹ ਜਾਣਗੀਆਂ, ਜਿਥੋਂ ਤੁਸੀਂ ਆਪਣੇ ਮਨਪਸੰਦ ਦੇ ਬੇਬੀ ਦੀ ਪੈਦਾਇਸ਼ ਕਰਵਾ ਸਕਦੇ ਹੋ। ਬੇਬੀ ਦੇ ਵਾਲਾਂ ਦਾ ਰੰਗ, ਉਸਦੇ ਨੈਣ-ਨਕਸ਼, ਕੱਦ... ਤੁਹਾਡੀ ਚੁਆਇਸ ਹੋਏਗੀ।" ਏ. ਐਸ. ਬਾਠ ਨੇ ਸਹਾਇਕ ਨੂੰ ਪ੍ਰੋਜੈਕਟਰ 'ਤੇ ਲਾਉਣ ਲਈ ਸੀਡੀ ਦਿੱਤੀ ਹੈ।

"ਸਰ ਕਲੋਨਿੰਗ ਨਾਲ ਮਨੁੱਖ ਦੇ ਨਿਵੇਕਲੇਪਣ ਦਾ ਵਿਨਾਸ਼ ਨ੍ਹੀਂ ਹੋ ਜਾਵੇਗਾ? ਇਹ ਖਰੀਦੀ ਜਾਂ ਵੇਚੀ ਜਾ ਸਕਣ ਵਾਲੀ ਮਨੁੱਖੀ ਜਾਇਦਾਦ ਬਰਾਬਰ ਨ੍ਹੀਂ ਹੋ ਜਾਵੇਗਾ?" ਟੈਲੀਫੋਨ ਮਹਿਕਮੇ ਦਾ ਐਸ ਡੀ ਓ ਤਸਵੀਰ ਸਿੰਘ ਨੂੰ ਮਨੁੱਖੀ ਕਦਰਾਂ ਕੀਮਤਾਂ ਦੇ ਘਾਣ ਹੋ ਜਾਣ ਦਾ ਡਰ ਲੱਗ ਰਿਹਾ ਹੈ।

"ਇਸ ਨਾਲ ਲੋਕਾਂ ਵਿੱਚੋਂ ਪਿਆਰ, ਜਜ਼ਬਾਤ ਤੇ ਮਨੁੱਖਤਾ ਅਲੋਪ ਹੋ ਜਾਣਗੇ।" ਸਕੂਲ ਅਧਿਆਪਿਕਾ ਰਵਦੀਪ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ।

"ਤੁਸੀਂ ਸਾਰੇ ਪੜ੍ਹੇ ਲਿਖੇ ਹੋ। ਵਿਗਿਆਨ ਦੇ ਚੰਗੇ ਮਾੜੇ ਦਾ ਨਿਰਣਾ ਕਰ ਸਕਦੇ ਹੋ ਕਿ ਤੁਸੀਂ ਕੀ ਰੱਖਣਾ ਹੈ ਤੇ ਕੀ ਛੱਡਣਾ ਹੈ। ਵਿਗਿਆਨ ਨੇ ਦੁਨੀਆਂ ਨੂੰ ਚਾਨਣ ਦਿੱਤਾ ਹੈ। ਤੁਹਾਨੂੰ ਅੱਖਾਂ ਦਿੱਤੀਆਂ ਹਨ।" ਬਾਠ ਸੋਚ ਸੋਚ ਕੇ ਬੋਲ ਰਿਹਾ ਹੈ।

"ਸਰਦਾਰ ਅਰਜਨ ਸਿੰਘ ਜੀ, ਕਿਉਂ ਗੱਪਾਂ ਛੱਡੀ ਜਾਂਦੇ ਓ? ... ਭਾਵੇਂ ਧਰਤੀ 'ਤੇ ਪਰਲੋ ਆ ਜਾਵੇ ਤਾਂ ਵੀ ਤੁਹਾਡੀ ਮੁਰਾਦ ਪੂਰੀ ਨ੍ਹੀਂ ਹੋਣੀ।" ਸਰਧਾ ਰਾਮ ਦੀਆਂ ਮੱਖੀ ਮੁੱਛਾਂ ਗੁੱਸੇ ਵਿਚ ਉਪਰ ਥੱਲੇ ਹੋਈਆਂ ਹਨ।

"...ਉੱਠੋ ਬਈ, ਇਸ ਝੂਠੇ ਤੇ ਮਨਮੁਖ ਬੰਦੇ ਦੇ ਕੂੜ ਪ੍ਰਚਾਰ ਮਗਰ ਨ੍ਹੀਂ ਲਗਣਾ ਚਾਹੀਦਾ। ਜਿਹੜੀ ਗੱਲ ਹੋਏ ਨ੍ਹੀਂ ਸਕਦੀ, ਉਹ ਸੁਣਨੀ ਕਿਉਂ ਐ?" ਸਰਪੰਚ ਪ੍ਰਗਟ ਸਿੰਘ ਉੱਚੀ-ਉੱਚੀ ਬੋਲਦਾ ਤੁਰ ਪਿਆ ਹੈ।

ਏ. ਐਸ. ਬਾਠ ਦੇ ਚਿਹਰੇ ਦਾ ਰੰਗ ਉੱਡ ਗਿਆ ਹੈ। ਸਰਪੰਚ ਦੇ ਮਗਰ ਹੀ ਬਾਕੀ ਔਰਤਾਂ ਮਰਦ ਵੀ ਉੱਠ ਪਏ ਹਨ। ਬਾਠ, ਉਸਦਾ ਸਹਾਇਕ, ਬਲਰਾਜ ਸਿੰਘ ਤੇ ਪੰਜ ਸੱਤ ਨੌਜਵਾਨ ਹੀ ਹਾਲ ਵਿਚ ਰਹਿ ਗਏ ਹਨ। ਉਹ ਪ੍ਰੇਸ਼ਾਨ ਹੋ ਉੱਠਿਆ ਹੈ।... ਸਹਾਇਕ ਨੇ ਉਸ ਨੂੰ ਪਾਣੀ ਪਿਲਾਇਆ ਹੈ। ਇਹ ਵਲੈਤੀਆ ਬੰਦਾ ਹੈ। ਜਲਦੀ ਹੀ ਸੰਭਲ ਗਿਆ ਹੈ।

"ਦੋਸਤੋ, ਆਪਣੇ ਲੋਕ ਤਰੱਕੀ ਨ੍ਹੀਂ ਕਰ ਸਕਦੇ। ਸਾਡਾ ਮੁਲਕ ਯੂਰਪ ਤੋਂ ਸੌ ਸਾਲ ਪਿੱਛੇ ਹੋਣਾ। ਮੈਂ ਤੁਹਾਨੂੰ ਇਕ ਘਟਨਾ ਸੁਣਾਉਣੀ ਚਾਹੁੰਨਾ-

ਭਾਰਤ ਵਿਚ ਸਾਇਕਲ ਅੰਗਰੇਜ਼ ਹਕੂਮਤ ਵੇਲੇ ਵੱਡੇ ਸ਼ਹਿਰਾਂ ਵਿਚ ਆ ਗਏ ਸਨ। ਪਿੰਡਾਂ ਵਿਚ ਤਾਂ ਕਿਸੇ ਰੱਜੇ ਪੁੱਜੇ ਦੋ ਚਾਰ ਘਰਾਂ ਵਿਚ ਹੀ ਹੁੰਦੇ ਸਨ। ਫੇਰ ਹੌਲੀ ਹੌਲੀ ਲੋਕ ਸਾਇਕਲ ਲੈਣ ਲੱਗੇ ਪਰ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੀ ਰਹੇ। 1960 ਤੱਕ ਸਾਡੇ ਪਿੰਡ ਜਾਂ ਕਿਤੇ ਆਲੇ ਦੁਆਲੇ ਦੇ ਲੋਕਾਂ ਨੇ ਕੋਈ ਔਰਤ ਸਾਇਕਲ ਚਲਾਉਂਦੀ ਨਹੀਂ ਸੀ ਦੇਖੀ। ਸਾਡੇ ਪਿੰਡ ਸਕੂਲ ਨਹੀਂ ਸੀ ਹੁੰਦਾ। ਉਦੋਂ ਅਸੀਂ ਆਪਣੇ ਨਾਲ ਦੇ ਪਿੰਡ ਬੀਬੀਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਜਾਂਦੇ ਹੁੰਦੇ ਸੀ। ਉਥੇ ਰਾਮਗੜ੍ਹ ਤੋਂ ਪੰਡਿਤ ਛੱਜੂ ਮੱਲ ਦੀ ਨੂੰਹ ਪੜ੍ਹਾਉਣ ਆਉਂਦੀ ਹੁੰਦੀ ਸੀ। ਸਾਡੀ ਇਸ ਭੈਣ ਜੀ ਦਾ ਨਾਂ ਕ੍ਰਿਸ਼ਨਾ ਦੇਵੀ ਸੀ। ਉਹ ਬਹੁਤ ਮਿਹਨਤੀ ਅਧਿਆਪਿਕਾ ਸੀ। ਉਹ ਹਰ ਰੋਜ਼ ਨਹਿਰ ਦੀ ਪਟੜੀ 'ਤੇ ਪੈਦਲ ਲਾਉਂਦੀ ਤੇ ਤੁਰ ਕੇ ਹੀ ਵਾਪਸ ਜਾਂਦੀ। ਇਕ ਦਿਨ ਪਿੰਡ ਵਿਚ ਰੌਲਾ ਪੈ ਗਿਆ ਕਿ ਰਾਮਗੜ੍ਹ ਵਾਲੀ ਭੈਣਜੀ ਸਾਇਕਲ 'ਤੇ ਸਕੂਲ ਗਈ ਹੈ। ਉਸ ਦਿਨ ਮੈਂ ਪੜ੍ਹਨ ਸਕੂਲ ਨਹੀਂ ਸੀ ਗਿਆ। ਦੁਪਹਿਰ ਵੇਲੇ ਵਡੇਰੀ ਉਮਰ ਦੇ ਬੰਦੇ ਪਿੰਡ ਦੇ ਦਰਵਾਜ਼ੇ ਕੋਲ ਬੈਠੇ ਬਹਿਸ ਕਰਦੇ ਰਹੇ ਕਿ ਗੱਲ ਸੱਚੀ ਹੈ ਜਾਂ ਝੂਠੀ? ਉਨ੍ਹਾਂ ਵਿਚ ਬਜ਼ੁਰਗ ਭਗਤਾ ਵੀ ਬੈਠਾ ਸੀ। ਉਹ ਅੱਖਾਂ ਤੋਂ ਬਿਲਕੁਲ ਅੰਨ੍ਹਾ ਸੀ। ਉਹਨੂੰ ਸਵੇਰੇ ਉਹਦਾ ਪੋਤਾ ਦਰਵਾਜ਼ੇ ਛੱਡ ਜਾਂਦਾ ਤੇ ਸ਼ਾਮਾਂ ਢਲੀਆਂ ਤੇ ਵਾਪਸ ਘਰ ਲੈ ਜਾਂਦਾ। ਜਦੋਂ ਸਕੂਲ ਵਿਚ ਛੁੱਟੀ ਦਾ ਟਾਇਮ ਹੋਇਆ, ਬਾਬੇ ਭਗਤੇ ਨੂੰ ਛੱਡ ਕੇ ਬਾਕੀ ਸਾਰਾ ਪਿੰਡ ਭੈਣਜੀ ਕ੍ਰਿਸ਼ਨਾ ਨੂੰ ਦੇਖਣ ਲਈ ਨਹਿਰ ਦੇ ਪੁਲ 'ਤੇ ਜਾ ਖੜ੍ਹਾ ਹੋਇਆ। ਲੋਕ ਕੀ ਵੇਖਦੇ ਹਨ? ਦੂਰੋਂ ਇਕ ਸਾਇਕਲ ਨਜ਼ਰੀਂ ਪਿਆ। ਉਹਦੇ ਉੱਤੇ ਔਰਤ ਬੈਠੀ ਹੋਈ ਸੀ। ਉਹ ਹੌਲੀ ਹੌਲੀ ਪੁਲ ਵੱਲ ਆ ਰਹੀ ਸੀ। ਮੈਂ ਆਪਣੀ ਭੈਣ ਜੀ ਨੂੰ ਦੇਖ ਕੇ ਓਹਲੇ ਹੋ ਗਿਆ। ਉਹ ਐਨਾ ਮੁਲੱਖ ਦੇਖ ਕੇ ਘਬਰਾ ਗਈ। ਉਹਦੇ ਸਾਇਕਲ ਨੇ ਝੋਲ ਖਾਧਾ। ਉਹ ਡਿੱਗਣ ਲੱਗੀ ਸੀ ਪਰ ਸੰਭਲ ਗਈ। ਉਹ ਅੱਧਾ ਪੈਡਲ ਮਾਰਦੀ ਸੀ। ਉਸ ਤੋਂ ਪੂਰੀ ਗਰਾਰੀ ਨਹੀਂ ਸੀ ਘੁੰਮਦੀ। ਉਹ ਲੋਕਾਂ ਵੱਲ ਬਿਨਾਂ ਦੇਖੇ, ਮੁਸਕਰਾਉਂਦੀ ਲੰਘ ਗਈ। ਉਹਦੇ ਅੰਦਰਲੀ ਘਬਰਾਹਟ ਉਹਦੇ ਚਿਹਰੇ 'ਤੇ ਸਾਫ਼ ਝਲਕਦੀ ਸੀ। ਔਰਤਾਂ-ਮਰਦਾਂ ਨੇ ਮੂੰਹਾਂ ਵਿਚ ਉਂਗਲਾਂ ਪਾਈਆਂ ਹੋਈਆਂ ਸਨ। ਮਰਦ ਔਰਤਾਂ ਬਾਰੇ ਗੱਲਾਂ ਕਰਦੇ-ਕਰਦੇ ਪਿੰਡ ਦੇ ਵੱਡੇ ਦਰਵਾਜ਼ੇ ਜਾ ਕੇ ਬਹਿ ਗਏ ਸਨ। ਬਾਬਾ ਭਗਤਾ ਭੈਣ ਜੀ ਕ੍ਰਿਸ਼ਨਾ ਵਲੋਂ ਸਾਇਕਲ ਚਲਾਉਣ ਬਾਰੇ ਜਾਣਨ ਲਈ ਕਾਹਲਾ ਸੀ।



"ਤਾਇਆ ਸੱਚੀ ਗੱਲ ਆ।" ਬਾਬੇ ਨੂੰ ਚਾਚੇ ਮੁਣਸ਼ੇ ਨੇ ਕਿਹਾ ਸੀ।

"ਸੌਰੀ ਦਿਓ, ਤੁਸੀਂ ਸਾਰੇ ਕੁਫ਼ਰ ਤੋਲਦੇ ਹੋ। ਕਦੇ ਜ਼ਨਾਨੀ ਵੀ ਸਾਇਕਲ ਚਲਾ ਸਕਦੀ ਆ? ਮੇਰੀ ਉਮਰ ਸੌ ਤੋਂ ਦੋ ਸਾਲ ਟੱਪ ਗਈ ਏ। ਪਹਿਲਾਂ ਕਦੇ ਇੱਦਾਂ ਹੋਇਆ ਨ੍ਹੀਂ। ਹੁਣ ਕਿੱਦਾਂ ਹੋ ਜੂ?" ਬਾਬੇ ਭਗਤੇ ਨੇ ਜ਼ੋਰ ਨਾਲ ਧਰਤੀ 'ਤੇ ਢਾਂਗੂੰ ਮਾਰਿਆ ਤੇ ਢਾਂਗੂੰ ਦੇ ਸਹਾਰੇ ਉਥੋਂ ਤੁਰ ਪਿਆ ਸੀ।

ਇਹ ਘਟਨਾ ਸੁਣਾਉਣ ਤੋਂ ਬਾਅਦ ਡਾ. ਏ. ਐਸ. ਬਾਠ ਦੇ ਚਿਹਰੇ 'ਤੇ ਚਿੰਤਾ ਦੀਆਂ ਰੇਖਾਵਾਂ ਡੂੰਘੀਆਂ ਹੋ ਗਈਆਂ ਹਨ। ਉਹਨੂੰ ਸ਼ਰਧਾ ਰਾਮ ਤੇ ਸਰਪੰਚ ਪ੍ਰਗਟ ਸਿੰਘ ਵਰਗੇ ਬੰਦੇ ਅੰਨ੍ਹੇ ਲੱਗੇ ਹਨ ਜੋ ਵਿਗਿਆਨ ਦੀਆਂ ਖੋਜਾਂ ਦਾ ਵਿਰੋਧ ਕਰ ਰਹੇ ਹਨ।

"ਵਿਗਿਆਨ ਹੀ ਮਨੁੱਖ ਦਾ ਸਭ ਤੋਂ ਵੱਡਾ ਤੇ ਸੱਚਾ ਦੋਸਤ ਹੈ। ਉਸਦਾ ਅੰਨ੍ਹਿਆਂ ਵਾਂਗ ਵਿਰੋਧ ਨਹੀਂ ਕਰਨਾ ਚਾਹੀਦਾ।" ਉਹ ਇਹ ਗੱਲ ਕਹਿ ਕੇ ਆਪਣੇ ਬੈੱਡ ਰੂਮ ਵਿਚ ਚਲਾ ਗਿਆ ਹੈ।

ਉਹ ਬੈੱਡ 'ਤੇ ਪਿਆ, ਸਮੁੰਦਰ ਉੱਤੇ ਬਣੇ ਸ਼ਹਿਰ ਅਤੇ ਉਥੋਂ ਵਾਲੀ ਪ੍ਰਯੋਗਸ਼ਾਲਾ ਵਿਚ ਖੁਭਿਆ ਪਿਆ ਸੀ। ਉਸਦਾ ਧਿਆਨ ਪ੍ਰਯੋਗਸ਼ਾਲਾ ਵਲੋਂ ਟੁੱਟ ਕੇ ਕਿਤਾਬਾਂ ਦੇ ਰੈਕ 'ਤੇ ਗਿਆ ਹੈ। ਉਸਨੂੰ ਐਚ. ਜੀ. ਵੈਲਜ ਦੀ ਕਹਾਣੀ 'ਦਾ ਕੌਂਨਟਰੀ ਆਫ ਬਲਾਈਂਡ' ਯਾਦ ਆਈ ਹੈ।

"ਇਸ ਕਹਾਣੀ ਦਾ ਮੁੱਖ ਪਾਤਰ ਨੂਨੇਜ਼ ਇਕ ਅਜਿਹੇ ਦੇਸ਼ ਵਿਚ ਪਹੁੰਚ ਜਾਂਦਾ ਹੈ, ਜਿਹੜਾ ਸੰਸਾਰ ਦੇ ਬਾਕੀ ਮੁਲਕਾਂ ਨਾਲੋਂ ਕੱਟਿਆ ਹੋਇਆ ਹੈ ਅਤੇ ਇਸ ਦੇਸ਼ ਦੇ ਸਭ ਵਸਨੀਕਾਂ ਦੇ ਅੱਖਾਂ ਨਹੀਂ ਸਨ। ਨੂਨੇਜ਼ ਉਸ ਦੇਸ਼ ਦਾ ਰਾਜਾ ਬਣਨ ਦਾ ਸੁਪਨਾ ਲੈਣ ਲਗਦਾ ਹੈ ਅਤੇ ਮਦੀਨੋ ਸਰੋਤ ਨਾਂ ਦੀ ਅਤਿ ਸੁੰਦਰ ਲੜਕੀ ਨਾਲ ਪਿਆਰ ਕਰਨ ਲਗਦਾ ਹੈ। ਬਿਨ ਅੱਖਾਂ ਤੋਂ ਇਹ ਲੜਕੀ ਵੀ ਉਸਨੂੰ ਚਾਹੁਣ ਲਗਦੀ ਹੈ। ਨੂਨੇਜ਼ ਜਦੋਂ ਰੋਸ਼ਨੀ, ਅੱਖਾਂ, ਨਿਗ੍ਹਾ ਸੂਰਜ, ਫੁੱਲ੍ਹਾਂ, ਬੱਦਲ, ਤਾਰੇ, ਚਿਹਰਾ, ਬੁੱਲ੍ਹ, ਹੱਥ, ਹਨੇਰੇ... ਦੀ ਗੱਲ ਕਰਦਾ ਹੈ ਤਾਂ ਕਬੀਲੇ ਵਾਲਿਆਂ ਨੂੰ ਅਚੰਭਾ ਲਗਦਾ ਹੈ। ਉਨ੍ਹਾਂ ਲਈ ਇਹ ਨਵੇਂ ਸ਼ਬਦ ਹਨ। ਉਨ੍ਹਾਂ ਨੂੰ ਇਹ ਬੰਦਾ ਅਸਧਾਰਨ ਸ਼ਕਤੀਆਂ ਦਾ ਮਾਲਕ ਲਗਦਾ ਹੈ। ਉਹ ਸੋਚਦੇ ਹਨ ਕਿ ਜੇਕਰ ਇਸ ਨੂੰ ਰਾਜਾ ਬਣਾ ਦਿੱਤਾ ਜਾਵੇ ਤਾਂ ਇਹ ਕਬੀਲੇ ਲਈ ਚੰਗਾ ਹੋਏਗਾ। ਜਦੋਂ ਉਹ ਕਹਿੰਦਾ ਹੈ ਕਿ ਉਹ ਦੇਖ ਸਕਦਾ ਹੈ... ਉਹ ਚੀਜ਼ਾਂ ਨੂੰ ਦੇਖ ਦੇਖ ਦਸਦਾ ਹੈ ਤਾਂ ਕਬੀਲੇ ਵਾਲੇ ਫ਼ੈਸਲਾ ਕਰਦੇ ਹਨ ਕਿ ਜੇਕਰ ਉਹ ਨਾਲ ਵਿਆਹ ਕਰਵਾਉਣਾ ਹੈ ਤਾਂ ਕਬੀਲੇ ਦਾ ਡਾਕਟਰ ਉਸਦੀਆਂ ਅੱਖਾਂ ਦਾ ਉਪਰੇਸ਼ਨ ਕਰਕੇ ਉਸਦੀ ਨਿਗ੍ਹਾ ਖਤਮ ਕਰ ਦੇਵੇਗਾ। ਲੜਕੀ ਦੇ ਪਿਆਰ ਖ਼ਾਤਿਰ ਉਹ ਇਹ ਕੁਰਬਾਨੀ ਕਰਨ ਲਈ ਤਿਆਰ ਵੀ ਹੋ ਜਾਂਦਾ ਹੈ। ਜਿਸ ਦਿਨ ਉਸਦੀ ਅੱਖਾਂ ਦੀ ਰੋਸ਼ਨੀ ਖੋਹੀ ਜਾਣੀ ਸੀ, ਉਸ ਤੋਂ ਇਕ ਦਿਨ ਪਹਿਲਾਂ ਉਹ ਲੜਕੀ ਦਾ ਸਾਥ ਮਾਣਦਾ ਹੋਇਆ ਡੁੱਬਦੇ ਸੂਰਜ ਨੂੰ ਦੇਖ ਰਿਹਾ ਹੁੰਦਾ ਹੈ। ਕੁਦਰਤ ਦੇ ਇਸ ਨਜ਼ਾਰੇ ਨੂੰ ਦੇਖਦੇ ਸਮੇਂ ਉਸਦਾ ਆਪਣੀ ਪ੍ਰੇਮਿਕਾ ਨਾਲ ਪਿਆਰ ਘਟਣ ਲਗਦਾ ਹੈ ਅਤੇ ਸੂਰਜ ਦੀ ਰੋਸ਼ਨੀ ਦਾ ਜਲਵਾ ਵੱਡਾ ਹੁੰਦਾ ਜਾਂਦਾ ਹੈ। ਉਹ ਅੱਖਾਂ ਦੀ ਨਿਗ੍ਹਾ ਨਾ ਗੁਆਉਣ ਦਾ ਫ਼ੈਸਲਾ ਕਰਦਾ ਹੈ। ਕਬੀਲੇ ਅਤੇ ਪ੍ਰੇਮਿਕਾ ਵੱਲ ਪਿੱਠ ਕਰਕੇ ਰੋਸ਼ਨੀ ਵੱਲ ਮੂੰਹ ਕਰ ਲੈਂਦਾ ਹੈ।"

ਹੁਣ ਡਾ. ਏ. ਐਸ. ਬਾਠ ਸੋਚ ਰਿਹਾ ਹੈ, ਉਹ ਕੀ ਕਰੇ? ਕਿਥੇ ਜਾਵੇ? ਨੂਨੇਜ਼ ਤਾਂ ਕਬੀਲੇ ਵਾਲਿਆਂ ਤੋਂ ਬਚ ਕੇ ਭੱਜ ਆਇਆ ਸੀ। ਉਹ ਆਪਣੀ ਰੋਸ਼ਨੀ ਦਾ ਕੀ ਕਰੇ? ਦੁਨੀਆਂ ਦੇ ਵੱਖ ਵੱਖ ਮੁਲਕਾਂ ਨੇ ਵਿਗਿਆਨ ਦੇ ਖੇਤਰ ਵਿਚ ਬੇਮਿਸਾਲ ਤਰੱਕੀ ਕੀਤੀ ਹੈ ਪਰ ਉਸਦੇ ਆਪਣੇ ਦੇਸ਼ ਦੇ ਬਹੁਤੇ ਵਾਸੀ ਮਦੀਨੋ ਸਰੋਤ ਦੇ ਕਬੀਲੇ ਵਾਂਗ ਜੀਅ ਰਹੇ ਹਨ। ਉਹ ਇਨ੍ਹਾਂ ਸੋਚਾਂ ਵਿਚ ਡੁੱਬਿਆ ਵਾਪਸ ਸਕਾਟਲੈਂਡ ਜਾਣ ਦਾ ਫ਼ੈਸਲਾ ਕਰਦਾ ਹੈ।

ਸੰਪਰਕ-94630-63990,

## ਕਹਾਣੀ / ਦਿਲ ਤੋ ਬੱਚਾ ਹੈ.... / ਅਜਾਇਬ ਸਿੰਘ ਚੱਠਾ

ਜਰਨੈਲ ਸਿੰਘ ਚੀਮਾ ਦੇ ਸੈੱਲ ਫੋਨ ਤੇ ਨੌਂ ਵੱਜ ਕੇ ਪੰਦਰਾਂ ਮਿੰਟ ਤੇ ਘੰਟੀ ਵੱਜੀ। ਇਕ ਔਰਤ ਦੀ ਅਵਾਜ਼ ਆਈ ਕਿ ਤੁਸੀਂ ਮਲਸੀਆਂ ਤੋਂ ਬੋਲ ਰਹੇ ਹੋ? 'ਹਾਂ' ਕਹਿਣ ਤੇ ਉਸ ਨੇ ਪੁੱਛਿਆ ਕਿ ਤੁਸੀਂ ਜਰਨੈਲ ਸਿੰਘ ਚੀਮਾ ਹੋ। ਹਾਂ ਕਹਿਣ ਤੇ ਕਹਿਣ ਲੱਗੀ ਕਿ ਮੈਂ ਤੁਹਾਡਾ ਫੋਨ ਨੰਬਰ ਅਖ਼ਬਾਰ ਵਿਚ ਲਿਖਿਆ ਪੜ੍ਹਿਆ ਸੀ ਕਿ ਤੁਸੀਂ ਪੰਜਾਬ ਆਏ ਹੋ। ਪੁੱਛਣ ਤੇ ਬੋਲੀ ਕਿ ਮੈਂ ਆਦਮਪੁਰ ਤੋਂ ਬੋਲ ਰਹੀ ਹਾਂ। ਅੱਗੋਂ ਬੋਲੀ ਕਿ ਮੈਂ ਮਲਸੀਆਂ ਤੋਂ ਹਾਂ। ਜਰਨੈਲ ਸਿੰਘ ਨੇ ਨਾਮ ਪੁੱਛਿਆ ਤਾਂ ਉਸ ਕਿਹਾ ਕਿ ਉਹ ਆਤਮਾ ਸਿੰਘ ਦੀ ਲੜਕੀ ਹੈ। ਤੇਜੀ ਨਾਲ ਜਰਨੈਲ ਸਿੰਘ ਦਾ ਦਿਮਾਗ਼ ਘੁੰਮ ਗਿਆ।

"ਰਵਿੰਦਰ ਤੂੰ?"

"ਹਾਂ ਮੈਂ ਤੇ ਤੁਹਾਨੂੰ ਤਿੰਨ ਦਿਨ ਪਹਿਲਾਂ ਵੀ ਫੋਨ ਕੀਤਾ ਸੀ ਪਰ ਤੁਹਾਡੀ ਅਵਾਜ਼ ਪਛਾਣ 'ਚ ਨਹੀਂ ਆਈ...ਮੈਂ ਕਿਹਾ ਸੀ ਤੁਸੀਂ ਪੂਨੀਆ ਪਿੰਡ ਤੋਂ ਬੋਲ ਰਹੇ ਹੋ? ਅੱਜ ਫੇਰ ਹੌਸਲਾ ਕਰ ਕੇ ਤੁਹਾਨੂੰ ਫੋਨ ਕੀਤਾ ਹੈ।"

ਜਰਨੈਲ ਸਿੰਘ ਨੂੰ ਯਾਦ ਆਇਆ ਕਿ ਤਿੰਨ ਦਿਨ ਪਹਿਲਾਂ ਕਿਸੇ ਔਰਤ ਨੇ ਪੂਨੀਆ ਪਿੰਡ ਦਾ ਜਿਕਰ ਕੀਤਾ ਸੀ।

ਜਰਨੈਲ ਸਿੰਘ ਬੋਲਿਆ, "ਰਵਿੰਦਰ ਮੈਂ ਤੈਨੂੰ ਪਿਛਲੇ ਦਸ ਸਾਲ ਤੋਂ ਦੇਖਣ ਨੂੰ ਤਰਸ ਤੇ ਸੋਚ ਰਿਹਾ ਸੀ। ਮੈਂ ਆਪਣੇ ਦੋਸਤ ਨੂੰ ਯੂ.ਐਸ.ਏ. ਤੋਂ ਵੀ ਫੋਨ ਕੀਤਾ ਸੀ ਕਿ ਕਿਸੇ ਤਰੀਕੇ ਨਾਲ ਉਹ ਮੈਨੂੰ ਮਿਲਾ ਦੇਵੇ। ਪਰ ਕੋਈ ਬਹਾਨਾ ਤੇ ਮੌਕਾ ਨਹੀਂ ਸੀ ਮਿਲਿਆ। ਦੋਸਤ ਕਹਿੰਦਾ ਸੀ ਸਮਾਂ ਜਿਆਦਾ ਹੋ ਗਿਆ। ਸ਼ਾਇਦ ਰਵਿੰਦਰ ਤੈਨੂੰ ਯਾਦ ਵੀ ਨਾ ਕਰਦੀ ਹੋਵੇ। ਮਿਲਣ ਦਾ ਕੀ ਫਾਇਦਾ। ਕਹਿੰਦਾ ਸੀ ਕਿ ਤੂੰ ਸ਼ਾਦੀ ਸ਼ੁਦਾ ਹੈ ਦੋ ਪੁੱਤਰ ਹਨ, ਭੁੱਲ ਜਾ ਉਸ ਨੂੰ।" ਜਰਨੈਲ ਬੋਲਦਾ ਰਿਹਾ "ਰਵਿੰਦਰ ਮੈਂ ਤੈਨੂੰ ਮਿਲਣਾ ਚਾਹੁੰਦਾ ਹਾਂ।"

ਰਵਿੰਦਰ ਬੋਲੀ, "ਮੈਂ ਨਹੀਂ ਚਾਹੁੰਦੀ ਕਿ ਤੂੰ ਮੈਨੂੰ ਮਿਲੇਂ ਤੇ ਦੇਖੇਂ- ਮੇਰੀ ਸਿਹਤ ਖਰਾਬ ਹੋ ਚੁੱਕੀ ਹੈ। ਤੈਨੂੰ ਨਿਰਾਸ਼ਤਾ ਹੋਵੇਗੀ।"

ਜਰਨੈਲ ਬੋਲਿਆ, "ਰਵਿੰਦਰ ਮੈਂ ਤੈਨੂੰ 40 ਸਾਲ ਤੋਂ ਦੇਖਿਆ ਵੀ ਨਹੀਂ। ਤੂੰ ਮੇਰਾ ਪਹਿਲਾ ਪਿਆਰ ਹੈਂ...ਮੈਂ ਤਾਂ ਤੈਨੂੰ ਮਰੀ ਹੋਈ ਨੂੰ ਵੀ ਵੇਖਣਾ ਪਸੰਦ ਕਰਾਂਗਾ...ਜ਼ਰੂਰ ਮਿਲ ਪਲੀਜ਼।"

ਰਵਿੰਦਰ ਨੇ ਦੱਸਿਆ ਕਿ ਉਸ ਦੇ ਦੋ ਬੱਚੇ ਹਨ। ਲੜਕਾ 26 ਸਾਲ ਤੇ ਲੜਕੀ 24 ਸਾਲ..ਦੋਨੋ ਅਜੇ ਵਿਆਹੇ ਨਹੀਂ।

ਜਰਨੈਲ ਨੇ ਕਿਹਾ ਕਿ ਮੈਂ ਤੇਰੀ ਵਿਆਹੁਤਾ ਜ਼ਿੰਦਗੀ ਖਰਾਬ ਨਹੀਂ ਕਰਨੀ। ਆਪਣੇ ਪਹਿਲੇ ਪਿਆਰ ਦਾ ਰਿਸ਼ਤਾ ਪਵਿੱਤਰ ਹੈ। ਵਿਆਹ ਇਸ ਕਰ ਕੇ ਨਹੀਂ ਹੋ ਸਕਿਆ ਸੀ ਕਿ ਦੋਨੋ ਇਕੋ ਪਿੰਡ ਦੇ ਸੀ ਅਤੇ ਦੋਹਾਂ ਦੀਆਂ ਜਾਤਾਂ ਵੱਖਰੀਆਂ ਸਨ। ਜਰਨੈਲ ਜੱਟ ਅਤੇ ਰਵਿੰਦਰ ਛੀਂਬਿਆਂ ਦੀ ਕੁੜੀ ਸੀ।

ਰਵਿੰਦਰ ਨੇ ਕਹਿ ਦਿੱਤਾ ਕਿ ਕੱਲ੍ਹ ਇਸੇ ਸਮੇਂ ਆ ਜਾਵੀਂ ਬੱਚੇ ਨੌਕਰੀਆਂ ਤੇ ਗਏ ਹੋਣਗੇ। ਪਤੀ ਘਰ ਨਹੀਂ ਹੋਵੇਗਾ। ਲਾਗੇ ਆ ਕੇ ਫੋਨ ਕਰ ਲਵੀਂ ਮੈਂ ਡਾਇਰੈਕਸ਼ਨ ਦੇ ਦੇਵਾਂਗੀ।

ਫੋਨ ਬੰਦ ਹੋ ਗਿਆ ਤੇ ਜ਼ਿੰਦਗੀ ਦੀ 42 ਸਾਲ ਪਿਛਲੀ ਰੀਲ ਘੁੰਮੀ। 42 ਸਾਲ ਪਹਿਲਾਂ ਜਦ ਉਹ ਉਹ 17-18 ਸਾਲ ਦਾ ਸੀ ਅਤੇ ਨਕੋਦਰ ਕਾਲਜ ਪੜ੍ਹਦਾ ਸੀ। ਇਕ ਸਵੇਰ ਮਲਸੀਆਂ ਬੱਸ ਅੱਡੇ 'ਤੇ ਜਰਨੈਲ ਕਾਲਜ ਜਾਣ ਲਈ ਖੜ੍ਹਾ ਸੀ ਕਿ ਰਵਿੰਦਰ ਆਪਣੇ ਭੂਆ ਦੇ ਪਿੰਡ ਜਾਣ ਲਈ ਬੱਸ ਦੀ ਉਡੀਕ ਕਰ ਰਹੀ ਸੀ। ਕਾਲਜ ਦੇ ਮੁੰਡਿਆਂ ਨੂੰ ਖੜ੍ਹੇ ਵੇਖ ਕੇ ਬੱਸਾਂ ਖੜ੍ਹਦੀਆਂ ਨਹੀਂ ਸਨ। ਬੱਸ ਆਈ, ਰੁਕੀ ਨਹੀਂ। ਜਰਨੈਲ ਖਿਡਾਰੀ ਸੀ। ਤੇਜ ਦੌੜ ਕੇ ਬੱਸ ਤੇ ਚੜ੍ਹ ਗਿਆ। ਰਵਿੰਦਰ ਖੜ੍ਹੀ ਦੇਖਦੀ ਰਹੀ। ਦੂਜੇ ਦਿਨ



ਜਰਨੈਲ ਨਕੋਦਰ ਬੱਸ ਅੱਡੇ ਤੇ ਪਿੰਡ ਜਾਣ ਲਈ ਬੱਸ ਉਡੀਕ ਰਿਹਾ ਸੀ। ਅਚਾਨਕ ਉਸ ਦਾ ਸੱਜਾ ਗੁੱਟ ਕਿਸੇ ਕੋਮਲ ਹੱਥਾਂ ਨੇ ਫੜ ਕੇ ਪੁਛਿਆ, "ਜਰਨੈਲ, ਆਪਣੇ ਪਿੰਡ ਨੂੰ ਜਾਣ ਵਾਲੀ ਬੱਸ ਕਦ ਆਵੇਗੀ।"

ਘੁੰਮ ਕੇ ਵੇਖਿਆ ਤੇ ਰਵਿੰਦਰ ਦੇ ਹੱਥ ਵਿਚ ਉਸ ਦਾ ਗੁੱਟ ਸੀ। ਉਸ ਦੌਰ ਵਿਚ ਕਿਸੇ ਕੁੜੀ ਦੀ ਐਨੀ ਜ਼ੁਅਰਤ ਨਹੀਂ ਸੀ ਹੁੰਦੀ ਕਿ ਉਹ ਕਿਸੇ ਜਨਤਕ ਜਗ੍ਹਾ ਤੇ ਹਾਣ ਦੇ ਮੁੰਡੇ ਦਾ ਇੰਝ ਹੱਥ ਫੜ ਸਕੇ। ਜਰਨੈਲ ਦਾ ਤ੍ਰਾਹ ਨਿਕਲ ਗਿਆ। ਬੱਸ ਆਈ ਇਕੱਠਿਆਂ ਸੀਟਾਂ ਤੇ ਬੈਠ ਗਏ।

"ਤੂੰ ਬਹੁਤ ਤੇਜ ਦੌੜਦਾ ਏਂ। ਬੱਸ ਮਗਰ ਦੌੜਿਆ ਨਾ ਕਰ।" ਉਸ ਨੇ ਬੱਸ ਐਨਾ ਕਿਹਾ ਤੇ ਫਿਰ ਬਸ ਵਿਚ ਬੈਠੇ ਦੋਨਾਂ ਨੇ ਚੁੱਪ ਚਾਪ ਸਫਰ ਕੀਤਾ।

ਜਰਨੈਲ ਨੇ ਹਿੰਮਤ ਕਰ ਕੇ ਰਵਿੰਦਰ ਨੂੰ ਏਨਾ ਹੀ ਪੁਛਿਆ ਕਿ ਜਸਵੰਤ ਸਿੰਘ ਕੰਵਲ ਦਾ 'ਪਾਲੀ' ਨਾਵਲ ਹੈਗਾ?

"ਹਾਂ, ਪਰ ਮੈਂ ਆਪਣੇ ਬਾਪੂ ਤੋਂ ਚੋਰੀ ਪੜ੍ਹਦੀ ਹੁੰਦੀ ਹਾਂ।" ਉਹਨਾਂ ਦਿਨਾਂ ਵਿਚ ਰਵਿੰਦਰ ਦਾ ਅਨਪੜ੍ਹ ਬਾਪ ਅਜਿਹੇ ਨਾਵਲ ਪੜ੍ਹਨ ਨਹੀਂ ਸੀ ਦਿੰਦਾ।

ਅਗਲੇ ਦਿਨ ਅੱਖ ਬਚਾ ਕੇ ਜਰਨੈਲ ਰਵਿੰਦਰ ਕੋਲੋਂ 'ਪਾਲੀ' ਨਾਵਲ ਲੈ ਆਇਆ। ਆਪਣੇ ਐਕਸਪਰਟ ਦੋਸਤ ਕੋਲੋਂ ਪ੍ਰੇਮ ਪੱਤਰ ਲਿਖਾ ਕੇ ਪਾਲੀ ਨਾਵਲ ਵਿਚ ਰੱਖ ਕੇ ਮੋੜ ਦਿੱਤਾ। ਰਵਿੰਦਰ ਨੇ ਇਕ ਹਫਤਾ ਬਿਨਾ ਕਿਤਾਬ ਖੋਲ੍ਹੇ ਰੱਖ ਲਈ। ਜਰਨੈਲ ਮੋੜਵੇਂ ਖ਼ਤ ਦੀ ਉਡੀਕ ਕਰਦਾ ਰਿਹਾ। ਪ੍ਰੇਮ ਪੱਤਰ ਦੀ ਆਖਰੀ ਲਾਈਨ ਯਾਦ ਕਰ ਛੱਡਦਾ ਜਿਸ ਵਿਚ ਲਿਖਿਆ ਸੀ, "ਜੇਕਰ ਤੂੰ ਪਿਆਰ ਲਈ ਹਾਂ ਨਾ ਕੀਤੀ ਤਾਂ ਮੈਂ ਤੇਰੇ ਕਦਮਾਂ ਤੋਂ ਦੂਰ ਹਟ ਜਾਵਾਂਗਾ ਪਰ ਤੂੰ ਇਸ ਬਦਨਸੀਬ ਨੂੰ ਯਾਦ ਕਰ ਲਿਆ ਕਰੀਂ ਜਿਸ ਨੇ ਤੈਨੂੰ ਪਿਆਰ ਕੀਤਾ ਸੀ ਜਿਸ ਨੂੰ ਤੂੰ ਠੁਕਰਾ ਦਿਤਾ ਸੀ।"

ਅੱਜ 42 ਸਾਲ ਬਾਅਦ ਜਰਨੈਲ ਦੇ ਦਿਮਾਗ ਵਿਚ ਉਹ ਸਭ ਰੀਲ੍ਹ ਵਾਂਗ ਚੱਲ ਰਿਹਾ ਸੀ। ਚਿੱਠੀਆਂ ਦੀ ਅਦਲਾ ਬਦਲੀ, ਨਿਕੀਆਂ ਨਿਕੀਆਂ ਮੁਲਾਕਾਤਾਂ। ਗਿਫਟ ਐਕਸਚੇਂਜਜ਼, ਪੈੱਨ, ਰੁਮਾਲ, ਸੋਨੇ ਦੀ ਮੁੰਦੀ ਜੋ ਰਵਿੰਦਰ ਨੇ ਜਰਨੈਲ ਨੂੰ ਦਿੱਤੀ। ਰਵਿੰਦਰ ਦਾ ਭਰਾ ਯੂ. ਐਸ. ਏ. ਤੋਂ ਆਉਣ ਕਰ ਕੇ ਉਸ ਵਿਚ ਗਿਫਟ ਦੇਣ ਦੀ ਸਮਰਥਾ ਤੇ ਦਲੇਰੀ ਜਿਆਦਾ ਸੀ। ਮੁਹੱਲੇ ਪਿੰਡ ਵਿਚ ਮਿਲਣ ਦੇ ਚਰਚੇ, 8 ਫੁੱਟੀ ਕੰਧ ਸਕਿੰਟਾਂ ਵਿਚ ਟਪਣੀ, ਇਕ ਵਾਰ ਗੁਆਂਢੀ ਦਾ ਚੋਰ ਚੋਰ ਦਾ ਰੌਲਾ ਪਾਉਣਾ, ਤਾਕੀ ਰਾਹੀਂ ਲੰਮੀ ਸੋਟੀ ਨਾਲ ਰਵਿੰਦਰ ਨੂੰ ਉਠਾਉਣ ਦੀ ਕੋਸਿਸ਼ ਵਿਚ ਸੋਟੀ ਰਵਿੰਦਰ ਦੀ ਬੀਬੀ ਨੂੰ ਲੱਗਣੀ। ਇਕ ਰਾਤ ਜਰਨੈਲ ਨੇ ਬਾਪ ਨੇ ਖਾਲੀ ਮੰਜਾ ਵੇਖਣਾ ਅਤੇ ਫਿਰ ਸਵੇਰ ਨੂੰ ਜਰਨੈਲ ਦੀ ਮਾਂ ਨੂੰ ਨਿਹੋਰਾ ਮਾਰਨਾ ਕਿ 'ਤੇਰੇ ਪੁੱਤ ਨੇ ਸਾਰੇ ਪਿੰਡ ਵਿਚ ਮੇਰਾ ਨਾਂ ਬਦਨਾਮ ਕਰਾ ਦਿੱਤਾ ਤੇ ਅੱਗੋਂ ਜਰਨੈਲ ਦੀ ਮਾਂ ਵਲੋਂ ਨਿਹੋਰੇ ਦੇ ਜਵਾਬ ਵਿਚ ਆਖਣਾ ਕਿ 'ਜਦ ਪਿਛਲੇ ਹਫਤੇ ਜਰਨੈਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚੋਂ ਗੋਲਾ ਸੁੱਟਣ ਵਿਚੋਂ ਅੱਵਲ ਆਇਆ ਸੀ ਤਾਂ ਤੂੰ ਬੜਾ ਘਰੋੜ ਕੇ ਆਖਦਾ ਸੀ ਕਿ ਮੇਰੇ ਪੁੱਤ ਨੇ ਪੂਰੇ ਪੰਜਾਬ ਵਿਚ ਮੇਰਾ ਨਾਂ ਰੌਸ਼ਨ ਕਰ ਦਿੱਤਾ ਹੈ। ਉਦੋਂ ਜਰਨੈਲ 'ਤੇਰਾ ਪੁੱਤ ਸੀ ਤੇ ਹੁਣ 'ਮੇਰਾ' ਪੁੱਤ ਹੈ। ਇਕ ਵਾਰ ਜਰਨੈਲ ਸਮਾਂ ਦੇ ਕੇ ਸੌਂ ਜਾਣਾ। ਰਵਿੰਦਰ ਦਾ ਇੱਟ ਮਾਰ ਕੇ ਜਗਾਉਣਾ। ਖੇਤਾਂ ਵਿਚ ਮੱਕੀ ਦੇ ਖੇਤ ਵਿਚ ਗਵਾਂਢਣ ਦੁਆਰਾ ਵੇਖ ਲੈਣਾ। ਜਰਨੈਲ ਸਿੰਘ ਦੇ ਯਾਰਾਂ ਵਰਗੇ ਚਾਚੇ ਦੁਆਰਾ ਗੁਆਂਢਣ ਨੂੰ ਉਲਝਾ ਕੇ ਜਰਨੈਲ ਨੂੰ ਬਚਾਉਣਾ।

ਜਰਨੈਲ ਸਿੰਘ ਚੀਮਾ ਜਦ ਰਵਿੰਦਰ ਨੂੰ ਮਿਲਣ ਜਾ ਰਿਹਾ ਸੀ ਤਾਂ ਸਭ ਕੁਝ ਫਿਲਮ ਵਾਂਗ ਘੁੰਮ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਪਹਿਲੇ ਪਿਆਰ ਦੀ ਖਿੱਚ ਇਕੱਲੇ ਉਸ ਵਿਚ ਨਹੀਂ ਰਵਿੰਦਰ ਵਿਚ ਵੀ ਹੋਵੇਗੀ। ਇਸੇ ਕਰ ਕੇ ਉਸ ਨੇ 40 ਸਾਲ ਬਾਅਦ ਹਿੰਮਤ ਕਰ ਕੇ ਟੈਲੀਫੋਨ ਕੀਤਾ ਹੈ। ਆਪੇ ਕਾਰ ਚਲਾ ਕੇ ਲੈ ਜਾ ਰਿਹਾ ਜਰਨੈਲ ਸਿੰਘ ਸੋਚ ਰਿਹਾ ਸੀ ਇਹ ਮੁਲਾਕਾਤ ਕਿਹੋ ਜਿਹੀ ਹੋਵੇਗੀ। 42 ਸਾਲ ਪਹਿਲਾਂ

ਰਵਿੰਦਰ ਦਾ ਕੱਦ ਵੀ ਉੱਚਾ ਸੀ। ਰੰਗ ਕਣਕ ਵੰਨਾ ਸੀ। ਨੈਣ ਨਕਸ਼ ਤਿੱਖੇ ਸਨ। ਫੁਰਤੀ ਬਹੁਤ ਸੀ। ਸਾਈਕਲ ਵੀ ਬਹੁਤ ਤੇਜ ਚਲਾਉਂਦੀ ਸੀ।

ਆਮਦਪੁਰ ਤੋਂ 2 ਕਿਲੋਮੀਟਰ ਪਹਿਲਾਂ ਉਸ ਨੇ ਰਵਿੰਦਰ ਨੂੰ ਟੈਲੀਫੋਨ ਕੀਤਾ। ਫੋਨ ਬੰਦ ਆ ਰਿਹਾ ਸੀ। ਗੱਡੀ ਰੋਕ ਕੇ ਫੋਨ ਕਰਦਾ ਰਿਹਾ। ਪੰਦਰਾਂ ਮਿੰਟ ਫੋਨ ਬੰਦ ਰਿਹਾ। ਉਸ ਦਾ ਦਿਲ ਖੁੱਸਣ ਲੱਗਾ ਕਿ ਸਾਰੀਆਂ ਮਿਲਣ ਦੀਆਂ ਉਮੀਦਾਂ ਤੇ ਪਾਣੀ ਫਿਰਦਾ ਨਜ਼ਰ ਆਉਣ ਲੱਗਾ। ਐਨੇ ਨੂੰ ਫੋਨ ਆ ਗਿਆ।

"ਸਤਿ ਸ੍ਰੀ ਅਕਾਲ...ਤੁਸੀਂ ਆ ਰਹੇ ਹੋ ਨਾ?"

"ਹਾਂ...ਤੁਹਾਡਾ ਫੋਨ ਬੰਦ ਆ ਰਿਹਾ ਸੀ। ਮੈਂ ਦੋ ਮਿੰਟ ਦੀ ਦੂਰੀ ਤੇ ਹਾਂ...ਪਤਾ ਦੱਸੋ।"

ਫੋਨ ਆਨ ਕਰ ਕੇ ਡਾਇਰੈਕਸ਼ਨ ਲੈ ਕੇ ਪਹੁੰਚ ਗਿਆ। ਰਵਿੰਦਰ ਦਰਵਾਜੇ ਤੇ ਖੜ੍ਹੀ ਸੀ। ਗੱਡੀ ਬੰਦ ਕਰ ਕੇ ਰਵਿੰਦਰ ਨੂੰ ਦੇਖਿਆ। ਰੰਗ ਦੀ ਕਾਲੀ ਹੋ ਚੁੱਕੀ ਸੀ। ਕੁੱਝ ਕੁੱਬ ਵੀ ਨਿਕਲਿਆ ਸੀ। ਕਮਜੋਰ ਵੀ ਸੀ। ਜਰਨੈਲ ਨੂੰ ਜਿਆਦਾ ਧੱਕਾ ਨਹੀਂ ਲੱਗਾ ਕਿਉਂਕਿ ਉਸ ਨੇ ਪਹਿਲਾਂ ਸਿਹਤ ਖਰਾਬ ਦਾ ਦੱਸਿਆ ਸੀ।

ਸਤਿ ਸ਼੍ਰੀ ਅਕਾਲ ਤੋਂ ਬਾਅਦ ਬੈਠਕ ਵਿਚ ਬੈਠ ਗਏ।

ਬੈਠਣ ਸਾਰ ਹੀ ਰਵਿੰਦਰ ਨੇ ਕਿਹਾ, "ਜਰਨੈਲ ਤੈਨੂੰ ਕੀ ਹੋ ਗਿਆ? ਐਨਾ ਕਮਜੋਰ? ਤੂੰ ਤਾਂ ਐਨਾ ਤਕੜਾ ਹੁੰਦਾ ਸੀ। ਤੁਰਦਾ ਸੀ ਤਾਂ ਧਰਤੀ ਹਿਲਦੀ ਸੀ।"

ਜਰਨੈਲ ਨੇ ਕਿਹਾ, "ਮੈਂ ਠੀਕ ਹਾਂ। ਤੂੰ ਮੈਨੂੰ ਬਹੁਤ ਪਹਿਲਾਂ ਦੇਖਿਆ ਸੀ। ਹੁਣ ਮੈਂ 60 ਸਾਲ ਦਾ ਹੋ ਗਿਆ ਹਾਂ। 40 ਸਾਲ ਵਿਚ 220 ਪਾਊਂਡ ਤੋਂ ਘਟ ਕੇ 180 ਪਾਊਂਡ ਹੋ ਗਿਆ ਹਾਂ। ਡਾਕਟਰਾਂ ਮੁਤਾਬਕ ਮੈਂ ਠੀਕ ਹਾਂ। ਐਨਰਜੀ ਲੈਵਲ ਠੀਕ ਹੈ।"

ਚਾਹ ਪੀਤੀ। ਉਹ ਘਰ ਇਕੱਲੀ ਸੀ। ਖੁੱਲ੍ਹ ਕੇ ਤੇ ਖੁਭ ਕੇ ਗੱਲਾਂ ਬਾਤਾਂ ਹੋਈਆਂ। ਤੁਰਨ ਲੱਗੇ ਰਵਿੰਦਰ ਨੇ ਜਰਨੈਲ ਦਾ ਸੱਜੇ ਹੱਥ ਦਾ ਗੁੱਟ ਉਸੇ ਤਰ੍ਹਾਂ ਫੜ ਲਿਆ ਜਿਵੇਂ 42 ਸਾਲ ਪਹਿਲਾਂ ਨਕੋਦਰ ਬੱਸ ਸਟੈਂਡ ਦੇ ਫੜਿਆ ਸੀ।

"ਸਿਹਤ ਦਾ ਧਿਆਨ ਰੱਖੀਂ। ਫੋਨ ਨੰਬਰ ਹੈ। ਗੱਲ ਕਰ ਲਿਆ ਕਰੀਂ।"

ਵਾਪਸ ਆਉਣ ਸਮੇਂ ਜਰਨੈਲ ਸੋਚ ਰਿਹਾ ਸੀ ਖਿੱਚ ਇਕ ਪਾਸੋਂ ਨਹੀਂ ਸੀ। ਆਉਣ ਸਮੇਂ ਉਹ ਮੁਲਾਕਾਤ ਵਿਚ ਕੀਤੀਆਂ ਨਿੱਕੀਆਂ ਨਿੱਕੀਆਂ ਗੱਲਾਂ ਚੇਤੇ ਕਰ ਕੇ ਨਿਆਣਿਆਂ ਵਾਂਗ ਖੁਸ਼ ਹੋ ਰਿਹਾ ਸੀ। ਰਵਿੰਦਰ ਨੇ ਦੱਸਿਆ ਸੀ ਕਿ ਉਹ ਪੈੱਨ ਘਰੋਂ ਲੈ ਆਈ ਸੀ। ਜਰਨੈਲ ਨੇ ਕਿਹਾ ਸੀ ਕਿ ਉਸ ਦੀ ਸੋਨੇ ਦੀ ਮੁੰਦਰੀ ਅੱਜ ਵੀ ਉਸ ਦੀ ਉਂਗਲ ਵਿਚ ਹੈ।

ਰਸਤੇ ਵਿਚ ਹੀ ਟੈਲੀਫੋਨ ਆਇਆ

" ਜਰਨੈਲ ਇਕ ਗੱਲ ਆਖਾਂ....?"

"ਆਖ।"

"ਮੈਂ ਤੈਨੂੰ ਉਹੋ ਜਿਹਾ ਹੀ ਦੇਖਣਾ ਚਾਹੁੰਦੀ ਹਾਂ ਜਿਹੋ ਜਿਹਾ ਤੂੰ 40 ਸਾਲ ਪਹਿਲਾਂ ਸੀ।"

"ਮੈਂ ਵੀ ਇਕ ਗੱਲ ਆਖਾਂ....?" ਖੁਸ਼ੀ ਵਿਚ ਖੀਵੇ ਹੋਏ ਜਰਨੈਲ ਨੇ ਕਿਹਾ।

"ਆਖ।"


"ਸਰੀਰੋਂ ਤਾਂ ਪਤਾ ਨਹੀਂ ਦਿਲੋਂ ਤਾਂ ਹੁਣ ਤੈਨੂੰ ਮਿਲ ਕੇ ਓਦੂੰ ਵੀ ਛੋਟਾ ਹੋ ਗਿਆ ਹਾਂ...ਨਿਆਣਾ ਜਿਹਾ।" ਜਰਨੈਲ ਸਿੰਘ ਸੜਕ ਉੱਤੇ ਨਿਆਣਿਆਂ ਵਾਂਗ ਗੱਡੀ ਚਲਾ ਰਿਹਾ ਸੀ। ਨਿਆਣਿਆਂ ਵਾਂਗ ਬੇਲੌੜੇ ਹਾਰਨ ਮਾਰ ਰਿਹਾ ਸੀ। ਗੱਡੀ ਦਾ ਹਾਰਨ ਪੂਰੇ ਰਿਦਮ ਵਿਚ ਵੱਜ ਰਿਹਾ ਸੀ।

******************



**ਆਲੋਚਨਾ-**

## ਸਾਂਸਕ੍ਰਿਤਕ ਅਵਚੇਤਨ ਦੇ ਪਰਿਪੇਖ ਵਿਚ ਪੰਜਾਬੀ ਦਲਿਤ ਕਹਾਣੀ ਦਾ ਅਵਲੋਕਣ-ਪੰਜਾਬੀ ਦਲਿਤ ਕਹਾਣੀ / -ਡਾ. ਸਤਿੰਦਰ ਸਿੰਘ ਰੈਬੀ




**ਪੰਜਾਬੀ ਦਲਿਤ ਕਹਾਣੀ**
**ਅਧਾਰ ਤੇ ਅਧਿਐਨ**
**ਡਾ. ਰਜਨੀਸ਼ ਬਹਾਦਰ ਸਿੰਘ**
**ਪ੍ਰਕਾਸ਼ਕ : ਪਰਵਾਜ਼ ਪ੍ਰਕਾਸ਼ਨ, ਜਲੰਧਰ**
**ਮੁੱਲ : 330 ਰੁਪਏ, ਪੰਨੇ: 208**

ਦਲਿਤ 'ਹੋਂਦ' ਦੇ ਸੰਕਟਾਂ ਨੂੰ ਸਿਰਜਣ ਵਾਲੀ ਕਹਾਣੀ, ਜਿਸਦੀ ਪਛਾਣ 'ਦਲਿਤ ਕਹਾਣੀ' ਵਜੋਂ ਹੈ, ਪੰਜਾਬੀ ਕਹਾਣੀ ਵਿਚ ਆਪਣੀ ਵਿਲੱਖਣ ਪਛਾਣ ਤੇ ਵਿਸ਼ੇਸ਼ ਮਕਾਮ ਰੱਖਦੀ ਹੈ। ਪ੍ਰਗਤੀਵਾਦੀ-ਮਾਰਕਸਵਾਦੀ ਵਿਚਾਰਧਾਰਾ ਵਾਲੇ ਕਹਾਣੀਕਾਰਾਂ ਵਲੋਂ ਆਪਣੀਆਂ ਕਹਾਣੀਆਂ ਵਿਚਲੇ ਨਿਮਨ ਧਿਰਾਂ ਦੇ ਪਾਤਰਾਂ ਨਾਲ ਵਿਖਾਈ 'ਮਾਨਵਵਾਦੀ ਸਹਾਨਭੂਤੀ' ਤੋਂ ਪੜਾਅ ਮਾਰ ਪੰਜਾਬੀ ਕਹਾਣੀ ਜਦ ਦਲਿਤ ਪਿਛੋਕੜ ਵਾਲੇ ਕਹਾਣੀਕਾਰਾਂ ਦੇ ਹੱਥਾਂ ਵਿਚ ਆਉਂਦੀ ਹੈ ਤਾਂ ਮਸਲੇ ਦੀ ਪੇਸ਼ਕਾਰੀ ਅਤੇ ਸਮਝ ਦਾ ਨੁਕਤਾ ਨਿਗਾਹ ਬਦਲਦਾ ਹੈ। ਹੁਣ ਇਹ ਧਿਰਾਂ ਕਹਾਣੀਕਾਰਾਂ ਦੇ 'ਪ੍ਰਮਾਣਿਕ ਅਨੁਭਵ' ਦੇ ਅਧਾਰ ਤੇ ਕੇਵਲ ਆਰਥਿਕ ਪਰਿਪੇਖ ਵਿਚ ਸ਼ੋਸ਼ਿਤ ਧਿਰ ਵਜੋਂ ਹੀ ਪੇਸ਼ ਨਹੀਂ ਹੁੰਦੀਆਂ ਬਲਕਿ ਸਮਾਜ-ਸਾਂਸਕ੍ਰਿਤਕ ਪਰਿਪੇਖ ਵਿਚ 'ਤ੍ਰਿਸਕਾਰਤ' , 'ਦਲਿਤ' ਹੋਣ ਦੀ ਪੀੜਾ ਹੰਢਾਉਂਦੀਆਂ ਨਜ਼ਰ ਆਉਂਦੀਆਂ ਹਨ। 'ਨਿਮਨਤਾ' ਤੋਂ ਅੱਗੋਂ 'ਦਲਿਤਤਾ' ਦੀ ਕਹਾਣੀ ਵਿਚ ਪਛਾਣ ਹੋਣੀ ਆਰੰਭ ਹੁੰਦੀ ਹੈ। ਦਲਿਤ ਪਿਛੋਕੜ ਵਾਲੀ ਮੱਧ ਸ਼੍ਰੇਣੀ ਦੇ ਸਾਹਿਤਕਾਰੀ ਵਿਚ ਪ੍ਰਵੇਸ਼, ਡਾ. ਅੰਬੇਦਕਰ ਚਿੰਤਨ ਦੇ ਪ੍ਰਸਾਰ ਅਤੇ ਦਲਿਤ ਰਾਜਨੀਤੀ ਉਥਾਨ ਨਾਲ ਪੰਜਾਬੀ ਦਲਿਤ ਕਹਾਣੀ ਵੀ ਆਰਥਿਕ ਸੰਕਟਾਂ ਤੋਂ ਅੱਗੇ ਸਮਾਜਕ, ਧਾਰਮਿਕ, ਸਾਂਸਕ੍ਰਿਤਕ, ਇਤਿਹਾਸਕ, ਮਿਥਿਹਾਸਕ, ਦਾਰਸ਼ਨਿਕ ਮਸਲਿਆਂ ਵੱਲ ਅਹੁਲਦੀ ਹੈ। ਹੀਣ-ਭਾਵਨਾ ਸਵੈ-ਮਾਣ ਵਿਚ ਵਟਣੀ ਸ਼ੁਰੂ ਹੁੰਦੀ ਹੈ। ਹੀਣਤਾ, ਦਮਨ ਤੇ ਤ੍ਰਿਸ਼ਕਾਰ ਭਾਵ ਵਿਦਰੋਹੀ ਸੁਰ ਅਖ਼ਤਿਆਰ ਕਰਨ ਲਗਦੇ ਹਨ। ਦਲਿਤ ਸਮਾਜ ਦੀ ਸਮਾਜਕ 'ਮੁਕਤੀ' ਦੇ ਮਾਰਗ ਤਲਾਸ਼ੇ ਜਾਣ ਲਗਦੇ ਹਨ। ਇਸ ਵਿਚ ਕਹਾਣੀ ਵੀ ਚਿੰਤਨੀ ਤੇ ਪ੍ਰਵਚਨੀ ਸੁਰ ਅਖ਼ਤਿਆਰ ਕਰਨ ਲਗਦੀ ਹੈ। ਬੇਸ਼ੱਕ ਵਿਚਾਰਧਾਰਕ ਉੱਚੀ ਸੁਰ, ਵਿਸ਼ੇਸ਼ ਭਾਂਤ ਦੀ ਪਾਤਰ-ਵੰਡ ਇਸਦੇ ਅਹਿਮ ਪਛਾਣ ਚਿੰਨ੍ਹ ਬਣੇ ਰਹਿੰਦੇ ਹਨ।

ਕਹਾਣੀ-ਚਿੰਤਨ ਦੇ ਖੇਤਰ ਵਿਚ ਵੀ 'ਦਲਿਤ' ਹੋਂਦ ਦੇ ਸੰਕਟਾਂ ਨਾਲ ਸੰਬੰਧਿਤ ਕਹਾਣੀ ਨੂੰ ਗੰਭੀਰਤਾ ਨਾਲ ਲਿਆ ਜਾਣ ਲੱਗਾ ਹੈ। ਅਜਿਹਾ ਹੀ ਇਕ ਗੰਭੀਰ ਯਤਨ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੇ ਚਿੰਤਨ-ਕਾਰਜ 'ਪੰਜਾਬੀ ਦਲਿਤ ਕਹਾਣੀ-ਅਧਾਰ ਤੇ ਅਧਿਐਨ' ਰਾਹੀਂ ਕੀਤਾ ਹੈ। ਪੰਜਾਬੀ ਦਲਿਤ ਕਹਾਣੀ ਦੇ ਅਧਿਐਨ ਤੋਂ ਪੂਰਵ ਆਧਾਰ ਰੂਪ ਵਿਚ ਚਿੰਤਕ 'ਦਲਿਤ' ਦੀ ਪਰਿਭਾਸ਼ਾ ਨਿਰਧਾਰਿਤ ਕਰਦਿਆਂ ਦਲਿਤ ਹੋਂਦ ਤੇ ਹੋਣੀ ਨੂੰ ਭਾਰਤੀ ਸਮਾਜ ਵਿਚਲੀ ਵਰਣ ਵੰਡ ਤੇ ਜਾਤੀ ਪ੍ਰਥਾ ਦੇ ਇਤਿਹਾਸਕ

ਪਰਿਪੇਖ ਵਿਚ ਵਾਚਦਾ ਹੈ। ਵੱਖ-ਵੱਖ ਵਿਦਵਾਨਾਂ ਦੇ ਹਵਾਲੇ ਨਾਲ ਚਿੰਤਕ 'ਦਲਿਤ' ਸ਼ਬਦ ਦੀ ਵਿਆਖਿਆ ਕਰਦਿਆਂ ਇਸਨੂੰ 'ਦਲ' ਅਤੇ 'ਕਤ' ਵਿਚ ਸੰਧੀ-ਨਿਸ਼ੇਧ ਕਰਦਾ ਹੈ। ਜਿਸਦਾ ਅਰਥ ਹੈ 'ਦਮਨ ਕੀਤਾ ਹੋਇਆ', 'ਦਲਿਆ ਹੋਇਆ', 'ਨਸ਼ਟ' ਕੀਤਾ, ਦਬਾਇਆ ਗਿਆ, ਖੰਡ ਖੰਡ ਕੀਤਾ ਗਿਆ ਆਦਿ। ਡਾ. ਭੀਮ ਰਾਓ ਅੰਬੇਡਕਰ ਸਮਾਜਕ ਪਰਿਪੇਖ ਵਿਚ ਇਸ ਵਰਗ ਨੂੰ ਅਛੂਤ, ਅਸਵੀਕ੍ਰਿਤ, ਮਨੁੱਖ ਅਧਿਕਾਰਾਂ ਤੋਂ ਵੰਚਿਤ ਕਰ ਦਿੱਤੇ ਗਏ ਲੋਕਾਂ ਵਜੋਂ ਪਛਾਣਦਾ ਹੈ ਅੱਗੋਂ ਸ਼ਰਣ ਕੁਮਾਰ ਲਿੰਬਾਲੇ ਅਤੇ ਨਰਾਇਣ ਦੂਬੇ ਜਿਹੇ ਚਿੰਤਕ ਇਸ ਵਿਚ ਕੇਵਲ 'ਅਛੂਤ' ਹੀ ਨਹੀਂ ਬਲਕਿ 'ਆਰਥਿਕ ਤੌਰ ਤੇ ਪੱਛੜੇ ਲੋਕਾਂ ਅਤੇ ਸਮਾਜ ਵਿਚ ਹਰ ਪੱਧਰ ਤੇ ਪੀੜਤ ਵਿਅਕਤੀ ਨੂੰ ਸ਼ਾਮਲ ਕਰਦੇ ਹਨ।

ਡਾ. ਰਜਨੀਸ਼ ਬਹਾਦਰ ਸਿੰਘ ਦਲਿਤਾਂ ਦੀ ਸਥਿਤੀ ਨੂੰ ਭਾਰਤੀ ਸਮਾਜ ਵਿਚਲੀ ਵਰਣ-ਵਿਵਸਥਾ ਅਤੇ ਜਾਤੀ ਵਿਵਸਥਾ ਦੇ ਇਤਿਹਾਸਕ ਪਰਿਪੇਖ ਵਿਚ ਸਮਝਣ ਸਮਝਾਉਣ ਦਾ ਯਤਨ ਕਰਦਾ ਹੈ। ਉਸ ਅਨੁਸਾਰ ਭਾਰਤੀ ਸਮਾਜ ਵਿਚ ਵਰਣ-ਵੰਡ ਆਰੀਆ ਦੇ ਪ੍ਰਵੇਸ਼ ਤੋਂ ਪੂਰਵ 'ਲਚਕੀਲੇ' ਰੂਪ ਵਿਚ ਸਥਾਪਿਤ ਸੀ। ਉਪਨਿਸ਼ਦਾਂ ਅਤੇ ਸਿਮਰਤੀਆਂ ਦੇ ਸਮੇਂ ਇਸ ਵਰਣ-ਵਿਵਸਥਾ ਦੇ 'ਕਾਨੂੰਨ' ਕਠੋਰ ਹੁੰਦੇ ਗਏ ਅਤੇ ਇਹ ਅੱਗੋਂ 'ਜਾਤੀ ਪ੍ਰਥਾ' ਵਿਚ ਤਬਦੀਲ ਹੋ ਕੇ 'ਜਨਮ' ਨਾਲ ਜੁੜ ਗਏ। 'ਜਾਤ' ਨੂੰ 'ਜਨਮ ਅਤੇ ਪਿਛਲੇ ਜਨਮਾਂ ਦੇ 'ਕਰਮ' ਨਾਲ ਜੋੜ ਦਿੱਤਾ ਗਿਆ ਅਤੇ ਸਮਾਜਕ ਦਰਜਾਬੰਦੀ ਨੂੰ 'ਧਰਮ' ਦੀ ਪੁੱਠ ਦੇ ਕੇ ਕਠੋਰ, ਅਬਦਲ ਅਤੇ ਅਮਾਨਵੀ ਬਣਾ ਦਿੱਤਾ ਗਿਆ। 'ਸੂਦਰਾਂ' ਨੂੰ ਮਾਨਵੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਣ ਲੱਗਾ ਅਤੇ ਉਨ੍ਹਾਂ ਨਾਲ ਅਮਾਨਵੀ ਵਿਹਾਰ ਹੋਣ ਲੱਗਾ। ਉਨ੍ਹਾਂ ਨੂੰ ਭਾਂਤ ਭਾਂਤ ਦੇ ਸਮਾਜਕ, ਧਾਰਮਿਕ ਕਾਨੂੰਨ 'ਤੇ ਮਿੱਥਾਂ ਸਿਰਜ ਕੇ ਸਮਾਜਿਕ, ਧਾਰਮਿਕ, ਰਾਜਸੀ, ਵਿਦਿਅਕ ਖੇਤਰ ਵਿਚੋਂ ਬਾਹਰ ਕਰ ਦਿੱਤਾ ਗਿਆ। ਨਖਿੱਧ ਕੰਮ ਕਰਵਾਏ ਜਾਣ ਲੱਗੇ। ਉਪਰੋਂ ਧਾਰਮਿਕ ਰੰਗਤ ਦੀਆਂ ਮਿੱਥਾਂ ਸਿਰਜ ਕੇ ਉਨ੍ਹਾਂ ਅੰਦਰ 'ਸਵੈ-ਹੀਣਤਾ' ਭਰੀ ਗਈ ਉਹ ਆਪਣੇ ਆਪ ਅਤੇ ਆਪਣੇ 'ਕਰਮਾਂ' ਨੂੰ ਕੋਸਦੇ ਸਥਿਤੀ ਨੂੰ 'ਰੱਬ ਦੀ ਕਰਨੀ' ਨਾਲ ਜੋੜਣ ਲੱਗੇ। ਵਰਣ-ਵਿਵਸਥਾ ਅਤੇ ਜਾਤੀ ਪ੍ਰਥਾ ਤੇ ਟਿਕੇ ਬ੍ਰਾਹਮਣੀ ਧਰਮ-ਕਰਮ ਅਤੇ ਸਮਾਜਕ ਵਿਵਸਥਾ ਉਪਰ ਸਮੇਂ ਸਮੇਂ ਬੁੱਧਮਤ, ਚਾਰਵਾਕ, ਸੰਤਮਤ ਅਤੇ ਗੁਰਮਤ ਵਿਚਾਰਧਾਰਾ ਨੇ ਅਧਿਆਤਮਕ, ਦਾਰਸ਼ਨਿਕ ਅਤੇ ਸਮਾਜਕ ਪਰਿਪੇਖ ਤੋਂ ਚੋਟ ਕੀਤੀ। ਮਨੁੱਖੀ ਸਮਾਨਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਪਰ 'ਅਵਚੇਤਨ' ਵਿਚ ਵਸ ਚੁੱਕੇ 'ਜਾਤੀ ਸੰਸਕਾਰ' ਮਨੁੱਖੀ ਮਨ ਅਤੇ ਵਿਹਾਰ ਵਿਚੋਂ ਸਹਿਜੇ ਕੀਤੇ ਖਾਰਜ ਨਾ ਹੋ ਸਕੇ। ਚਿੰਤਕ ਦਲਿਤ ਸਮਾਜ ਦਾ ਸਮਾਜਕ ਅਤੇ ਰਾਜਸੀ ਲਹਿਰ ਵਜੋਂ ਉਭਾਰ ਵੀਹਵੀਂ ਸਦੀ ਵਿਚ ਆਜ਼ਾਦੀ ਤੋਂ ਪੂਰਵ ਕੌਮੀ ਮੁਕਤੀ ਦੇ ਚੱਲੇ ਅੰਦੋਲਨਾਂ ਰਾਹੀਂ ਡਾ. ਭੀਮ ਰਾਓ ਅੰਬੇਡਕਰ ਅਤੇ ਮੰਗੂ ਰਾਮ ਮੂਗੋਵਾਲ ਦੁਆਰਾ ਆਰੰਭੀ 'ਆਦਿ ਧਰਮ ਲਹਿਰ' ਦੇ ਰੂਪ ਵਿਚ ਵੇਖਦਾ ਹੈ। ਇਸ ਸਮੇਂ ਦਲਿਤ ਚੇਤਨਾ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਬਾਅਦ ਵਿਚ ਦਲਿਤ ਚਿੰਤਨ ਅਤੇ ਦਲਿਤ ਸਾਹਿਤ ਇਨ੍ਹਾਂ ਤੋਂ ਹੀ ਵਿਚਾਰਧਾਰਕ ਊਰਜਾ ਗ੍ਰਹਿਣ ਕਰਦਾ ਹੈ।

ਦੀਲਤ ਸਮਾਜ ਦੇ ਸੰਕਟਾਂ ਤੇ ਸੰਘਰਸ਼ਾਂ ਨੂੰ ਸਿਰਜਦੀ ਪੰਜਾਬੀ ਕਹਾਣੀ ਦੀ ਗੱਲ ਕੀਤੀ ਜਾਵੇ ਤਾਂ ਇਸ ਮਸਲੇ ਉਪਰ ਕੇਵਲ ਦਲਿਤ ਪਿਛੋਕੜ ਵਾਲੇ ਕਹਾਣੀਕਾਰਾਂ ਨੇ ਹੀ ਨਹੀਂ, ਬਲਕਿ ਸਮਾਜਕ ਪਛਾਣ ਵਜੋਂ 'ਗੈਰ-ਦਲਿਤ' ਕਹਾਣੀਕਾਰਾਂ ਨੇ ਵੀ ਦਲਿਤ ਹੋਂਦ ਦੇ ਵਿਭਿੰਨ ਸੰਕਟਾਂ ਅਤੇ ਪਹਿਲੂਆਂ ਉਪਰ ਕਥਾ ਸਿਰਜਣਾ ਕੀਤੀ ਹੈ। ਡਾ. ਰਜਨੀਸ਼ ਬਹਾਦਰ ਸਿੰਘ ਆਪਣੇ ਅਧਿਐਨ ਕਾਰਜ ਦੀ ਵੰਡ 'ਗੈਰ-ਦਲਿਤ' ਅਤੇ 'ਦਲਿਤ' ਕਹਾਣੀਕਾਰਾਂ ਵਿਚ ਕਰਦਾ ਹੈ। ਬਲਕਿ ਇੰਜ ਕਹਿ ਲਿਆ ਜਾਣਾ ਬਣਦਾ ਹੈ ਕਿ ਚਿੰਤਕ



ਦੀ ਚਿੰਤਨ-ਦ੍ਰਿਸ਼ਟੀ ਦਾ ਕੇਂਦਰ ਹੀ 'ਗੈਰ-ਦਲਿਤ' ਅਤੇ 'ਦਲਿਤ' ਕਹਾਣੀਕਾਰ ਦੁਆਰਾ ਦਲਿਤ ਹੋਂਦ ਅਤੇ ਦਲਿਤ ਹੋਂਦ ਦੇ ਮਸਲਿਆਂ ਪ੍ਰਤਿ ਅਪਣਾਈ 'ਪਹੁੰਚ' ਅਤੇ 'ਦ੍ਰਿਸ਼ਟੀ' ਵਿਚਲੇ 'ਫ਼ਰਕ' ਨੂੰ ਪਛਾਣਨਾ ਬਣਦਾ ਹੈ। ਇਸ 'ਫ਼ਰਕ' ਪਿਛੇ ਉਹ ਵੱਖ-ਵੱਖ ਵਰਗਾਂ ਦੇ ਕਹਾਣੀਕਾਰਾਂ ਦੇ ਜਾਤੀਵਾਦੀ 'ਸਾਂਸਕ੍ਰਿਤਕ ਅਵਚੇਤਨ' ਨੂੰ ਕਾਰਜਸ਼ੀਲ ਦੇਖਦਾ ਹੈ। ਗੈਰ ਦਲਿਤ ਕਹਾਣੀਕਾਰਾਂ ਦੀ ਵੰਡ ਵੀ ਅੱਗੋਂ 'ਸਵਰਨ' ਗ਼ੈਰ ਸਵਰਨ, ਮਹਾਜਨੀ ਪਿਛੋਕੜ ਅਤੇ ਕਿਸਾਨੀ ਪਿਛੋਕੜ ਵਾਲੇ ਕਹਾਣੀਕਾਰਾਂ ਵਿਚ ਕੀਤੀ ਗਈ ਹੈ। ਕਿਸੇ ਚਿੰਤਨ ਕਾਰਜ ਦਾ ਆਧਾਰ ਸਾਹਿਤਕਾਰ ਦੇ ਜਾਤੀਗਤ ਪਿਛੋਕੜ ਨੂੰ ਬਣਾਉਣ ਸਾਹਿਤ ਸਿਰਜਣਕਾਰੀ ਦੇ ਅਤਿ ਗੁੰਝਲਦਾਰ ਕਾਰਜ ਨੂੰ ਸਰਲ ਸਪਾਟ ਰੂਪ ਵਿਚ ਲੈ ਲਏ ਜਾਣ ਦੀ ਸ਼ੰਕਾ ਉਪਜਾਉਂਦਾ ਹੈ, ਪਰ ਇਸ ਪਿਛੇ ਚਿੰਤਕ ਦਾ ਤਰਕ ਇਹ ਹੈ ਕਿ ਉਹ ਦਲਿਤ ਮਸਲਿਆਂ ਉਪਰ ਸਿਰਜਣਾ ਕਰਨ ਵਾਲੇ ਸਮਾਜਕ ਪਛਾਣ ਵਜੋਂ ਵੱਖ-ਵੱਖ ਵਰਣਾਂ ਤੇ ਜਾਤੀ ਪਿਛੋਕੜ ਵਾਲੇ ਕਹਾਣੀਕਾਰਾਂ ਦੇ ਦਲਿਤ ਹੋਂਦ ਤੇ ਪਛਾਣ ਪ੍ਰਤਿ ਪ੍ਰਤਖਣ, ਸਮਝ ਅਤੇ ਸਿਰਜਣਾ ਦੇ ਪਿਛੋਕੜ ਵਿਚ ਕਾਰਜਸ਼ੀਲ 'ਸਾਂਸਕ੍ਰਿਤਕ ਅਵਚੇਤਨ' ਨੂੰ ਪਕੜਨਾ ਚਾਹੁੰਦਾ ਹੈ ਅਤੇ ਇਸ 'ਸਾਂਸਕ੍ਰਿਤਕ ਅਵਚੇਤਨ' ਦਾ ਸਦਕਾ ਦਲਿਤ ਮਸਲਿਆਂ ਪ੍ਰਤਿ 'ਸੋਚ' ਅਤੇ ਪਹੁੰਚ ਦੀ ਭਿੰਨਤਾ ਨੂੰ ਸਪੱਸ਼ਟ ਕਰਨਾ ਚਾਹੁੰਦਾ ਹੈ।

ਡਾ. ਰਜਨੀਸ਼ ਦਲਿਤ ਕਹਾਣੀ ਸੰਬੰਧੀ ਆਪਣੀਆਂ ਧਾਰਨਾਵਾਂ ਵੱਖ-ਵੱਖ ਜਾਤੀਗਤ ਪਿਛੋਕੜ ਵਾਲੇ ਪ੍ਰਤਿਨਿਧ ਕਹਾਣੀਕਾਰਾਂ ਦੀਆਂ ਦਲਿਤ ਮਸਲਿਆਂ ਪ੍ਰਤਿ 'ਪ੍ਰਤਿਨਿਧ ਕਹਾਣੀਆਂ' ਦੇ ਅਧਿਐਨ ਦੇ ਆਧਾਰ 'ਤੇ ਸਥਾਪਿਤ ਕਰਦਾ ਹੈ। 'ਮਹਾਜਨੀ ਸਾਂਸਕ੍ਰਿਤ' ਪਿਛੋਕੜ ਵਾਲੇ ਕਹਾਣੀਕਾਰਾਂ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਮਨਮੋਹਨ ਬਾਵਾ ਅਤੇ ਮਨਿੰਦਰ ਕਾਂਗ ਸਿੱਖ ਧਰਮ ਦੇ ਪਿਛੋਕੜ ਵਾਲੇ ਅਤੇ ਪ੍ਰੇਮ ਪ੍ਰਕਾਸ਼ ਤੇ ਮੋਹਨ ਭੰਡਾਰੀ ਹਿੰਦੂ ਧਰਮ ਦੇ ਪਿਛੋਕੜ ਨਾਲ ਸੰਬੰਧਿਤ ਹਨ। ਜੋ ਚਿੰਤਕ ਦੇ ਚਿੰਤਨ ਦਾ ਮਰਕਜ਼ ਬਣਦੇ ਹਨ। ਚਿੰਤਕ ਅਨੁਸਾਰ ਮੱਧਵਰਗੀ ਮਹਾਜਨੀ ਸਵਰਨ, ਸਿੱਖ ਕਹਾਣੀਕਾਰ ਸਵਰਨ ਹੋਣ ਕਰਕੇ ਖ਼ੁਦ ਦਲਿਤ ਨੂੰ ਆਪਣੀਆਂ ਸਮਾਜਕ ਪਰਿਵਾਰਕ ਸੰਬੰਧਾਂ ਵਾਲੀਆਂ ਸਫਾਂ ਵਿਚ ਸ਼ਾਮਲ ਨਹੀਂ ਕਰਦਾ ਪਰ ਦੂਜੇ ਪਾਸੇ ਆਪਣੇ ਸਿੱਖ ਅਵਚੇਤਨ ਦਾ ਸਦਕਾ ਦਲਿਤਾਂ ਪ੍ਰਤਿ ਬ੍ਰਾਹਮਣਿਕ ਸੰਸਕ੍ਰਿਤੀ ਦੇ ਮਾਨਵ ਵਿਰੋਧੀ, ਦਮਨਕਾਰੀ ਰਵੱਈਏ ਦੀ ਮਾਰਮਿਕ ਤਸਵੀਰ ਜ਼ਰੂਰ ਪੇਸ਼ ਕਰਦਾ ਹੈ। ਚਿੰਤਕ ਅਨੁਸਾਰ ਇਸ 'ਵਰਗ' ਦੇ ਕਹਾਣੀਕਾਰ ਅਤੇ ਉਸਦੇ ਪਾਤਰਾਂ ਦਾ ਦਲਿਤ ਪ੍ਰਤਿ ਰਵੱਈਆ ਉਨ੍ਹਾਂ ਦੇ ਸਿੱਖ ਅਵਚੇਤਨ ਅਤੇ ਪ੍ਰਗਤੀਵਾਦੀ ਸੋਚ ਕਾਰਨ 'ਮਾਨਵਵਾਦੀ' ਰਹਿੰਦਾ ਹੈ ਪਰ ਮੱਧਵਰਗੀ ਮਹਾਜਨੀ ਪਿਛੋਕੜ ਕਰਕੇ ਇਹ 'ਮਾਨਵਵਾਦੀ' ਵਿਅਕਤੀ ਮੂਲਕ ਹੈ। "ਸਮੁੱਚੇ ਪ੍ਰਬੰਧ ਪ੍ਰਤੀ ਕ੍ਰਾਂਤੀਕਾਰੀ ਬਗਾਵਤ ਮਹਾਜਨੀ ਵਿਹਾਰ ਦਾ ਹਿੱਸਾ ਨਹੀਂ ਬਣਦੀ।" ਚਿੰਤਕ ਗੁਰਬਖ਼ਸ਼ ਸਿੰਘ ਦੀ ਕਹਾਣੀ 'ਚੰਡੀ ਦਾਸ' ਵਿਚਲੇ ਚੰਡੀ ਦਾਸ ਅਤੇ ਰਾਮੀ ਨੂੰ ਪਿੰਡ ਵਿਚੋਂ ਕੱਢ ਦੇਣ ਅਤੇ ਮਨਮੋਹਨ ਬਾਵਾ ਦੀ ਕਹਾਣੀ 'ਬੇਅਕਲਾਂ ਦਾ ਜਨਪਦ' ਵਿਚਲੇ ਦਲਿਤ ਪਾਤਰਾਂ ਦੇ ਪਿੰਡ ਛੱਡ ਜਾਣ ਵਾਲੇ 'ਅੰਤਾਂ' ਦੇ ਆਧਾਰ ਤੇ ਨਿਰਣਾ ਦਿੰਦਾ ਹੈ ਕਿ ਦੋਵੇਂ ਕਹਾਣੀਕਾਰ ਪ੍ਰਬੰਧ ਦੀ ਤਬਦੀਲੀ ਲਈ ਸੰਘਰਸ਼ ਦੀ ਥਾਂ ਸਥਾਨਕ ਸਮਾਜ ਦੇ 'ਤਿਆਗ' ਦਾ ਹੱਲ ਦਿੰਦੇ ਹਨ। ਸਮੱਸਿਆ ਦੇ ਅਜਿਹੇ ਹੱਲ ਉਪਰ ਚਿੰਤਕ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ। ਉਹ ਇਸਨੂੰ ਕਹਾਣੀਕਾਰਾਂ ਦੀ 'ਸੀਮਾ' ਵਜੋਂ ਵੇਖਦਾ ਇਸ ਪਿਛੇ ਉਨ੍ਹਾਂ ਦੇ 'ਮਹਾਜਨੀ ਅਵਚੇਤਨ' ਨੂੰ ਅਹਿਮ ਕਾਰਨ ਮੰਨਦਾ ਹੈ। ਚਿੰਤਕ ਅਨੁਸਾਰ ਮਨਿੰਦਰ ਕਾਂਗ ਆਪਣੀ ਕਹਾਣੀ 'ਕੁੱਤੀ ਵਿਹੜਾ' ਵਿਚ ਆਪਣੇ ਪੂਰਵਲੇ 'ਮਹਾਜਨੀ ਸਾਂਸਕ੍ਰਿਤਕ ਸਿੱਖੀ ਅਵਚੇਤਨ' ਤੋਂ ਇਕ ਵਿੱਥ ਸਥਾਪਿਤ ਕਰਦਾ ਹੈ ਜਦ ਉਹ ਦਲਿਤਾਂ ਦੀ ਸਥਿਤੀ ਹਿੰਦੂ, ਇਸਲਾਮਿਕ ਅਤੇ ਸਿੱਖ ਸਮਾਜ ਵਿਚ ਇਕੋ ਜਿਹੀ ਦੇਖਦਾ ਹੈ।

ਮਹਾਜਨੀ ਅਵਚੇਤਨ ਵਾਲੀ ਹਿੰਦੂ ਸੰਸਕ੍ਰਿਤੀ ਵਾਲੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਮੋਹਨ ਭੰਡਾਰੀ ਸਿੱਖ ਅਵਚੇਤਨ ਵਾਲੇ ਕਹਾਣੀਕਾਰਾਂ ਦੁਆਰਾ 'ਬ੍ਰਾਹਮਣਿਕ ਸੰਸਕ੍ਰਿਤੀ ਦੇ ਦਮਨਕਾਰੀ' ਸੁਭਾਅ ਨੂੰ ਪੇਸ਼ ਕਰਨ ਨਾਲੋਂ ਬ੍ਰਾਹਮਣੀ ਸੰਸਕ੍ਰਿਤੀ ਵਾਲੇ ਮਨੁੱਖ ਦੀ 'ਪਵਿੱਤਰਤਾ' ਦੀ ਧਾਰਨਾ ਅਤੇ ਨਿਮਨ ਜਾਤੀਆਂ ਪ੍ਰਤਿ ਮਾਨਸਿਕਤਾ ਵਿਚ ਪਏ 'ਘ੍ਰਿਣਾ' ਅਤੇ 'ਸੁੱਚ-ਭਿੱਟ' ਦੇ ਭਾਵ ਨੂੰ ਕੇਂਦਰ ਵਿਚ ਲਿਆਉਂਦੇ ਹਨ। ਜਿੱਥੇ ਪ੍ਰੇਮ ਪ੍ਰਕਾਸ਼ ਮਨੁੱਖੀ ਵਿਹਾਰ ਨੂੰ ਆਰਥਿਕਤਾ ਤੋਂ ਬਿਨਾਂ ਧਰਮ, ਕਾਮ ਅਤੇ ਸੰਸਕ੍ਰਿਤੀ ਦੇ ਪਰਿਪੇਖ ਵਿਚ ਵੀ ਵੇਖਦਾ ਹੈ ਉਥੇ ਮੋਹਨ ਭੰਡਾਰੀ ਪ੍ਰਗਤੀਵਾਦੀ ਚੇਤਨਾ ਸਦਕਾ ਬ੍ਰਾਹਮਣਵਾਦੀ ਸੰਸਕ੍ਰਿਤੀ ਦੇ ਅਬਦਲ ਅਤੇ ਗਤੀਹੀਣ ਸੁਭਾਅ ਤੇ ਫੋਕਸ ਕਰਦਾ ਹੈ।

ਕਿਸਾਨੀ ਪਿਛੋਕੜ ਵਾਲੇ ਕਹਾਣੀਕਾਰਾਂ ਵਿਚ ਚਿਤੰਕ ਵਰਿਆਮ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ', ਗੁਰਮੇਲ ਮਡਾਹੜ ਦੀ ਕਹਾਣੀ 'ਹਵਾ ਵਿਚ ਤੈਰਦੀਆਂ ਮਛਲੀਆਂ', ਮੁਖਤਿਆਰ ਸਿੰਘ ਦੀ ਕਹਾਣੀ 'ਬੂ' , ਹਰਜਿੰਦਰ ਸਿੰਘ ਸੂਰੇਵਾਲੀਆਂ ਦੀ 'ਪਾਪਾ ਆਪਾਂ ਬਰਾੜ ਹੁੰਨੇ ਆ' ਨੂੰ ਕਹਾਣੀਕਾਰਾਂ ਦੇ 'ਜਾਤੀਵਾਦੀ ਸਾਂਸਕ੍ਰਿਤਕ ਅਵਚੇਤਨ' ਦੇ ਪਰਿਪੇਖ ਤੋਂ ਵਾਚਦਾ ਇਹ ਧਾਰਨਾ ਪੇਸ਼ ਕਰਦਾ ਹੈ ਕਿ ਕਿਸਾਨੀ ਪਿਛੋਕੜ ਵਾਲੇ ਕਹਾਣੀਕਾਰਾਂ ਦੀਆਂ ਦਲਿਤ ਜੀਵਨ ਸੰਬੰਧੀ ਕਹਾਣੀਆਂ ਵਿਚ 'ਜਾਤੀਵਾਦ ਦੇ ਨਿਖੇਧ ਦੀ ਥਾਂ ਉਸ ਉੱਤੇ ਮਾਣ ਉਭਰਦਾ ਹੈ।'' ਇਨ੍ਹਾਂ ਵਿਚ 'ਕਿੱਤਾਗਤ ਵਡਿਆਈ ਸਾਂਸਕ੍ਰਿਤੀ ਦਾ ਹਿੱਸਾ ਬਣ ਕੇ'' ਸਾਹਮਣੇ ਆ ਰਹੀ ਹੈ। ਇਹ ਕਹਾਣੀਆਂ ਦਲਿਤ ਦੀ ਵਰਤਮਾਨ ਤੇ ਪਰੰਪਰਾਗਤ ਸਥਿਤੀ ਵਿਚਾਲੇ 'ਤੁਲਨਾਤਮਕ ਬਿਰਤਾਂਤ ਉੱਤੇ ਖੜੀਆਂ ਹਨ। ਦਲਿਤ ਨੂੰ ਉਸਦੀ ਪੁਰਾਣੀ ਸਥਿਤੀ ਦਿਖਾ ਕੇ ਕਿਸਾਨੀ ਜਾਤੀ ਅਵਚੇਤਨ ਵਾਲਾ ਕਹਾਣੀਕਾਰ 'ਮਾਨਸਿਕ ਸੰਤੁਸ਼ਟੀ' ਮਹਿਸੂਸ ਕਰਦਾ ਹੈ। ਕਿਸਾਨੀ ਪਿਛੋਕੜ ਵਾਲੇ ਕਹਾਣੀਕਾਰ ਦੀ ਅਜਿਹੀ 'ਮਾਨਸਿਕਤਾ' ਅਤੇ 'ਪਹੁੰਚ' ਦੇ ਘਟਕ ਚਿੰਤਕ ਨਵੀਂ ਬਣੀ ਸਮਾਜਕ ਆਰਥਿਕ ਸਥਿਤੀ ਵਿਚ ਕਿਸਾਨ ਦੀ 'ਬਦਹਾਲੀ' ਅਤੇ ਦਲਿਤ ਦੀ 'ਖੁਸ਼ਹਾਲੀ' ਦੇ ਰੂਪ ਵਿਚ ਪਛਾਣਦਾ ਹੈ।

ਗੈਰ-ਸਵਰਨ, ਗੈਰ-ਦਲਿਤ ਕਹਾਣੀਕਾਰਾਂ ਦੁਆਰਾ ਰਚੀ ਦਲਿਤ ਕਹਾਣੀ ਦਾ ਅਵਲੋਕਣ ਕਰਦਿਆਂ ਚਿੰਤਕ ਇਸ ਕਹਾਣੀ ਦੇ ਕੁਝ ਅਹਿਮ ਸੂਤਰ ਪਛਾਣਦਾ ਹੈ। ਚਿਤੰਕ ਮੁਤਾਬਿਕ ਇਸ ਵਰਗ ਦੀ ਦਲਿਤਾਂ ਪ੍ਰਤੀ ਭਾਰੂ ਸੋਚ ਪ੍ਰਗਤੀਵਾਦੀ ਚਿੰਤਨ ਅਧੀਨ ਕਿਰਿਆਸ਼ੀਲ ਰਹੀ ਹੈ। ਇਸ ਵਰਗ ਵਿਚ ਸੁਜਾਨ ਸਿੰਘ ਪਹਿਲਾ ਕਹਾਣੀਕਾਰ ਹੈ ਜੋ 'ਦਲਿਤਾਂ' ਨੂੰ 'ਆਰਥਿਕਤਾਵਾਦ' ਤੋਂ ਤਬਦੀਲ ਕਰਕੇ ਸਮਾਜ' ਸਾਂਸਕ੍ਰਿਤਕ ਪਰਿਪੇਖ ਵਿਚ ਪਛਾਣਦਾ ਹੈ। ਉਹ ਇਸ 'ਜਾਤੀਵਾਦੀ ਸਾਂਸਕ੍ਰਿਤਕ ਅਵਚੇਤਨ' ਕੇਵਲ ਅਖੌਤੀ ਉੱਚ ਜਾਤੀਆਂ ਵਿਚ ਹੀ ਨਹੀਂ, ਬਲਕਿ ਪੱਛੜੀਆਂ ਤੇ ਦਲਿਤ ਜਾਤੀਆਂ ਦੇ ਵਿਹਾਰ ਉੱਤੇ ਵੀ ਪ੍ਰਭਾਵੀ ਹੁੰਦੇ ਦੇਖਦਾ ਹੈ।

ਇਸ ਵਰਗ ਵਿਚ ਗੁਰਦਿਆਲ ਸਿੰਘ ਵਿਚਾਰਧਾਰਾ-ਮੁਕਤ ਯਥਾਰਥਵਾਦੀ ਕਹਾਣੀ ਲਿਖਦਾ ਹੈ ਜਿਹੜਾ 'ਅੰਤਰਵਰਤੀ ਮੂਕ ਪਰ ਵਿਸਫੋਟ ਦੇ ਕਗਾਰ ਤੇ ਪਹੁੰਚੀ ਸਥਿਤੀ ਨੂੰ ਪੇਸ਼ ਕਰਦਾ ਹੈ।'' ਦਲਿਤ ਮਾਨਸਿਕਤਾ 'ਤੇ ਵਿਹਾਰ ਵਿਚ ਵਿਸਫੋਟ ਦੇ ਲੱਛਣ ਲਾਲ ਸਿੰਘ ਅਤੇ ਕਿਰਪਾਲ ਕਜ਼ਾਕ ਦੀਆਂ ਕਹਾਣੀਆਂ ਵਿਚ ਵੀ ਮਿਲਣੇ ਸ਼ੁਰੂ ਹੁੰਦੇ ਹਨ। ਬੇਸ਼ੱਕ ਇਹ ਗੁੱਸਾ ਅਸਲ ਧਿਰ ਦੀ ਬਜਾਇ ਕਿਸੇ ਹੋਰ ਤੇ ਨਿਕਲਦਾ ਹੈ।

ਜਿੰਦਰ ਆਪਣੀ ਕਹਾਣੀ ਵਿਚ ਦਲਿਤ ਧਿਰਾਂ ਦੀ ਜਾਤੀ ਆਧਾਰਿਤ ਧਰੁਵੀਕਰਨ ਦੀ ਰਾਜਨੀਤੀ ਸਦਕਾ ਖੱਬੇ ਪੱਖੀਆਂ ਦੇ ਸਮਾਜਕ ਏਜੰਡੇ ਤੋਂ ਦਲਿਤ ਧਿਰਾਂ ਦੇ ਜਾਤੀਵਾਦੀ ਏਜੰਡੇ ਵੱਲ ਤਬਾਦਲੇ ਦੀ



ਇਤਿਹਾਸਕ ਸਥਿਤੀ ਨੂੰ ਪੇਸ਼ ਕਰਦਾ ਹੈ। ਜਸਵਿੰਦਰ ਸਿੰਘ ਆਪਣੀ ਕਹਾਣੀ 'ਜੈਲਦਾਰ ਦਾ ਪੋਤਾ' ਰਾਹੀਂ ਦਲਿਤਾਂ ਪ੍ਰਤਿ ਅਖੌਤੀ ਉੱਚ ਜਾਤੀਆਂ ਦੇ ਜਾਤੀਵਾਦੀ ਹਉਮੈਵਾਦੀ ਅਵਚੇਤਨ ਨੂੰ ਪਰਵਾਸੀ ਜੀਵਨ ਦੇ ਪਰਿਪੇਖ ਵਿਚ ਪੇਸ਼ ਕਰਦਾ ਹੈ। ਵਿਕਸਿਤ ਮੁਲਕਾਂ ਵਿਚ ਪਰਵਾਸ ਕਰਨ ਨਾਲ ਪੰਜਾਬੀ ਆਪਣੇ 'ਜਾਤੀਵਾਦੀ ਸਾਂਸਕ੍ਰਿਤਕ ਅਵਚੇਤਨ' ਨੂੰ ਪਿੱਛੇ ਨਹੀਂ ਛੱਡ ਗਿਆ।

ਗ਼ੈਰ ਸਵਰਨ ਗ਼ੈਰ-ਦਲਿਤ ਕਹਾਣੀਕਾਰ ਦੁਆਰਾ ਲਿਖੀ ਦਲਿਤ ਕਹਾਣੀ ਜਿਆਦਾਤਰ ਦਲਿਤ ਧਿਰਾਂ ਦੇ ਹੱਕ ਵਿਚ ਖਲੋਂਦੀ ਜੱਟ ਦੇ ਜਾਤੀਵਾਦੀ ਹਉਮੈਵਾਦੀ ਰਵੱਈਏ ਦਾ ਆਲੋਚਨਾਤਮਕ ਸਿਰਜਨ ਕਰਦੀ ਹੈ। ਭਾਵ ਕਿ ਸਿੱਧੇ ਤੌਰ 'ਤੇ ਦਲਿਤ ਜੀਵਨ ਦੇ ਯਥਾਰਥਕ ਸਿਰਜਨ ਨਾਲੋਂ ਵਧੇਰੇ ਇਹ ਕਹਾਣੀ ਦਲਿਤਾਂ ਪ੍ਰਤਿ ਅਖੌਤੀ ਸਵਰਨ ਜਾਤੀਆਂ ਦੇ ਜਾਤੀਵਾਦੀ ਰਵੱਈਏ 'ਤੇ ਚੋਟ ਵਾਲੀ ਕਹਾਣੀ ਹੈ।

ਚਿੰਤਕ ਦਲਿਤ ਪਿਛੋਕੜ ਵਾਲੇ ਕਹਾਣੀਕਾਰਾਂ ਦੁਆਰਾ ਪ੍ਰਮਾਣਿਕ ਅਨੁਭਵ ਦੇ ਆਧਾਰ ਤੇ ਲਿਖੀ ਦਲਿਤ ਕਹਾਣੀ ਨੂੰ ਹੀ ਸਭ ਤੋਂ ਅਹਿਮ ਸਵੀਕਾਰਦਾ ਹੈ। ਉਹ ਕਹਾਣੀਕਾਰ ਦੀ ਅਨੁਭਵ ਅਧਾਰਿਤ ਪ੍ਰਮਾਣਿਕਤਾ ਨੂੰ ਰਚਨਾ-ਵਸਤੂ ਦੇ ਨਾਲ ਨਾਲ ਬਿਰਾਂਤਤਕ ਵਿਧੀ ਅਤੇ ਦਲਿਤ-ਦ੍ਰਿਸ਼ਟੀ ਵਿਚ ਵੀ ਪਛਾਣਦਾ ਹੈ। ਇਸ ਵਰਗ ਦਾ ਕਹਾਣੀਕਾਰ ਜਿਥੇ ਦਲਿਤ ਜੀਵਨ ਦਾ ਪ੍ਰਮਾਣਿਕ ਅਨੁਭਵ ਪੇਸ਼ ਕਰਦਾ ਹੈ ਉਥੇ ਨਾਲ ਹੀ ਪਰੰਪਰਾ ਤੋਂ ਅਲਹਿਦਾ ਦਲਿਤ ਸੁਹਜ-ਸ਼ਾਸਤਰ ਸਿਰਜਦਾ ਹੈ, ਦਲਿਤ-ਦ੍ਰਿਸ਼ਟੀ ਉਭਾਰਦਾ ਹੈ ਅਤੇ ਦਲਿਤ ਦੀ ਸਮਾਜਕ ਮੁਕਤੀ ਦੇ ਮਾਰਗ ਤਲਾਸ਼ਦਾ ਹੈ। ਪੰਜਾਬੀ ਦਲਿਤ ਕਹਾਣੀ ਦਾ ਇਹ ਕਹਾਣੀਕਾਰ ਸਮਾਜਕ ਪਰਿਪੇਖ ਵਿਚ ਦਲਿਤ ਪਿਛੋਕੜ ਵਾਲਾ ਹੈ ਅਤੇ ਦੂਜੇ ਪਾਸੇ ਆਰਥਿਕ ਪਰਿਪੇਖ ਵਿਚ ਸਾਧਨ-ਸੰਪੰਨ ਮੱਧ-ਸ਼੍ਰੇਣੀ ਵਿਚ ਆਉਂਦਾ ਹੈ। ਦਲਿਤ ਪਿਛੋਕੜ ਵਾਲਾ ਇਹ ਮੱਧ ਸ੍ਰੈਣਿਕ ਮਨੁੱਖ ਜਦ ਆਰਥਿਕ ਤੌਰ ਤੇ ਸੰਪੰਨ ਹੋ ਕੇ ਵੀ ਸਮਾਜਕ ਪਛਾਣ ਵਿਚ 'ਦਲਿਤ' ਹੀ ਸਵੀਕਾਰਿਆ ਜਾਂਦਾ ਹੈ ਤਾਂ ਨਵੀਂ ਬਣੀ ਇਸ ਸਥਿਤੀ ਵਿਚ ਉਹ ਦੋਹਰਾ ਵਿਹਾਰ ਅਪਣਾਉਂਦਾ ਦਿਖਾਈ ਦਿੰਦਾ ਹੈ। ਚੇਤੰਨ ਪੱਧਰ 'ਤੇ ਉਹ ਮਾਰਕਸ ਦੇ 'ਆਰਥਿਕਤਾ' ਦੇ ਆਧਾਰ 'ਤੇ ਸਮਾਜਕ ਸਮਾਨਤਾ ਦੇ ਸਿਧਾਂਤ ਉਪਰ ਫੌਰੀ ਪ੍ਰਤਿਕਰਮ ਵਜੋਂ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ, ਦੂਜਾ, ਅਚੇਤ ਪੱਧਰ 'ਤੇ ਉਹ ਖ਼ੁਦ ਵੀ ਜਾਤੀ ਵਿਵਸਥਾ ਦੀ ਸੰਸਕ੍ਰਿਤੀ ਨੂੰ ਅਪਣਾਉਂਦਾ ਹੋਇਆ ਆਪਣੇ ਹੀ ਲੋਕਾਂ ਨਾਲੋਂ ਨਾਤਾ ਤੋੜ ਮੱਧ ਸ੍ਰੈਣਿਕ ਸਮਾਜ, ਜਿਸ ਵਿਚ ਹੁਣ ਉਹ ਸ਼ਾਮਲ ਹੋਇਆ ਹੈ, ਵਿਚ ਭਾਰਤੀ ਜਾਤੀਵਾਦੀ ਸੰਸਕ੍ਰਿਤੀ ਦੇ ਨਜ਼ਰੀਏ ਤੋਂ ਉਚੇਰੀ ਜਾਤ ਵਾਲੀ 'ਨਵੀਂ ਪਛਾਣ' ਬਣਾਉਣੀ ਲੋਚਦਾ ਹੈ। ਅਜਿਹੀ ਹੀ ਲੋਚਾ ਅਤਰਜੀਤ ਦੀ ਕਹਾਣੀ 'ਨੂੰਹਾਂ' ਦੇ ਪਾਤਰ ਇੰਦਰਜੀਤ ਸਿੰਘ ਹੀ ਹੈ ਜਿਸਨੇ ਸ਼ਹਿਰੀ ਮੱਧ ਸ੍ਰੈਣਿਕ ਸਮਾਜ ਵਿਚ ਆਪਣੀ ਪਛਾਣ 'ਜੁੱਲ੍ਹੜ' ਦੀ ਥਾਂ 'ਕਟਾਰੀਆ' ਵਜੋਂ ਬਣਾਈ ਹੈ। ਪਰ ਦਲਿਤ ਪਿਛੋਕੜ ਵਾਲੇ ਕਹਾਣੀਕਾਰ ਦਾ ਨੁਕਤਾ ਨਿਗਾਹ ਇਥੇ ਕੇਂਦਰਿਤ ਨਹੀਂ ਬਲਕਿ ਇਸ ਨਵੀਂ ਸਥਿਤੀ ਪ੍ਰਤਿ ਸਵਰਨ ਜਾਤੀਆਂ ਦੇ ਨਕਾਰਾਤਮਕ, ਵਿਤਕਰੇ ਭਰਪੂਰ ਜਾਤੀਵਾਦੀ ਰਵੱਈਏ ਉਪਰ ਚੋਟ ਕਰਨ 'ਤੇ ਹੈ। ਇੰਜ ਹੀ ਪ੍ਰੇਮ ਗੋਰਖੀ ਵੀ ਆਪਣੀਆਂ ਕਹਾਣੀਆਂ ਵਿਚ 'ਆਰਥਿਕਤਾਵਾਦ' ਤੇ ਚੋਟ ਕਰਦਾ ਮਨੁੱਖੀ ਵਿਹਾਰ ਦੇ ਅਹਿਮ ਪ੍ਰੇਰਕ 'ਸਾਂਸਕ੍ਰਿਤਕ ਅਵਚੇਤਨ' ਨੂੰ ਅਗਰਭੂਮੀ ਵਿਚ ਲਿਆਉਂਦਾ ਹੈ।

ਡਾ. ਰਜਨੀਸ਼ ਦਲਿਤ ਕਹਾਣੀ ਵਿਚ 'ਪਰੰਪਰਾਗਤ ਸਾਂਸਕ੍ਰਿਤਕ ਅਵਚੇਤਨ' ਅਤੇ ਸਮਕਾਲੀ ਚੇਤਨਾ 'ਦਰਮਿਆਨ ਟਕਰਾਅ ਤੇ ਤਨਾਓ' ਦੀ ਪੇਸ਼ਕਾਰੀ ਨੂੰ ਵੀ ਦਲਿਤ ਕਹਾਣੀ ਦੇ ਪਛਾਣ ਚਿੰਨ੍ਹ ਵਜੋਂ ਵੇਖਦਾ ਹੈ। ਪਰੰਪਰਾਗਤ ਕਿੱਤੇ ਅਥਵਾ ਜਾਤੀਵਾਦੀ ਸਾਂਸਕ੍ਰਿਤਕ ਅਵਚੇਤਨ ਅਤੇ ਨਵੀਂ ਬਣੀ ਸਥਿਤੀ ਅਥਵਾ ਨਵੀਂ ਚੇਤਨਾ ਦਰਮਿਆਨ ਤਨਾਓ ਤੇ ਟਕਰਾਅ, ਦਾ ਮੁੱਢ ਸਰਵਮੀਤ ਦੀ ਕਹਾਣੀ 'ਕਲਾਣ' ,

'ਤਰਲੋਮੱਛੀ ਕਾਇਨਾਤ' ਮੋਹਨ ਲਾਲ ਫਿਲੌਰੀਆ ਦੀ ਕਹਾਣੀ 'ਮੋਚੀ ਦਾ ਪੁੱਤ' ਆਦਿ ਵਿਚ ਪਛਾਣਿਆ ਗਿਆ ਹੈ। ਇਸ ਮਸਲੇ ਉੱਤੇ ਫਿਲੌਰੀਆ ਆਪਣੀ ਕਹਾਣੀ 'ਮੋਚੀ ਦਾ ਪੁੱਤ' ਰਾਹੀਂ ਗੱਲ ਅੱਗੇ ਤੋਰਦਾ ਹੈ। ਕਹਾਣੀ ਵਿਚ ਪ੍ਰਥਮ ਪੁਰਖ ਪਾਤਰ ਦਾ ਪਿਤਾ ਜਦ ਇਹ ਗੱਲ ਆਖਦਾ ਹੈ ਕਿ 'ਉਏ ਤੂੰ ਪੜ੍ਹ ਲਿਖ ਕੇ ਡਰੀ ਜਾਨਾਂ ਮੈਂ ਅਨਪੜ੍ਹ ਹੋ ਕੇ ਨਹੀਂ ਡਰਦਾ।'' ਤਾਂ ਉਹ ਇਕ ਤਰ੍ਹਾਂ ਨਾਲ ਪੁੱਤਰ ਅੰਦਰ ਆਪਣੀ ਜਾਤੀ ਪਛਾਣ ਪ੍ਰਤਿ ਪੈਦਾ ਹੋਈ ਹੀਣ ਭਾਵਨਾ ਤੇ ਹੀ ਸੱਟ ਮਾਰ ਰਿਹਾ ਹੁੰਦਾ ਹੈ। ਇਹ ਮੱਧ ਸ਼੍ਰੇਣੀ ਵਿਚ ਪ੍ਰਵੇਸ਼ ਕੀਤੇ ਦਲਿਤ ਪਿਛੋਕੜ ਦੇ ਮਨੁੱਖ ਨੂੰ ਜਾਤੀ ਹੀਣਤਾ ਦੀ ਭਾਵਨਾ ਤੋਂ ਮੁਕਤ ਕਰਨ ਵਾਲੇ ਬੋਲ ਹਨ। ਚਿੰਤਕ ਮੁਤਾਬਿਕ ਇਹ ਕਾਰਜ ਅਖਾਉਤੀ ਜਾਤੀਗਤ ਵਡੱਪਣ ਦੇ ਪੈਂਤੜੇ ਨੂੰ ਪੰਕਚਰ ਕਰਕੇ 'ਆਪੇ ਪ੍ਰਤਿ ਸੋਝੀ' ਵਾਲਾ ਹੈ। ਇਸ ਸੋਝੀ ਵਿਚ ਜਾਤੀ ਪਛਾਣ ਕਾਇਮ ਹੈ ਜਦਕਿ ਜਾਤੀ-ਹੀਣਤਾ ਖਾਰਜ ਹੋ ਰਹੀ ਹੈ।

ਬਿੰਦਰ ਬਸਰਾ ਦਲਿਤ ਕਹਾਣੀ ਨੂੰ ਵਿਚਾਰਧਾਰਕ ਤੇ ਰਾਜਸੀ 'ਉੱਚੀ ਸੁਰ' ਚੋਂ ਕੱਢ ਕੇ ਦਲਿਤ ਜੀਵਨ ਦੇ ਸਹਿਜ ਅਮਲ ਦੀ ਸਹਿਜ ਸਿਰਜਣਕਾਰੀ ਵਿਚ ਪੈਂਦਾ ਹੈ।

ਸਰੂਪ ਸਿਆਲਵੀ ਰਾਹੀਂ ਪੰਜਾਬੀ ਕਹਾਣੀ ਦਲਿਤ ਕਹਾਣੀ ਦਲਿਤਾਂ ਦੇ ਦਮਨ ਤੇ ਹਾਸ਼ੀਆਗਤ ਸਥਿਤੀ ਨੂੰ ਇਤਿਹਾਸਕ ਪਰਿਪੇਖ ਵਿਚ ਪਛਾਣਦੀ ਇਸ ਦਮਨ ਦੀਆਂ ਜੜ੍ਹਾਂ ਪ੍ਰਾਚੀਨ ਭਾਰਤੀ ਇਤਿਹਾਸਕ ਮਿਥਿਹਾਸ ਵਿਚ ਤਲਾਸ਼ਦੀ ਹੈ। ਸਰੂਪ ਸਿਆਲਵੀ ਆਪਣੀ ਕਹਾਣੀ ਰਾਹੀਂ ਦਲਿਤ-ਦ੍ਰਿਸ਼ਟੀ ਤੋਂ ਭਾਰਤੀ ਇਤਿਹਾਸ ਦੇ ਚਿੰਤਨ ਵਿਚ ਪੈਂਦਾ ਦਲਿਤ ਦ੍ਰਿਸ਼ਟੀ ਤੋਂ ਇਤਿਹਾਸਕ ਪ੍ਰਵਚਨ ਸਿਰਜਣ ਦਾ ਉਪਰਾਲਾ ਕਰਦਾ ਹੈ। ਇਸ ਪਰਿਪੇਖ ਵਿਚ ਉਸਦੀਆਂ ਕਹਾਣੀਆਂ 'ਕਾਲ ਕਾਲਾਂਤਰ', 'ਕੁੰਤੀ ਪੁੱਤਰ ਕਰਨ' ਜ਼ਿਕਰਯੋਗ ਹਨ। ਦਲਿਤ ਪਛਾਣ ਨੂੰ 'ਕਰਨ' ਅਤੇ 'ਰਾਵਣ' (ਰਵਿੰਦਰ ਰਾਵਣ) ਨਾਲ ਜੋੜਣ ਦੇ ਕਹਾਣੀਕਾਰ ਦੇ ਚੇਤੰਨ ਕਾਰਜ ਨੂੰ ਚਿੰਤਕ ਕਿਰਤ ਦੀ ਵਡਿਆਈ ਦੀ ਥਾਂ ਰਾਜਸ਼ਾਹੀ ਨਾਲ ਜੋੜਣ ਵਜੋਂ ਵੇਖਦਾ ਇਸ ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਜੇਕਰ ਸਰੂਪ ਸਿਆਲਵੀ ਦਲਿਤ ਪਛਾਣ ਦੇ ਮਸਲੇ ਨੂੰ ਇਤਿਹਾਸਕ ਪਰਿਪੇਖ ਵਿਚ ਵਿਚਾਰਦਾ ਹੈ ਤਾਂ ਦੇਸ ਰਾਜ ਕਾਲੀ ਦਲਿਤ ਹੋਂਦ ਦੇ ਵਰਤਮਾਨ ਸੰਕਟਾਂ ਦੇ ਸਿਧਾਂਤਕ ਸੂਤਰਾਂ ਦੀ ਤਲਾਸ਼ ਲਈ ਮਿੱਥਾਂ ਦੇ ਵਿਸ਼ਲੇਸ਼ਣ ਵਿਚ ਪੈਂਦਾ ਹੈ। ਉਸਦੀ ਮੁੱਖ ਬਿਰਤਾਂਤਕ ਜੁਗਤ 'ਸੰਵਾਦ' ਅਤੇ 'ਆਤਮ ਕਥਨੀਆਂ' ਹਨ। ਚਿੰਤਕ ਮੁਤਾਬਕ ਕਾਲੀ ਭਾਰਤੀ ਇਤਿਹਾਸਕ ਪਰੰਪਰਾ ਦੇ ਪਲੇਟਫਾਰਮ ਤੋਂ ਪਰੰਪਰਾਗਤ ਪ੍ਰਗਤੀਵਾਦੀ ਚਿੰਤਨ ਦੇ ਬੌਧਿਕ ਆਧਾਰਾਂ ਨੂੰ ਚਣੌਤੀ ਦਿੰਦਾ ਹੈ। ਦੇਸ ਰਾਜ ਕਾਲੀ ਦਲਿਤਾਂ ਉਪਰ ਭਾਰਤੀ ਜਾਤੀ-ਵਿਵਸਥਾ ਦੇ ਆਭਾਮੰਡਲੀ ਸਰੂਪ ਦੇ ਅਵਚੇਤਨੀ ਪ੍ਰਭਾਵਾਂ ਪਿਛੇ ਕਾਰਜਸ਼ੀਲ ਪ੍ਰੇਰਕਾਂ ਦੀ ਤਲਾਸ਼ ਕਰਦਾ ਹੈ।

ਇਸ ਵਰਗ ਵਿਚ ਭਗਵੰਤ ਰਸੂਲਪੁਰੀ ਇਕ ਅਹਿਮ ਹਸਤਾਖ਼ਰ ਹੈ। ਉਸਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਹ ਜਿਥੇ ਦਲਿਤ 'ਦਮਨ', ਸਵੈ-ਹੀਣਤਾ ਨੂੰ 'ਅਕ੍ਰੋਸ਼' ਵਿਚ ਤਬਦੀਲ ਹੁੰਦੀ ਵੇਖਦਾ ਹੈ ਉਥੇ ਦਲਿਤ ਸਮਾਜ, ਦਲਿਤ ਵਿਚਾਰਧਾਰਾ, ਦਲਿਤ ਸਮਾਜ ਦੀ ਸਮਾਜਕ, ਅਧਿਆਤਮਕ ਮੁਕਤੀ ਦੇ ਮਾਡਲਾਂ ਵਿਚ ਪੈ ਰਹੇ ਦੋਫਾੜਾਂ ਪ੍ਰਤਿ ਫਿਕਰਮੰਦ ਹੁੰਦਾ ਇਸ ਪ੍ਰਤਿ ਆਲੋਚਨਾਤਮਕ ਪਹੁੰਚ ਅਪਣਾਉਂਦਾ ਨਜ਼ਰ ਆਉਂਦਾ ਹੈ। ਉਹ ਦਲਿਤ ਅਵਚੇਤਨ ਵਿਚ ਵੱਸੇ 'ਰਵਿਦਾਸ' ਅਤੇ ਅੰਬੇਡਕਰੀ ਪ੍ਰਭਾਵ ਅਧੀਨ ਚੇਤੰਨ ਪੱਧਰ ਤੇ ਇਸ ਉਪਰ ਥੋਪੇ ਜਾ ਰਹੇ 'ਬੁੱਧ ਧਰਮ' ਵਿਚਾਲੇ ਵਿਭਾਜਿਤ ਹੋ ਰਹੇ ਦਲਿਤ ਸਮਾਜ ਤੇ ਦਲਿਤ ਮਾਨਸਿਕਤਾ ਪ੍ਰਤਿ ਚੇਤੰਨ ਹੈ। ਉਹ ਅੰਬੇਡਕਰਵਾਦ, ਬੁੱਧ ਧਰਮ, ਰਵਿਦਾਸ ਬਾਣੀ, ਡੇਰਿਆਂ ਦੀ ਭੂਮਿਕਾ ਪ੍ਰਤਿ ਦਲਿਤ-ਚਿੰਤਨ ਵਿਚ ਚਲ ਰਹੇ ਸੰਵਾਦ ਨੂੰ ਕਥਾ ਬਿਰਤਾਂਤ ਵਿਚ ਢਾਲਦਾ ਦਲਿਤ




ਮੁਕਤੀ ਦੇ ਭਵਿੱਖਤ ਮਾਡਲ ਦੀ ਤਲਾਸ਼ ਵਿਚ ਹੈ।

ਬੂਰਾ ਸਿੰਘ ਕਲੇਰ ਮਾਨਵੀ ਅਵਚੇਤਨ ਵਿਚ ਪਏ ਜਾਤੀਵਾਦੀ ਸੰਸਕਾਰਾਂ 'ਤੇ ਕੇਂਦਰਿਤ ਕਰਦਾ ਹੈ ਜੋ ਸਾਧਾਰਨ ਹਾਲਾਤ ਵਿਚ ਤਾਂ 'ਸਭਿਅਕ ਵਿਹਾਰ' ਦੀ ਭਾਵਨਾ ਕਰਕੇ ਦਮਿਤ ਰਹਿੰਦੇ ਹਨ, ਪਰ ਜਦ ਇਨ੍ਹਾਂ ਨੂੰ ਹਵਾ ਦੇਣ ਵਾਲੀ ਸਥਿਤੀ ਬਣਦੀ ਹੈ ਤਾਂ ਇਹ ਭਾਵਨਾਵਾਂ ਅਗਰਭੂਮੀ ਵਿਚ ਆ ਜਾਂਦੀਆਂ ਹਨ। ਗੁਰਮੀਤ ਸਿੰਘ ਸਿੰਗਲ ਸਮਾਜਕ ਵਿਕਾਸ ਦੇ ਬਦਲਦੇ ਸਮੀਕਰਨਾਂ ਤਹਿਤ ਪਿੰਡ ਪੱਧਰ 'ਤੇ ਮੁਕਤੀ ਨੂੰ ਪੇਸ਼ ਕਰਦਾ ਹੈ। ਚਿੰਤਕ ਮੁਤਾਬਿਕ ਗੁਰਮੀਤ ਸਿੰਘ ਸਿੰਗਲ ਅਜਿਹਾ ਕਥਾਕਾਰ ਹੈ ਜੋ ਨਵੀਂ ਚੇਤਨਾ ਵਾਲੀ ਦਲਿਤ ਸ਼੍ਰੇਣੀ ਅਤੇ ਪਰੰਪਰਾਗਤ ਮਾਨਸਿਕਤਾ ਵਾਲੀ ਧਨੀ ਕਿਸਾਨੀ ਵਿਚਾਲੇ ਟਕਰਾਅ ਨੂੰ ਬਾਰੀਕੀ ਨਾਲ ਪਕੜਦਾ ਇਸ ਟਕਰਾਅ ਪੈਦਾਵਾਰੀ ਸਬੰਧਾਂ ਵਿਚੋਂ ਨਿਕਲ ਕੇ ਜਾਤੀਗਤ ਤਣਾਅ ਵਿਚ ਪਰਿਵਰਤਿਤ ਹੁੰਦੇ ਦੇਖਦਾ ਹੈ।

ਦਲਿਤ ਮਸਲਿਆਂ ਨਾਲ ਸੰਬੰਧਿਤ ਪੰਜਾਬੀ ਕਹਾਣੀ ਦਾ ਇਤਿਹਾਸਕ ਕ੍ਰਮਤਾ ਵਿਚ ਅਧਿਐਨ ਕਰਦਿਆਂ ਡਾ. ਰਜਨੀਸ਼ ਬਹਾਦਰ ਸਿੰਘ ਦੀ ਦ੍ਰਿਸ਼ਟੀ ਦਾ ਮੁੱਖ ਧੁਰਾ 'ਜਾਤੀਗਤ ਸਾਂਸਕ੍ਰਿਤਕ ਅਵਚੇਤਨ' ਬਣਦਾ ਹੈ। ਇਸ ਆਧਾਰ 'ਤੇ ਹੀ ਉਹ ਵੱਖ ਵੱਖ ਜਾਤੀਗਤ ਪਿਛੋਕੜ ਵਾਲੇ ਕਹਾਣੀਕਾਰਾਂ ਦੇ ਵਰਗ ਬਣਾ ਕੇ ਉਨ੍ਹਾਂ ਦੀ ਰਚੀ ਦਲਿਤ ਮਸਲਿਆਂ ਸੰਬੰਧੀ ਕਹਾਣੀ ਦਾ ਅਵਲੋਕਣ ਕਰਦਾ ਹੈ। ਬੇਸ਼ੱਕ ਕਿਸੇ ਕਹਾਣੀਕਾਰ ਦੀ ਕਿਸੇ ਵਰਗ ਪ੍ਰਤਿ ਪਹੁੰਚ ਅਤੇ ਦ੍ਰਿਸ਼ਟੀ ਦੀ ਉਸਾਰੀ ਵਿਚ 'ਸਾਂਸਕ੍ਰਿਤਕ ਅਵਚੇਤਨ' ਦਾ ਇਹ ਪਹਿਲੂ ਅਹਿਮ ਹੁੰਦਾ ਹੈ, ਪਰ ਸਾਡੀ ਜਾਚੇ ਸਾਹਿਤਕ ਸਿਰਜਣਕਾਰੀ ਜਿਹੇ ਮਹੀਨ ਤੇ ਸੰਵੇਦਨਸ਼ੀਲ ਕਾਰਜ ਵਿਚ ਇਸਨੂੰ ਇਕਲੌਤੇ ਤੇ ਫੈਸਲਾਕੁੰਨ ਰੂਪ ਵਿਚ ਲਾਗੂ ਕਰਨ ਲਈ ਅਸੀਂ ਸ਼ਾਇਦ 'ਨੌਂ ਬਾਰਾਂ ਦਸ' ਜਿਹੀਆਂ ਕਹਾਣੀਆਂ ਨਾਲ ਨਿਆਂ ਕਰਨੋਂ ਖੁੰਝ ਜਾਵਾਂਗੇ।

ਇਸ ਨਜ਼ਰੀਏ ਤੋਂ ਚਿੰਤਕ ਦਲਿਤ ਅਨੁਭਵ ਵਾਲੇ ਕਹਾਣੀਕਾਰਾਂ ਦੀ ਕਹਾਣੀ ਨੂੰ ਹੀ ਵਧੇਰੇ 'ਪ੍ਰਮਾਣਿਕ' ਅਤੇ 'ਪੁਖ਼ਤਾ' ਮੰਨਦਾ ਹੈ। ਦਲਿਤ ਕਹਾਣੀ ਨੂੰ ਇਤਿਹਾਸਕ ਕ੍ਰਮਤਾ ਵਿਚ ਵੇਖਦਿਆਂ ਚਿੰਤਕ ਪ੍ਰਗਤੀਵਾਦੀ ਪੰਜਾਬੀ ਕਹਾਣੀ ਵਿਚ 'ਨਿਮਨ ਧਿਰਾਂ' ਦੀ ਪੇਸ਼ਕਾਰੀ ਤੋਂ ਚਲ ਕੇ ਅਤਰਜੀਤ ਜਿਹੇ ਕਹਾਣੀਕਾਰਾਂ ਤੱਕ ਆ ਆਰਥਿਕ ਮਸਲਿਆਂ ਨਾਲ ਜਾਤੀਗਤ ਮਸਲਿਆਂ ਨੂੰ ਜੁੜਦੇ ਵੇਖਦਾ ਹੈ। ਅੱਗੇ ਸਰੂਪ ਸਿਆਲਵੀ, ਭਗਵੰਤ ਰਸੂਲਪੁਰੀ ਅਤੇ ਦੇਸ ਰਾਜ ਕਾਲੀ ਜਿਹੇ ਕਹਾਣੀਕਾਰ ਦਲਿਤ-ਕਹਾਣੀ ਵਿਚ ਇਤਿਹਾਸ, ਮਿਥਿਹਾਸ, ਵਿਚਾਰਧਾਰਕ ਮਸਲਿਆਂ ਨੂੰ ਸ਼ਾਮਲ ਕਰਦੇ ਹਨ। ਚਿੰਤਕ ਅਨੁਸਾਰ ਸਰੂਪ ਸਿਆਲਵੀ ਜਿਥੇ ਦਲਿਤ ਨਜ਼ਰੀਏ ਤੋਂ ਇਤਿਹਾਸ-ਮਿਥਿਹਾਸ ਦੀ ਪੁਨਰ-ਵਿਆਖਿਆ ਕਰਦਾ 'ਪਛਾਣ ਦੀ ਪੁਰਾਤਨਤਾ' ਨਾਲ ਜੂਝਦਾ ਹੈ ਉਥੇ ਭਗਵੰਤ ਰਸੂਲਪੁਰੀ ਜਿਹੇ ਕਹਾਣੀਕਾਰ ਦਲਿਤ ਸਮਾਜ ਦੇ ਸਮਕਾਲੀ ਸਮਾਜਕ, ਇਤਿਹਾਸਕ ਅਤੇ ਵਿਚਾਰਧਾਰਕ ਮਸਲਿਆਂ ਨੂੰ ਕਥਾ-ਸਿਰਜਣਾ ਦਾ ਆਧਾਰ ਬਣਾਉਂਦੇ ਦਲਿਤ ਸਮਾਜ ਦੀ 'ਸਮਾਜਕ' ਮੁਕਤੀ ਦੇ ਮਾਰਗ ਦੀ ਤਲਾਸ਼ ਵਿਚ ਪਏ ਹਨ। ਡਾ. ਰਜਨੀਸ਼ ਬਹਾਦਰ ਸਿੰਘ ਦੁਆਰਾ ਦਲਿਤ ਪੰਜਾਬੀ ਕਹਾਣੀ ਉਪਰ ਕੀਤੇ ਗਏ ਇਸ ਕਾਰਜ ਦੀ ਅਹਿਮੀਅਤ ਨੂੰ ਪਛਾਣਦਿਆਂ ਅਸੀਂ ਚਿੰਤਕ ਸੰਬੰਧੀ ਡਾ. ਰੌਣਕੀ ਰਾਮ ਦੇ ਇਸ ਕਥਨ ਨਾਲ ਸਹਿਮਤੀ ਪ੍ਰਗਟਾਉਂਦੇ ਹਾਂ ਕਿ 'ਡਾ. ਰਜਨੀਸ਼ ਬਹਾਦਰ ਸਿੰਘ ਵਲੋਂ ਇਹ ਚਿੰਤਨੀ ਉਪਰਾਲਾ ਜਿਥੇ ਸੰਪੂਰਨ ਪੰਜਾਬੀ ਦਲਿਤ ਕਹਾਣੀ ਨੂੰ ਇਕ ਥਾਂ ਤੇ ਆਲੋਚਨਾਤਮਕ ਢੰਗ ਨਾਲ ਪਾਠਕਾਂ ਦੇ ਸਨਮੁਖ ਕਰਦਾ ਹੈ, ਉਥੇ ਇਹ ਆਪਣੇ ਨਿਵੇਕਲੇ ਉਪਰਾਲੇ ਨਾਲ ਦਲਿਤ ਮੁਕਤੀ ਅਤੇ ਸ਼ਕਤੀਕਰਨ ਦੇ ਸੰਘਰਸ਼ ਦੇ ਵਹਾਅ ਵਿਚ ਵਡਮੁੱਲਾ ਯੋਗਦਾਨ ਵੀ ਪਾਉਂਦਾ ਹੈ।'' (ਮੋਬਾਇਲ-99147-57779)

## ਪੂਰਨ ਕਥਾ : ਅਪੂਰਣਤਾ 'ਚੋਂ ਪੂਰਣਤਾ ਦੀ ਤਲਾਸ਼ /ਡਾ. ਮਨਮੋਹਨ




ਗੋਵਰਧਨ ਗੱਬੀ ਨੇ ਆਪਣੇ ਪਹਿਲੇ 'ਨਾਵਲ' ਪੂਰਨ **ਕਥਾ ਨਾਲ** ਪੰਜਾਬੀ ਸਾਹਿਤ ਦੇ ਬਿਰਤਾਂਤ ਖੇਤਰ 'ਚ ਆਪਣੀ ਹਾਜ਼ਰੀ ਲਵਾਈ ਹੈ । ਇਸ ਤੋਂ ਪਹਿਲਾਂ ਉਹ ਦੋ ਕਹਾਣੀ ਸੰਗ੍ਰਿਹਾਂ 'ਭਰਮਜਾਲ' (2012) ਤੇ 'ਗੁਰਦਖਣਾ' (2009) ਨਾਲ ਪੰਜਾਬੀ ਕਹਾਣੀ ਜਗਤ 'ਚ ਆਪਣੀ ਥਾਂ ਬਣਾ ਚੁੱਕਾ ਹੈ । ਉਸਨੇ ਇਕ ਹੋਰ ਕਥਾ ਸੰਗ੍ਰਿਹ 'ਕਥਾ ਸਾਗਰ' (2009) ਹੋਰ ਕਹਾਣੀਕਾਰਾਂ ਨਾਲ ਮਿਲ ਕੇ ਵੀ ਪ੍ਰਕਾਸ਼ਿਤ ਕੀਤਾ। ਉਸਦੇ ਦੋ ਕਾਵਿ ਸੰਗ੍ਰਿਹ 'ਅਤੀਤ ਦੇ ਸਿਰਨਾਵੇਂ' (2005) ਤੇ 'ਦਿਲ ਵਾਲੀ ਫਟੜੀ' (2002) ਵੀ ਪ੍ਰਾਪਤ ਹਨ । ਇਸ ਤੋਂ ਇਲਾਵਾ ਉਹ 2003 'ਚ ਹੋਰ ਕਵੀਆਂ ਨਾਲ ਮਿਲ ਕੇ 'ਜੁਗਨੂੰਆਂ ਦਾ ਕਾਫ਼ਲਾ' ਤੇ 'ਦਸ ਵਰਸ' (ਹਿੰਦੀ) ਵੀ ਪ੍ਰਕਾਸ਼ਿਤ ਕਰ ਚੁੱਕਾ ਹੈ ।ਇਸੇ ਸਾਲ ਪ੍ਰਕਾਸ਼ਿਤ ਹੋਈ ਉਸਦੀ ਵਾਰਤਕ ਕਿਤਾਬ 'ਤਾਣਾ ਬਾਣਾ' ਪੰਜਾਬੀ ਸਾਹਿਤ ਜਗਤ 'ਚ ਚਰਚਿਤ ਰਹੀ ਹੈ ।

'ਪੂਰਨ ਕਥਾ' ਦੀ ਵਿਧਾ ਬਾਰੇ ਕਿ ਕੀ ਇਹ ਨਾਵਲ ਹੈ, ਗੋਵਰਧਨ ਨੇ ਇਸਦੀ ਭੂਮਿਕਾ 'ਚ ਆਪ ਹੀ ਸੰਦੇਹ ਪ੍ਰਗਟ ਕਰਦਿਆਂ ਲਿਖਿਆ ਹੈ, 'ਇਸ ਕਿਤਾਬ ਦਾ ਸਾਹਿਤਕ ਰੂਪ ਕੀ ਹੈ, ਮੈਨੂੰ ਕੋਈ ਅੰਦਾਜ਼ਾ ਨਹੀਂ । ਇਹ ਨਾਵਲ ਹੈ, ਜੀਵਨੀ, ਲੰਮੀ ਕਥਾ, ਕਹਾਣੀ, ਕਵਿਤਾ ਜਾਂ ਕੁੱਝ ਹੋਰ ? ਅਸਲ 'ਚ ਇਹ ਮੇਰੇ ਕਰਮਯੋਗੀ ਪਿਤਾ ਜੀ (ਪਾਪਾ ਜੀ) ਦੀ ਜੀਵਨ ਕਥਾ ਹੈ । ਪਿਛਲੀ ਉਮਰੇ ਜਦੋਂ ਮੇਰੇ ਪਿਤਾ ਜੀ ਬਿਮਾਰ ਰਹਿਣਾਂ ਸ਼ੁਰੂ ਹੋ ਗਏ ਤਾਂ ਮੇਰੇ ਜ਼ੋਰ ਭਰਨ ਉਪਰ ਮੇਰੇ ਪਾਪਾ ਜੀ ਨੇ ਜੀਵਨ ਯਾਦਾਂ ਦੇ ਨੋਟਸ ਲਿਖਣਾ ਸ਼ੁਰੂ ਕੀਤੇ ਸਨ । ਉਹ ਤਿੰਨ ਚਾਰ ਸਾਲ ਲੱਗੇ ਰਹੇ । ਉਹ ਲਿਖਦੇ । ਭੁਲ ਜਾਂਦੇ । ਕੁਝ ਯਾਦ ਆਉਂਦਾ ਫਿਰ ਲਿਖਦੇ । ਵਾਰ ਵਾਰ ਲਿਖਦੇ । ਲੱਗਭਗ 76 ਸਾਲ ਦੀ ਬਿਤਾਈ ਜ਼ਿੰਦਗੀ ਵਿਚ ਉਨਹਾਂ ਨੂੰ ਜੋ ਯਾਦ ਸੀ, ਉਹ ਲਿਖਿਆ । ਆਖੀਰ 31 ਅਕਤੂਬਰ, 2012 ਦੀ ਸਵੇਰ ਨੂੰ ਪਾਪਾ ਜੀ ਸਾਨੂੰ ਸਦਾ ਲਈ ਅਲਵਿਦਾ ਕਹਿ ਗਏ । ਉਸ ਤੋਂ ਬਾਅਦ ਮੈਂ ਉਨਹਾਂ ਦੁਆਰਾ ਲਿਖੇ ਨੋਟਸ ਨੂੰ ਕਥਾ ਦੇ ਰੂਪ ਵਿਚ ਪਿਰੋਣ ਦਾ ਕਾਰਜ ਸ਼ੁਰੂ ਕੀਤਾ । ਇਹ ਕਥਾ ਸੌ ਪ੍ਰਤੀਸ਼ਤ ਸੋਨੇ ਵਾਂਗ ਖਰੀ ਹੈ ਪਰ ਹੋ ਸਕਦਾ ਹੈ ਕਿ ਇਸਨੂੰ ਸਾਹਿਤਕ ਗਹਿਣੇ ਦੇ ਰੂਪ ਵਿਚ ਢਾਲਣ ਵਾਸਤੇ ਮੇਰੇ ਕੋਲੋਂ ਕੁਝ ਖੋਟ ਮਿਲ ਗਈ ਹੋਵੇ । ਇਸ ਕਿਤਾਬ ਦੇ ਸਾਰੇ ਪਾਤਰ ਅਸਲੀ ਹਨ । ਉਹਨਾਂ ਦੇ ਨਾਮ ਵੀ ਨਹੀਂ ਬਦਲੇ ਗਏ' ।

ਸੋ 'ਪੂਰਨ ਕਥਾ' ਸਵੈਜੀਵਨੀ ਹੈ, ਗਲਪ ਹੈ, ਕਥਾ ਹੈ, ਬਿਰਤਾਂਤ ਹੈ । ਇਸਦੇ ਲੇਖਕ ਵੀ ਦੋ ਨੇ । ਇਕ ਖ਼ੁਦ ਨਾਇਕ ਦੂਜਾ ਸਵੰ ਲੇਖਕ । ਨਾਇਕ ਪੂਰਨ ਨੇ ਆਪਣੀ ਸਵੈਜੀਵਨੀ ਦੇ ਨੋਟਸ ਲਿਖੇ ਤੇ ਗੋਵਰਧਨ ਗੱਬੀ ਲੇਖਕ ਨੇ ਇਸ ਨੂੰ ਬਿਰਤਾਂਤਕ ਪਾਠ ਦੇ ਰੂਪ 'ਚ ਮੁੜ-ਸਿਰਜਤ ਕੀਤਾ । ਸੋ ਇਹ ਬਿਰਤਾਂਤ ਸਹਿਲੇਖਕੀ ਹੀ ਨਹੀਂ ਬਲਕਿ ਸਹਿਸਿਰਜਕੀ ਵੀ ਹੈ । ਇਹ ਨਾ ਸਿਰਫ਼ ਨਾਇਕ ਪੂਰਨ ਦੀ ਲਿਖਤ ਹੈ ਬਲਕਿ ਲੇਖਕ ਗੋਵਰਧਨ ਗੱਬੀ ਦੀ ਲੇਖਕੀ ਦ੍ਰਿਸ਼ਟੀ ਦਾ ਵਾਹਕ ਵੀ ਹੈ ਕਿਉਂ ਕਿ ਉਹ ਕੇਵਲ



ਇਸ ਬਿਰਤਾਂਤ ਦਾ ਸੰਪਾਦਕ ਜਾਂ ਪੇਸ਼ਕਾਰ ਹੀ ਨਹੀਂ ਬਲਕਿ ਸਹਿਲੇਖਕ ਵੀ ਹੈ ।

ਛੇ ਅਧਿਆਇਆਂ 'ਚ ਫ਼ੈਲਿਆ ਇਹ ਬਿਰਤਾਂਤ ਨਾਇਕ ਪੂਰਨ ਦੇ ਜਨਮ, ਵੰਡ ਤੋਂ ਬਾਅਦ ਪਾਕਿਸਤਾਨ ਤੋਂ ਹਿਜਰਤ ਕਰਕੇ ਏਧਰਲੇ ਪੰਜਾਬ 'ਚ ਮੁੜ ਵਸੇਬੇ ਦਾ ਸੰਘਰਸ਼, ਗ਼ਰੀਬੀ ਤੇ ਭੁੱਖ ਨਾਲ ਲੜਾਈ, ਫ਼ੌਜ ਦੀ ਨੌਕਰੀ, ਵਿਆਹ, ਆਪ ਸਹੇੜੇ ਹਾਦਸੇ ਕਾਰਣ ਅਪਾਹਜ ਹੋਣਾ, ਅਪਾਹਿਜਤਾ ਕਾਰਣ ਫੌਜ ਦੀ ਨੌਕਰੀ ਤੋਂ ਬਰਖ਼ਾਸਤਗੀ, ਮੁੜ ਜੀਵਨ ਸਥਾਪਤੀ ਲਈ ਚਪੜਾਸੀ ਦੀ ਨੌਕਰੀ, ਕਿਰਾਨੇ ਦੀ ਦੁਕਾਨ ਕਰਨਾ, ਪਿੰਡਾਂ 'ਚ ਜੁਤੀਆਂ/ਚਪਲਾਂ ਵੇਚਣ ਲਈ ਸਾਈਕਲ 'ਤੇ ਫੇਰੀ ਲਾਉਣਾ, ਬੱਚੇ ਪੈਦਾ ਹੋਣੇ ਤੇ ਉਨ੍ਹਾਂ ਦੇ ਪਾਲਣ ਪੋਸ਼ਣ ਤੇ ਪੜ੍ਹਾਈ ਦੀ ਜਦੋਜਹਿਦ, ਪੈਸਾ ਕਮਾ ਕੇ ਜ਼ਮੀਨ ਖਰੀਦਣੀ ਤੇ ਖੇਤੀ ਕਰਨਾ, ਬੱਚਿਆਂ ਦੇ ਵੱਡੇ ਹੋਣ ਅਤੇ ਜੀਵਨ 'ਚ ਸਫ਼ਲ ਹੋਣ 'ਤੇ ਚੰਡੀਗੜ੍ਹ 'ਚ ਵਸੇਬਾ ਕਰਨਾ ਅਤੇ ਸੰਤੁਸ਼ਟ ਜੀਵਨ ਤੋਂ ਬਾਅਦ ਥੋੜ੍ਹ ਚਿਰੀ ਬਿਮਾਰੀ ਤੋਂ ਮੌਤ ਆਦਿ ਕਈ ਲਘੂ ਬਿਰਤਾਂਤਾਂ 'ਚੋਂ ਆਪਣਾ ਪੈਰਾਡਾਈਮ ਸਿਰਜਦਾ ਹੈ ।

'ਪੂਰਨ ਕਥਾ' ਨਾਇਕ ਪੂਰਨ ਦੀ ਜੀਵਨ ਕਥਾ ਦਾ ਬਿਰਤਾਂਤ ਹੈ । ਫੌਜ 'ਚ ਨੌਕਰੀ ਕਰਨ ਦੌਰਾਨ ਪੂਰਨ ਇਕ ਵਾਰ ਛੁੱਟੀ ਆਉਂਦਾ ਹੈ । ਉਸਦਾ ਇਕ ਹੋਰ ਫੌਜੀ ਦੋਸਤ ਉਸਨੂੰ ਇਕ ਗਰਨੇਡ ਦਿੰਦਾ ਹੈ ਜਿਸ ਨਾਲ ਉਹ ਪਿੰਡ ਦੇ ਬਾਹਰ ਵੱਡੇ ਛੱਪੜ 'ਚ ਮੱਛੀਆਂ ਮਾਰਦਾ ਸੀ । ਛੁੱਟੀ ਦੇ ਆਖ਼ਰੀ ਦਿਨ ਪੂਰਨ ਦੇ ਮਨ 'ਚ ਵੀ ਮੱਛੀਆਂ ਮਾਰਨ ਦਾ ਲਾਲਚ ਆਉਂਦਾ ਹੈ ਤੇ ਇਸ ਦੌਰਾਨ ਗਰਨੇਡ ਉਸਦੇ ਹੱਥ 'ਚ ਹੀ ਫੱਟ ਜਾਂਦਾ ਹੈ। ਆਪ ਸਹੇੜੇ ਇਸ ਹਾਦਸੇ 'ਚ ਜਦੋਂ ਪੂਰਨ ਦਾ ਇਕ ਹੱਥ ਚਲਿਆ ਜਾਂਦਾ ਹੈ ਤਾਂ ਉਸਦੇ ਮਨ 'ਚ ਦੁਬਿਧਾ ਪੈਦਾ ਹੁੰਦੀ ਹੈ ਕਿ ਕੀ ਉਸਦੀ ਪਤਨੀ ਉਸਨੂੰ ਸਵਿਕਾਰ ਕਰੇਗੀ ਜਾਂ ਨਹੀਂ । ਉਹ ਆਪਣੀ ਪਤਨੀ ਨਾਲ ਦੁਬਿਧਾ ਜ਼ਾਹਿਰ ਕਰਦਾ ਹੈ । ਪਤਨੀ ਉਸਨੂੰ ਉਸਦੀ ਅਪਾਹਿਜ ਅਵਸਥਾ 'ਚ ਨਾ ਸਿਰਫ਼ ਸਵਿਕਾਰ ਕਰਦੀ ਹੈ ਬਲਕਿ ਉਸ ਨਾਲ ਜੀਵਨ 'ਚ ਨਾਲ ਖੜ੍ਹ ਕੇ ਸੰਘਰਸ਼ ਕਰਨ ਦਾ ਵਾਅਦਾ ਇਸ ਬਿਆਨ ਨਾਲ ਕਰਦੀ ਹੈ ਜੋ ਇਸ ਕਥਾ ਦਾ 'ਕਲਿਫ਼ ਹੈਂਗਰ' ਸਾਬਿਤ ਹੋ ਨਿਬੜਦਾ ਹੈ, 'ਦੇਖ ਸੱਜਣਾ ਇੱਕ ਗੱਲ ਤਾਂ ਪੱਕੀ ਹੈ, ਮੰਗ ਕੇ ਤਾਂ ਢਿੱਡ ਭਰਨਾ ਨਹੀਂ, ਤੇਰੇ ਦੋਨੋਂ ਹੱਥ ਤਾਂ ਗਏ ਨਹੀਂ ! ਦੋ ਹੱਥ ਰੱਬ ਨੇ ਮੈਨੂੰ ਵੀ ਦਿੱਤੇ ਹਨ‌ ਕੀ ਤਿੰਨ ਹੱਥ ਮਿਲ ਕੇ ਦੋ ਢਿੱਡ ਨਹੀਂ ਪਾਲ ਸਕਦੇ ? ਮੈਂ ਕਿਤੇ ਦਿਹਾੜੀ ਧੰਧਾ ਕਰ ਲਵਾਂਗੀ ਮਜ਼ਦੂਰੀ ਕਰ ਲਵਾਂਗੀ ਤੂੰ ਬਸ ਮੇਰੇ ਆਸ ਪਾਸ ਰਹੀਂ ਤਾਂ ਕਿ ਮੈਨੂੰ ਇਹ ਅਹਿਸਾਸ ਹੁੰਦਾ ਰਹੇ ਕਿ ਮੇਰਾ ਜੀਵਨ ਸਾਥੀ, ਮੇਰੇ ਦੁੱਖ ਸੁੱਖ ਦਾ ਭਾਈਵਾਲ, ਮੇਰੇ ਕੋਲ ਖੜ੍ਹਾ ਹੈ'। 'ਪੂਰਨ ਕਥਾ' ਦਾ ਬਿਰਤਾਂਤ ਇੰਝ ਨਾਇਕ ਪੂਰਨ ਵੱਲੋਂ ਆਪਣੀ ਅਪਾਹਿਜਤਾ ਤੇ ਅਪੂਰਣਤਾ ਨੂੰ ਜੀਵਨ ਦੀਆਂ ਉਸਾਰੂ ਕਦਰਾਂ ਕੀਮਤਾਂ 'ਤੇ ਚੱਲ ਕੇ ਅਣਥੱਕ ਜੀਵਨ ਸੰਘਰਸ਼ ਰਾਹੀਂ ਸਾਰਥਿਕ ਪੂਰਣਤਾ 'ਚ ਰੂਪਾਂਤ੍ਰਿਤ ਕਰਨ ਦੇ ਲਘੂਪਣ 'ਚੋਂ ਇਕ ਵੱਡੇ ਉਦੇਸ਼ ਨੂੰ ਸਮਰਪਿਤ ਹੈ । ਇਸੇ ਕਾਰਣ ਇਸ ਬਿਰਤਾਂਤ ਨੂੰ ਅਪੂਰਣਤਾ 'ਚੋਂ ਪੂਰਣਤਾ ਦੀ ਤਲਾਸ਼ ਦਾ ਬਿਰਤਾਂਤ ਕਿਹਾ ਜਾ ਸਕਦਾ ਹੈ ।

'ਪੂਰਨ ਕਥਾ' ਦਾ ਬਿਰਤਾਂਤ ਆਪਣੇ ਅਨੁਭਵ ਦੀ ਨਿੱਜਤਾ ਤੇ ਲਘੂਤਾ ਕਾਰਣ ਪ੍ਰਮਾਣਿਕ ਹੈ । ਜੌਰਜ ਲੁਕਾਚ ਆਪਣੀ ਕਿਤਾਬ 'ਦਾ ਹਿਸਟੋਰੀਕਲ ਨਾਵਲ' 'ਚ ਲਿਖਦਾ ਹੈ ਕਿ ਪ੍ਰਮਾਣਿਕਤਾ ਨਿੱਜ ਤੇ ਆਤਮ ਦੀ ਧਰਾਤਲ 'ਤੇ ਹੰਢਾਇਆ ਹੋਇਆ ਸੱਚ ਹੁੰਦਾ ਹੈ ਜੋ ਕਿ ਬਿਰਤਾਂਤ ਨੂੰ ਯਥਾਰਥਕਤਾ ਪ੍ਰਦਾਨ ਕਰਦਾ ਹੈ । 'ਪੂਰਨ ਕਥਾ' ਦਾ ਬਿਰਤਾਂਤ ਪ੍ਰਥਮ ਪੁਰਖੀ ਹੈ। ਪ੍ਰਥਮ ਪੁਰਖਤਾ ਪ੍ਰਮਾਣਿਕਤਾ ਦੀ ਕਸਵਟੀ ਹੁੰਦੀ ਹੈ । ਪ੍ਰਥਮ ਪੁਰਖਤਾ ਦੀ ਨਿੱਜਤਾ ਤੇ ਜੀਵਨ ਦੀ ਲਘੂਤਾ ਹੀ ਇਸਦੀ ਪ੍ਰਮਾਣਿਕਤਾ ਦਾ ਪ੍ਰਮਾਣ ਹੈ । ਇਹੋ ਪ੍ਰਮਾਣਿਕਤਾ ਇਸਨੂੰ ਪੜ੍ਹਨਯੋਗ ਪਾਠ ਬਣਾਉਂਦੀ ਹੈ । ਇਸਦੀ ਪੜ੍ਹਨਯੋਗਤਾ ਕਾਰਣ ਇਸਦੀ ਨਿੱਜਤਾ 'ਚ ਪਰਤਾ ਵੀ ਸ਼ਾਮਿਲ ਹੈ । ਇਸੇ ਪਰਤਾ ਕਾਰਣ ਪਾਠਕ ਇਸ ਨੂੰ ਨਿੱਜੀ ਬਣਾ ਲੈਂਦਾ ਹੈ ਕਿਉਂ ਕਿ ਪਾਠਕ

ਇਸਨੂੰ ਪੜ੍ਹ ਹੀ ਨਹੀਂ ਰਿਹਾ ਹੁੰਦਾ ਬਲਕਿ ਇਸਨੂੰ ਆਪਣੀ ਨਿੱਜਤਾ ਨਾਲ ਜੋੜ ਕੇ ਸਿਰਜ ਵੀ ਰਿਹਾ ਹੁੰਦਾ ਹੈ ।ਰੋਲਾਂ ਬਾਰਥ ਦਾ ਆਪਣੀ ਕਿਤਾਬ 'ਇਮੇਜ ਮਿਊਜ਼ਿਕ ਐਂਡ ਟੈਕੱਸਟ' 'ਚ ਇਹ ਕਿਹਾ ਇਥੇ ਸਹੀ ਪ੍ਰਤੀਤ ਹੁੰਦਾ ਹੈ ਕਿ ਲੇਖਕ ਹੀ ਨਹੀਂ ਲਿਖਦਾ ਬਲਕਿ ਪਾਠਕ ਵੀ ਲਿਖਦਾ ਹੈ ਕਿਉਂ ਕਿ ਪਾਠਕ ਇਸਨੂੰ ਪੜ੍ਹ ਹੀ ਨਹੀਂ ਰਿਹਾ ਹੁੰਦਾ ਬਲਕਿ ਆਪਣੀ ਪੜ੍ਹਤ ਰਾਹੀਂ ਲਿਖ ਵੀ ਰਿਹਾ ਹੁੰਦਾ ਹੈ ।

'ਪੂਰਨ ਕਥਾ' ਮਹਿਜ਼ ਘਟਨਾਵੀ ਬਿਰਤਾਂਤ ਹੀ ਨਹੀਂ ਬਲਕਿ ਆਪਣੀ ਸਮਸਮਿਅਕਤਾ, ਸੱਭਿਆਚਾਰ, ਸਮਾਜ, ਰਾਜਨੀਤੀ, ਸੱਤਾ ਤੇ ਮਾਨਵੀ ਕਦਰਾਂ ਕੀਮਤਾਂ ਦਾ ਪ੍ਰਤਿਬਿੰਬਣ ਵੀ ਹੈ ।ਇਸ ਕਥਾ ਦੇ ਅਮੂਰਤਨ 'ਚ ਸੱਭਿਆਚਾਰ ਤੇ ਦਰਸ਼ਨ ਦਾ ਵਿਵਰਣ ਵੀ ਵਿਆਪਿਆ ਪਿਆ ਹੈ ।ਇਸੇ ਕਾਰਣ ਇਹ ਬਹੁਸੁਰੀ ਹੈ । ਇਸ 'ਚ ਪੰਜਾਬ ਦੀ ਵੰਡ, ਪੰਜਾਬ ਦੀ ਆਰਥਿਕਤਾ, ਪੰਜਾਬ ਦੀ ਸਮਾਜਿਕਤਾ, ਸਭਿੱਆਚਾਰ ਤੇ ਸੰਸਕ੍ਰਿਤੀ, ਲੋਕਯਾਨ ਤੇ ਲੋਕ ਰੰਗ ਦਾ ਬੜਾ ਮਾਰਮਿਕ ਤੇ ਅੱਖੀਂ ਡਿੱਠਾ ਵਰਨਣ ਹੈ । ਮਿਖਾਇਲ ਮਿਖਾਈਲੋਵਿਚ ਬਾਖ਼ਤਿਨ ਆਪਣੀ ਕਿਤਾਬ 'ਦਾ ਡਾਇਲੋਜਿਕ ਇਮੈਜੀਨੇਸ਼ਨ' ਵਿਚ ਇਸ ਤਰ੍ਹਾਂ ਦੇ ਬਿਰਤਾਂਤ ਨੂੰ 'ਸ਼ਬਦ ਸੰਚਾਰੀ ਵੰਨਸਵੰਨਤਾ/ਹੈਟਰੋਗਲਾਸੀਆ' ਕਹਿੰਦਾ ਹੈ ।ਇਕ ਕਥਾ ਆਪਣੇ ਅੰਦਰ ਕਈ ਪਾਠ ਸਾਂਭੀ ਬੈਠੀ ਹੁੰਦੀ ਹੈ ।ਇਹੋ ਪਾਠਾਤਿਮਕ ਬਹੁਵੰਦਤਾ/ਬਹੁਸੁਰਤਾ ਹੀ ਅਸਲ 'ਚ ਲੇਖਕ ਦੀ ਦ੍ਰਿਸ਼ਟੀ ਹੁੰਦੀ ਹੈ ।ਪਾਠਕ ਕੇਵਲ ਕਥਾ ਨਹੀਂ ਪੜ੍ਹਦਾ ਸਗੋਂ ਉਹ ਲੇਖਕ ਦੀ ਦ੍ਰਿਸ਼ਟੀ ਰਾਹੀਂ ਆਪਣੇ ਆਪ ਨੂੰ ਦੇਖਦਾ ਹੈ ।ਇਹ ਦ੍ਰਿਸ਼ਟੀ ਹੀ ਪਾਠ ਨੂੰ ਪ੍ਰਮਾਨਿਕਤਾ ਬਖ਼ਸ਼ਦੀ ਹੈ ।

'ਪੂਰਨ ਕਥਾ' ਦਰਅਸਲ ਪੂਰੀ ਸ਼ਿੱਦਤ, ਸੰਘਰਸ਼, ਸਮਰਪਣ ਤੇ ਸੁਹਿਰਦਤਾ ਨਾਲ ਜੀਵੀ ਜ਼ਿੰਦਗੀ ਦਾ 'ਉਤਸਵ/ਕਾਰਨੀਵਲ' ਹੈ ।ਬਾਖ਼ਤਿਨ ਆਪਣੀ ਕਿਤਾਬ 'ਪ੍ਰੋਬਲੱਮਜ਼ ਆਫ ਦੋਸਤੋਵਸਕੀ ਪੋਈਟਿਕਸ' 'ਚ ਇਸ ਉਤਸਵ ਦੇ ਸੰਕਲਪ ਬਾਰੇ ਲਿਖਦਾ ਹੈ ਕਿ 'ਉਤਸਵ' ਅਜਿਹਾ ਪ੍ਰਸੰਗ ਹੈ ਜਿਸ ਵਿਚ ਵੱਖਰੀਆਂ ਤੇ ਵਿਭਿੰਨ ਆਵਾਜ਼ਾਂ ਸੁਣਦੀਆਂ, ਪਣਪਦੀਆਂ ਤੇ ਇਕ ਦੂਜੇ ਨਾਲ ਅੰਤਰਕਿਰਿਆ 'ਚ ਰਹਿੰਦੀਆਂ ਹਨ । ਉਤਸਵ ਇਕ ਅਜਿਹੀ ਦਹਿਲੀਜ਼ ਜਾਂ ਦੁਆਰ ਸਥਿਤੀ ਹੈ ਜਿਥੇ ਨਿਰੰਤਰ ਪਰੰਪਰਕ ਰੀਤਾਂ ਟੁੱਟਦੀਆਂ ਤੇ ਪੁੱਠਾ ਗੇੜਾ ਖਾਂਦੀਆਂ ਨੇ ।ਇਸੇ ਕਰਕੇ ਹੀ ਸੰਵਾਦ ਸੰਭਵ ਹੁੰਦਾ ਹੈ ।ਇਹ ਉਤਸਵ'ਪੂਰਨ ਕਥਾ' ਦੇ ਬਿਰਤਾਂਤ ਦੀ ਨਾ ਸਿਰਫ਼ ਕਥਾਤਮਕਤਾ ਬਲਕਿ ਇਸ ਦੀ ਸਭਿੱਆਚਾਰਕ ਦ੍ਰਿਸ਼ਕਾਰੀ, ਭਾਸ਼ਾਕਾਰੀ, ਲੋਕਤਾ ਤੇ ਮੁਹਾਵਰਾਮੂਲਕਤਾ 'ਚੋਂ ਸਹਿਜ ਭਾਅ ਝਲਕਦਾ ਹੈ ।'ਪੂਰਨ ਕਥਾ' ਦੇ ਬਿਰਤਾਂਤ 'ਚ ਰਿਆੜਕੀ ਆਂਚਲਿਕਤਾ ਦੇ ਦਰਸ਼ਨ ਇਸਨੂੰ ਹੋਰ ਪੜ੍ਹਨਯੋਗਤਾ ਪ੍ਰਦਾਨ ਕਰਦੇ ਹਨ ।

'ਪੂਰਨ ਕਥਾ' ਦਾ ਬਿਰਤਾਂਤ ਇਸ ਪੱਖੋਂ ਵੀ ਪ੍ਰਮਾਨਿਕ ਹੈ ਕਿ ਇਹ ਇਕ ਪਿਤਾ ਦੀ ਜੀਵਨ ਕਥਾ ਨੂੰ ਉਸਦੇ ਪੁੱਤਰ ਵੱਲੋਂ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਣਾ ਤੇ ਲਿਖਤ ਦਾ ਆਧਾਰ ਬਣਾਉਣਾ ।ਗੋਵਰਧਨ ਗੱਬੀ ਇਸ ਬਿਰਤਾਂਤ ਦਾ ਪਾਤਰ ਵੀ ਹੈ ਤੇ ਆਪਣੀ ਪਾਤਰਤਾ ਤੋਂ ਪਰ੍ਹੇ ਵੀ, ਕਿਉਂ ਕਿ ਉਹ ਆਪਣੀ ਪਾਤਰਤਾ ਦਾ ਲੇਖਕ ਵੀ ਹੈ ਤੇ ਆਪਣੀ ਲਿਖਤ ਦਾ ਪਾਤਰ ਵੀ ।ਇਸ ਬਿਰਤਾਂਤ ਨੂੰ ਨਾਇਕ ਤੇ ਲੇਖਕ ਪੂਰਨ ਦਾ ਅਤੇ ਗੋਵਰਧਨ ਗੱਬੀ ਸਹਿਲੇਖਕ ਦਾ ਨਾਇਕ ਦੀ ਪਾਤਰਤਾ ਤੇ ਲੇਖਕੀਅਤਾ ਦਾ ਸਹਿਸਬੰਧਕ ਰੂਪ 'ਚ ਇਕ ਦੂਜੇ ਦੀ ਪਾਤਰਤਾ ਨੂੰ ਲਿਖਣਾ ਇਸਦੀ ਪ੍ਰਮਾਨਿਕਤਾ ਦਾ ਇਕ ਹੋਰ ਕਾਰਣ ਹੈ ।

'ਪੂਰਨ ਕਥਾ' ਦੀ ਇਸੀ ਸੱਚੇ-ਸੁੱਚੇ ਅਨੁਭਵ ਦੀ ਨਿੱਜਤਾ, ਨਿਰਮਲਤਾ, ਨਿਰਸ਼ਲਤਾ, ਨਿਰਮਾਣਤਾ ਅਤੇ ਜੀਵਨ ਦੇ ਨਿੱਕੇ-ਲਘੂ ਅਹਿਸਾਸ ਜੋ ਇਸਨੂੰ ਪ੍ਰਮਾਨਿਕਤਾ ਪ੍ਰਦਾਨ ਕਰਦੇ ਨੇ, ਕਾਰਨ ਇਸਦਾ ਪੰਜਾਬੀ ਸਾਹਿਤ ਜਗਤ 'ਚ ਸਵਾਗਤ ਹੈ ਕਿਉਂ ਕਿ ਇਹ ਇਕ ਤਰ੍ਹਾਂ ਨਾਲ ਜੀਵਨ ਸੰਘਰਸ਼ ਦੀ ਅਪੂਰਣਤਾ 'ਚ ਪੂਰਣਤਾ ਤਲਾਸ਼ ਕਰਦੀ ਕਥਾ ਹੀ ਨਹੀਂ ਬਲਕਿ ਪਾਠਕ ਲਈ ਪ੍ਰੇਰਣਾ ਦਾ ਸਰੋਤ ਵੀ ਹੈ।



## ਲੇਖ/ਪੰਜਾਬੀ ਕਹਾਣੀ ਦਾ ਅੰਤਰੀਵੀਂ ਚਿਹਨ-ਚਿਤਰ/ ਗੁਰਚਰਨ ਸਿੰਘ

ਪੰਜਾਬੀ ਕਹਾਣੀ ਦਾ ਅੰਤਰੀਵੀ ਚਿਹਨ-ਚਿਤਰ ਕੀ ਹੈ ਅਤੇ ਇਹ ਕਿੰਨੀ ਕੁ ਮਾਤਰਾ ਵਿੱਚ ਅਪ੍ਰਗਟ ਅਤੇ ਕਿੰਨੀ ਕੁ ਮਾਤਰਾ ਵਿੱਚ ਪ੍ਰਗਟ ਹੋਇਆ ਹੈ ਆਦਿ ਸਰੋਕਾਰਾਂ ਬਾਬਤ ਗੱਲ ਕਰਨੀ ਕਾਫ਼ੀ ਕਠਿਨ ਕਾਰਜ ਹੈ। ਇਸ ਦਾ ਇੱਕ ਸਿੱਧਾ ਜਿਹਾ ਕਾਰਨ ਇਹ ਹੈ ਕਿ ਪੰਜਾਬੀ ਲੇਖਕਾਂ ਨੇ ਵਿਸ਼ਿਆਂ ਦੀ ਵੰਨ-ਸੁਵੰਨਤਾ ਜਾਂ ਮੌਲਿਕਤਾ ਨੂੰ ਕਹਾਣੀ-ਵਿਧਾ ਦੀ ਮੌਲਿਕਤਾ ਨਾਲ ਜੋੜ ਕੇ ਕਦੇ ਪੇਸ਼ ਕਰਨ ਦਾ ਯਤਨ ਨਹੀਂ ਕੀਤਾ। ਇਸ ਵਿੱਚ ਕੋਈ ਦੋ ਰਾਇ ਨਹੀਂ ਹੋਣੀ ਚਾਹੀਦੀ ਕਿ ਵਿਧਾ ਦੀ ਮੌਲਿਕਤਾ ਵੀ ਹੁੰਦੀ ਹੈ ਭਾਵੇਂ ਇਹ ਸਮੇਂ, ਸਥਾਨ ਜਾ ਭੂਗੋਲਿਕ ਮੁਹਾਵਰੇ ਅਤੇ ਸਾਹਿਤ ਅਨੁਸਾਰ ਵੱਖਰਤਾ ਵੀ ਰੱਖਦੀ ਹੈ। ਪੰਜਾਬੀ ਕਹਾਣੀ ਸੁਤੰਤਰਤਾ ਤੋਂ ਬਾਅਦ ਇੱਕ ਲੰਮਾ ਅਰਸਾ ਤੈਅ ਕਰ ਚੁੱਕੀ ਹੈ ਇਸ ਅਰਸੇ ਦੌਰਾਨ ਵਿਸ਼ਵ ਪੱਧਰ ਤੇ ਸਾਹਿਤ ਵਿੱਚ ਅਨੇਕਾਂ ਧਾਰਾਵਾਂ ਪੈਦਾ ਹੋਈਆਂ ਅਤੇ ਮੱਧਮ ਵੀ ਪੈ ਚੁੱਕੀਆਂ ਹਨ। ਪੰਜਾਬੀ ਕਹਾਣੀ ਦੇ ਬਾਹਰਲੇ ਢੰਗ ਵਿਚ ਤਾਂ ਭਾਵੇਂ ਅਨੇਕਾਂ ਤਬਦੀਲੀਆਂ ਵੇਖਣ ਨੂੰ ਮਿਲਦੀਆਂ ਹਨ ਪਰੰਤੂ ਇਸਦੀ ਅੰਤਰੀਵੀ ਗਤੀ ਬਹੁਤ ਘੱਟ ਪਰਿਵਰਤਨ ਦੀ ਸੰਭਾਵਨਾ ਦੇਖਣ ਨੂੰ ਮਿਲਦੀ ਹੈ। ਇਸ ਪਰਿਵਰਤਨ ਦੇ ਅਨੇਕ ਕਾਰਨ ਹੋ ਸਕਦੇ ਹਨ ਪਰ ਇਸ ਸੰਬੰਧੀ ਜੋ ਕਾਰਨ ਸਭ ਤੋਂ ਵਧੇਰੇ ਗੋਲਣਯੋਗ ਹੈ, ਉਹ ਇਹ ਹੈ ਕਿ ਪੰਜਾਬੀ ਕਹਾਣੀ ਦਾ ਕਹਾਣੀ ਵਿਧਾ ਦੀ ਮੌਲਿਕਤਾ ਤੋਂ ਟੁੱਟੇ ਹੋਣਾ।

ਕਹਾਣੀ ਆਪਣੇ ਆਪ ਵਿੱਚ ਇਕ ਵਿਸ਼ਵ-ਵਿਆਪੀ ਪ੍ਰਕਿਰਿਆ ਹੈ। ਹਰ ਭਾਸ਼ਾ, ਸਮਾਜ, ਸੱਭਿਆਚਾਰ ਵਿਚ ਇਸਦਾ ਲਗਭਗ ਇਕੋ ਹੀ ਅਰਥ ਹੈ। ਪਰ ਜਦੋਂ ਇਸ ਨਾਲ ਕੋਈ ਵਿਸ਼ੇਸ਼ ਨਾਮ ਜਿਵੇਂ ਅਮਰੀਕੀ ਕਹਾਣੀ, ਰੂਸੀ ਕਹਾਣੀ, ਫ਼ਰਾਂਸ ਦੀ ਕਹਾਣੀ, ਬਰਤਾਨਵੀ, ਪਾਕਿਸਤਾਨੀ ਅਤੇ ਪੰਜਾਬੀ ਆਦਿ ਦੇ ਰੂਪ ਵਿੱਚ ਜੁੜ ਜਾਂਦਾ ਹੈ ਤਾਂ ਸੁਭਾਵਿਕ ਹੀ ਹੈ ਕਿ ਉਸਦੀ ਵਿਧਾਗਤ ਵਿਸ਼ੇਸ਼ਤਾ ਵਿੱਚ ਬਦਲਾਅ ਦਾ ਆਉਣਾ ਜ਼ਰੂਰੀ ਹੈ। ਇਸ ਵਿਸ਼ੇਸ਼ ਖਿੱਤੇ ਜਾਂ ਨਾਮ ਦੇ ਜੁੜਨ ਤੋਂ ਬਾਅਦ ਕਹਾਣੀ ਦੇ ਨਾਲ ਹੋਰ ਵੀ ਬਹੁਤ ਕੁਝ ਜੁੜ ਜਾਂਦਾ ਹੈ, ਜਿਹੜਾ ਉਸਦੇ ਸਿਰਜਣਾਤਮਕ ਮੰਡਲ ਦੀ ਸਿਰਜਣਾ ਕਰਦਾ ਹੈ।

'ਕਹਾਣੀ' ਦੇ ਨਾਲ 'ਪੰਜਾਬੀ' ਸ਼ਬਦ ਦੇ ਜੁੜਨ ਨਾਲ ਕਹਾਣੀ ਦੀ ਅੰਤਰੀਵੀਂ ਲੈਅ ਪੰਜਾਬੀ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੋ ਜਾਂਦੀ ਹੈ ਅਤੇ ਕਹਾਣੀ ਆਪਣੇ ਸੰਕਲਪਕ ਵਿਹਾਰ ਅਤੇ ਇਕਹਿਰੇ ਸਰੂਪ ਨੂੰ ਮੋਕਲਾ ਕਰਦੀ ਹੋਈ ਆਪਣੀਆਂ ਦਿਸ਼ਾਵਾਂ ਅਤੇ ਉਦਾਸੀਆਂ ਵਿਚ ਵਾਧਾ ਕਰ ਲੈਂਦੀ ਹੈ। ਉਸ ਵਿੱਚ ਪੰਜਾਬੀਅਤ ਦਾ ਮੌਲਿਕ ਚਰਿਤਰ ਉਘੜ ਆਉਂਦਾ ਹੈ।

ਇਹ ਸਭ ਕੁਝ ਇਸ ਤਰ੍ਹਾਂ ਉਸਦੀ ਵਿਧਾਗਤ ਮੌਲਿਕਤਾ ਬਣ ਜਾਂਦੀ ਹੈ। ਵਿਧਾਗਤ ਮੌਲਿਕਤਾ ਨਾਲ ਜੁੜਨ ਦਾ ਅਰਥ ਇਹ ਹੈ ਕਿ ਲੇਖਕ ਨੇ ਕੋਈ ਵੀ ਵਿਸ਼ਾ ਲਿਆ ਹੈ, ਭਾਵੇਂ ਉਹ ਧਰਤੀ ਦੇ ਕਿਸੇ ਵੀ ਹਿੱਸੇ (ਖਿੱਤੇ) ਨਾਲ ਸੰਬੰਧਿਤ ਹੈ ਜਾਂ ਉਹ ਵਿਚਾਰ ਦੀ ਕਿਸੇ ਵੀ ਧਾਰਨਾ, ਸੰਕਲਪ ਨਾਲ ਸੰਬੰਧ ਰੱਖਦਾ ਹੈ, ਉਸਨੇ ਉਸਨੂੰ ਵਿਸ਼ੇਸ਼ ਵਿਧਾਗਤ ਮੌਲਿਕਤਾ ਵਿੱਚੋਂ ਗ੍ਰਹਿਣ ਅਤੇ ਪ੍ਰਗਟ ਕਰਨਾ ਹੁੰਦਾ ਹੈ। ਇਸ ਸੰਬੰਧ ਵਿੱਚ ਇਸ ਗੱਲ ਤੇ ਜ਼ਰੂਰ ਗੌਰ ਕਰਨਾ ਚਾਹੀਦਾ ਹੈ ਕਿ ਉਪਰੋਕਤ ਹਾਲਤ ਵਿੱਚ ਕਿਸੇ ਵੀ ਪ੍ਰਕਾਰ ਦੀ ਸੀਮਾ, ਖੜੋਤ ਜਾਂ ਸਥੂਲਤਾ ਭਰੀ ਪ੍ਰਕਿਰਿਆ ਨੂੰ ਜਨਮ ਨਹੀਂ ਦਿੰਦੀ, ਸਗੋਂ ਇਹ ਹਾਲਤ ਤਾਂ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਅਸੀਂ ਵਿਸ਼ਿਆਂ ਨੂੰ ਹੋਂਦ ਦੀ ਸਮੁੱਚਤਾ ਜਾਂ ਵਿਸ਼ਵ-ਵਿਆਪੀ ਅਮਲ ਤੋਂ ਵਿਯੋਗ ਕੇ ਚੱਲਦੇ ਹਾਂ। ਵਿਧਾਗਤ ਮੌਲਿਕਤਾ ਨਾਲ ਜੁੜਨ ਨਾਲ ਅਨੇਕ ਉਹਨਾਂ ਵਿਚਾਰਾਂ, ਰਹੱਸਾਂ, ਚੇਤਨਾ ਇਕਾਈਆਂ ਦੀਆਂ ਸੰਭਾਵਨਾਂ ਪੈਦਾ ਹੁੰਦੀਆਂ ਹਨ, ਜੋ ਅਜੇ ਖਾਮੋਸ਼ ਜਾਂ ਅਪ੍ਰਗਟ ਹੀ ਪਈਆਂ ਹਨ।

ਪੰਜਾਬੀ ਕਹਾਣੀ ਵਿੱਚ ਵਿਧਾਗਤ ਮੌਲਿਕਤਾ ਨਾਲ ਜੁੜਨ ਦਾ ਅਸਲ ਅੰਮ੍ਰਿਕ ਝਲਕਾਰਾ ਹੀ

ਪੈਦਾ ਕਰਦਾ ਹੈ। ਪੰਜਾਬੀ ਕਹਾਣੀ ਵਿੱਚ ਮਨੁੱਖ, ਸਮਾਜ, ਸੱਭਿਆਚਾਰ ਆਦਿ ਦੇ ਜਿਨ੍ਹਾਂ ਭਿੰਨ-ਭਿੰਨ ਅੰਤਰ ਸੰਬੰਧਾਂ ਨੂੰ ਮੁੜ-ਮੁੜ ਦੁਹਰਾਇਆ ਜਾਂਦਾ ਹੈ, ਉਸ ਵਿੱਚ ਇਹਨਾਂ ਸੰਬੰਧਾਂ ਜੀਵਨ ਦਾ ਅਸਲ ਮਨੁੱਖ ਦੀ ਇਕਹਿਰੀ, ਖੜੋਤਮਈ ਅਤੇ ਜੀਵਨ ਦੇ ਡੂੰਘੇ ਤਾਣੇ-ਬਾਣੇ ਤੋਂ ਵਿਰਵੀ ਹੋਈ ਹਾਲਤ ਦਾ ਤਰਜ਼ੇ-ਬਿਆਨ ਹੀ ਬਣਦੀ ਹੈ। ਪੰਜਾਬੀ ਕਹਾਣੀ ਵਿੱਚ ਮਨੁੱਖੀ ਅਮਲ ਤਾਂ ਹੈ ਪਰ ਉਹ ਨਿਸ਼ਚਿਤ ਤਰਜ਼ੇ-ਜ਼ਿੰਦਗੀ ਦੇ ਪਛਾਣਯੋਗ ਉਚੇਰੇ ਅਮਲ ਤੋਂ ਟੁੱਟਾ ਹੋਇਆ ਨਜ਼ਰ ਆਉਂਦਾ ਹੈ। ਪੰਜਾਬੀ ਕਹਾਣੀ ਵਿੱਚ ਮਨੁੱਖ ਅਤੇ ਉਸਦੇ ਚਰਿਤਰ ਦਾ ਅਸਲ ਸਿਰਜਨਾਤਮਿਕਤਾ ਦੀ ਲੰਬੀ ਪ੍ਰਕਿਰਿਆ ਦੀ ਥਾਂ ਹਵਾ ਵਿੱਚ ਲਟਕਦੇ ਹੋਏ ਛਿਣ-ਮਾਤਰ ਅਸਲ ਦੁਆਲੇ ਹੀ ਘੁੰਮਦਾ ਪ੍ਰਤੀਤ ਹੁੰਦਾ ਹੈ। ਅਸਲ ਵਿੱਚ ਪੰਜਾਬੀ ਕਹਾਣੀ ਵਿੱਚ ਪੇਸ਼ ਹੋਇਆ ਪੰਜਾਬੀ ਚਰਿਤਰ ਸ਼ੁੱਧ ਪੰਜਾਬੀਅਤ ਦੀ ਤਰਜ਼ਮਾਨੀ ਨਹੀਂ ਕਰਦਾ, ਕਿਉਂਕਿ ਉਸਦੀ ਸਮੁੱਚੀ ਚੇਤਨਾ ਵਿੱਚ ਪੰਜਾਬੀ ਅਸਲ ਨਜ਼ਰ ਨਹੀਂ ਆਉਂਦਾ।

ਗਲੋਬਲਾਈਜੇਸ਼ਨ ਦੇ ਪਾਸਾਰ ਕਾਰਨ ਅੱਜ ਧਰਤੀ ਦੇ ਕਿਸੇ ਵੀ ਖਿੱਤੇ ਦੇ ਮਨੁੱਖ ਦੀ ਤਰਜ਼ੇ-ਜ਼ਿੰਦਗੀ ਦਾ ਬਾਹਰੀ ਸਰੂਪ ਲਗਭਗ ਇੱਕੋ ਜਿਹਾ ਹੀ ਲੱਗਦਾ ਹੈ। ਮਨੁੱਖ ਦੀ ਜ਼ਿੰਦਗੀ ਦੇ ਸੰਘਰਸ਼ ਵਿਚ ਕਿਰਿਆ ਅਤੇ ਪ੍ਰਤੀਕਿਰਿਆ ਦਾ ਰੂਪ ਵੀ ਸਮਾਨ ਹੀ ਹੈ। ਉਸ ਵਿੱਚ ਅੱਗੇ ਆਉਣ ਵਾਲੀਆਂ ਸਥਿਤੀਆਂ ਅਤੇ ਪ੍ਰਸਥਿਤੀਆਂ ਦੀ ਸ਼ਕਲ-ਸੂਰਤ ਵੀ ਸਮਾਨਤਾਵਾਂ ਨਾਲ ਭਰੀ ਹੋਈ ਹੈ। ਇਸਦਾ ਕਾਰਨ ਇਹ ਹੈ ਕਿ ਸਮੁੱਚੀ ਧਰਤੀ ਉੱਤੇ ਜੋ ਸੰਸਥਾਗਤ ਪ੍ਰਬੰਧ ਪੈਦਾ ਹੋਇਆ ਹੈ, ਉਸਦੀ ਬਣਤਰ ਕਿਸੇ ਇੱਕ ਹੀ ਵਿਚਾਰ ਦੁਆਲੇ ਉਸਰੀ ਹੋਈ ਹੈ। ਜਿਸਨੇ ਸਮੁੱਚੀ ਦੁਨੀਆ ਦੇ ਜੀਵਨ ਵਿਹਾਰ ਅੱਗੇ ਇੱਕੋ ਜਿਹੀਆਂ ਹਾਲਤਾਂ ਪੈਦਾ ਕਰ ਦਿੱਤੀਆਂ ਹਨ। ਸਮਾਨ ਸਮੱਸਿਆਗਤ ਹਾਲਤਾਂ ਵਿਚ ਘਿਰਿਆ ਹੋਇਆ ਮਨੁੱਖ ਕਿਰਿਆ-ਪ੍ਰਤੀਕਿਰਿਆ ਕਰਦਾ ਵੀ ਸਮਾਨ ਹੀ ਨਜ਼ਰ ਆਉਂਦਾ ਹੈ। ਪਰ ਅਸਲ ਵਿਚ ਅਜਿਹਾ ਨਹੀਂ ਹੈ। ਇਹ ਸਰਵ ਪ੍ਰਵਾਨਿਤ ਸੱਚਾਈ ਹੈ ਕਿ ਕਿਸੇ ਵੀ ਭੂਗੋਲਿਕ ਚੌਗਿਰਦੇ ਵਿਚ ਹਰ ਜੀਵਨ ਤਰਜ਼ ਦੀ ਆਪਣੀ ਇਕ ਬਣਤਰ ਹੁੰਦੀ ਹੈ। ਇਸ ਵਿਚ ਹੀ ਉਸਦੀ ਹੋਂਦ-ਮੀਮਾਂਸਾ ਦੀਆਂ ਨਿਸ਼ਚਿਤ ਇਕਾਈਆਂ ਅਤੇ ਸਿਰਜਣਾਤਮਿਕ ਅਸਲ ਦੀ ਸਮੁੱਚਤਾ ਦਾ ਸੋਮਾ ਨਿਹਿਤ ਹੁੰਦਾ ਹੈ।

ਮਨੁੱਖ ਦੀ ਕਿਰਿਆ ਅਤੇ ਪ੍ਰਤੀਕਿਰਿਆ ਦਾ ਸਮੂਹ ਵਿਹਾਰ ਉਸ ਵਿਸ਼ੇਸ਼ ਹੋਂਦ-ਮੀਮਾਂਸਾ ਦੀਆਂ ਨਿਸ਼ਚਿਤ ਇਕਾਈਆਂ ਅਤੇ ਉਸ ਵਿਸ਼ੇਸ਼ ਸਿਰਜਣਾਤਮਿਕ ਅਸਲ ਨਾਲ ਡੂੰਘੀ ਤਰ੍ਹਾਂ ਜੁੜਿਆ ਹੁੰਦਾ ਹੈ, ਜਿਸਨੂੰ ਕਿਸੇ ਵੀ ਸਿਰਜਣਾ-ਵਿਹਾਰ ਵਿਚ ਨਜ਼ਰ ਅੰਦਾਜ਼ ਕਰਨਾ ਅਣ-ਸਿਰਜਣਾਤਮਿਕ ਅਤੇ ਅਣ-ਸੁਹਜਾਤਮਿਕ ਪ੍ਰਕਿਰਿਆ ਨੂੰ ਜਨਮ ਦਿੰਦਾ ਹੈ। ਪੰਜਾਬੀ ਕਹਾਣੀ ਦੇ ਜ਼ਿਆਦਾਤਰ ਲੇਖਕਾਂ ਦੀਆਂ ਇਕ-ਇਕ ਜਾਂ ਦੋ-ਦੋ ਕਹਾਣੀਆਂ ਨੂੰ ਛੱਡ ਕੇ ਜ਼ਿਆਦਾਤਰ ਕਹਾਣੀ ਸਿਰਜਣਾ ਵਿਚ ਉਪਰੋਕਤ ਪੱਖ ਅਮਲੋ ਹੀ ਵਿਹੂਣਾ ਪ੍ਰਤੀਤ ਹੁੰਦਾ ਹੈ। ਜ਼ਿਆਦਾਤਰ ਕਹਾਣੀਆਂ ਦੇ ਪਾਤਰਾਂ ਨੂੰ ਜਿਹਨਾਂ ਚੇਤਨਾਵਾਂ ਅਤੇ ਭਾਵਨਾਵਾਂ ਦੇ ਧਰਾਤਲਾਂ ਤੇ ਵਿਚਰਦੇ ਦਿਖਾਇਆ ਗਿਆ ਹੈ, ਉਹਨਾਂ ਦੀ ਸਮੁੱਚੀ ਗੋਲਾਈ ਪੰਜਾਬੀ ਰਹਿਤਲ ਤੇ ਸੂਖ਼ਮ ਬਿਬੇਕ ਤੋਂ ਵਿਰਣੀ ਅਤੇ ਸੱਖਣੀ ਹੈ। ਉਹਨਾਂ ਪਾਤਰਾਂ ਦੀ ਹਰੇਕ ਸਥਿਤੀ-ਪ੍ਰਸਿਥਤੀ ਤੇ ਕਿਰਿਆ-ਪ੍ਰਤੀਕਿਰਿਆ ਵਿੱਚ ਲੇਖਕ ਦੀ ਨਿੱਜੀ ਵਿਖੰਡਿਤ ਮਾਨਸਿਕਤਾ ਦੀ ਦਖ਼ਲ-ਅੰਦਾਜ਼ੀ ਨਾਲ ਭਰਪੂਰ ਹੈ। ਪੰਜਾਬੀ ਕਹਾਣੀ ਲੇਖਣ ਦੇ ਜ਼ਿਆਦਾਤਰ ਕਹਾਣੀ ਲੇਖਕ ਨਿੱਜੀ ਤੌਰ ਤੇ ਵੀ ਪੰਜਾਬੀਅਤ ਦੀ ਸੂਖ਼ਮ ਸਿਰਜਣਾਤਮਿਕ ਚੇਤਨਾ ਤੋਂ ਗੁਆਚੇ ਹੋਏ ਅਤੇ ਇਕਹਿਰੀ ਭਰਪੂਰ ਚੇਤਨਾ ਇਕਾਈਆਂ ਨਾਲ ਜੁੜੇ ਹੋਏ ਹਨ। ਜਿਹਨਾਂ ਕਾਰਨਾਂ ਕਰਕੇ ਉਹਨਾਂ ਅੰਦਰ ਪੰਜਾਬੀ ਕਹਾਣੀ ਦਾ ਮੌਲਿਕ ਪਰਿਪੇਖ ਨਹੀਂ ਉਘੜ ਸਕਿਆ ਅਤੇ ਨਾ ਹੀ ਸੰਸਾਰਾ ਦੀਆਂ ਦੂਜੀਆਂ ਜ਼ੁਬਾਨਾਂ ਅਤੇ ਕਹਾਣੀ ਲੇਖਣ ਦੇ ਰੂਬਰੂ ਪੰਜਾਬੀ ਕਹਾਣੀ ਖੜ੍ਹੀ ਹੋ ਸਕੀ ਹੈ।

**ਅਸਿਸਟੈਂਟ ਪ੍ਰੋਫੈਸਰ, ਡੀ. ਐਮ. ਕਾਲਜ, ਮੋਗਾ**



## ਲੇਖ/ ਪੰਜਾਬੀ ਵਿਆਹ ਇਸ਼ਤਿਹਾਰਾਂ ਦੀ ਭਾਸ਼ਾ ਦੀ ਵਿਚਾਰਧਾਰਾਈ ਸੰਰਚਨਾ

***ਪਰਦੀਪ ਕੁਮਾਰ (ਦੀਪ ਨਿਰਮੋਹੀ)***

ਭਾਸ਼ਾ, ਜੋ ਭਾਸ਼ਾ ਵਿਗਿਆਨ ਦੇ ਅਧਿਅਨ ਦੀ ਵਸਤ ਹੈ, ਆਪਣੇ ਸਾਮਿਅਕ ਤੇ ਸਥਾਨਕ ਸੰਦਰਭ ਤੋਂ ਪ੍ਰਭਾਵਿਤ ਹੁੰਦੀ ਅਤੇ ਨਵਰੂਪ ਧਾਰਨ ਕਰਦੀ ਪ੍ਰਧਾਨ ਵਿਚਾਰਧਾਰਾ ਤੇ ਹਾਸ਼ੀਆਗਤ ਪ੍ਰਵਚਨਿਕ ਅਰਥਾਂ ਨੂੰ ਲੁਕਵੇਂ ਜਾਂ ਗੈਰ-ਲੁਕਵੇਂ ਰੂਪ ਵਿਚ ਆਪਣੇ ਅੰਦਰ ਸਮੋਈ ਰੱਖਦੀ ਹੈ। ਭਾਸ਼ਾਈ ਇਕਾਈਆਂ, ਸ਼ਬਦਾਂ ਅਤੇ ਵਾਕਾਂ ਦੀ ਅਜਿਹੀ ਗਹਿਨ ਤੇ ਸਤ੍ਹਹੀ ਸੰਰਚਨਾ ਦੇ ਅਧਿਅਨ ਉਪਰੰਤ ਕਿਸੇ ਸਮੇਂ ਤੇ ਸਥਾਨ ਦੀ ਸਮਾਜਿਕ ਤੇ ਸਭਿਆਚਾਰਕ ਵਿਚਾਰਧਾਰਾ ਨੂੰ ਪਛਾਣਿਆਂ ਜਾ ਸਕਦਾ ਹੈ। ਇਸ ਸੰਦਰਭ ਵਿਚ ਅਸੀਂ ਵਿਆਹ ਇਸ਼ਤਿਹਾਰਾਂ ਦੀ ਭਾਸ਼ਾ ਦੇ ਹੱਥਲੇ ਅਧਿਅਨ ਦੌਰਾਨ ਇਨ੍ਹਾਂ ਇਸ਼ਤਿਹਾਰਾਂ ਵਿਚ ਆਮ ਤੌਰ ਤੇ ਵਰਤੇ ਜਾਂਦੇ ਸ਼ਬਦਾਂ/ਵਾਕੰਸ਼ਾਂ ਤੇ ਵਾਕਾਂ ਪਿੱਛੇ ਕਾਰਜਸ਼ੀਲ ਵਿਚਾਰ/ਅਰਥ ਤੱਕ ਪਹੁੰਚਣ ਦਾ ਯਤਨ ਕੀਤਾ ਹੈ।

ਪੰਜਾਬੀ ਵਿਆਹ ਇਸ਼ਤਿਹਾਰਾਂ ਦੀ ਵਾਕਾਤਮਕ ਬਣਤਰ ਨਿਸ਼ਚਿਤ ਤੋਂ ਵੱਖਰੀ ਕਿਸਮ ਦੀ ਹੁੰਦੀ ਹੈ, ਇਸ ਵਿਚਲਾ ਹਰ ਸ਼ਬਦ ਇਕ ਵੱਖਰੇ ਤੇ ਨਵੇਂ ਵਾਕ ਨੂੰ ਆਪਣੇ ਅੰਦਰ ਸਮੋਈ ਰੱਖਦਾ ਹੈ। ਭਾਵੇਂ ਇਹ ਸਾਰੇ ਸ਼ਬਦ ਮਿਲਕੇ ਇਕ ਨਿਸ਼ਚਿਤ ਵਿਆਕਰਨਕ ਤਰਤੀਬ ਨਹੀਂ ਬਣਾਉਂਦੇ ਪਰ ਅਰਥ ਵਿਉਂਤਕ ਪੱਖ ਤੋਂ ਇਹ ਆਪਸ ਵਿਚ ਗਹਿਨ ਸੰਰਚਨਾ ਦੀ ਪੱਧਰ ਤੇ ਜੁੜੇ ਹੋਏ ਹੁੰਦੇ ਹਨ। ਹੇਠਾਂ ਅਸੀਂ ਇਕ ਵਿਆਹ ਇਸ਼ਤਿਹਾਰ ਦੀ ਉਦਾਹਰਣ ਵੇਖਦੇ ਹਾਂ;

*ਕੈਨੇਡੀਅਨ ਜੱਟ ਸਿੱਖ ਲੜਕਾ 45 ਸਾਲ ਲਈ ਲੜਕੀ ਦੀ ਲੋੜ। ਉਹੀ ਸੰਪਰਕ ਕਰਨ ਜੋ ਲੜਕੇ ਦੀ ਭੈਣ 34/5 -4 ਨੂੰ ਕੈਨੇਡੀਅਨ ਰਿਸ਼ਤਾ ਕਰਵਾਉਣ। ਲੁਧਿਆਣੇ ਨੂੰ ਪਹਿਲ। 9878773041*

*ਵਿਆਹ ਇਸ਼ਤਿਹਾਰ*[1]

ਕੈਨੇਡੀਅਨ ਸ਼ਬਦ ਮੁੱਖ ਵਿਸ਼ੇਸ਼ਣ ਦੀ ਭੂਮਿਕਾ ਵਿਚ ਵਿਚਰਦਾ ਹੋਇਆ ਵਿਦੇਸ਼ ਵਿਚ ਸੈਟਲਡ/ਪੱਕੇ ਹੋਣ ਦੀ ਜਾਣਕਾਰੀ ਦਿੰਦਾ ਹੈ ਅਤੇ ਪੰਜਾਬੀ ਮਨ ਵਿਚ ਪਏ ਵਿਦੇਸ਼ ਵਿਚ ਪੱਕੇ ਹੋਣ ਦੇ ਮਾਸਟਰ ਪਲਾਟ ਨੂੰ ਜਾਗ੍ਰਿਤ ਕਰਦਾ ਹੋਇਆ ਵਿਦੇਸ਼ ਵਿਚ ਪੱਕੇ ਕਰਨ ਦੇ ਲਾਲਚ ਦਾ ਪਰਦਾ ਪਾਉਂਦਾ ਲੜਕੇ ਦੀਆਂ ਹੋਰ ਵਿਅਕਤੀਗਤ ਖ਼ਾਮੀਆਂ, ਜਿਵੇਂ 45 ਸਾਲ ਦੀ ਉਮਰ ਦੇ ਵਿਅਕਤੀ ਨੂੰ ਲੜਕੇ ਵਜੋਂ ਪੇਸ਼ ਕਰਨਾ, ਆਦਿ ਨੂੰ ਢਕਣ ਦਾ ਯਤਨ ਵੀ ਕਰਦਾ ਹੈ। ਇਸ ਵਿਸ਼ੇਸ਼ਣ ਦਾ ਮੂਹਰੇ ਆ ਕੇ ਯੂਰਪੀ ਹੋਣ ਦੇ ਅਰਥ ਤੇ ਬਲ ਦੇਣਾ ਪਿਛਾਂਹ ਆਈ ਜਾਣਕਾਰੀ ਦੇ ਅਸਰ ਨੂੰ ਘੱਟ ਕਰਨ ਦਾ ਯਤਨ ਹੈ।

ਪੰਜਾਬ ਦੀ ਅਜੋਕੀ ਬਦਲੀ ਹੋਈ ਆਰਥਿਕਤਾ ਅਧੀਨ ਵਿਚਰਦਾ ਹੋਇਆ ਆਮ ਪੰਜਾਬੀ ਵਿਦੇਸ਼ੀ ਗੋਰੇ ਰੰਗ, ਡਾਲਰ ਦੀ ਚਮਕ ਤੇ ਵਿਦੇਸ਼ੀ ਸਭਿਆਚਾਰ ਨੂੰ ਦੇਸੀ ਸਥਿਤੀਆਂ ਤੇ ਹਕੀਕਤ ਤੋਂ ਬਿਹਤਰ ਮੰਨਦਾ ਹੋਇਆ ਆਪ ਵਿਦੇਸ਼ ਚ ਮਾਈਗਰੇਟ ਹੋਣ ਨੂੰ ਤਰਜੀਹ ਦਿੰਦਾ ਹੈ। ਪੱਛਮ/ਪੂਰਬ ਜਾਂ ਉੱਚੇ/ਨੀਵੇਂ ਦੀ ਦਰਜੇਬੰਦੀ ਦੀ ਹੀਣ ਭਾਵਨਾ ਵਿਚ ਫਸਿਆ ਉਹ ਆਪਣੇ ਜਨਮ-ਸਥਾਨ ਤੋਂ ਦੂਰ ਅਣਦਿਸਦੀ ਧਰਤੀ ਗਾਹੁਣ ਲਈ ਤਤਪਰ ਹੋ ਜਾਂਦਾ ਹੈ। ਵਿਦੇਸ਼ੀ ਧਰਤੀ ਤੋਂ ਹੋਣ ਵਾਲੀ ਆਮਦਨ ਤੇ ਉੱਥੋਂ ਦੀ ਸਭਿਆਚਾਰਕ ਖੁੱਲ ਉਸਦੀ ਸਮਾਜਿਕ ਹੋਂਦ ਪ੍ਰਤੀ ਚਿਤਵੀ ਸਥਾਨ ਅਧਾਰਿਤ ਸਥਿਰ ਧਾਰਨਾ ਨੂੰ ਬਦਲ ਦਿੰਦੀ ਹੈ। ਇਥੋਂ ਤੱਕ ਕਿ ਉਸਦੇ ਵਿਆਹ ਸੰਬੰਧਿਤ ਸਮਾਜਿਕ-ਸਭਿਆਚਾਰਕ ਮਾਪਦੰਡਾਂ ਵਿਚ ਵੀ ਪਰਿਵਰਤਨ ਆਉਂਦਾ ਹੈ। ਵਿਅਕਤੀ ਦੀ ਸਮਾਜਿਕ ਹੋਂਦ ਵਿਚ ਆਉਣ ਵਾਲੇ ਇਸ ਪਰਿਵਰਤਨ ਬਾਰੇ ਮਾਰਕ ਜੇ. ਸਮਿੱਥ (Mark J. Smith) ਠੀਕ ਹੀ ਕਹਿੰਦਾ ਹੈ;

*ਸਮਾਜਿਕ ਹੋਂਦ ... ਸੰਘਰਸ਼ ਦੁਆਰਾ ਪ੍ਰਾਪਤ ਹੁੰਦੀ ਹੈ, ਇਹ ਤਰਲਤਾ ਵਾਂਗ ਲਗਾਤਾਰ ਅਤੇ*

*ਨਿਰੰਤਰ ਬਦਲਾਵਾਂ ਲਈ ਖੁੱਲੀ ਹੁੰਦੀ ਹੈ ਅਤੇ ਇਹ ਕਦੇ ਵੀ ਪੂਰੀ ਨਹੀਂ ਹੁੰਦੀ ਬਲਕਿ ਇਹ ਇਕ ਅਨਮੁੱਕ ਧੰਦਾ ਹੈ।*[2]

ਉਦਾਹਰਣ ਦੇ ਤੌਰ ਤੇ ਉਪਰੋਕਤ ਇਸ਼ਤਿਹਾਰ ਵਿਚਲੇ ਰਿਸ਼ਤੇ ਦਾ ਮੁੱਖ ਆਧਾਰ ਕੈਨੇਡਾ ਨਿਵਾਸੀ ਹੋਣਾ ਹੈ, ਨਾ ਕਿ ਕਿਸੇ ਚਰਿੱਤਰਕ ਗੁਣ ਨਾਲ ਸੰਪੰਨ ਹੋਣਾ। ਦੂਸਰਾ, ਜੱਟ ਪਰਿਵਾਰਾਂ ਵਿਚ ਨਫ਼ਰਤ ਨਾਲ ਵੇਖਿਆ ਜਾਣ ਵਾਲਾ ਮੁਸਲਿਮ ਸਭਿਆਚਾਰ ਦਾ ਹਿੱਸਾ ਰਿਸ਼ਤਿਆਂ ਵਿਚਲੀ ਵਾਰੀ-ਵੱਟਾ ਪ੍ਰਥਾ ਇਥੇ ਜੱਟ ਪਰਿਵਾਰ ਦੀ ਮੰਗ ਬਣਦੀ ਹੈ। ਇਹ ਪਰਿਵਰਤਨ ਵਿਦੇਸ਼ ਵਿਚ ਪ੍ਰਵੇਸ਼ ਤੇ ਦੇਸੀ ਨਾਗਰਿਕਾਂ ਦੇ ਵਿਦੇਸ਼ੀ ਸਥਾਨ ਤੇ ਸਭਿਆਚਾਰ ਨਾਲ ਸੰਪਰਕ ਦਾ ਨਤੀਜਾ ਹੈ। ਇਸ ਤਰ੍ਹਾਂ ਇਹਨਾਂ ਇਸ਼ਤਿਹਾਰਾਂ ਦੀ ਭਾਸ਼ਾ ਮੌਜੂਦਾ ਸਮੇਂ ਵਿਚ ਪੰਜਾਬੀ ਮਾਨਸਿਕਤਾ ਵਿਚ ਆਏ ਪਰਿਵਰਤਨਾਂ ਨੂੰ ਪ੍ਰਤਿਬਿੰਬਤ ਕਰਨ ਵਿਚ ਅਹਿਮ ਯੋਗਦਾਨ ਨਿਭਾ ਸਕਦੀ ਹੈ।

ਪੰਜਾਬੀ ਸਭਿਆਚਾਰ ਵਿਚ ਵਿਆਹ ਤੈਅ ਕਰਨ ਦਾ ਮੁੱਖ ਮਾਪਦੰਡ ਜਾਤੀ-ਬੰਧਨ ਹੀ ਰਿਹਾ ਹੈ, ਜੋ ਅੱਜ ਵੀ ਮੌਜੂਦ ਹੈ। ਪੰਜਾਬੀ ਲੋਕ-ਮਨ ਵਿਚ ਪੀੜ੍ਹੀਆਂ ਪਈਆਂ ਜਾਤੀ-ਗੰਢਾਂ ਦੀ ਝਲਕ ਬਹੁਤੇ ਇਸ਼ਤਿਹਾਰਾਂ ਦੇ ਪਹਿਲੇ ਸ਼ਬਦ- ਜੱਟ, ਆਦਿ ਧਰਮੀ, ਰਾਮਗੜ੍ਹੀਆ, ਸੈਣੀ ਆਦਿ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ।

ਇਨ੍ਹਾਂ ਜਾਤੀ ਸੂਚਕ ਵਿਸ਼ੇਸ਼ਕਾਂ ਵਿਚ ਵੀ ਬਹੁਗਿਣਤੀ ਕੇਵਲ ਜੱਟ ਵਿਸ਼ੇਸ਼ਕ ਦੀ ਹੈ। ਜੱਟ ਜਾਤੀ ਨਾਲ ਸੰਬੰਧਿਤ ਇਸ਼ਤਿਹਾਰਾਂ ਵਿਚ ਅੱਗੋਂ ਬਹੁਤੇ ਇਸ਼ਤਿਹਾਰ ਉਨ੍ਹਾਂ ਪਰਿਵਾਰਾਂ ਦੇ ਹਨ ਜੋ ਵਿਦੇਸ਼ ਵਿਚ ਵਸਣ ਦੇ ਚਾਹਵਾਨ ਹਨ। ਇਸ ਤਰ੍ਹਾਂ ਅਖ਼ਬਾਰੀ ਇਸ਼ਤਿਹਾਰਾਂ ਵਿਚ ਰਿਸ਼ਤੇ ਵਿਦੇਸ਼ ਪੱਕੇ ਹੋਣ ਦੇ ਚਾਹਵਾਨ ਜੱਟ ਲੜਕੇ/ਲੜਕੀ ਵਲੋਂ ਬਹੁਤੀ ਗਿਣਤੀ ਵਿਚ ਛਪਦੇ ਹਨ। ਪਰ ਹੋਰ ਜਾਤੀਆਂ ਨਾਲ ਸੰਬੰਧਿਤ ਵਰ/ਵਧੂ ਦੇ ਵਿਆਹ ਇਸ਼ਤਿਹਾਰਾਂ ਵਿਚ ਵਿਆਹ ਸੰਬੰਧੀ ਮੁੱਖ ਜਾਣਕਾਰੀ ਤੇ ਮੰਗ ਕਿੱਤਾ ਤੇ ਯੋਗਤਾ ਵੀ ਹੋ ਸਕਦੇ ਹਨ। ਖਾਸ ਕਰਕੇ ਆਦਿ-ਧਰਮੀ , ਰਾਮਗੜ੍ਹੀਆ , ਕੰਬੋਜ , ਮਜ਼ਬੀ ਆਦਿ ਵਿਸ਼ੇਸ਼ਕਾਂ ਨਾਲ ਸ਼ੁਰੂ ਹੋਣ ਵਾਲੇ ਇਸ਼ਤਿਹਾਰਾਂ ਵਿਚ ਨੌਕਰੀ, ਬਿਜ਼ਨੈੱਸ ਤੇ ਵਿੱਦਿਆ ਆਦਿ ਮੁੱਖ ਜਾਣਕਾਰੀ ਤੇ ਮੰਗ ਵਜੋਂ ਉਭਰਦੇ ਹਨ, ਜਦ ਕਿ ਜੱਟ ਜਾਤੀ ਨਾਲ ਸੰਬੰਧਿਤ ਇਸ਼ਤਿਹਾਰਾਂ ਵਿਚ ਯੋਗਤਾ (ਕਿੱਤਾ ਅਤੇ ਵਿੱਦਿਆ), ਗੁਣ ਸੂਚਕ ਆਦਿ ਵਿਸ਼ੇਸ਼ਣਾਂ ਨਾਲੋਂ ਜਾਤੀ ਤੇ ਵਿਦੇਸ਼ ਨਾਲ ਸੰਬੰਧਿਤ ਸੂਚਕਾਂ ਦੀ ਵਰਤੋਂ ਵਧੇਰੇ ਮਿਲਦੀ ਹੈ।

ਜੱਟ ਸੂਚਕ ਵਿਸ਼ੇਸ਼ਕਾਂ ਵਾਲੇ ਇਸ਼ਤਿਹਾਰਾਂ ਵਿਚ ਜੱਟ ਵਿਸ਼ੇਸ਼ਕ ਨਾਲ ਜ਼ਰੂਰੀ ਤੌਰ ਤੇ ਸਿੱਖ ਧਰਮ ਸੂਚਕ ਵਿਸ਼ੇਸ਼ਕ ਜ਼ਰੂਰ ਆਉਂਦਾ ਹੈ। ਇਹ ਜਾਤੀ+ਧਰਮ ਸੂਚਕ ਵਿਸ਼ੇਸ਼ਕ ਪੰਜਾਬ ਵਿਚ ਹਰ ਜੱਟ ਦੇ ਲਾਜ਼ਮੀ ਤੌਰ ਤੇ ਸਿੱਖ ਹੋਣ ਦਾ ਸੂਚਕ ਹੈ। ਅਜਿਹੇ ਇਸ਼ਤਿਹਾਰਾਂ ਦੀਆਂ ਦੋ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ;

*ਜੱਟ ਸਿੱਖ ਮੰਗਲੀਕ ਇਟਲੀ ਪੱਕਾ ਲੜਕਾ 25.10.83, 2:30 PM ਲਈ ਗਰੈਜੂਏਟ/. B.Sc. Nursing/ ਪੱਕੀ/ਸਟੱਡੀ ਬੇਸ ਕੈਨੇਡਾ ਗਈ ਲੜਕੀ ਚਾਹੀਦੀ। ਲੜਕਾ ਇੰਡੀਆ ਆਇਆ। ਵਿਆਹ ਜਲਦੀ।.. ਵਿਆਹ ਇਸ਼ਤਿਹਾਰ*[3]

*ਆਦਿ ਧਰਮੀ ਲੜਕਾ 29/5 -10 , "B. Tech. Computer Science, ਮਲਟੀਨੈਸ਼ਨਲ ਕੰਪਨੀ ਵਿਚ 2 ਲੱਖ ਦਾ ਪੈਕੇਜ, ਲਈ ਸਰਕਾਰੀ ਨੌਕਰੀ ਜਾਂ ਬਰਾਬਰ ਯੋਗਤਾ ਲੜਕੀ ਚਾਹੀਏ। ਪਹਿਲ ਹੁਸ਼ਿਆਰਪੁਰ.. ਵਿਆਹ ਇਸ਼ਤਿਹਾਰ*[4]

ਪੰਜਾਬੀ ਜਾਤੀ-ਪ੍ਰਥਾ ਵਿਚ ਹਾਵੀ ਧਿਰ ਜੱਟ ਜਾਤੀ ਨਾਲ ਸੰਬੰਧਿਤ ਇਸ਼ਤਿਹਾਰਾਂ ਵਿਚ ਜਾਤੀ ਹੋਂਦ ਪ੍ਰਤੀ ਰਵੱਈਆ ਸਥਿਰਤਾ ਦਾ ਸੂਚਕ ਵਧੇਰੇ ਹੈ। ਜੱਟ ਜਾਤੀ ਦੇ ਰਿਸ਼ਤਿਆਂ ਵਿਚ ਜਾਤੀ-



ਬੰਧਨ ਲਾਜ਼ਮੀ ਤੌਰ ਤੇ ਆਉਂਦਾ ਹੈ। ਮਨੂ-ਨਿਰਧਾਰਿਤ ਜਾਤੀ-ਵੰਡ ਅਨੁਸਾਰ ਤੈਅ ਦਰਜੇਬੰਦੀ ਅਧੀਨ ਵਿਚਰਦੀਆਂ ਬ੍ਰਾਹਮਣ ਤੇ ਖੱਤਰੀ ਜਾਤੀਆਂ ਵੀ ਜਾਤੀ-ਬੰਧਨ ਦੀ ਸੀਮਾ ਨੂੰ ਪਾਰ ਕਰਨ ਦਾ ਯਤਨ ਨਹੀਂ ਕਰਦੀਆਂ, ਬਲਕਿ ਹੋਂਦ ਦੀ ਖੜੋਤ ਅਧੀਨ ਵਿਚਰਦੀਆਂ ਜਾਤੀ-ਆਧਾਰਿਤ ਸਥਾਪਤ ਕਦਰਾਂ ਕੀਮਤਾਂ ਦਾ ਸੰਚਾਲਨ ਕਰਦੀਆਂ ਦੂਜੀ ਧਿਰ ਅੱਗੇ ਲਾਜ਼ਮੀ ਤੌਰ ਤੇ ਜਾਤੀ ਬੰਧਨ ਦੀ ਪੂਰਤੀ ਦੀ ਸ਼ਰਤ ਰੱਖਦੀਆਂ ਹਨ। ਪਰ ਅਖੌਤੀ ਲਤਾੜੇ ਵਰਗ ਨਾਲ ਸੰਬੰਧਿਤ ਜਾਤੀ ਆਧਾਰਿਤ ਇਸ਼ਤਿਹਾਰਾਂ ਵਿਚ ਜਾਤੀ ਸੀਮਾ ਨੂੰ ਉਲੰਘਣ ਦਾ ਸ਼ਲਾਘਾਯੋਗ ਯਤਨ ਮਿਲਦਾ ਹੈ।

*ਮਿਲਣਸਾਰ, ਖ਼ੂਬਸੂਰਤ ਅਤੇ ਖ਼ੂਬਸੀਰਤ, 26/5 -3 , M.Sc. (IT)PGDCA ਆਸਟਰੇਲੀਆ ਵਿਚ ਆਪਣੇ ਭਰਾ ਨਾਲ ਰਹਿ ਰਹੀ, ਸਿੱਧੂ ਲੜਕੀ ਲਈ ਸੋਹਣੇ ਅਤੇ ਵੈਸ਼ਨੂੰ ਪੜ੍ਹੇ-ਲਿਖੇ ਲੜਕੇ ਦੀ ਲੋੜ। ਵਿਆਹ ਇਸ਼ਤਿਹਾਰ*[5]

ਉਪਰੋਕਤ ਇਸ਼ਤਿਹਾਰ ਦੀ ਬਣਤਰ ਵਿਚ ਤਿੰਨ ਗੁਣ ਸੂਚਕ ਵਾਕ ਦੀ ਸ਼ੁਰੂਆਤ ਵਿਚ ਵਿਚਰਦੇ ਹਨ। ਇਹ ਤਿੰਨੇ ਹੀ ਗੁਣ ਸੂਚਕ ਸਿਰਫ਼ ਵਰ ਦੀ ਲੋੜ ਵਾਲੇ ਇਸ਼ਤਿਹਾਰਾਂ ਵਿਚ ਮੰਗ ਕਰਤਾ ਲੜਕੀ ਲਈ ਹੀ ਵਰਤੇ ਜਾਂਦੇ ਹਨ। ਮਿਲਣਸਾਰ ਜਾਂ ਖ਼ੂਬਸੀਰਤ ਵਰਗੇ ਗੁਣ ਸੂਚਕ ਕੰਨਿਆਂ ਦੀ ਲੋੜ ਵਾਲੇ ਵਿਆਹ ਇਸ਼ਤਿਹਾਰਾਂ ਵਿਚ ਕਦੇ ਵੀ ਲੜਕੇ ਲਈ ਵਰਤੇ ਗਏ ਨਹੀਂ ਮਿਲਦੇ। ਪੰਜਾਬੀ ਸਭਿਆਚਾਰ ਵਿਚ ਲੜਕੀ ਦਾ ਵਿਆਹ ਭਾਵੇਂ ਸਿਰਫ਼ ਲੜਕੇ ਨਾਲ ਹੁੰਦਾ ਹੈ, ਪਰ ਉਸ ਉੱਤੇ ਜ਼ਿੰਮੇਦਾਰੀ ਪੂਰੇ ਪਰਿਵਾਰ ਦੀ ਪਾਈ ਜਾਂਦੀ ਹੈ। ਇਸੇ ਲਈ ਉਪਰੋਕਤ ਇਸ਼ਤਿਹਾਰ ਵਿਚ ਮਿਲਣਸਾਰ ਗੁਣ ਸੂਚਕ ਵਿਸ਼ੇਸ਼ਕ ਬਣ ਕੇ ਉਭਰਦਾ ਹੈ ਕਿਉਂਕਿ ਅੱਜ ਕੱਲ੍ਹ ਦੀ ਪੜ੍ਹੀ ਲਿਖੀ ਲੜਕੀ ਲਈ ਸਹੁਰੇ ਪਰਿਵਾਰ ਦੇ ਨਵੇਂ ਵਾਤਾਵਰਣ ਵਿਚ ਐਡਜਸਟ ਕਰਨਾ ਸੌਖਾ ਨਹੀਂ ਹੁੰਦਾ, ਇਸ ਲਈ ਪਹਿਲਾਂ ਹੀ ਮਿਲਣਸਾਰ ਵਿਸ਼ੇਸ਼ਕ ਦੀ ਵਰਤੋਂ ਕਰਕੇ ਸੰਭਾਵਿਤ ਲੜਕੇ ਨੂੰ ਚਿੰਤਾ-ਮੁਕਤ ਕਰਨ ਦਾ ਯਤਨ ਕੀਤਾ ਗਿਆ ਹੈ। ਅਗਲੇ ਗੁਣ ਸੂਚਕ ਖ਼ੂਬਸੂਰਤ ਪਿੱਛੇ ਵੀ ਅਜਿਹੀ ਹੀ ਪੈਤਰਕੀ ਨਿਰਧਾਰਿਤ ਵਿਚਾਰਧਾਰਾ ਨੂੰ ਦੇਖਿਆ ਜਾ ਸਕਦਾ ਹੈ। ਹੁਣ ਤੱਕ ਖ਼ੂਬਸੂਰਤੀ, ਸਲਿਮ ਹੋਣਾ ਆਦਿ ਸਰੀਰਕ ਕਮਜ਼ੋਰੀ ਪੈਦਾ ਕਰਨ ਵਾਲੇ ਗੁਣ ਕੇਵਲ ਨਾਰੀ ਦੇਹ ਨਾਲ ਹੀ ਜੋੜੇ ਜਾਂਦੇ ਸਨ। ਅਜਿਹੇ ਵਿਸ਼ੇਸ਼ਕ ਲੜਕੀ ਲਈ ਕੰਨਿਆ ਦੀ ਲੋੜ ਵਾਲੇ ਇਸ਼ਤਿਹਾਰਾਂ ਵਿਚਲੇ ਮੰਗ ਪੱਖ ਵਿਚ ਤੇ ਵਰ ਦੀ ਲੋੜ ਵਿਚਲੇ ਸੂਚਨਾਤਮਕ ਪੱਖ ਵਿਚ ਵਰਤੇ ਜਾਂਦੇ ਹਨ। ਪਰ ਮੀਡੀਆ ਗ਼ੈਰਮੌਜੂਦ ਚਿੰਨ੍ਹਾਂ ਦੇ ਚਿਹਨੀਕਰਣ ਰਾਹੀਂ ਪ੍ਰਤਿਰੂਪ (Simulacra) ਵਾਲੀ ਅਵਸਥਾ ਪੈਦਾ ਕਰ ਰਿਹਾ ਹੈ। ਫਲਸਰੂਪ ਪੈਤਰਕੀ ਦੀਆਂ ਸੁੰਦਰਤਾ ਸੰਬੰਧੀ ਪ੍ਰਚਲਿਤ ਕਦਰਾਂ ਕੀਮਤਾਂ ਵਿਚ ਵੀ ਪਰਿਵਰਤਨ ਆ ਰਿਹਾ ਹੈ। ਖ਼ੂਬਸੂਰਤੀ ਦਾ ਸੰਕਲਪ, ਜੋ ਪਹਿਲਾਂ ਕੇਵਲ ਔਰਤਾਂ ਵਿਚ ਹੀ ਸੀ, ਉਤਪਾਦ ਵੇਚਣ ਦੀ ਦੌੜ ਵਿਚ ਵਿਗਿਆਪਨਾਂ ਰਾਹੀਂ ਮਰਦਾਂ ਵਿਚ ਵੀ ਪੈਦਾ ਕੀਤਾ ਜਾ ਰਿਹਾ ਹੈ, ਤਾਂ ਜੋ ਸੰਬੰਧਿਤ ਕਾੱਸਮੈਟਿਕਸ ਦੇ ਉਪਭੋਗਤਾਵਾਂ ਦੀ ਗਿਣਤੀ ਵਿਚ ਤੇ ਫਲਸਰੂਪ ਪੂੰਜੀਨਿਵੇਸ਼ ਦੇ ਲਾਭ ਵਿਚ ਵਾਧਾ ਕੀਤਾ ਜਾ ਸਕੇ। ਬੌਦਰੀਲਾਰਦ[6] ਅਨੁਸਾਰ ਇਹ ਨਿਰਮੂਲ ਉਤਾਰੇ ਜਾਂ ਸਿਮੂਲੈਕਰਾ ਸਜੀਵਤ ਅਨੁਭਵ ਨੂੰ ਤੀਬਰ ਕਰਦੇ ਹਨ, ਪਰ ਇਨ੍ਹਾਂ ਦਾ ਆਪਣੇ ਅਸਲ ਜਾਂ ਪ੍ਰਾਸੰਗਿਕ ਅਨਾਤਮ (ਔਬਜੈਕਟ) ਨਾਲ ਕੋਈ ਸੰਬੰਧ ਨਹੀਂ ਹੁੰਦਾ। ਉੱਤਰ ਪੂੰਜੀਵਾਦੀ ਯੁੱਗ ਵਿਚ ਇਨ੍ਹਾਂ ਉਤਾਰਿਆਂ ਰਾਹੀ ਅਕਾਂਖਿਆਂ ਨੂੰ ਬਲਵੰਤ ਕੀਤਾ ਜਾਂਦਾ ਹੈ ਤਾਂ ਕਿ ਵਸਤਾਂ ਦੀ ਖਰੀਦੋ ਫਰੋਖਤ ਵਧਾਈ ਜਾ ਸਕੇ। ਬੌਦਰੀਲਾਰਦ ਦੇ ਸੰਕਲਪ ਨਾਲ ਇਹ ਸਾਬਿਤ ਹੁੰਦਾ ਹੈ ਕਿ ਮਨੁੱਖੀ ਆਤਮ ਇਨ੍ਹਾਂ ਨਿਰਮੂਲ ਉਤਾਰਿਆਂ ਰਾਹੀਂ ਵੀ ਚਲਦਾ ਹੈ, ਇਸ ਦਾ ਵਿਵੇਕਸ਼ੀਲ ਸੰਚਾਲਨ ਕੋਈ ਅੰਤਮ ਸੱਚ ਨਹੀਂ ਸਗੋਂ ਹੋਰਕਹਾਈਮਰ ਅਤੇ ਐਡੋਰਨੋ ਦੇ ਕਹਿਣ ਵਾਂਗ ਉਹ ਆਤਮ ਮਿੱਥ ਹੀ ਲੱਗਦਾ ਹੈ। ਮੀਡੀਆ ਨਿਰਧਾਰਿਤ ਇਹ ਸਿਮੂਲੈਕਰਾ ਦੀ ਅਵਸਥਾ ਇਸ਼ਤਿਹਾਰਾਂ ਦੀ ਭਾਸ਼ਾ ਵਿਚੋਂ ਵੀ ਪ੍ਰਤੀਬਿੰਬਤ ਹੁੰਦੀ ਹੈ। ਖ਼ੂਬਸੂਰਤ, ਸੁੰਦਰ ਆਦਿ ਵਿਸ਼ੇਸ਼ਣਾ

ਦਾ ਨਾਂਵ ਲੜਕੇ ਦੀ ਵਿਸ਼ੇਸ਼ਤਾ ਦੱਸਣਾ ਆਪਣੇ ਆਪ ਵਿਚ ਬਦਲ ਰਹੀਆਂ ਪਰਿਸਥਿਤੀਆਂ ਵਿਚ ਬਦਲ ਰਹੇ ਮੁੱਲਾਂ ਵੱਲ ਸੰਕੇਤ ਹੈ। ਉਦਾਹਰਣ ਦੇਖੋ;

*ਖ਼ੂਬਸੂਰਤ ਟਾਂਕਸ਼ਤਰੀ ਲੜਕਾ 27/5 -7 ਮੈਟ੍ਰਿਕ ਆਪਣਾ ਕਾਰੋਬਾਰ ਵਾਸਤੇ ਲੜਕੀ ਦੀ ਲੋੜ।*

*ਵਿਆਹ ਇਸ਼ਤਿਹਾਰ*[7]

ਇਸ ਤਰ੍ਹਾਂ ਇਸ਼ਤਿਹਾਰ ਲੜਕੇ ਤੇ ਲੜਕੀ ਨੂੰ ਪ੍ਰਦਾਨ ਕੀਤੇ ਗਏ ਗੁਣਾਂ ਵਿਚ ਆਈ ਤਬਦੀਲੀ ਨੂੰ ਵੀ ਪ੍ਰਤੀਬਿੰਬਤ ਕਰਦੇ ਹਨ। ਜਿਥੇ ਜਾਤੀ ਆਧਾਰਿਤ ਸਥਿਰ ਹੱਦ ਬੰਦੀਆਂ ਦੇ ਟੁੱਟਣਾ ਸ਼ੁਰੂ ਹੋਣ ਦਾ ਪ੍ਰਗਟਾਵਾ ਇਹਨਾਂ ਇਸ਼ਤਿਹਾਰਾਂ ਦੀ ਭਾਸ਼ਾ ਚੋਂ ਮਿਲ ਰਿਹਾ ਹੈ, ਉੱਥੇ ਮਰਦ/ਔਰਤ ਸੰਬੰਧਿਤ ਧਾਰਨਾਵਾਂ ਚ ਆ ਰਿਹਾ ਬਦਲਾਵ ਵੀ ਦੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਜਿੱਥੇ ਕੁਝ ਇਸ਼ਤਿਹਾਰਾਂ ਵਿਚ ਵੈਸ਼ਨੂੰ ਵਿਸ਼ੇਸ਼ਣ ਧਾਰਮਿਕ ਪ੍ਰਤੀਬੱਧਤਾ ਵੱਲ ਇਸ਼ਾਰਾ ਕਰਦਾ ਹੈ, ਕਲੀਨਸ਼ੇਵ ਵਿਸ਼ੇਸ਼ਣ ਦਾ ਅਕਸਰ ਧਰਮ ਸੂਚਕ ਵਿਸ਼ੇਸ਼ਣ ਸਿੱਖ ਨਾਲ ਆਉਣਾ ਅਜੋਕੇ ਸਮੇਂ ਦੀ ਵਿਰੋਧਾਭਾਸੀ ਸਥਿਤੀ ਨੂੰ ਦਰਸਾਉਂਦਾ ਹੈ।

ਇਨ੍ਹਾਂ ਇਸ਼ਤਿਹਾਰਾਂ ਦੀ ਮੁੱਖ ਵੰਡ ਕੰਨਿਆ ਦੀ ਲੋੜ ਅਤੇ ਵਰ ਦੀ ਲੋੜ ਦੋ ਸ਼੍ਰੇਣੀਆਂ ਵਿਚ ਕੀਤੀ ਜਾ ਸਕਦੀ ਹੈ। ਜੇ ਅਸੀਂ ਐਤਵਾਰ ਦੇ ਦਿਨ ਦੀਆਂ ਵੱਖ ਵੱਖ ਅਖ਼ਬਾਰਾਂ ਵਿਚ ਆਏ ਇਨ੍ਹਾਂ ਵਿਆਹ ਇਸ਼ਤਿਹਾਰਾਂ ਦੀ ਗਿਣਤੀ ਕਰੀਏ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੰਨਿਆ ਦੀ ਲੋੜ ਸ਼੍ਰੇਣੀ ਵਾਲੇ ਇਸ਼ਤਿਹਾਰ ਵਰ ਦੀ ਲੋੜ ਸ਼੍ਰੇਣੀ ਦੇ ਇਸ਼ਤਿਹਾਰਾਂ ਨਾਲੋਂ ਮੁਕਾਬਲਤਨ ਜ਼ਿਆਦਾ ਹਨ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਪੰਜਾਬ ਵਿਚ ਵਿਆਹ ਯੋਗ ਲੜਕੀਆਂ ਦੇ ਵਿਆਹ ਯੋਗ ਲੜਕਿਆਂ ਦੇ ਮੁਕਾਬਲੇ ਗਿਣਤੀ ਬਹੁਤ ਘੱਟ ਹੈ। ਇਹ ਤੱਥ ਸੰਨ 2011 ਦੀ ਮਰਦਮਸ਼ੁਮਾਰੀ ਵਿਚ ਸਾਹਮਣੇ ਆਏ ਆਂਕੜਿਆਂ ਦੇ ਅਨੁਪਾਤੀ ਹੈ। ਇਸ ਜਨਗਣਨਾ ਅਨੁਸਾਰ ਪੰਜਾਬ ਦੀ ਕੁੱਲ ਜੰਨਸੰਖਿਆ 27704236 ਹੈ। ਇਸ ਵਿਚ ਮਰਦਾਂ ਦੀ ਗਿਣਤੀ 14634819 ਅਤੇ ਔਰਤਾਂ ਦੀ ਗਿਣਤੀ 13069417 ਪਾਈ ਗਈ ਹੈ। ਦੂਜੇ ਸ਼ਬਦਾਂ ਵਿਚ ਪੰਜਾਬ ਵਿਚ ਲਿੰਗ ਅਨੁਪਾਤ 1000 ਮੁੰਡਿਆਂ ਪਿੱਛੇ 893 ਕੁੜੀਆਂ ਹੈ। ਇਸ ਤਰ੍ਹਾਂ ਇਹ ਗਿਣਤੀ ਪੰਜਾਬ ਵਿਚ ਮੁੰਡਿਆਂ ਅਤੇ ਕੁੜੀਆਂ ਦੀ ਗਿਣਤੀ ਦੇ ਅਸੰਤੁਲਨ ਦੇ ਨਾਲ ਨਾਲ ਪੰਜਾਬੀ ਮਾਨਸਿਕਤਾ ਦੇ ਕੁੜੀਆਂ ਪ੍ਰਤੀ ਪੱਖਪਾਤੀ ਰਵੱਈਏ ਅਤੇ ਭਰੂਣ ਹੱਤਿਆ ਵਰਗੀ ਕੋਝੀ ਸੋਚ ਦੀ ਵੀ ਗਵਾਹ ਹੈ।

ਇਹ ਵਿਆਹ ਇਸ਼ਤਿਹਾਰ ਪੰਜਾਬੀ ਸਮਾਜਿਕ-ਸਭਿਆਚਾਰਕ ਯਥਾਰਥ ਨੂੰ ਨਿਰੋਲ ਪ੍ਰਤੀਬਿੰਬਤ ਹੀ ਨਹੀਂ ਕਰਦੇ, ਬਲਕਿ ਪ੍ਰਚਲਿਤ ਕਦਰਾਂ ਕੀਮਤਾਂ ਤੇ ਸਥਾਪਤ ਧਾਰਨਾਵਾਂ ਨੂੰ ਅੱਗੋਂ ਸੰਚਾਰਿਤ ਤੇ ਨਿਰੰਤਰ ਸੰਚਾਲਤ ਵੀ ਕਰਦੇ ਹਨ। ਇਸ ਤਰ੍ਹਾਂ ਪੰਜਾਬੀ ਦੇ ਵਿਆਹ ਇਸ਼ਤਿਹਾਰਾਂ ਦੇ ਅਧਿਐਨ ਤੇ ਵਿਸ਼ਲੇਸ਼ਣ ਰਾਹੀਂ ਵਿਆਹਾਂ ਨੂੰ ਲੈ ਕੇ ਪੰਜਾਬ ਦੇ ਸਾਂਝੇ ਅਵਚੇਤਨ ਵਿਚ ਪਏ ਤੇ ਸਮਕਾਲ ਦੇ ਨਵੇਂ ਅਨੁਭਵਾਂ ਨਾਲ ਸੰਵਾਦ ਰਚਾਉਂਦੇ ਤੇ ਤਬਦੀਲ ਹੁੰਦੇ ਪੰਜਾਬੀ ਚੇਤਨਾ ਦੇ ਨਵੇਂ ਪਹਿਲੂਆਂ ਨੂੰ ਸਾਹਮਣੇ ਲਿਆਂਦਾ ਜਾ ਸਕਦਾ ਹੈ।

**ਹਵਾਲੇ**

1. ਜਗਬਾਣੀ, 16 ਅਕਤੂਬਰ 2011, ਪੰਨਾ-9
2. Mark J. Smith, Culture: Reinventing the social Sciences, pp-79-80
3. ਜਗਬਾਣੀ, 16 ਅਕਤੂਬਰ 2011, ਪੰਨਾ-8
4. ਅਜੀਤ, 16 ਅਕਤੂਬਰ 2011, ਪੰਨਾ-15
5. ਓਹੀ
6. ਡਾ. ਗੁਰਭਗਤ ਸਿੰਘ, ਉੱਤਰ-ਆਧੁਨਿਕਵਾਦ - ਪੱਛਮੀ ਪਰਿਪੇਖ , ਸਮਦਰਸ਼ੀ, (ਅੰਕ 49), ਪੰਨਾ-31
7. ਅਜੀਤ, 16 ਅਕਤੂਬਰ 2011, ਪੰਨਾ-8 (**ਖੋਜ ਵਿਦਿਆਰਥੀ**, **ਮੋਬਾਇਲ: 81468-2140**)



# ਜਨ ਬੋਧ

## ਅਛੂਤ ਭਲਾਈ ਦਾ ਸੱਚ/ - ਸੁਰੇਸ਼ ਪੰਡਤ, ਅਨੁਵਾਦ: ਭਗਵੰਤ ਰਸੂਲਪੁਰੀ

1934 ਵਿਚ ਮੁਨਸ਼ੀ ਪ੍ਰੇਮ ਚੰਦ ਨੇ ਉਨ੍ਹਾਂ ਰਾਸ਼ਟਰਵਾਦੀ ਮਿੱਤਰਾਂ ਨੂੰ ਵੱਡੀ ਲਾਹਣਤ ਪਾਈ ਸੀ ਜਿਹੜੇ ਦਿਨ ਰਾਤ ਰਾਸ਼ਟਰ ਨਾਂ ਦੀ ਮਾਲਾ ਫੇਰਦੇ ਰਹਿੰਦੇ ਸਨ ਜਦਕਿ ਉਨ੍ਹਾਂ ਦੇ ਦਿਲਾਂ 'ਚ ਜਾਤੀ ਊਚ-ਨੀਚ ਦੇ ਭਾਵ ਕੁੱਟ ਕੁੱਟ ਕੇ ਭਰੇ ਹੁੰਦੇ ਹਨ। ਉਨ੍ਹਾਂ ਨੇ ਉਚੇਚ ਨਾਲ ਪੁੱਛਿਆ ਸੀ-'ਕੌਣ ਨਹੀਂ ਜਾਣਦਾ ਕਿ ਜਾਤੀ ਭੇਦਭਾਵ ਅਤੇ ਰਾਸ਼ਟਰੀਅਤਾ ਇਕ ਦੂਜੇ ਦੇ ਉਸੇ ਤਰ੍ਹਾਂ ਵਿਰੋਧੀ ਹਨ, ਜਿਸ ਤਰ੍ਹਾਂ ਅੰਮ੍ਰਿਤ ਤੇ ਜ਼ਹਿਰ।' ਜਾਤੀ ਭੇਦਭਾਵ ਅਤੇ ਰਾਸ਼ਟਰੀਅਤਾ ਦੇ ਵਿਚਕਾਰ ਉਪਰੋਕਤ ਕਥਨ 'ਚ ਖਿੱਚੀ ਗਈ ਵੰਡ ਦੀ ਰੇਖਾ ਉੱਤੇ ਵਿਸ਼ੇਸ਼ ਰੂਪ ਵਿਚ ਧਿਆਨ ਦੇਣਾ ਇਸ ਲਈ ਜ਼ਰੂਰੀ ਹੈ, ਕਿਉਂਕਿ ਇਹ ਹਿੰਦੂ ਸਮਾਜ ਦੇ ਉੱਚ ਵਰਣਾ ਵਲੋਂ ਆਪਣੇ ਹੀ ਸਮਾਜ ਦੇ ਇਕ ਅੰਗ ਨੂੰ ਨੀਵਾਂ ਦੱਸ ਕੇ ਉਸ ਨੂੰ ਆਪਣੇ ਅਧੀਨ ਬਣਾਈ ਰੱਖਣ ਦੇ ਬੇਰਹਿਮ ਵਿਹਾਰ ਨੂੰ ਉਜਾਗਰ ਕਰਦੀ ਹੈ। ਇਹ ਇਕ ਅਜਿਹੇ ਉਪਨਿਵੇਸ਼ੀਕਰਨ ਦੀ ਹੋਰ ਮਿਸਾਲ ਹੈ ਜਿਸ ਵਿਚ ਆਪਣੇ ਹੀ ਲੋਕਾਂ ਨੇ ਆਪਣੇ ਹੀ ਕੁਝ ਲੋਕਾਂ ਨੂੰ ਧਰਮ ਸ਼ਾਸ਼ਤਰਾਂ ਦਾ ਹਵਾਲਾ ਦੇ ਕੇ ਬੰਧੂਆ ਬਣਾਇਆ ਗਿਆ ਹੋਵੇ। ਉਨ੍ਹਾਂ ਨੂੰ ਉਨ੍ਹਾਂ ਕੰਮਾਂ ਨੂੰ ਕਰਨ ਲਈ ਕਿਉਂ ਲਗਾਇਆ ਗਿਆ ਜਿਨ੍ਹਾਂ ਕੰਮਾਂ ਤੋਂ ਸਵਰਨਾਂ ਨੂੰ ਨ਼ਫ਼ਰਤ ਸੀ। ਅਜਿਹੇ ਗੰਦੇ ਕੰਮ ਜਿਨ੍ਹਾਂ ਨੂੰ ਉਹ ਖੁਦ ਨਹੀਂ ਕਰ ਸਕਦੇ ਸਨ ਜਾਂ ਕਰਨਾ ਨਹੀਂ ਚਾਹੁੰਦੇ ਸਨ। ਇਨ੍ਹਾਂ ਲੋਕਾਂ ਕੋਲੋਂ ਕੰਮ ਕਰਵਾ ਕੇ ਇਨ੍ਹਾਂ ਪ੍ਰਤੀ ਸ਼ੁਕਰੀਆਂ ਹੋਣ ਦੀ ਬਜਾਇ ਇਨ੍ਹਾਂ ਅਪਵਿੱਤਰ, ਡੰਗਰ ਬਣਾਇਆ ਗਿਆ ਅਤੇ ਮਨੁੱਖੀ ਅਧਿਕਾਰਾਂ ਤੱਕ ਤੋਂ ਸੱਖਣੇ ਕਰ ਦਿੱਤਾ ਗਿਆ। ਜਿਵੇਂ ਇਹ ਕੰਮ ਉਹ ਆਪਣੀ ਮਰਜ਼ੀ ਨਾਲ ਕਰ ਰਹੇ ਸੀ, ਇਸ ਲਈ ਸਜ਼ਾ ਯੋਗ ਹੈ।

ਇਸ ਚੂਤ-ਚਲਾਕੀ, ਵਿਵਸਥਾ ਦੇ ਵਿਰੁੱਧ ਵਿਦਰੋਹੀ ਹੀ ਉੱਠਦਾ ਰਿਹਾ ਹੈ। ਅਣਮਨੁੱਖੀ ਵਰਗ ਜਿਵੇਂ ਚੂਹੜਾ-ਚਮਾਰ, ਭੰਗੀ ਆਦਿ ਆਪਣੀ ਗੁਲਾਮੀ ਦੇ ਸੰਘਰਸ਼ ਦੀ ਸ਼ੁਰੂਆਤ ਸੰਤ ਕਵੀ ਰਵਿਦਾਸ, ਕਬੀਰ ਅਤੇ ਨਾਨਕ ਤੋਂ ਮੰਨਦੇ ਹਨ। ਪ੍ਰੰਤੂ ਬਸਤੀਵਾਦੀ ਦੌਰ ਵਿਚ ਅਸਲੀ ਅਤੇ ਸਿੱਧੀ ਲੜਾਈ ਆਪਣੇ ਅਸਲੀ ਪੀੜਾ ਦੇਣ ਵਾਲੇ ਭਾਵ ਕਿ ਜ਼ਿੰਮੀਦਾਰਾਂ ਅਤੇ ਸਵਰਨਾਂ ਨਾਲ ਸ਼ੁਰੂ ਹੁੰਦੀ ਹੈ। ਦੁਨੀਆਂ ਦੀਆਂ ਦੂਜੀਆਂ ਥਾਵਾਂ ਵਿਚ ਪੀੜਤ ਲੋਕਾਂ ਦੇ ਸੰਘਰਸ਼ ਦਾ ਜਿਹੜਾ ਤਰੀਕਾ ਪ੍ਰਚੱਲਤ ਸੀ ਉਸ ਨੂੰ ਉਤਰੀ ਭਾਰਤ 'ਚ ਬ੍ਰਿਟਿਸ਼ ਸ਼ਾਸਨ 'ਚ ਅਪਣਾਉਂਦੇ ਹੋਏ 19 ਅਗਸਤ, 1921 ਨੂੰ ਦਿੱਲੀ ਦੀ ਚਮਾਰ ਪੰਚਾਇਤ ਨੇ ਮਤਾ ਪਾਸ ਕੀਤਾ। ਜਿਸ 'ਚ ਉੱਚ ਵਰਣਾਂ ਦੇ ਅਨਿਆ ਦਾ ਜ਼ਿਕਰ ਕੀਤਾ ਗਿਆ। ਪੰਚਾਇਤ ਦਾ ਮੰਨਣਾ ਸੀ ਕਿ ਸਵਰਾਜ ਉਸਦੇ ਇਸ ਅਨਿਆ ਨੂੰ ਹੋਰ ਉਤਸ਼ਾਹ ਦੇਵੇਗਾ, ਕਿਉਂਕਿ ਚਮਾਰਾਂ ਦੇ ਹਿੱਤ ਰਾਸ਼ਟਰੀ ਹਿੱਤਾਂ ਨਾਲ ਮੇਲ ਨਹੀਂ ਖਾਂਦੇ। ਅਸਲ ਵਿਚ ਨਵੰਬਰ, 1921 ਤੋਂ ਜਨਵਰੀ, 1922 ਤਕ ਚਮਾਰਾਂ ਨੇ ਇਕ ਤਰ੍ਹਾਂ ਦਾ ਸਵਰਾਜ ਵਿਰੋਧੀ ਮੁਹਿੰਮ ਚਲਾਈ ਜਿਸ ਦੀ ਸਮਾਪਤੀ ਫਰਵਰੀ 1922 'ਚ ਪ੍ਰਿੰਸ ਆਫ਼ ਵੇਲਜ ਦੇ ਉਸ ਵਲੋਂ ਕੀਤੇ ਗਏ ਸਵਾਗਤ 'ਚ ਹੋਈ।

ਸਵਾਮੀ ਸੂਦਰਾ ਨੰਦ ਇਕ ਘਟਨਾ ਦਾ ਵਰਣਨ ਕਰਦੇ ਹਨ-"ਦਿੱਲੀ ਦੀ ਕਾਂਗਰਸ ਕਮੇਟੀ ਦੇ ਸੈਕੇਟਰੀ ਨੇ

ਚਮਾਰਾਂ ਦੇ ਮੁੱਖੀਆਂ ਦੀ ਇਕ ਮੀਟਿੰਗ ਬੁਲਾਈ ਅਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਜਿਨਾ ਹੋ ਸਕੇ ਚਮਾਰਾਂ ਨੂੰ ਕਾਂਗਰਸ ਦੇ ਸਥਾਈ ਮੈਂਬਰ ਬਣਾਉਣ। ਉਦੋਂ ਉਨ੍ਹਾਂ ਦਾ ਉਤਰ ਸੀ ਕਿ ਜਦੋਂ ਤੱਕ ਕਾਂਗਰਸ ਉਨ੍ਹਾਂ ਦੀਆਂ ਸ਼ਿਕਾਇਤਾਂ, ਜਿਵੇਂ ਸਰਵਜਨਕ ਖੂਹਾਂ ਤੋਂ ਪਾਣੀ ਭਰਨਾ ਆਦਿ ਨੂੰ ਦੂਰ ਨਹੀਂ ਕਰਦੀ, ਉਹ ਆਪਣੇ ਭਰਾਵਾਂ ਨੂੰ ਮੈਂਬਰ ਬਣਨ ਦੇ ਲਈ ਨਹੀਂ ਕਹਿ ਸਕਦੇ। ਸੈਕਟਰੀ ਕੁਝ ਗਰਮ ਸੁਭਾ ਦੇ ਵਿਅਕਤੀ ਉਨ੍ਹਾਂ ਨੇ ਕਿਹਾ- "ਸਵਰਾਜ ਦੀ ਜ਼ਰੂਰਤ ਪਹਿਲੀ ਅਤੇ ਪ੍ਰਮੁੱਖ ਜ਼ਰੂਰਤ ਹੈ। ਚਮਾਰ ਤਾਂ ਕੁਝ ਉਡੀਕ ਵੀ ਕਰ ਸਕਦੇ ਹਨ। ਉਨ੍ਹਾਂ ਦੀਆਂ ਸ਼ਿਕਾਇਤਾ ਬਾਅਦ ਵਿਚ ਦੂਰ ਕਰ ਦਿੱਤੀਆਂ ਜਾਣਗੀਆਂ।" ਉਦੋਂ ਉਨ੍ਹਾਂ ਮੁੱਖੀਆਂ ਵਿਚੋਂ ਇਕ ਗੁੱਸੇਖੋਰ ਮੁੱਖੀ ਨੇ ਖੜੇ ਹੋ ਕੇ ਕਿਹਾ-"ਸਾਡੀ ਸਮੱਸਿਆ ਜਿਹੜੀ ਸਦੀਆਂ ਪੁਰਾਣੀ ਹੈ, ਉਹ ਉਡੀਕ ਕਰ ਸਕਦੀ ਹੈ, ਪ੍ਰੰਤੂ ਸਵਰਾਜ ਦਾ ਲੱਡੂ ਤੁਹਾਡੇ ਮੂੰਹ ਵਿਚ ਤੁਰੰਤ ਜਾਣਾ ਚਾਹੀਦਾ ਹੈ। ਅਸੀਂ ਵੀ ਦੇਖਾਗੇ ਕਿਵੇਂ ਤੁਹਾਨੂੰ ਇਹ ਤੁਰੰਤ ਮਿਲ ਜਾਂਦਾ ਹੈ!" ਚਮਾਰਾਂ ਦੀ ਇਸ ਤਰ੍ਹਾਂ ਦੀ ਮੂੰਹ ਫੱਟ ਹਾਜ਼ਰ ਜਵਾਬੀ ਅਤੇ ਕਾਂਗਰਸ ਤੋਂ ਅਜ਼ਾਦ ਰਹਿਣ ਦੀ ਕੂਟਨੀਤੀ ਨੇ ਉਨ੍ਹਾਂ ਨੂੰ ਆਪਣੀਆਂ ਸ਼ਰਤਾਂ ਉੱਤੇ ਰਾਸ਼ਟਰੀ ਰਾਜਨੀਤੀ 'ਚ ਲੈਣ ਦੇ ਮੌਕੇ ਦਿੱਤੇ। ਉਹੋ ਉਦੋਂ ਰਾਸ਼ਟਰੀ ਰਾਜਨੀਤੀ 'ਚ ਸਾਮਿਲ ਹੋਏ, ਜਦੋਂ ਉਨ੍ਹਾਂ ਦੀਆਂ ਮੰਗਾਂ ਰਾਸ਼ਟਰੀ ਮੰਗਾਂ 'ਚ ਸ਼ਾਮਿਲ ਕਰ ਲਈਆਂ ਗਈਆਂ।

ਉਤਰੀ ਭਾਰਤ ਦੇ ਅਛੂਤਾਂ ਚੋਂ ਚਮਾਰਾਂ ਦੀ ਮੁਕਤੀ ਦਾ ਸੰਘਰਸ਼ ਦਾ ਇਤਿਹਾਸ ਸਭ ਤੋਂ ਲੰਮਾ ਅਤੇ ਸਭ ਤੋਂ ਮਜਬੂਤ ਰਿਹਾ ਹੈ। ਛਤੀਸਗੜ ਦੇ ਚਮਾਰਾਂ 'ਚ ਸਤਨਾਮੀ ਅੰਦੋਲਨ, ਰੈਦਾਸ (ਰਵਿਦਾਸ) ਦੀ ਆਪਣੇ ਪ੍ਰਤੀਨਿੱਧ ਸੰਤ ਦੇ ਰੂਪ ਵਿਚ ਮਾਨਤਾ ਅਤੇ ਉਨ੍ਹਾਂ ਦੇ ਗੌਰਵ 'ਚ ਮੰਦਰਾਂ ਦੀ ਸਥਾਪਨਾ, ਆਪਣੇ ਬੱਚਿਆਂ ਦੀ ਸਿੱਖਿਆ ਉੱਤੇ ਜ਼ੋਰ ਅਤੇ ਰਾਸ਼ਟਰੀ ਅਛੂਤ ਅੰਦੋਲਨ ਨਾਲ ਨੇੜੇ ਦੇ ਸੰਬੰਧ ਅਤੇ ਅੰਬੇਡਕਰ ਦੇ ਰਾਜਨੀਤਿਕ ਦਲਾਂ ਨੂੰ ਲੈ ਕੇ ਵਰਤਮਾਨ 'ਚ ਬਹੁਜਨ ਸਮਾਜ ਪਾਰਟੀ 'ਚ ਭਾਗੀਦਾਰੀ ਤੱਕ ਇਸ ਵਰਗ ਦੀ ਗਤੀਸ਼ੀਲਤਾ ਅਤੇ ਨਰਮੀ ਨੂੰ ਦੇਖਿਆ ਜਾ ਸਕਦਾ ਹੈ। ਉਹ ਹੀ ਇਕੱਲੇ ਜਿੰਮੀਦਾਰਾਂ ਅਤੇ ਉੱਚ ਵਰਣਾਂ ਦੀ ਕਰੂਰਤਾ ਦੇ ਵਿਰੁੱਧ ਨਹੀਂ ਸੀ ਉਨ੍ਹਾਂ ਦੇ ਨਾਲ ਚੂਹੜ੍ਹੇ, ਭੰਗੀਆਂ ਅਤੇ ਮੇਹਤਰਾਂ ਦੇ ਸਮੁਦਾਇ ਵੀ ਮੋਢੇ ਨਾਲ ਮੋਢਾ ਜੋੜ ਕੇ ਸਰਗਰਮ ਖੜ੍ਹੇ ਸੀ। 1930 ਤੱਕ ਉਨ੍ਹਾਂ ਨੇ ਮਿਲ ਕੇ ਆਪਣੀ ਪਹਿਚਾਣ ਵਾਲਮੀਕੀ ਦੇ ਤੌਰ ਤੇ ਬਣਾ ਲਈ ਸੀ। ਇਨ੍ਹਾਂ ਸਮੁਦਾਇਆ ਨੇ ਹਰ ਉਸ ਪ੍ਰਾਪਤ ਸਾਧਨ ਦੀ ਵਰਤੋ ਕੀਤੀ ਜਿਹੜੇ ਇਨ੍ਹਾਂ ਨੂੰ ਜ਼ੁਲਮ ਤੋਂ ਬਚਾ ਸਕਦਾ ਸੀ। ਇਨ੍ਹਾਂ ਚੋਂ ਇਸਾਈ ਧਰਮ ਧਾਰਨ, ਬੰਧੂਆ ਪਨ ਤੋਂ ਛੁੱਟਣ ਦੇ ਲਈ ਪਲਾਇਨ ਅਤੇ ਰਾਜਨੀਤਿਕ ਸੰਸਥਾਵਾਂ ਬਣਾਉਣ ਆਦਿ ਸ਼ਾਮਿਲ ਸੀ।

ਕਾਂਗਰਸ ਦੇ ਵਿਰੋਧ 'ਚ ਅਛੂਤਾਂ ਦਾ ਸੰਗਠਤ ਹੋਣਾ ਭਾਰਤੀ ਰਾਸ਼ਟਰਵਾਦੀ ਲੋਕਾਂ ਦੇ ਲਈ ਮੁਸੀਬਤ ਬਣ ਗਿਆ। ਉਨ੍ਹਾਂ ਨੂੰ ਇਹ ਡਰ ਸਤਾਉਣ ਲੱਗਾ ਕਿ ਉਹ ਆਪਣੇ ਆਪ ਨੂੰ ਇਕ ਰਾਸ਼ਟਰ ਦੇ ਰੂਪ ਵਿਚ ਕਿਵੇਂ ਪੇਸ਼ ਕਰ ਸਕਦੇ ਹਨ ਜਦੋਂ ਕਿ ਉਨ੍ਹਾਂ ਦੀ ਅਬਾਦੀ ਦਾ ਇਕ ਬਹੁਤ ਵੱਡਾ ਭਾਗ ਉਨ੍ਹਾਂ ਦਾ ਸਮਰੱਥਨ ਨਹੀਂ ਕਰ ਰਿਹਾ ਸੀ। ਪਰੰਤੂ ਆਪਣੀਆਂ ਸਮਾਜਿਕ ਸਰੰਚਨਾ ਦੇ ਦੋਸ਼ਾਂ ਉੱਤੇ ਧਿਆਨ ਦੇਣ ਦੀ ਬਜਾਏ ਉਨ੍ਹਾਂ ਨੇ ਇਹ ਮੰਨਿਆ ਕਿ ਇਨ੍ਹਾਂ ਅਛੂਤਾਂ ਨੂੰ ਬਾਹਰੀ ਤਾਕਤਾਂ ਸਾਡੇ ਵਿਰੁੱਧ ਭੜਕਾ ਰਹੀਆਂ ਹਨ। ਦਿੱਲੀ ਦੇ ਚਮਾਰਾਂ ਵਲੋਂ 1919 'ਚ ਕੀਤੇ ਗਏ ਰਾਜਨੀਤਿਕ ਵਿਦਰੋਹ ਦੇ ਸੰਦਰਭ 'ਚ ਸ਼ਰਧਾ ਨੰਦ ਨੇ ਉਸੇ ਨੂੰ ਇਸਾਈ ਮਿਸਨਰੀਆਂ ਦੀ ਚਾਲ ਦੱਸਿਆ। ਉਨ੍ਹਾਂ ਦਾ ਮੰਨਣਾ ਸੀ ਕਿ ਬਿਨਾ ਸਹੀ ਤਰ੍ਹਾਂ ਦੀ ਅਗਵਾਈ ਕੀਤਿਆਂ ਇਹ ਲੋਕ ਰਾਜਨੀਤਿਕ ਰੂਪ 'ਚ ਭਟਕ ਜਾਣਗੇ, ਪਰ ਇਨ੍ਹਾਂ ਦੇ ਲਈ ਇਹ ਵੀ ਸੰਭਵ ਨਹੀਂ ਹੈ ਕਿ ਇਹ ਆਪਣੀ ਅਗਵਾਈ ਖੁਦ ਵਿਕਸਿਤ ਕਰ ਲੈਣ। 1932 'ਚ ਇਨ੍ਹਾਂ ਨੂੰ 'ਪ੍ਰਥਕ' ਸੰਸਦੀ ਖੇਤਰ ਦੇਣ ਦੇ ਸਵਾਲ ਉੱਤੇ ਹੋਈ ਵਿਚਾਰ ਚਰਚਾ ਦੇ ਦੌਰਾਨ ਗਾਂਧੀ ਨੇ ਪਟੇਲ ਅਤੇ ਮਹਾਦੇਵ ਦੇਸਾਈ ਨੂੰ ਇਹ ਭੇਦ ਦੀ ਗੱਲ ਦੱਸੀ ਸੀ ਕਿ "ਇਸਦੀ ਰਾਜਨੀਤਿਕ



ਦੂਰੀ ਤਾਂ ਸਮਾਜ ਨੂੰ ਖੂਨ ਖਰਾਬੇ ਦੇ ਵੱਲ ਲੈ ਜਾਵੇਗਾ। ਅਛੂਤ ਗੁੰਡੇ ਮੁਸਲਿਮ ਗੁੰਡਿਆ ਨਾਲ ਮਿਲ ਕੇ ਸਵਰਣ ਹਿੰਦੂਆਂ ਨੂੰ ਮਾਰਨਗੇ। ਅਤੇ ਇਸ ਤਰ੍ਹਾਂ ਦੂਜੇ ਧਰਮਾਂ ਵਾਲੇ ਵੀ ਆਪਣੇ ਲਈ ਰਾਖਵੇਂ ਖੇਤਰਾਂ ਦੀ ਮੰਗ ਕਰਨਗੇ। ਇਸ ਲਈ ਇਨ੍ਹਾਂ ਨੂੰ ਕਾਂਗਰਸ ਵਲੋਂ ਪ੍ਰਤੀਨਿੱਧਤਾ ਦਿੱਤੇ ਜਾਣ ਦੇ ਇਲਾਵਾ ਮੈਨੂੰ ਹੋਰ ਕੋਈ ਹੱਲ ਦਿਖਾਈ ਨਹੀਂ ਦਿੰਦਾ।" ਸਪੱਸ਼ਟ ਹੈ ਗਾਂਧੀ ਵਿਭਿੰਨ ਜਾਤੀਆਂ ਨੂੰ ਜੋੜਨਾ ਤਾਂ ਚਾਹੁੰਦੇ ਸਨ ਪ੍ਰੰਤੂ ਕਾਂਗਰਸ 'ਚ ਹੀ ਜੋੜਨਾ ਚਾਹੁੰਦੇ ਸਨ। ਨਿਮਨ ਜਾਤੀਆਂ ਵੀ ਖੁਦ ਆਪਣੀ ਅਗਵਾਈ ਕਰ ਸਕਦੀਆਂ ਹਨ। ਇਸ ਗੱਲ ਨੂੰ ਅਸਵੀਕਾਰ ਕਰਨਾ ਉਨ੍ਹਾਂ ਦੀ ਉਪਨਵੇਸ਼ਿਕ ਮਨੋਬਿਰਤੀ ਨੂੰ ਦਰਸਾਉਂਦਾ ਹੈ। 1907 'ਚ ਮੇਰਠ ਜਿਲ੍ਹੇ ਦੇ ਚਮਾਰਾਂ ਨੇ ਇਕ ਚਿੱਠੀ ਆਪਣੇ ਭਾਈਆਂ ਨੂੰ ਭੇਜ ਕੇ ਇਹ ਬੇਨਤੀ ਕੀਤੀ ਸੀ ਕਿ ਅੰਗਰੇਜ਼ ਅਧਿਕਾਰੀਆਂ ਅਤੇ ਜ਼ਿੰਮੀਦਾਰਾਂ ਦੇ ਕੰਮ ਬਿਨਾ ਮਿਹਨਤਾਨਾ ਲਏ (ਬੇਗਾਰ) ਨਾ ਕਰਨ। ਇਸ ਬਾਰੇ 'ਚ ਵੀ ਉਸ ਸਮੇਂ ਦੇ ਸੀ. ਆਈ. ਡੀ. ਅਫ਼ਸਰਾਂ ਨੇ ਇਹ ਰਿਪੋਰਟ ਸਰਕਾਰ ਨੂੰ ਦਿੱਤੀ ਸੀ ਕਿ ਜ਼ਰੂਰਤ ਕੋਈ ਬਾਹਰਲੀ ਤਾਕਤ ਇਨ੍ਹਾਂ ਚਮਾਰਾਂ ਨੂੰ ਆਪਣੇ ਰਾਜਨੀਤਿਕ ਲਾਭ ਦੇ ਲਈ ਉਕਸਾ ਰਹੀ ਹੈ। ਇਸ ਲਈ ਬੰਬਈ ਜ਼ਿਲ੍ਹੇ ਦੇ ਅਛੂਤਾਂ ਨੇ 'ਡਿਪ੍ਰੈਸ਼ਡ ਕਲਾਸਿਜ਼ ਲੀਗ' ਬਣਾ ਲਈ ਸੀ ਅਤੇ ਕਈ ਸੰਮੇਲਨ ਵੀ ਥਾਂ ਥਾਂ ਕਰਵਾ ਲਏ ਸਨ। ਫਿਰ ਵੀ ਕਿਤੇ ਕੋਈ ਵਿਚਾਰ ਨਹੀਂ ਹੋਇਆ। ਇਸ ਉੱਤੇ ਉਤੇਜਿਤ ਹੋ ਕੇ ਬੀ. ਐਸ. ਕਾਮਤ ਨੇ ਡਿਪ੍ਰੈਸ਼ਡ ਕਲਾਸਾਂ ਦੇ ਨਾਲ ਪ੍ਰਮੁੱਖ ਹਿੰਦੂ ਸਮਾਜ ਵਲੋਂ ਕੀਤੇ ਜਾ ਰਹੇ ਮਤਰੇਏ ਵਿਹਾਰ ਦੀ ਸ਼ਿਕਾਇਤ ਵੀ ਕੀਤੀ ਸੀ। 1918 'ਚ ਬਿਜਨੌਰ ਵਿਚ ਹੋਏ ਸੰਮੇਲਨ ਵਿਚ ਆਪਣੇ ਪ੍ਰਤੀ ਹਿੰਦੂ ਸਮਾਜ ਦੇ ਇਸ ਵਿਹਾਰ ਨੂੰ ਉਥੋਂ ਦੇ ਵਿਅਕਤੀਆਂ ਨੂੰ ਅਨਿਆ ਪੂਰਨ ਅਤੇ ਬੇਇੱਜ਼ਤੀ ਵਾਲਾ ਐਲਾਨ ਕੀਤਾ ਸੀ।

ਅਛੂਤਾਂ ਦੀ ਅਗਵਾਈ ਦੀ ਜ਼ਰੂਰਤ ਨੇ ਸਵਰਨ ਪੋਸ਼ ਰਾਸ਼ਟਰਵਾਦੀਆਂ ਨੂੰ ਉਨ੍ਹਾਂ ਦੇ ਲਈ ਕੋਈ ਨੀਤੀ ਬਣਾਉਣ ਲਈ ਮਜ਼ਬੂਰ ਕਰ ਦਿੱਤਾ ਸੀ। ਗਾਂਧੀ ਜਿਹੜੇ ਇਕ ਪੁਖਤਾ ਅਤੇ ਦੂਰਦਰਸ਼ੀ ਰਾਜਨੀਤੀਵਾਨ ਸੀ। 1921 'ਚ ਆਪਣੀ ਨੀਤੀ ਬਦਲਣ ਅਤੇ ਉਸ 'ਚ ਇਸਦੇ ਹਿੱਤਾਂ ਨੂੰ ਧਿਆਨ ਰੱਖਣ ਦੇ ਸਬੰਧ 'ਚ ਇਕ ਲੇਖ ਲਿਖਿਆ-"ਇਕ ਸਫ਼ਾਈ ਕਰਮਚਾਰੀ ਜਿਹੜਾ ਅਛੂਤ ਸੀ ਉਸ ਦਾ ਨਾਂ ਓਕਾ ਸੀ। ਉਹ ਸਾਡੇ ਘਰ ਦੇ ਪਖ਼ਾਨਿਆਂ ਦੀ ਸਫ਼ਾਈ ਕਰਨ ਆਇਆ ਕਰਦਾ ਸੀ। ਸਵੇਰੇ ਮੈਂ ਆਪਣੀ ਮਾਂ ਨੂੰ ਪੁੱਛਿਆ ਕਰਦਾ ਸੀ ਕਿ ਉਸ ਨੂੰ ਛੂਹਣਾ ਗਲਤ ਕਿਓਂ ਹੈ? ਜੇਕਰ ਗਲਤੀ ਨਾਲ ਮੈਂ ਉਸ ਨੂੰ ਛੂਹ ਜਾਂਦਾ ਸੀ, ਮੈਨੂੰ ਨਹਾ ਕੇ ਸ਼ੁੱਧ ਹੋਣ ਲਈ ਕਿਹਾ ਜਾਂਦਾ ਸੀ। ਭਾਵੇਂ ਕਿ ਮੈਂ ਸਹਿਜ ਰੂਪ ਵਿਚ ਆਗਿਆ ਮੰਨ ਲੈਂਦਾ ਸੀ ਫਿਰ ਵੀ ਮੈਂ ਹੱਸਦੇ ਹੱਸਦੇ ਇਨ੍ਹਾਂ ਦੇ ਪ੍ਰਤੀ ਆਪਣਾ ਵਿਰੋਧ ਵੀ ਜ਼ਰੂਰ ਜ਼ਾਹਿਰ ਕਰ ਦਿੰਦਾ ਸੀ। ਇਸ ਤਰ੍ਹਾਂ ਮੈਂ ਇਕ ਕਰਤਵ ਅਤੇ ਆਗਿਆਕਾਰੀ ਲੜਕਾ ਸੀ ਅਤੇ ਆਪਣੇ ਮਾਤਾ ਪਿਤਾ ਦਾ ਆਦਰ ਕਰਨ 'ਚ ਕਦੀ ਵੀ ਸੰਕੋਚ ਨਹੀਂ ਕਰਦਾ ਸੀ। ਇਸ ਮੁੱਦੇ ਉੱਤੇ ਮੇਰੀ ਕਈ ਵਾਰ ਤਿੱਖੀ ਝੜਪ ਵੀ ਹੋ ਜਾਂਦੀ ਸੀ। ਮੈਂ ਆਪਣੀ ਮਾਂ ਨੂੰ ਕਹਿੰਦਾ ਸੀ ਕਿ ਉਹ ਓਕਾ ਦੇ ਨਾਲ ਮੇਲ ਮਿਲਾਪ ਨੂੰ ਪਾਪ ਨਾ ਮੰਨਿਆ ਕਰੇ।"

ਸਮਾਜਿਕ ਬੁਰਾਈਆਂ ਉਦੋਂ ਹੀ ਪੈਦਾ ਹੁੰਦੀਆਂ ਹਨ ਜਦੋਂ ਬੱਚੇ ਵੱਡਿਆਂ ਨੂੰ ਉਸੇ ਤਰ੍ਹਾਂ ਕਰਦੇ ਵੇਖਦੇ ਹਨ। ਜੇਕਰ ਵੱਡੇ ਆਪਣੇ ਕਾਰਜ਼ ਵਿਹਾਰ ਨਾਲ ਸੁਧਾਰ ਕਰ ਲੈਣ ਤਾਂ ਜ਼ਾਹਿਰ ਹੈ ਕਿ ਬੱਚੇ ਉਨ੍ਹਾਂ ਦੇ ਮਗਰ ਨਹੀਂ ਲੱਗਣਗੇ। ਉਹ ਸਮਾਂ ਅਜਿਹਾ ਹੀ ਸੀ ਕਿ ਜੇਕਰ ਗੈਰਮਨੁੱਖੀ ਕਾਰਜ ਨੂੰ ਖਤਮ ਕਰਨ ਦੇ ਲਈ ਕਾਂਗਰਸ ਦੇ ਸਵਰਨਾ ਦੀ ਅਗਵਾਈ ਠੀਕ ਦਿਸ਼ਾ ਵਿਚ ਹੋ ਜਾਂਦੀ ਤਾਂ ਇਹ ਬੁਰਾਈ ਦੂਰ ਹੋ ਜਾਣੀ ਸੀ। ਗਾਂਧੀ ਦੇ ਲਈ ਅਛੂਤ ਹਮਦਰਦੀ ਦੇ ਪਾਤਰ ਤਾਂ ਬਣੇ, ਦੇਸ਼ ਦੀ ਅਜ਼ਾਦੀ ਪ੍ਰਾਪਤ ਕਰਨ ਦੇ ਲਈ ਇਹ ਜ਼ਰੂਰੀ ਨਾ ਬਣੇ। ਉਨ੍ਹਾਂ ਦੇ ਪੈਰੋਕਾਰਾਂ ਦੀ ਸੋਚ ਵੀ ਕੁਝ ਇਸ ਤਰ੍ਹਾਂ ਦੀ ਸੀ।

1917 'ਚ ਭਾਰਤੀ ਰਾਸ਼ਟਰੀ ਕਾਂਗਰਸ ਨੇ ਅਣਮਨੁੱਖੀ ਕਾਰਜ ਨੂੰ ਦੂਰ ਕਰਨ ਦਾ ਫੈਸਲਾ ਲਿਆ।

ਅੰਬੇਡਕਰ ਨੇ ਇਸ ਨੂੰ ਇਕ 'ਅਨੋਖੀ ਘਟਨਾ' ਕਿਹਾ। ਉਨ੍ਹਾਂ ਦਾ ਵਰਤਾਓ ਸਾਨੂੰ ਉਸ ਦੇ ਉਸ ਰਾਜਨੀਤਿਕ ਰੰਗਮੰਚ ਉੱਤੇ ਪ੍ਰਵੇਸ਼ ਦੀ ਸੂਚਨਾ ਦਿੰਦਾ ਹੈ ਜਿਸ ਉੱਤੇ ਉਦੋਂ ਤੱਕ ਅਭਿਜਾਤ ਲੋਕਾਂ ਨੇ ਕਬਜ਼ਾ ਕਰ ਲਿਆ ਹੋਇਆ ਸੀ ਅਤੇ ਇਹ ਸੋਚ ਰੱਖਿਆ ਸੀ ਕਿ ਅਛੂਤਾਂ 'ਚ ਨਾ ਤਾਂ ਆਪਣੀ ਅਗਵਾਈ ਕਰਨ ਵਾਲਾ ਹੈ ਅਤੇ ਨਾ ਹੋ ਸਕਦਾ ਹੈ। ਇਹ ਸਮਾਂ ਪਹਿਲੇ ਵਿਸ਼ਵ ਯੁੱਧ ਦੇ ਸਮਾਪਤ ਹੋਣ ਤੋਂ ਠੀਕ ਬਾਅਦ ਦਾ ਸੀ। ਕਾਂਗਰਸ ਨੇ ਕਿਸਾਨ ਸੰਘਰਸ਼ ਉੱਤੇ ਆਪਣਾ ਧਿਆਨ ਕੇਂਦਰਤ ਕਰਕੇ ਆਪਣਾ ਜਨ ਅਧਾਰ ਵਿਸ਼ਾਲ ਕਰਨਾ ਸ਼ੁਰੂ ਕਰ ਦਿੱਤਾ ਸੀ। ਕਾਂਗਰਸ ਵਰਕਰਾਂ ਨੂੰ ਆਮ ਲੋਕਾਂ ਤੱਕ ਆਣ ਅਤੇ ਉਨ੍ਹਾਂ ਦਾ ਦਿਲ ਜਿੱਤਣ ਦੇ ਨਿਰਦੇਸ਼ ਹਾਈ ਕਮਾਨ ਤੋਂ ਮਿਲ ਰਹੇ ਸੀ ਤਾਂ ਕਿ ਅਜ਼ਾਦੀ ਅੰਦੋਲਨ ਫੈਲਾਇਆ ਜਾ ਸਕੇ। ਖੱਦਰ, ਚਰਖਾ, ਫਲੱਸ਼ ਅਤੇ ਲੋਕ ਮਿਲਾਪ ਵਰਗੇ ਸ਼ਬਦ ਹਰ ਵਰਕਰ ਦੀ ਜ਼ੁਬਾਨ ਉੱਤੇ ਸੀ। ਦੱਖਣੀ ਅਫ਼ਰੀਕਾ ਦੇ ਅਨੁਭਵਾਂ ਨੇ ਗਾਂਧੀ ਨੂੰ ਇਹ ਦੱਸ ਦਿੱਤਾ ਸੀ ਕਿ ਲੋਕਾਂ ਦੀਆਂ ਸਭਾਵਾਂ ਕਰਨ ਦੀ ਬਜਾਏ ਰਾਸ਼ਟਰੀਅਤਾ ਦੀ ਭਾਵਨਾ ਪੈਦਾ ਕਰਨ ਦੇ ਲਈ ਇਕ ਵਧੇਰੇ ਰੰਗ ਮੰਚ ਦੀ ਜ਼ਰੂਰਤ ਹੈ। ਕਾਂਗਰਸ ਨੂੰ ਉਨ੍ਹਾਂ ਹਾਸ਼ੀਏ ਤੇ ਧਕੇਲੇ ਗਏ, ਭੂਮੀਹੀਣ, ਨਿਮਨ ਜਾਤੀਆਂ ਅਤੇ ਅਛੂਤ ਲੋਕਾਂ ਦੀਆਂ ਸਮੱਸਿਆ ਨੂੰ ਆਪਣੇ ਏਜੰਡੇ 'ਚ ਸ਼ਾਮਿਲ ਕਰਨਾ ਪਿਆ ਜਿਹੜਾ ਬ੍ਰਿਟਿਸ਼ ਸਮਰਾਜਵਾਦ ਅਤੇ ਜ਼ਿਮੀਦਾਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਸੀ। ਇਸ ਉਦੇਸ਼ ਦੇ ਲਈ ਗਾਂਧੀ 1917 'ਚ ਬਿਹਾਰ ਦੇ ਚੰਪਾਰਨ ਜ਼ਿਲ੍ਹੇ ਦੇ ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਨ ਪਹੁੰਚੇ ਜਿਨ੍ਹਾਂ ਨੂੰ ਨੀਲ ਦੀ ਖੇਤੀ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਸੀ। ਗਾਂਧੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਗਏ ਸਨ ਕਿ ਭਾਰਤੀ ਰਾਸ਼ਟਰ ਉਦੋਂ ਤੱਕ ਸਹੀ ਸਰੂਪ ਨਹੀਂ ਲੈ ਸਕਦਾ ਜਦੋਂ ਤੱਕ ਉਨ੍ਹਾਂ ਲੋਕਾਂ ਨੂੰ ਨਾਲ ਨਹੀਂ ਲਿਆ ਜਾਂਦਾ ਜਿਨ੍ਹਾਂ ਦੇ ਮੂੰਹ ਬੰਦ ਕਰ ਦਿੱਤੇ ਗਏ ਹਨ। ਅਜਿਹੇ ਹੀ ਜੋਸ਼ ਭਰੇ ਮਹੌਲ ਵਿਚ ਕਾਂਗਰਸ਼ ਨੇ ਛੂਆ-ਛਾਤ ਖਤਮ ਕਰਨ ਦਾ ਫੈਸਲਾ ਕੀਤਾ। ਅੰਬੇਡਕਰ ਨੇ ਇਸ ਨੂੰ ਹੈਰਾਨੀ ਵਾਲੀ ਘਟਨਾ ਇਸ ਲਈ ਕਿਹਾ, ਕਿਉਂਕਿ ਕਾਂਗਰਸ ਨੇ ਜਿਸ ਦਿਨ ਇਹ ਮਤਾ ਪਾਸ ਕੀਤਾ, ਠੀਕ ਉਸੇ ਦਿਨ ਮਤੇ ਨੂੰ ਠੰਡੇ ਬਸਤੇ ਵਿਚ ਵੀ ਸੁੱਟ ਦਿੱਤਾ।

1917 ਤੋਂ 1930 ਤੱਕ ਕਾਂਗਰਸ ਨੇ ਅਛੂਤਾਂ ਦੇ ਲਈ ਲਗਭਗ ਕੁਝ ਨਹੀਂ ਕੀਤਾ। ਇਸ ਲਈ 1946 'ਚ ਅੰਬੇਡਕਰ ਨੂੰ ਕਹਿਣਾ ਪਿਆ," ਛੂਆ-ਛੂਤ ਹਟਾਉਣ ਅਤੇ ਅਛੂਤਾਂ ਨੂੰ ਲਾਭ ਦੇਣ ਦੇ ਲਈ ਇਸ ਦੌਰਾਨ ਨਾ ਤਾਂ ਸ਼੍ਰੀਮਾਨ ਗਾਂਧੀ ਨੇ ਕੋਈ ਕਦਮ ਚੁੱਕਿਆ ਅਤੇ ਨਾ ਅਜਿਹਾ ਵਿਖਾਵਾ ਹੀ ਕੀਤਾ ਕਿ ਉਹ ਇਸ ਦਿਸ਼ਾ 'ਚ ਕੁਝ ਕਰਨਾ ਚਾਹੁੰਦੇ ਹਨ।" 1932 'ਚ ਉਸ ਦੇ ਹਰੀਜਨ ਸੇਵਕ ਸੰਘ ਨੇ ਕੁਝ ਰਚਨਾਤਮਕ ਸਰਗਰਮੀਆਂ ਸ਼ੁਰੂ ਕੀਤੀਆਂ ਅਤੇ ਉਨ੍ਹਾਂ ਨੂੰ ਆਪਣੀ ਭਲਾਈ ਦੇ ਲਈ ਸਰਗਰਮ ਹੋਣ ਦੇ ਲਈ ਪ੍ਰੇਰਤ ਕੀਤਾ। 1923 'ਚ ਬਨਾਰਸ 'ਚ ਹੋਈ ਇਕ ਕਾਨਫਰੰਸ 'ਚ ਹਿੰਦੂ ਧਰਮ 'ਚ ਸੁਧਾਰ ਅਤੇ ਅਨਮਨੁੱਖੀ ਭਲਾਈ ਦੇ ਮੁੱਦੇ ਹਿੰਦੂ ਮਹਾ ਸਭਾ ਵਲੋਂ ਚਰਚਾ ਦੇ ਕੇਂਦਰ ਵਿਚ ਲਿਆਂਦੇ ਗਏ। ਇਨ੍ਹਾਂ ਦਾ ਉਦੇਸ਼ ਅਛੂਤਾਂ ਦੀ ਭਲਾਈ ਕਰਨਾ ਏਨਾ ਨਹੀਂ ਸੀ ਜਿਨਾ ਹਿੰਦੂ ਧਰਮ ਵਿਚ ਉਨ੍ਹਾਂ ਦਾ ਵਿਸ਼ਵਾਸ ਪੱਕਾ ਕਰਨ ਦਾ ਸੀ। ਉਹ ਚਾਹੁੰਦੇ ਸੀ ਕਿ ਉਨ੍ਹਾਂ ਨੂੰ ਪਵਿੱਤਰ ਰੱਖਣ ਅਤੇ ਧਰਮ ਦੇ ਸਿਧਾਂਤਾ ਨੂੰ ਪਾਲਣ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਉਸ ਨੇ ਉਨ੍ਹਾਂ ਨੂੰ ਸਾਂਝੇ ਖੂਹ ਵਿਚੋਂ ਪਾਣੀ ਭਰਨ ਦੇਣਾ, ਮੰਦਰਾਂ ਦੇ ਦਰਸ਼ਨ ਕਰਨ ਦੇਣਾ ਅਤੇ ਪਬਲਿਕ ਮੀਟਿੰਗਾਂ ਵਿਚ ਬੈਠਣ ਦੇਣ ਦੀ ਵੀ ਵਕਾਲਤ ਕੀਤੀ। ਸਵਾਮੀ ਸ਼ਰਧਾਨੰਦ ਅਤੇ ਸਵਾਮੀ ਦਇਆ ਨੰਦ ਦਲਿਤ ਭਲਾਈ ਦੀਆਂ ਸੰਸਥਾਵਾਂ ਉਨ੍ਹਾਂ ਦਾ ਮਨ ਜਿੱਤਣ ਅਤੇ ਹਿੰਦੂ ਸਮਾਜ ਤੋਂ ਵੱਖਰੇ ਨਾ ਹੋਣ ਦੇਣ ਦੇ ਲਈ ਬਣਾਈਆਂ ਗਈਆਂ ਸਨ। ਅੰਬੇਡਕਰ ਹਿੰਦੂ ਮਹਾਸਭਾ ਦੇ ਇਸ ਫੈਸਲੇ ਨੂੰ ਅਛੂਤਾਂ ਦੇ ਲਈ ਬੇਇੱਜਤੀ ਵਾਲਾ ਮੰਨਦੇ ਸਨ। ਉਹ ਕਹਿੰਦੇ ਸਨ ਕਿ ਇਸ ਤਰ੍ਹਾਂ ਉਹ ਅਣਮਨੁੱਖੀ ਵਿਹਾਰ ਨੂੰ ਹਿੰਦੂ ਧਰਮ ਦੀ ਇਕ ਸਮੱਸਿਆ ਬਣਾਉਣਾ ਚਾਹੁੰਦੀ ਹੈ। ਜਦਕਿ ਭੰਗੀ ਆਪਣੇ ਆਪ ਨੂੰ ਹਿੰਦੂ ਧਰਮ ਅਤੇ ਇਸਲਾਮ ਤੋਂ ਵੱਖਰਾ ਮੰਨਦੇ ਹਨ। ਇਨ੍ਹਾਂ ਦੇ ਧਾਰਮਿਕ ਮੰਤਰ ਵੱਖਰੇ ਹਨ। ਸਰਕਾਰ ਨੂੰ ਵੀ ਉਸ ਸਮੇਂ ਇਨ੍ਹਾਂ ਅਤੇ ਹਿੰਦੂਆਂ ਦੇ ਵਿਚਕਾਰ ਵੰਡ ਦੀ ਰੇਖਾਂ ਖਿੱਚਣ ਵਿਚ ਕਠਿਨਾਈ ਦਾ



ਸਾਹਮਣਾ ਕਰਨਾ ਪਿਆ ਸੀ। 20 ਜਨਵਰੀ, 1931 ਨੂੰ ਸਰਕਾਰ ਨੇ ਕਿਹਾ ਸੀ ਕਿ 'ਅਣਮਨੁੱਖੀ ਵਿਹਾਰ' ਸ਼ਬਦ ਦੀ ਠੀਕ ਠੀਕ ਵਿਆਖਿਆ ਕਰਨਾ ਓਨਾ ਹੀ ਮੁਸ਼ਕਲ ਹੈ ਜਿੰਨਾ ਹਿੰਦੂ ਦੀ ਕਰਨਾ। ਇਨ੍ਹਾਂ ਦੋਹਾਂ ਵਰਗਾ ਦੀ ਸੀਮਾ ਰੇਖਾ ਨਿਰਧਾਰਤ ਕਰਨ ਵਿਚ ਬਸਤੀਵਾਦੀ ਅਧਿਕਾਰੀਆਂ ਅਤੇ ਅਤੇ ਰਾਸ਼ਟਰਵਾਦੀ ਰਾਜਨੀਤਿਕ ਲੋਕਾਂ ਨੂੰ ਵੀ ਸਫ਼ਲਤਾ ਨਹੀਂ ਮਿਲੀ ਸੀ ਅਤੇ ਉਦੋਂ ਦੋਹਾਂ ਨੇ ਹੀ ਕੋਸ਼ਿਸ਼ ਕੀਤੀ ਸੀ ਕਿ ਅਛੂਤਾਂ ਨੂੰ ਢੁਕਵੀ ਅਗਵਾਈ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਰਾਸ਼ਟਰੀ ਪੱਧਰ ਉੱਤੇ ਆਪਣੀ ਪ੍ਰਤੀਨਿੱਧਤਾ ਖੁਦ ਕਰ ਸਕਣ।

ਪਿਛਲੀ ਸਦੀ ਦੇ ਪਹਿਲੇ ਦਹਾਕੇ ਵਿਚ ਬ੍ਰਿਟਿਸ਼ ਸਰਕਾਰ ਨੇ ਕਾਂਗਰਸ ਨੂੰ ਭਾਰਤੀਆਂ ਦਾ ਪ੍ਰਤੀਨਿੰਧ ਹੋਣ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਸੀ। ਜਨਗਣਨਾ ਅਤੇ ਜਨਸੰਖਿਆ ਦੇ ਅੰਕੜਿਆਂ ਨੂੰ ਅਧਾਰ ਬਣਾ ਕੇ ਉਸ ਨੇ ਕਾਂਗਰਸ ਨੂੰ ਦੱਸਿਆ ਸੀ ਕਿ ਉਹ ਅਨੇਕ ਸਮੂਹਾਂ ਅਤੇ ਅਛੂਤਾਂ ਅਤੇ ਆਦਿਵਾਸੀਆਂ ਨੂੰ ਆਪਣੇ ਵਿਚ ਵਲੀਨ ਕਿਓ ਨਹੀਂ ਕੀਤਾ। 1910 ਵਿਚ ਜਨਗਣਨਾ ਵਿਭਾਗ ਦੇ ਇਕ ਅਧਿਕਾਰੀ ਨੇ ਆਪਣੇ ਸਵੈ ਘੋਸ਼ਣਾ ਵਿਚ ਕਿਹਾ ਸੀ ਕਿ ਹਿੰਦੂਆਂ ਦੀ ਮਰਦਮਸ਼ੁਮਾਰੀ ਰਿਪੋਰਟ ਭੁਲੇਖਾ ਪੈਦਾ ਕਰਨ ਵਾਲੀ ਹੈ, ਕਿਉਂਕਿ ਉਸ 'ਚ ਲੱਖਾਂ ਅਜਿਹੇ ਲੋਕ ਸ਼ਾਮਿਲ ਹਨ ਜਿਹੜੇ ਅਸਲ ਵਿਚ ਹਿੰਦੂ ਹੈ ਹੀ ਨਹੀਂ। ਉਹ ਬ੍ਰਾਹਮਣਾ ਦੀ ਸੇਵਾ ਨਹੀਂ ਕਰ ਸਕਦੇ, ਨਾ ਹੀ ਉਨ੍ਹਾਂ ਨੂੰ ਹਿੰਦੂ ਮੰਦਰਾਂ ਵਿਚ ਜਾਣ ਦਿੱਤਾ ਜਾਂਦਾ ਹੈ ਅਤੇ ਜਿਹੜੇ ਕਈ ਮਸਲਿਆਂ ਉੱਤੇ ਐਨੇ ਅਪਵਿੱਤਰ ਮੰਨੇ ਜਾਂਦੇ ਹਨ ਕਿ ਉਨ੍ਹਾਂ ਦਾ ਸਪਰਸ਼ ਹੀ ਨਹੀਂ, ਨੇੜਤਾ ਵੀ ਪ੍ਰਦੂਸ਼ਣ ਪੈਦਾ ਕਰਦਾ ਹੈ। ਭੰਗੀਆਂ ਅਤੇ ਚੂਹੜੇ ਦੇ ਧਰਮ 'ਚ ਤਾਂ ਭਿੰਨ ਭਿੰਨ ਮਾਨਤਾਵਾਂ-ਵਿਸ਼ਵਾਸ਼ਾਂ ਦੀ ਮਿਲਾਵਟ ਵੀ ਸਾਫ ਦਿਖਾਈ ਦਿੰਦੀ ਹੈ। ਇਹ ਹਿੰਦੂ ਨਹੀਂ ਹਨ ਇਸ ਲਈ ਬ੍ਰਿਟਿਸ ਸਰਕਾਰ ਨਹੀਂ ਮੰਨਦੀ ਕਿ ਉਨ੍ਹਾਂ ਦੀ ਅਗਵਾਈ ਕਾਂਗਰਸ ਦੇ ਹਿੰਦੂ ਕਰ ਸਕਦੇ ਹਨ। ਇਸ ਐਲਾਨਨਾਮੇ ਨੇ ਇਸ ਮੁੱਦੇ ਨੂੰ ਸਮਾਜਿਕ ਤੋਂ ਰਾਜਨੀਤਿਕ ਬਣਾ ਦਿੱਤਾ। ਇਸ ਤਰ੍ਹਾਂ ਉਸ ਸਰਕਾਰ ਨੂੰ ਇਹ ਬਹਾਨਾ ਮਿਲ ਗਿਆ ਕਿ ਉਹ ਰਾਜ ਕਿਸ ਨੂੰ ਦੇਣ, ਏਥੇ ਤਾਂ ਭਾਰਤੀ ਰਾਸ਼ਟਰ ਦਾ ਕੋਈ ਪ੍ਰਤੀਨਿੱਧੀ ਹੈ ਹੀ ਨਹੀਂ, ਇਹ ਕਿਸ ਤਰ੍ਹਾਂ ਸਮੱਸਿਆ ਹੈ, ਬ੍ਰਿਟਿਸ਼ ਸ਼ਾਸਨ ਖੁਦ ਨੂੰ ਤਾਂ ਇਕ ਸਮਰਾਜ ਮੰਨਦਾ ਸੀ ਜਦਕਿ ਕਾਂਗਰਸ ਨੂੰ ਲੋਕਤੰਤਰ ਹੋਣ ਦੀ ਆਸ ਰੱਖਦਾ ਸੀ। 1924 'ਚ ਸਵਾਮੀ ਸ਼ਰਧਾ ਨੰਦ ਆਪਣੇ ਇਕ ਪਰਚੇ 'ਚ ਲਿਖਦੇ ਹਨ ਕਿ "ਜਦ ਕਦੇ ਸਾਡੇ ਨੇਤਾ ਲੋਕ ਸਾਨੂੰ ਸ਼ਾਸ਼ਨ ਦੇ ਅਧਿਕਾਰ ਦੀ ਮੰਗ ਕਰਦੇ ਹਨ, ਸਾਡੇ ਦੁਸ਼ਮਣ (ਅੰਗਰੇਜ਼) ਸਾਨੂੰ ਚੁੱਪ ਕਰਾਉਣ ਦੇ ਲਈ ਸਾਡੀ ਸਮਾਜਿਕ ਨਾ ਬਰਾਬਰੀ ਦੇ ਮੁੱਦੇ ਨੂੰ ਉਭਾਰ ਦਿੰਦੇ ਹਨ। ਇਸ ਲਈ ਸਵਾਮੀ ਜੀ ਦੀ ਸਲਾਹ ਸੀ ਕਿ ਰਾਸ਼ਟਰਵਾਦੀਆਂ ਨੂੰ ਕਾਂਗਰਸ 'ਚ ਵੱਧ ਤੋਂ ਵੱਧ ਅਛੂਤਾਂ ਨੂੰ ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ।"

ਗਿਆਨ ਪਾਂਡੇ ਤਰਕ ਦਿੰਦੇ ਹਨ ਕਿ 1920 'ਚ ਕਾਂਗਰਸ ਨੇ ਆਪਣੇ ਰਾਸ਼ਟਰਵਾਦ ਨੂੰ 'ਪਵਿੱਤਰ' ਅਤੇ 'ਧਰਮ ਨਿਰਪੱਖ' ਇਨ੍ਹਾਂ ਦੋ ਸ਼ਬਦਾਂ ਨਾਲ ਪਰਿਭਾਸ਼ਤ ਕੀਤਾ ਸੀ ਅਤੇ ਭਾਰਤੀ ਨਾਗਰਕ ਨੂੰ ਇਸਦੀ ਰਾਜਨੀਤਿਕ ਪਰਜਾ ਮੰਨਿਆ ਸੀ। ਇਹ ਆਦਿ ਕਲੀਨ ਬੰਧਨਾ ਜਿਵੇਂ ਜਾਤੀਆਂ ਅਤੇ ਧਾਰਮਿਕ ਵਰਗਾਂ ਦੇ ਉੱਤੇ ਖੜਾ ਸੀ। ਇਸ ਦਾ ਨਿਚੋੜ ਇਹ ਨਿਕਲਦਾ ਹੈ ਕਿ ਫਿਰਕਾਪ੍ਰਸ਼ਤੀ ਦਾ ਯੁੱਗ ਰਾਸ਼ਟਰਵਾਦ ਦੇ ਯੁੱਗ ਦਾ ਸਮਵਰਤੀ ਸੀ। ਇਹ ਦੋਵੇਂ ਇਕ ਹੀ ਅੰਦੋਲਨ ਦੇ ਹਿੱਸੇ ਸਨ। ਸਿੱਟਾ ਇਹ ਨਿਕਲਦਾ ਹੈ ਕਿ ਧਾਰਮਿਕ ਅਤੇ ਜਾਤੀ ਵਰਗਾ ਦੀ ਰਾਜਨੀਤੀ ਨੇ ਰਾਸ਼ਟਰਵਾਦੀ ਸੁਪਨੇ ਨੂੰ ਘੇਰਿਆ ਹੋਇਆ ਹੈ। ਉਪਨਿਵੇਸ਼ਕ ਸਮਾਜ ਸ਼ਾਸ਼ਤਰ ਦੇ ਅਨੁਸਾਰ ਭਾਰਤ ਹਿੰਦੂ, ਮੁਸਲਿਮ, ਸਿੱਖ, ਇਸਾਈ, ਪਾਰਸੀ, ਜੈਨ, ਆਦਿਵਾਸੀ, ਅਤੇ ਦਲਿਤ ਜਾਤੀਆਂ ਵਰਗੇ ਭਿੰਨ-ਭਿੰਨ ਧਾਰਮਿਕ ਵਰਗਾਂ ਤੋਂ ਬਣਿਆ ਹੋਇਆ ਹੈ। ਕਾਂਗਰਸ ਨੇ ਇਸ ਤਰ੍ਹਾਂ ਦੇ ਵੱਖ ਵੱਖ ਫਿਰਕਿਆ ਦੇ ਵਰਗੀਕਰਨ ਨੂੰ ਰਾਜਨੀਤਿਕ ਰਾਖਵੇ ਖੇਤਰ ਦੇ ਰੂਪ ਵਿਚ ਲਿਆ, ਦੇਸ਼ ਨੂੰ ਪੂਰੀ ਪ੍ਰਤੀਨਿੱਧਤਾ ਦੇਣ ਵਾਲੀ ਸ਼ਾਖ ਨੂੰ ਕਾਇਮ ਰੱਖਣ ਦੇ ਲਈ ਕਾਂਗਰਸ ਨੂੰ ਹਰ ਹਾਲਤ ਵਿਚ ਇਨ੍ਹਾਂ ਧਾਰਮਿਕ ਵਰਗਾਂ ਦਾ ਸਮਰੱਥਨ ਹਾਸਿਲ ਕਰਨਾ ਜ਼ਰੂਰੀ ਸੀ।

26 ਦਸੰਬਰ,1923 ਨੂੰ ਕਾਕੀਨਾੜਾ 'ਚ ਹੋਏ ਕਾਂਗਰਸ ਦੇ ਸਮਾਗਮ 'ਚ ਪ੍ਰਧਾਨਗੀ ਕਰਦੇ ਹੋਏ ਮੁਹੰਮਦ ਅਲੀ ਨੇ ਕਿਹਾ ਸੀ-"ਹਰ ਇਕ ਧਾਰਮਿਕ ਵਰਗ ਜ਼ਰੂਰਤ ਅਨੁਸਾਰ ਸਮਾਜਿਕ ਸੁਧਾਰ ਕਰਨ ਦੇ ਲਈ ਸੁਤੰਤਰ ਹੈ।ਜੇਕਰ ਸਾਡਾ ਸੰਗਠਨ ਅਣਮਨੁੱਖੀ ਵਿਹਾਰ ਖਤਮ ਕਰਨ ਲਈ ਅਤੇ ਉਨ੍ਹਾਂ ਨੂੰ ਹਿੰਦੂ ਸਮਾਜ 'ਚ ਪੂਰੀ ਤਰ੍ਹਾਂ ਵਲੀਨ ਕਰਨ ਦੇ ਲਈ ਸੰਗਠਿਤ ਹੈ ਤਾਂ ਮੈਨੂੰ ਇਕ ਮੁਸਲਮਾਨ ਅਤੇ ਇਕ ਕਾਂਗਰਸੀ ਹੋਣ ਦੇ ਨਾਤੇ ਵਧੇਰੇ ਖੁਸ਼ੀ ਮਿਲੇਗੀ।ਇਹ ਕੰਮ ਪੂਰੀ ਤਰ੍ਹਾਂ ਨਾਲ ਹਿੰਦੂ ਭਰਾਵਾਂ ਦਾ ਹੈ ਅਤੇ ਜੇਕਰ ਰੂੜੀਵਾਦੀ ਹਿੰਦੂ ਧਾਰਮਿਕ ਸੰਸਥਾਵਾਂ ਨੇ ਹੁਣ ਗੰਭੀਰਤਾ ਦੇ ਨਾਲ ਹਿੰਦੂ ਧਰਮ 'ਚ ਜ਼ਰੂਰੀ ਸਮਝੇ ਜਾਣ ਵਾਲੇ ਸੁਧਾਰ ਦੀ ਗੱਲ ਸੋਚ ਲਈ ਹੈ ਤਾਂ ਨਿਸ਼ਚੇ ਹੀ ਖੁੱਲ੍ਹੇ ਦਿਲ ਵਾਲੇ ਹਿੰਦੂ (ਗਾਂਧੀ) ਅਤੇ ਉਨ੍ਹਾਂ ਦੇ ਚੇਲੇ ਵੀ ਖੁਸ਼ ਹੋਣਗੇ।" ਮੁਹੰਮਦ ਅਲੀ ਦੀ ਉਸ ਗੌਲਣਯੋਗ ਟਿਪਣੀ 'ਚੋਂ ਐਨੇ ਗਹਿਰੇ ਅਰਥ ਕੱਢਣ ਦੀ ਲੋੜ ਵੀ ਨਹੀਂ ਹੈ।ਕਿਉਂਕਿ ਰਾਸ਼ਟਰੀ ਅੰਦੋਲਨ ਵਿਚ ਜੋ ਤਰ੍ਹਾਂ ਤਰ੍ਹਾਂ ਦੇ ਵਿਚਾਰਧਾਰਿਕ ਗੁੱਟ ਸਨ।ਉਨ੍ਹਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਮੁਹੰਮਦ ਅਲੀ ਨੇ ਇਹ ਟਿਪਣੀ ਕੀਤੀ ਸੀ।ਇਸ ਲਈ ਉਹ ਅੱਗੇ ਕਹਿੰਦੇ ਹਨ, " ਮਿੱਤਰੋਂ !ਆਓ ਅਸੀਂ ਲਤਾੜੇ ਹੋਏ ਲੋਕਾਂ ਨੂੰ ਉਨ੍ਹਾਂ ਦੇ ਨਪੀੜੇ ਜਾਣ ਦਾ ਖਿਆਲ ਰੱਖਦੇ ਹੋਇਆ ਉਨ੍ਹਾਂ ਨਾਲ ਮਿੱਤਰਤਾ ਬਣਾਈਏ, ਪ੍ਰੰਤੂ ਇਹ ਧਿਆਨ ਰੱਖਿਆ ਜਾਵੇ ਇਸ ਨਾਲ ਦੂਜਿਆਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ।ਅਛੂਤਾਂ ਨੂੰ ਸੱਤਾ ਸੰਘਰਸ਼ ਦਾ ਮੋਹਰਾ ਨਾ ਬਣਾਇਆ ਜਾਵੇ।" ਜ਼ਾਹਿਰ ਹੈ ਇਹ ਗੱਲ ਕਹਿੰਦੇ ਸਮੇਂ ਉਸ ਦੇ ਦਿਮਾ.ਗ ਵਿਚ ਅਗਲੇ ਦਸ ਸਾਲ ਬਾਅਦ ਹੋਣ ਵਾਲੀ ਜਨਗਣਨਾ ਸੀ।ਇਸ ਤਰ੍ਹਾਂ ਭਾਰਤੀ ਸ਼ੁੱਧੀ ਸਭਾ ਦੀ 29 ਜਨਵਰੀ, 1920 ਨੂੰ ਦਿੱਲੀ ਦੇ ਚਾਵੜੀ ਬਾਜ਼ਾਰ 'ਚ ਹੋਈ ਇਕ ਮੀਟਿੰਗ 'ਚ ਪ੍ਰਧਾਨ ਸ੍ਰੀਨਿਵਾਸ ਅਯੰਗਰ ਨੇ ਕਿਹਾ ਸੀ-"ਹਰ ਧਾਰਮਿਕ ਫਿਰਕੇ ਨੂੰ ਆਪਣੇ ਧਾਰਮਿਕ ਕਾਰਜ ਕਰਦੇ ਰਹਿਣ ਦਾ ਅਧਿਕਾਰ ਹੈ।ਮੁਸਲਮਾਨਾ ਨੂੰ ਤਬਲੀ.ਗ ਅਤੇ ਤਨ.ਗੀਮ ਅਤੇ ਹਿੰਦੂਆਂ ਨੂੰ ਸ਼ੁੱਧੀ ਅਤੇ ਸੰਗਠਨ ਦਾ।ਜੇਕਰ ਹਰ ਫਿਰਕਾ ਆਪਣੀ ਸਮਾਜਿਕ ਸਮੱਸਿਆਵਾਂ ਦਾ ਹੱਲ ਕੱਢਣਾ ਦਾ ਯਤਨ ਕਰਦਾ ਹੈ ਤਾਂ ਉਹ ਵਧੇਰੇ ਮਜ਼ਬੂਤ ਅਤੇ ਵਿਸ਼ਾਲ ਬਣੇਗਾ ਅਤੇ ਇਸ ਨਾਲ ਜਿਹੜੀ ਏਕਤਾ ਪੈਦਾ ਹੋਵੇਗੀ ਉਸ ਨਾਲ ਰਾਸ਼ਟਰ ਬਣਦਾ ਹੈ।"

ਅਛੂਤਾਂ ਦੀ ਅਗਵਾਈ ਕੌਣ ਕਰੇਗਾ? ਇਸ ਸਵਾਲ ਦਾ ਜਵਾਬ ਲੱਭਣਾ ਹੁਣ ਅਸੀਂ ਸ਼ੁਰੂ ਕਰ ਸਕਦੇ ਹਾਂ।ਜੇਕਰ ਰਾਸ਼ਟਰਵਾਦ ਨੇ ਬਸਤੀਵਾਦੀ ਸਿਧਾਂਤ ਨੂੰ ਖਮੋਸ਼ ਕਰਨ ਲਈ ਅਣਮਨੁੱਖਤਾ ਨੂੰ ਇਕ ਯੋਗਤਾ ਦੇ ਰੂਪ 'ਚ ਮੰਨਿਆ ਤਾਂ ਇਸਨੇ ਧਾਰਮਿਕ ਵਰਗਾਂ (ਹਿੰਦੀ, ਮੁਸਲਮਾਨਾਂ ਅਤੇ ਇਸਾਈਆਂ)ਦੇ ਵਿਚ ਅਣਮਨੁੱਖਤਾ ਨੂੰ ਇਕ ਯੁੱਧ ਖੇਤਰ ਦੇ ਰੂਪ 'ਚ ਵੀ ਖੋਜ ਲਿਆ।ਮਰਦਮਸ਼ੁਮਾਰੀ ਵਿਚ ਇਨ੍ਹਾਂ ਅਛੂਤਾਂ ਦੀ ਗਿਣਤੀ ਕਿਸੇ ਵੀ ਧਰਮ ਦੀ ਮੂਲ ਗਿਣਤੀ ਵਿਚ ਵਾਧਾ ਕਰ ਸਕਦੀ ਹੈ, ਇਹ ਸੱਚਾਈ ਉਦੋਂ ਹੀ ਲੋਕਾਂ ਦੀ ਸਮਝ ਵਿਚ ਆਈ। ਇਹ ਛੇ ਕਰੋੜ ਲੋਕ ਕਿਸੇ ਵੀ ਧਰਮ ਦੇ ਰਾਜਨੀਤਿਕ ਦਬਾਅ ਦਾ ਵਾਧਾ ਕਰ ਸਕਦੇ ਸਨ।ਇਸ ਲਈ ਮਹੁੰਮਦ ਅਲੀ ਨੇ 1923 ਦੇ ਕਾਂਗਰਸ ਇਜਲਾਸ ਵਿਚ ਕਿਹਾ-"ਹਿੰਦੂ, ਮੁਸਲਮਾਨ ਅਤੇ ਇਸਾਈ ਇਨ੍ਹਾਂ ਅਛੂਤਾਂ ਨੂੰ ਵੰਡ ਕੇ ਆਪਣੇ ਆਪਣੇ ਧਰਮ 'ਚ ਵਲੀਨ ਕਰ ਸਕਦੇ ਹਨ।ਅੰਤ ਵਿਚ ਹਿੰਦੂ ਵੀ ਉਨ੍ਹਾਂ ਨੂੰ ਅਛੂਤ ਮੰਨਣਾ ਛੱਡ ਦੇਣਗੇ।ਧਰਮ ਤੰਤਰ ਇਸ ਸਮੱਸਿਆ ਦਾ ਹੱਲ ਕਰ ਦੇਵੇਗਾ।" ਹਿੰਦੂਆਂ ਦੀ ਇਸ ਉੱਤੇ ਕੀ ਪ੍ਰਤੀਕ੍ਰਿਆ ਸੀ, ਉਸ ਬਾਰੇ 'ਪ੍ਰਤਾਪ' ਅਖ਼ਬਾਰ ਦੇ ਸੰਪਾਦਕ ਇਸ ਤਰ੍ਹਾਂ ਪ੍ਰਗਟ ਕਰਦੇ ਹਨ-"ਇਸ ਦੇਸ਼ 'ਚ ਸਰਕਾਰ ਸੰਖਿਆ ਦੀ ਸ਼ਕਤੀ ਉੱਤੇ ਅਧਾਰਤ ਹੁੰਦੀ ਹੈ।ਇਸ ਲਈ ਸ਼ੁੱਧੀ ਹਿੰਦੂਆਂ ਦੇ ਲਈ ਜੀਵਨ ਅਤੇ ਮੌਤ ਦਾ ਸਵਾਲ ਬਣ ਗਿਆ ਹੈ।ਮੁਸਲਮਾਨਾਂ ਦੀ ਅਬਾਦੀ ਕਾਫੀ ਵੱਧ ਗਈ ਹੈ।(7 ਕਰੋੜ) ਇਸਾਈ ਚਾਰ ਕਰੋੜ ਹੋ ਗਏ ਹਨ।22 ਕਰੋੜ ਹਿੰਦੂ ਸੱਤ ਕਰੋੜ ਮੁਸਲਮਾਨਾਂ ਦੇ ਕਾਰਨ ਜੀਣ 'ਚ ਮੁਸ਼ਕਲ ਮਹਿਸੂਸ ਕਰ ਰਹੇ ਹਨ।ਜੇਕਰ ਉਨ੍ਹਾਂ ਦੀ ਸੰਖਿਆ ਹੋਰ ਵੱਧਦੀ ਹੈ ਤਾਂ ਪ੍ਰਮਾਤਮਾ ਹੀ ਜਾਣਦਾ ਹੈ ਕਿ ਕੀ ਹੋਵੇਗਾ? ਇਸ ਲਈ ਹੁਣ ਵੀ ਜੇਕਰ ਹਿੰਦੂ ਨਹੀਂ ਜਾਗ੍ਰਿਤ ਹੁੰਦਾ ਤਾਂ ਉਹ ਖਤਮ ਹੋ ਜਾਵੇਗਾ।" ਜੇਕਰ ਹਿੰਦੂਆਂ ਨੂੰ ਭਾਰਤੀ ਰਾਸ਼ਟਰ ਦੇ ਨਿਰਮਾਣ 'ਚ ਅਤੇ



ਧਰਮਾਂ ਚੋਂ ਖੁਦ ਨੂੰ ਵਧੇਰੇ ਤਾਕਤਵਾਰ ਬਣਾਉਣਾ ਹੈ ਤਾਂ ਅਛੂਤਾਂ ਨੂੰ ਆਪਣੇ ਵਿਚ ਵਲੀਨ ਕਰਨਾ ਹੀ ਹੋਵੇਗਾ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ 1927 'ਚ ਅੰਬੇਡਕਰ ਨੇ ਅਛੂਤਾਂ ਨੂੰ ਸਾਵਧਾਨ ਕਰਦੇ ਹੋਇਆ ਕਿਹਾ ਸੀ, "ਇਨ੍ਹਾਂ ਹਿੰਦੂ ਸੰਗਠਨਵਾਦੀਆਂ ਦੀਆਂ ਗੱਲਾਂ ਉੱਤੇ ਯਕੀਨ ਨਾ ਕਰੋ।ਇਹ ਮੁਸਲਮਾਨ ਦੇ ਦਬਾਅ ਨੂੰ ਘੱਟ ਕਰਨ ਦੇ ਲਈ ਤੁਹਾਡੇ ਪ੍ਰਤੀ ਪਿਆਰ ਦਾ ਇਜ਼ਹਾਰ ਕਰ ਰਹੇ ਹਨ, ਅਛੂਤਾਂ ਨੂੰ ਆਪਣੀ ਅਗਵਾਈ ਕਰਨ ਵਾਲਾ ਖੁਦ ਵਿਚੋਂ ਤਿਆਰ ਕਰਨਾ ਹੋਵੇਗਾ।"

ਪ੍ਰੰਤੂ ਖਾਨਦਾਨੀ ਰਾਸ਼ਟਰਵਾਦ ਨੂੰ ਸਭ ਤੋਂ ਵਧੇਰੇ ਡਰ ਅਛੂਤਾਂ ਵਲੋਂ ਆਪਣੇ ਆਪ ਸੁਤੰਤਰ ਰਾਜਨੀਤਿਕ ਕਾਰਵਾਈ ਕਰਨ ਤੋਂ ਲਗਦਾ ਸੀ।ਸ਼ਰਧਾ ਨੰਦ ਨੇ ਸਵਰਨ ਹਿੰਦੂਆਂ ਨੂੰ ਜੋਰ ਦੇ ਕੇ ਕਿਹਾ ਸੀ-"ਅਛੂਤਾਂ ਨੂੰ ਉਨ੍ਹਾਂ ਦੇ ਅਧਿਕਾਰ ਸਵੈ ਇੱਛਾ ਨਾਲ ਦੇ ਦਿਓ, ਨਹੀਂ ਤਾਂ ਉਹ ਅੰਦੋਲਨ ਕਰਨਗੇ।" ਇਸ ਵੰਗਾਰ ਦਾ ਜੁਵਾਬ ਦਸੰਬਰ, 1927 'ਚ ਲਹੌਰ 'ਚ ਹੋਈ ਆਲ ਇੰਡੀਆ ਸਪ੍ਰੈਸਡ ਕਲਾਸਿਜ਼ ਕਾਨਫਰੰਸ ਦੇ ਮੰਚ ਤੋਂ ਗਾਂਧੀ ਨੇ ਇਨ੍ਹਾਂ ਸ਼ਬਦਾਂ ਨਾਲ ਕਿਹਾ, "ਅਛੂਤ ਆਪਣੇ ਅਧਿਕਾਰ ਨਰਮ ਵਿਹਾਰ ਨਾਲ ਲੈਣ ਦਾ ਯਤਨ ਕਰਨ, ਨਾ ਕਿ ਅੰਦੋਲਨ ਨਾਲ, ਕਿਉਂਕਿ ਉਨ੍ਹਾਂ ਦਾ ਅੰਦੋਲਨ ਹੋਰ ਲੋਕਾਂ (ਸਵਰਨਾਂ) ਦੇ ਮਨ 'ਚ ਗਹਿਰਾਈ ਨਾਲ ਜੜ੍ਹਾਂ ਜਮਾਈ ਪਿਛਲੇ ਕਰਮਾਂ ਨੂੰ ਠੇਸ ਪਹੁੰਚਾਉਣ ਦੇ ਕਾਰਨ ਮੁੱਖ ਦਵਾਰ ਵਜੋਂ ਬਦਲ ਜਾਵੇਗਾ।" ਤੱਤਸਾਰ ਇਹ ਕਿ ਜੇਕਰ ਅਛੂਤ ਆਪਣੇ ਪ੍ਰਤੀ ਹੋ ਰਹੇ ਅਣਮਨੁੱਖੀ ਵਿਹਾਰ ਦਾ ਵਿਰੋਧ ਕਰਨਗੇ ਤਾਂ ਇਹ ਉੱਚਿਤ ਨਹੀਂ ਹੋਵੇਗਾ।

ਵਰਨਣਯੋਗ ਹੈ ਕਿ ਕਾਂਗਰਸ ਅਤੇ ਖਾਨਦਾਨੀ ਰਾਸ਼ਟਰਵਾਦ ਅਛੂਤਾਂ ਨੂੰ ਹਿੰਦੂ ਤਾਂ ਮੰਨਣਾ ਚਾਹੁੰਦਾ ਹੈ ਪਰ ਉਨ੍ਹਾਂ ਨੂੰ ਆਪਣੇ ਬਰਾਬਰ ਅਧਿਕਾਰ ਨਹੀਂ ਦੇਣਾ ਚ ਹੁੰਦਾ।ਉਹ ਉਨ੍ਹਾਂ ਨੂੰ ਰਾਜਨੀਤਿਕ ਸੱਤਾ ਪ੍ਰਾਪਤ ਕਰਨ ਦੇ ਲਈ ਵਰਤੋ ਕਰਨਾ ਚਾਹੁੰਦਾ ਹੈ। ਸਮਾਜਿਕ ਰੂਪ ਨਾਲ ਨਿਮਨ ਹੋਣ ਦੇ ਕਾਰਨ ਉਨ੍ਹਾਂ ਨੂੰ ਰਾਜਨੀਤਿਕ ਪ੍ਰਤੀਨਿੱਧਤਾ ਦੇਣੀ ਉਸ ਨੂੰ ਠੀਕ ਨਹੀਂ ਲੱਗਦਾ।ਭੰਗੀਆਂ ਨੂੰ ਉਸਦੇ ਕੰਮ ਦੇ ਕਾਰਨ ਰਾਜਨੀਤਕ ਪ੍ਰਤੀਨਿੱਧਤਵ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਅਜਿਹਾ ਕਰਨ ਉੱਤੇ ਦੇਸ਼ ਵਿਚ ਸ.ਫਾਈ ਵਿਵਸਥਾ ਦੇ ਖਰਾਬ ਹੋ ਜਾਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ।ਇਸ ਸੰਦਰਭ ਵਿਚ ਸਵਾਮੀ ਸ਼ਰਧਾ ਨੰਦ (ਆਰੀਆ ਸਮਾਜ) 1927 ਅਤੇ ਸਵਾਮੀ ਸੁੰਦਰ ਨੰਦ (ਹਰਿਜਨ ਸੇਵਕ ਸੰਘ) 1922 ਦੀਆਂ ਦੋ ਪੁਸਤਕਾਂ ਜੋ ਅਛੂਤਾਂ ਨੂੰ ਮਨੁੱਖ ਸਵੀਕਾਰ ਹੋਣ ਤੋਂ ਝਿਜਕਦੀ ਹੈ, ਪੜ੍ਹਨਯੋਗ ਹੈ।ਸੁੰਦਰ ਨੰਦ ਦੀ ਪੁਸਤਕ ਦੀ ਭੂਮਿਕਾ ਤਾਂ ਮੌਜੂਦਾ ਹਿੰਦੂ ਮਹਾ ਸਭਾ ਦੇ ਪ੍ਰਧਾਨ ਸਿਆਮ ਪ੍ਰਸ਼ਾਦ ਮੁਕਰਜੀ ਨੇ ਲਿਖੀ ਸੀ।

ਸਵਰਨ ਰਾਸ਼ਟਰਵਾਦੀ ਚਾਹੁੰਦੇ ਸੀ ਕਿ ਤਤਕਲੀਨ ਸਮਾਜ ਵਿਵਸਥਾ 'ਚ ਭੰਗੀਆਂ ਨੂੰ ਬਿਨਾ ਆਪਣਾ ਕੰਮ ਛੱਡੇ ਮੁਕਤੀ ਮਿਲ ਜਾਵੇ।ਨਵੀਂ ਸਮਾਜਿਕ ਵਿਵਸਥਾ ਵੀ ਉਨ੍ਹਾਂ ਪ੍ਰੇਮ ਆਤਮਾਵਾਂ ਦੇ ਵਾਂਗ ਹੈ ਜਿਹੜੀ ਮੌਜੂਦਾ ਸੰਕਟ ਨੂੰ ਪ੍ਰਾਚੀਨ ਪ੍ਰਸੰਸਾ ਨਾਲ ਸਿੰਗਾਰ ਦੇਣਾ ਚਾਹੁੰਦੀ ਹੈ।ਸਮਾਂ ਗੁਜਰਨ ਤੋਂ ਬਾਅਦ ਤੱਕ ਆਰੀਆਂ ਦੀ ਸਮਾਜਿਕ ਰਾਜ ਵਿਵਸਥਾ ਆਦਿਮ ਅਵਸਥਾ 'ਚ ਕਿਉਂ ਨਹੀਂ ਰਹੀ? ਸ਼ਰਧਾ ਨੰਦ ਇਸਦਾ ਦੋਸ਼ ਬੁੱਧ ਧਰਮ ਉੱਤੇ ਲਾਉਂਦੇ ਹਨ ਅਤੇ ਮੰਨਦੇ ਹਨ ਕਿ ਉਸ ਧਰਮ ਨੇ ਤੇ ਉਸ ਵਰਗੇ ਹੋਰ ਧਰਮਾ ਨੇ ਅਤੇ ਇਸਾਈ ਧਰਮ ਦੇ ਸੰਚਾਲਕਾਂ ਪਾਦਰੀਆਂ ਨੇ ਉਸ ਵਿਵਸਥਾ ਨੂੰ ਗੁਮਰਾਹ ਕਰ ਦਿੱਤਾ।ਉਨ੍ਹਾਂ ਦੇ ਲੇਖਾਂ ਵਿਚ ਬੁੱਧ ਧਰਮ ਅਤੇ ਇਸਾਈ ਧਰਮ ਨੂੰ ਪੂਰੀ ਤਰ੍ਹਾਂ ਨਾਲ ਖਾਰਜ਼ ਕੀਤਾ ਗਿਆ ਹੈ ਜੇਕਰ ਉਗਰਵਾਦੀ ਹਿੰਦੂਆਂ ਦੀਆਂ ਰਚਨਾਵਾਂ 'ਚ ਇਸਾਈ ਧਰਮ ਨੂੰ ਵਧੇਰੇ ਖ਼ਤਰਨਾਕ ਐਲਾਨ ਕੀਤਾ ਗਿਆ ਹੈ।ਇਸ ਰਾਜ ਵਿਵਸਥਾ ਵਿਚ ਵਿਗਾੜ ਦੇ ਦੋਸ਼ ਦਾ ਸਭ ਤੋਂ ਵਧੇਰੇ ਜਿੰਮੇਵਾਰ ਮੁਸਲਿਮ ਧਰਮ ਨੂੰ ਮੰਨਿਆ ਗਿਆ ਹੈ।ਉਨ੍ਹਾਂ ਦੀਆਂ ਕੱਟੜ ਮਾਨਤਾਵਾਂ ਅਤੇ ਵਿਦੇਸ਼ੀਆਂ ਦਾ ਵਿਹਾਰ, ਜਿਨ੍ਹਾਂ ਨੇ ਸਾਡੇ ਉੱਤੇ ਸਦੀਆਂ ਤੱਕ ਸਾਸ਼ਨ ਕੀਤਾ ਨੇ ਸਾਡੇ ਅਦਰਸ਼ਾਂ ਨੂੰ ਨਸ਼ਟ ਕਰ ਦਿੱਤਾ।ਸ਼ਰਧਾ ਨੰਦ ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ,"ਕਿ ਪੁਰਾਣਾਂ ਵਿਚ ਜਾਤੀ ਪ੍ਰਥਾ ਦਾ ਕੋਈ ਵੀ

ਜ਼ਿਕਰ ਨਹੀਂ ਹੈ। ਇਸਨੂੰ ਤਾਂ ਮੁਸਲਮਾਨ ਸਾਸ਼ਕਾਂ ਨੇ ਪੈਦਾ ਕੀਤਾ ਸੀ। ਸੁਧੀਰ ਚੰਦ ਅਤੇ ਹੋਰ ਹਿੰਦੂ ਲੇਖਕਾਂ ਨੇ ਵੀ ਹਿੰਦੂ ਸਮਾਜ ਦੇ ਪੱਤਨ ਦਾ ਕਾਰਨ ਮੁਸਲਿਮ ਸਾਸ਼ਕਾਂ ਨੂੰ ਮੰਨਿਆ ਹੈ। ਬਾਅਦ ਵਿਚ ਕੇਵਲ ਸਾਸ਼ਕ ਹੀ ਨਹੀਂ, ਵਧੇਰੇ ਮੁਸਲਮਾਨ ਹਿੰਦੂ ਵਾਦ ਦਾ ਨਿਸ਼ਾਨਾ ਬਣ ਗਏ। ਭਾਵੇਂ ਕਿ ਹਿੰਦੂ ਮੁਸਲਿਮ ਏਕਤਾ ਦੇ ਯਤਨ ਵੀ ਬਰਾਬਰ ਜਾਰੀ ਰਹੇ। ਮੁਸਲਿਮ ਵਿਰੋਧੀ ਤਰਕ ਨੂੰ ਹੀ ਉਗਰਵਾਦੀ ਹਿੰਦੂਆਂ ਨੇ ਅਛੂਤਾਂ ਨੂੰ ਆਪਣੇ ਨਾਲ ਮਿਲਾਈ ਰੱਖਣ ਦਾ ਇਕ ਸਾਧਨ ਵੀ ਬਣਾਇਆ। ਇਸ ਸੰਦਰਭ 'ਚ ਇਕ ਹਿੰਦੂ ਧਰਮ ਪ੍ਰਚਾਰਕ ਦਾ 1924 'ਚ ਦਿੱਲੀ ਦੀ ਇਕ ਭੰਗੀ ਬਸਤੀ 'ਚ ਦਿੱਤਾ ਗਿਆ ਇਹ ਦ੍ਰਿਸ਼ ਜ਼ਿਕਰਯੋਗ ਹੈ,

"ਪਹਿਲਾਂ ਸਫ਼ਾਈ ਕਰਨ ਵਾਲੇ ਭੰਗੀ ਨਹੀਂ ਹੋਇਆ ਕਰਦੇ ਸਨ। ਇਹ ਤਾਂ ਉਦੋਂ ਆਏ ਜਦੋਂ ਮੁਸਲਮਾਨਾਂ ਨੇ ਇਸ ਨੂੰ ਪਹਿਲ ਦਿੱਤੀ। ਕਿਉਂਕਿ ਮੁਸਲਿਮ ਔਰਤਾਂ ਪਰਦੇ 'ਚ ਰਹਿੰਦੀ ਸੀ। ਇਸ ਲਈ ਉਨ੍ਹਾਂ ਨੂੰ ਸਫ਼ਾਈ ਕਰਨ ਵਾਲਿਆਂ ਦੀ ਜ਼ਰੂਰਤ ਸੀ। ਉਨ੍ਹਾਂ ਨੇ ਦੂਜਿਆਂ (ਹਿੰਦੂਆਂ) ਨੂੰ ਇਸ ਕੰਮ ਵਿਚ ਲਗਾਉਣਾ ਸ਼ੁਰੂ ਕਰ ਦਿੱਤਾ। ਮੈਨੂੰ ਪੱਕੀ ਜਾਣਕਾਰੀ ਹੈ ਕਿ ਉਨ੍ਹਾਂ ਭੰਗੀਆਂ 'ਚ ਹਰ ਜਾਤੀ ਦੇ ਲੋਕ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ ਬ੍ਰਾਹਮਣ, ਕੁਝ ਰਾਜਪੂਤ ਅਤੇ ਦੂਜੀਆਂ ਜਾਤੀਆਂ ਦੇ ਲੋਕ ਵੀ ਸਨ। ਮੰਨਿਆ ਜਾਂਦਾ ਹੈ ਕਿ ਮੁਸਲਮਾਨਾਂ ਨੇ ਜ਼ਬਰਦਸਤੀ ਲੋਕਾਂ ਨੂੰ ਭੰਗੀ ਬਣਾਇਆ ਅਤੇ ਇਹ ਕੰਮ ਕਰਨ ਦੇ ਲਈ ਮਜਬੂਰ ਕੀਤਾ। ਹੁਣ ਹਿੰਦੂਆਂ ਦਾ ਇਹ ਕਰਤੱਵ ਹੈ ਕਿ ਇਨ੍ਹਾਂ ਲੋਕਾਂ ਨੂੰ ਮਾਨਤਾ ਦਿੱਤੀ ਜਾਵੇ ਅਤੇ ਦੂਜੀਆਂ ਜਾਤੀਆਂ ਵਿਚ ਸ਼ਾਮਿਲ ਕੀਤਾ ਜਾਵੇ।"

ਕੱਟੜ ਗਾਂਧੀਵਾਦੀ ਜਯਰਾਮ ਦਾਸ ਲਿਖਦੇ ਹਨ-"ਭਾਵੇਂ ਕਿ ਛੂਆ-ਛੂਤ ਪ੍ਰਥਾ ਸਦੀਆਂ ਪੁਰਾਣੀ ਹੈ ਪ੍ਰੰਤੂ ਜਿਹੜੇ ਸਬੂਤ ਮਿਲੇ ਹਨ ਉਨ੍ਹਾਂ ਦੇ ਅਨੁਸਾਰ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਇਹ ਵਿਵਸਥਾ ਦੇ ਰੂਪ 'ਚ ਸਫ਼ਾਈ ਕਰਨ ਵਾਲੇ ਕੋਈ ਨਹੀਂ ਸਨ।" ਦੁੱਖ ਇਸ ਗੱਲ ਦਾ ਹੈ ਕਿ ਉਹ ਕੋਈ ਵੀ ਇਤਿਹਾਸਕ ਸਬੂਤ ਨਹੀਂ ਦਿੰਦੇ। ਸੰਸਕ੍ਰਿਤ ਵਿਚ ਭੰਗੀ ਦੇ ਲਈ ਕੋਈ ਸ਼ਬਦ ਨਹੀਂ ਹੈ। ਇਸ ਤੋਂ ਇਲਾਵਾ ਮਲਮੂਤਰ ਦੇ ਸਥਾਨ ਦੇ ਲਈ ਵੀ ਫ਼ਾਰਸੀ 'ਚ ਪਖ਼ਾਨਾ ਸ਼ਬਦ ਲਿਆ ਗਿਆ ਹੈ। ਅਜਿਹਾ ਲੱਗਦਾ ਹੈ ਕਿ ਪਹਿਲਾ ਭੰਗੀ ਜਾਂ ਪਖ਼ਾਨਾ ਹੁੰਦਾ ਹੀ ਨਹੀਂ ਸੀ।

ਭਾਰਤੀ ਦੀਆਂ ਕਈ ਭਾਸ਼ਾਵਾਂ ਵਿਚ ਮਲ ਮੂਤਰ ਜਾਂ ਹਾਜ਼ਤ ਲਈ ਜਾਣ ਨੂੰ ਜੰਗਲ ਜਾਣਾ, ਬਾਹਰ ਜਾਣਾ ਜਾਂ ਦੂਰ ਜਾਣਾ ਕਿਹਾ ਜਾਂਦਾ ਸੀ। ਇਸਦਾ ਅਰਥ ਹੈ ਕਿ ਨੇੜੇ ਦੇ ਜੰਗਲ ਵਿਚ ਮਲ ਮੂਤਰ ਦੀ ਹਾਜ਼ਤ ਕਰਨ ਦੇ ਲਈ ਲੋਕ ਜਾਂਦੇ ਸੀ। ਇਸ ਲਈ ਭੰਗੀਆਂ ਦੀ ਜ਼ਰੂਰਤ ਪੈਂਦੀ ਹੀ ਨਹੀਂ ਸੀ। ਮੁਸਲਿਮ ਔਰਤਾਂ ਪਰਦੇ ਵਿਚ ਰਹਿੰਦੀਆਂ ਸਨ ਉਹ ਮਲ ਮੂਤਰ ਦੀ ਹਾਜ਼ਤ ਲਈ ਜੰਗਲ ਨਹੀਂ ਜਾ ਸਕਦੀਆਂ ਸਨ, ਇਸ ਲਈ ਉਨ੍ਹਾਂ ਨੂੰ ਭੰਗੀਆਂ ਦੀ ਲੋੜ ਸੀ। ਫ਼ਲ ਸਰੂਪ ਮੁਸਲਮਾਨਾ ਨੇ ਭੰਗੀਆਂ ਨੂੰ ਪੈਦਾ ਕੀਤਾ।

19 ਵੀਂ ਸਦੀ ਦੇ ਅੰਤ ਵਿਚ ਅਤੇ 20 ਵੀ ਸਦੀ ਦੇ ਆਰੰਭ ਵਿਚ ਅਛੂਤਾਂ ਨੇ ਆਪਣੇ ਆਪ ਨੂੰ ਖੱਤਰੀ ਦੱਸਣਾ ਸ਼ੁਰੂ ਕਰ ਦਿੱਤਾ ਸੀ ਤਾਂ ਕਿ ਸਮਾਜ 'ਚ ਉਸ ਦੀ ਹੈਸੀਅਤ ਕੁਝ ਉੱਚੀ ਉੱਠ ਸਕੇ। 1885 ਵਿਚ ਨੇਸਫੀਲਡ ਨੇ ਲਿਖਿਆ ਕਿ ਉਤਰੀ ਭਾਰਤ 'ਚ ਨਿਮਨ ਜਾਤੀਆਂ ਨੇ ਆਪਣੇ ਲਈ ਛਤਰੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। 1900 'ਚ ਆਜ਼ਮਗੜ੍ਹ ਵਿਚ ਚਮਾਰਾਂ ਨੇ ਇਕ ਮੀਟਿੰਗ ਕੀਤੀ ਅਤੇ ਇਹ ਐਲਾਨ ਕੀਤਾ ਕਿ ਜਾਨਵਰਾਂ ਨੂੰ ਜ਼ਹਿਰ ਦੇਣਾ ਪਾਪ ਦਾ ਕੰਮ ਹੈ। ਇਸ ਲਈ ਇਸ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। 1920 ਦੇ ਦਹਾਕੇ 'ਚ ਕਾਂਗਰਸ ਅਤੇ ਗਰਮ ਖਿਆਲੀ ਹਿੰਦੂਆਂ ਭੰਗੀਆਂ ਦੀ ਕਸ਼ੱਤਰੀ ਬਣਾਉਣ ਦੀ ਪ੍ਰਵਿਰਤੀ ਨੂੰ ਉਲਟਾ ਕਰ ਦਿੱਤਾ ਅਤੇ ਇਹ ਪ੍ਰਚਲੱਤ ਕਰਨਾ ਸ਼ੁਰੂ ਕਰ ਦਿੱਤਾ ਕਿ ਲੜਾਈ ਵਿਚ ਫੜ੍ਹੇ ਗਏ ਹਿੰਦੂਆਂ ਤੋਂ ਮੁਸਲਮਾਨ ਸਾਸ਼ਕਾਂ ਨੇ ਸਫ਼ਾਈ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ ਅਤੇ ਵਿਭਿੰਨ ਜਾਤੀਆਂ ਨੇ



ਹਿੰਦੂਆਂ ਨੂੰ ਭੰਗੀ ਬਣਾ ਦਿੱਤਾ। 1924 'ਚ ਕੁਝ ਪ੍ਰਚਾਰਕਾਂ ਨੇ ਬਕਾਇਦਾ ਇਹ ਦਾਅਵਾ ਕੀਤਾ ਕਿ ਭੰਗੀਆਂ 'ਚੋਂ ਕੁਝ ਭਾਵ ਕਿ ਸ਼ੁਰੂ 'ਚ ਬ੍ਰਾਹਮਣ ਜਾਂ ਕਸ਼ੱਤਰੀ ਸੀ। ਡੀ.ਐਸ. ਚਤੁਰਵੇਦੀ ਨੇ 1925 'ਚ ਪ੍ਰਕਾਸ਼ਿਤ ਆਪਣੇ ਇਤਿਹਾਸ 'ਪਤਿਤ ਪ੍ਰਭਾਕਰ-ਮੇਹਤਰ ਜਾਤੀ ਦਾ ਇਤਿਹਾਸ' 'ਚ ਪਾਠਕਾਂ ਨੂੰ ਸਾਫ਼ ਤੌਰ ਤੇ ਇਹ ਸੂਚਿਤ ਕੀਤਾ ਕਿ ਭੰਗੀ ਅਤੇ ਕਸ਼ੱਤਰੀ ਇਕ ਸਮਾਨ ਸਰੋਤ ਤੋਂ ਨਿਕਲੇ ਹਨ। ਇਹ ਗੱਲ ਭਾਸ਼ਾ ਵਿਗਿਆਨ ਤੋਂ ਪ੍ਰਮਾਣਿਤ ਹੁੰਦੀ ਹੈ।

ਇਸ ਤਰ੍ਹਾਂ ਦੀ ਮਿੱਥ ਉਸ ਸਮੇਂ ਇਤਿਹਾਸ ਦੇ ਨਾਂ ਉੱਤੇ ਪ੍ਰਚਾਰਿਤ ਕੀਤੀ ਗਈ ਭਾਵ ਕਿ ਉਨ੍ਹਾਂ 'ਚੋਂ ਇਕ ਦੇ ਲਈ ਵੀ ਕੋਈ ਭਰੋਸੇਯੋਗ ਪ੍ਰਮਾਣ ਪੇਸ਼ ਨਹੀਂ ਕੀਤਾ ਗਿਆ। ਦਰਅਸਲ ਇਹ ਸਾਰੀਆਂ ਗੱਲਾਂ ਇਸ ਲਈ ਕੀਤੀਆਂ ਗਈਆਂ ਤਾਂ ਕਿ ਅਛੂਤਾਂ ਦੇ ਪ੍ਰਤੀ ਸ਼ੋਸ਼ਣ ਦਾ ਆਰੋਪ ਉਨ੍ਹਾਂ ਤੋਂ ਹੱਟ ਕੇ ਮੁਸਲਮਾਨਾਂ ਉੱਤੇ ਲੱਗ ਜਾਵੇ। ਜੇਕਰ ਮੁਸਲਮਾਨਾਂ ਨੇ ਇਨ੍ਹਾਂ ਨੂੰ ਭੰਗੀ ਬਣਾਇਆ ਤਾਂ ਹਿੰਦੂਆਂ ਸੁਧਾਰਕਾਂ ਨੇ ਉਨ੍ਹਾਂ ਨੂੰ ਮੁੜ ਉਨ੍ਹਾਂ ਦੀਆਂ ਮੂਲ ਜਾਤੀਆਂ ਵਿਚ ਕਿਉਂ ਨਹੀਂ ਸ਼ਾਮਿਲ ਕੀਤਾ? ਉਨ੍ਹਾਂ ਨੂੰ ਪ੍ਰਾਚੀਨ ਆਰੀਆ ਰਾਜ ਵਿਵਸਥਾ ਵਿਚ ਸੂਦਰ ਕਿਉਂ ਮੰਨਿਆ ਗਿਆ? ਕਿਉਂ ਉਨ੍ਹਾਂ ਦੇ ਲਈ ਅਣਮਨੁੱਖੀ ਵਿਹਾਰ ਮੁਸਲਿਮ ਸਾਸ਼ਨ ਖਤਮ ਹੋਣ ਤੋਂ ਬਾਅਦ ਵੀ ਚਾਲੂ ਰਿਹਾ? ਇਨ੍ਹਾਂ ਸਵਾਲਾਂ ਦਾ ਕਿਤੇ ਵੀ ਕੋਈ ਉਤਰ ਨਹੀਂ ਮਿਲਦਾ।

ਸ਼ਰਧਾ ਨੰਦ ਕਹਿੰਦੇ ਹਨ ਕਿ ਅਛੂਤਾਂ ਨਾਲ ਸਮਾਨਤਾ ਦੇ ਮੌਲਿਕ ਅਧਿਕਾਰਾਂ ਨੂੰ ਜ਼ਬਰਦਸਤੀ ਖੋਹ ਲਿਆ ਗਿਆ ਅਤੇ ਉਨ੍ਹਾਂ ਨੂੰ ਨੀਵੀਆਂ ਨਜ਼ਰਾਂ ਨਾਲ ਵੇਖਿਆ ਜਾਣ ਲੱਗਾ। ਹੁਣ ਇਨ੍ਹਾਂ ਮੌਲਿਕ ਅਧਿਕਾਰਾਂ ਨੂੰ ਮੁੜ ਦਵਾਉਣ ਦੇ ਲਈ ਸਮਾਜਿਕ ਸਰੰਚਨਾ ਦਾ ਰੂਪਾਂਤਰਣ ਕਰਨਾ ਹੋਵੇਗਾ। ਕਿਉਂਕਿ ਇਹੀ ਸਮਾਜ ਨੂੰ ਬਣਾਈ ਰੱਖਣ ਵਾਲੇ ਢਾਂਚੇ ਨੂੰ ਤਬਾਹ ਕਰ ਦੇਵੇਗਾ। ਇਸ ਲਈ ਵਧੇਰੇ ਸਮਝਦਾਰੀ ਇਸ ਗੱਲ ਵਿਚ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਨਾਲ ਬੇਹਤਰ ਵਿਹਾਰ ਕਰਨਾ ਸ਼ੁਰੂ ਕਰੀਏ। ਉਨ੍ਹਾਂ ਦਾ ਅਛੂਤਾਂ ਦੀ ਮੁਕਤੀ ਦੇ ਬਾਰੇ ਵਿਚ ਇਹ ਨਜ਼ਰੀਆ ਬਹੁਤ ਤੰਗ ਦਿਲ ਵਾਲਾ ਸੀ ਜਿਹੜਾ ਸਮਾਜ ਨੂੰ ਵਿਵਸਥਾਗਤ ਤਬਦੀਲੀ ਤੋਂ ਦੂਰ ਰੱਖਦਾ ਸੀ।

ਗਾਂਧੀ ਜਾਂ ਕਾਂਗਰਸ ਦੇ ਵੱਲ ਮੁੜ ਪਰਤਣ ਤੋਂ ਪਹਿਲਾਂ ਛੂਆ-ਛੂਤ ਮਿਟਾਉਣ ਦੇ ਸਬੰਧ ਵਿਚ ਖੁੱਲ੍ਹ ਦਿੱਲੇ ਹਿੰਦੂਆਂ ਦੀ ਦਲੀਲ ਕੀ ਸੀ?, ਇਹ ਜਾਣ ਲੈਣਾ ਜ਼ਰੂਰੀ ਹੈ। 19 ਵੀਂ ਅਤੇ 20 ਵੀਂ ਸਦੀ 'ਚ ਸਮਾਜ ਵਿਵਸਥਾ 'ਚ ਉਚ ਨੀਚ ਬਣਾਈ ਰੱਖਣ ਦੇ ਲਈ ਬਕਾਇਦਾ ਅੰਦੋਲਨ ਹੋ ਰਹੇ ਸੀ ਅਤੇ ਵਰਣ ਵਿਵਸਥਾ ਦਾ ਗੁਣ-ਗਾਨ ਹੋ ਰਿਹਾ ਸੀ। 189 'ਚ ਸਨਾਤਨ ਧਰਮ ਸਭਾ ਦੀ ਸਥਾਪਨਾ ਉੱਚ ਜਾਤੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਦੇ ਲਈ ਕੀਤੀ ਗਈ ਸੀ। ਇਸ ਕੰਮ ਨੂੰ ਹੋਰ ਅੱਗੇ ਵਧਾਉਣ ਦੇ ਲਈ ਭਾਰਤ ਧਰਮ ਮਹਾਂਮੰਡਲ ਅਤੇ ਅਖਿਲ ਭਾਰਤੀ ਵਰਣ ਅਸ਼ਰਮ ਸਵਰਾਜ ਸੰਘ ਵਰਗੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ। ਇਸ ਪਿਛੋਕੜ ਨੂੰ ਧਿਆਨ ਵਿਚ ਰੱਖਦੇ ਹੋਏ ਸਾਨੂੰ ਗਾਂਧੀ ਦੇ ਅਛੂਤ ਭਲਾਈ ਦੇ ਯਤਨਾਂ ਨੂੰ ਵੇਖਣਾ ਚਾਹੀਦਾ ਹੈ।

ਗਾਂਧੀ ਨੇ 1924 ਵਿਚ ਲਿਖਿਆ, "ਜੇਕਰ ਹਿੰਦੂ ਅਣਮਨੁੱਖਤਾ ਨੂੰ ਹਿੰਦੂਤਵ ਦਾ ਇਕ ਜ਼ਰੂਰੀ ਤੱਤ ਮੰਨਦੇ ਹਨ ਤਾਂ ਉਹ ਹਿੰਦੂ ਧਰਮ ਨੂੰ ਨਸ਼ਟ ਕਰ ਰਹੇ ਹਨ। ਅਣਮਨੁੱਖਤਾ ਦਾ ਅਰਥ ਹੋਵੇਗਾ ਆਤਮ ਹੱਤਿਆ। ਮੈਨੂੰ ਇਸ ਗੱਲ ਉੱਤੇ ਰਤਾ ਵੀ ਸ਼ੰਕਾ ਨਹੀਂ ਹੈ ਕਿ ਹਰ ਹਿੰਦੂ ਦਾ ਸਭ ਤੋਂ ਵੱਡਾ ਧਰਮ ਇਸ ਛੂਆ-ਛੂਤ ਨੂੰ ਖਤਮ ਕਰਨਾ ਹੈ। ਛੂਆ-ਛੂਤ ਵਿਰੁੱਧ ਲੜਾਈ ਇਕ ਧਾਰਮਿਕ ਲੜਾਈ ਹੈ, ਇਹ ਮਾਨਵੀ ਸੰਵੇਦਨਾ ਨੂੰ ਸਵਿਕਾਰ ਕਰਨ ਦੀ ਲੜਾਈ ਹੈ।" ਉਸੇ ਦੌਰਾਨ ਗਾਂਧੀ ਨੇ ਉਹ ਇਤਿਹਾਸਕ ਬਿਆਨ ਵੀ ਜਾਰੀ ਕੀਤਾ-"ਜੇਕਰ ਲੋਕ ਛੂਆ ਛੂਤ ਨੂੰ ਜਾਰੀ ਰੱਖਣ ਦੀ ਗੱਲ ਉੱਤੇ ਅੜੇ ਰਹਿੰਦੇ ਹਨ ਤਾਂ ਮੇਰੇ ਲਈ ਇਸਦਾ ਅਰਥ ਹਿੰਦੂ ਧਰਮ ਨੂੰ ਤਿਆਗ ਦੇਣਾ ਹੋਵੇਗਾ।" ਸਾਡੇ ਕੋਲ ਇਸ ਗੱਲ ਦਾ ਕੋਈ ਇਤਿਹਾਸਕ ਸਬੂਤ ਨਹੀਂ ਕਿ ਇਸ ਨੇ ਸਭ ਤੋਂ ਪਹਿਲਾਂ ਸਫ਼ਾਈ ਵਰਗੇ ਜ਼ਰੂਰੀ ਕੰਮ ਨੂੰ ਨੀਚਾ ਦਰਜਾ ਦੇ ਦਿੱਤਾ।

1930 ਦੇ ਦਹਾਕੇ 'ਚ ਗਰਮ ਖਿਆਲੀ ਹਿੰਦੂਆਂ ਨੇ ਰਾਸ਼ਟਰ ਦੇ ਵਿਕਾਸ ਦੇ ਲਈ ਹਰ ਧਰਮ ਦੇ ਯੋਗਦਾਨ ਨੂੰ ਲੋੜ ਦੇ ਵਿਚਾਰ ਦੇ ਵਿਰੁੱਧ ਇਕ ਵਿਆਪਕ ਬਹਿਸ ਆਰੰਭ ਕੀਤੀ। 1988 'ਚ ਹਿੰਦੂ ਮਹਾਂਸਭਾ ਦੇ ਨਾਗਪੁਰ ਸੰਮੇਲਨ 'ਚ ਸਵਰਕਰ ਨੇ ਐਲਾਨ ਕੀਤਾ, "ਹਿੰਦੂ ਰਾਸ਼ਟਰਵਾਦੀਆਂ ਨੂੰ ਆਪਣੇ ਲਈ ਢੁਕਵੇਂ ਹਿੰਦੂ ਸੰਪਰਦਾਇਕ ਸ਼ਬਦ ਉੱਤੇ ਇਤਰਾਜ਼ ਨਹੀਂ ਕਰਨਾ ਚਾਹੀਦਾ, ਕਿਉਂਕਿ ਹਿੰਦੂ ਤਾਂ ਖੁਦ ਇਕ ਰਾਸ਼ਟਰ ਹੈ।" ਇਸ ਵਿਚ ਪੰਜ ਸਾਲ ਪਹਿਲਾਂ ਬੀ. ਐਸ. ਮੁੰਜੇ ਦੇ ਹਿੰਦੂ ਮਹਾਂਸਭਾ ਦੇ ਮੰਤਰੀ ਨੂੰ ਅਲਵਰ ਦੇ ਦੰਗਿਆ ਦੀ ਮਿਸਾਲ ਦਿੰਦੇ ਹੋਇਆ ਲਿਖਿਆ ਸੀ-"ਮੁਸਲਮਾਨਾਂ ਦੀ ਸਮੱਸਿਆ ਦਾ ਹੱਲ ਅਲਵਰ ਦੇ ਹਿੰਦੂਆਂ ਨੇ ਜੋ ਕੱਢਿਆ ਸੀ, ਉਹ ਬਿਲਕੁਲ ਠੀਕ ਹੈ। ਰਾਜਪੂਤਾਂ ਨੂੰ ਮੁਸਲਮਾਨਾ ਦੀ ਫਿਰ ਤੋਂ ਠੁਕਾਈ ਕਰਨੀ ਚਾਹੀਦੀ ਏ ਤਾਂ ਉਹ ਹਿੰਦੂਆਂ ਦੀ ਇੱਜ਼ਤ ਕਰਨਗੇ। ਮੁਸਲਮਾਨ ਕੇਵਲ ਡੰਡੇ ਦੀ ਭਾਸ਼ਾ ਨੂੰ ਸਮਝਦੇ ਹਨ। ਉਨ੍ਹਾਂ ਨੂੰ ਦੋਸਤੀ ਜਾਂ ਅਹਿੰਸਾ ਦੀ ਭਾਸ਼ਾ ਸਮਝ 'ਚ ਨਹੀਂ ਆਉਂਦੀ।" ਜ਼ਹਿਰ ਹੈ ਇਹ ਲੋਕ ਗਾਂਧੀ ਦੀ ਨਰਮ ਰਾਜਨੀਤੀ ਦਾ ਮਜ਼ਾਕ ਉਡਾ ਰਹੇ ਸੀ। ਪ੍ਰੰਤੂ ਗਾਂਧੀ ਨੇ ਕਿਹਾ-"ਹਿੰਦੂ ਸੁਧਾਰਕ ਛੂਆ-ਛੂਤ ਨੂੰ ਖਤਮ ਕਰਨਾ ਚਾਹੁੰਦੇ ਸਨ, ਪ੍ਰੰਤੂ ਅਛੂਤਾਂ ਨੂੰ ਲਾਭ ਦੇਣਾ ਨਹੀਂ ਚਾਹੁੰਦੇ। ਉਨ੍ਹਾਂ ਨੇ ਇਹ ਕੰਮ ਵੀ ਇਸ ਲਈ ਸ਼ੁਰੂ ਕੀਤਾ, ਕਿਉਂਕਿ ਹਿੰਦੂਤਵ ਦੀ ਧਾਰਨਾ ਸਾਨੂੰ ਰਾਜਨੀਤਿਕ ਰੂਪ 'ਚ ਸ਼ੋਸ਼ਣ ਕਰਨ ਦੀ ਆਗਿਆ ਨਹੀਂ ਦਿੰਦੀ।"

ਗਾਂਧੀ ਨੇ 1936 ਵਿਚ ਲਿਖਿਆ, "ਸੇਵਾ ਦੀ ਨੀਂਹ ਤੋਂ ਭੰਗੀ ਬਣਦਾ ਹੈ। ਉਹ ਉਹੀ ਕੰਮ ਕਰਦਾ ਹੈ ਜਿਹੜੀ ਇਕ ਮਾਂ ਆਪਣੀ ਔਲਾਦ ਦੇ ਲਈ ਕਰਦੀ ਹੈ। ਹਿੰਦੂ ਧਰਮ ਵਿਚ ਮਾਂ ਦੀ ਪਦਵੀ ਬਹੁਤ ਉੱਚੀ ਮੰਨੀ ਗਈ ਹੈ ਫਿਰ ਭੰਗੀ ਦਾ ਅਪਮਾਨ ਕਿਓਂ ਹੁੰਦਾ ਹੈ? ਆਧੁਨਿਕਤਾ ਦਾ ਇਹ ਇਕ ਵਰਣਨਯੋਗ ਯਥਾਰਥ ਹੈ ਕਿ ਇਸ ਵਿਚ ਜਿਹੜੇ ਲੋਕ ਹੱਥ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ ਕਰਤਵ ਦੀ ਪਾਲਣਾ ਕਰਨ ਅਤੇ ਫਰਜ਼ ਦੀ ਪਾਲਣਾ ਕਰਨ ਦੇ ਲਈ ਕਿਹਾ ਜਾਂਦਾ ਹੈ ਅਤੇ ਜਿਹੜੇ ਮਾਨਸਿਕ ਕਾਰਜ ਕਰਦੇ ਹਨ ਉਨ੍ਹਾਂ ਨੂੰ ਅਧਿਕਾਰ ਭੋਗਣਾ ਨਸੀਬ ਹੁੰਦਾ ਹੈ। " ਗਾਂਧੀ ਅੱਗੇ ਕਹਿੰਦੇ ਹਨ, "ਬ੍ਰਾਹਮਣ ਦਾ ਕਰਤੱਵ ਹੈ ਆਤਮਾ ਦੀ ਸ਼ੁੱਧਤਾ ਦੀ ਦੇਖਭਾਲ ਕਰਨਾ ਅਤੇ ਭੰਗੀ ਦਾ ਕਰਤੱਵ ਹੈ ਸਮਾਜ ਦੇ ਸਰੀਰ ਦੀ ਸਫ਼ਾਈ ਰੱਖਣਾ। ਆਧੁਨਿਕ ਵਰਣ ਆਸ਼ਰਮ ਧਰਮ ਦਾ ਸਾਰ ਹੀ ਇਹ ਹੈ ਕਿ ਬ੍ਰਾਹਮਣ ਸਮਾਜ ਦੇ ਮਨ ਨੂੰ ਸ਼ੁੱਧ ਰੱਖੇ ਅਤੇ ਭੰਗੀ ਸਰੀਰ ਨੂੰ। ਹਰ ਵਰਣ ਆਪਣਾ ਕਰਤੱਵ ਪੂਰਾ ਕਰੇ। " 1936 'ਚ ਅੰਬੇਡਕਰ ਵੱਲੋਂ ਕੀਤੀ ਗਈ ਆਪਣੇ ਵਿਚਾਰਾਂ ਦੀ ਆਲੋਚਨਾ ਦੇ ਜਵਾਬ ਵਿਚ ਗਾਂਧੀ ਨੇ ਲਿਖਿਆ ਸੀ-"ਵਰਣ ਅਤੇ ਆਸ਼ਰਮ ਦਾ ਜਾਤੀ ਨਾਲ ਕੋਈ ਸਬੰਧ ਨਹੀਂ ਹੈ। ਵਰਣ ਦਾ ਸਿਧਾਂਤ ਸਾਨੂੰ ਸਿਖਾਉਂਦਾ ਹੈ ਕਿ ਸਾਨੂੰ ਹਰ ਇਕ ਨੂੰ ਆਪਣੀ ਰੋਟੀ ਰੋਜੀ ਆਪਣੇ ਪ੍ਰੰਪਰਾਗਤ ਕੰਮ ਤੋਂ ਪ੍ਰਾਪਤ ਕਰਨੀ ਚਾਹੀਦੀ ਹੈ। ਕਿਉਂਕਿ ਇਸ ਵਿਚ ਮਾਨਵਤਾ ਦੀ ਭਲਾਈ ਹੈ। ਇਸਦਾ ਅਰਥ ਹੋਇਆ ਨਿਮਨ ਜਾਤੀਆਂ ਨੂੰ ਕੋਈ ਅਧਿਕਾਰ ਨਹੀਂ ਹੋਵੇਗਾ। ਉਹ ਆਪਣੇ ਆਪ ਨੂੰ ਉੱਚਾ ਚੁੱਕਣ ਦੇ ਲਈ ਕੁੱਝ ਵੀ ਨਹੀਂ ਕਰ ਸਕੇਗੀ। ਇਸ ਨਾਲ ਅਛੂਤਾਂ ਨੂੰ ਮੁਕਤੀ ਕਿਵੇਂ ਮਿਲੇਗੀ? ਭੰਗੀ ਕਹਿਣ ਤੋਂ ਮੁਕਤ ਹੋ ਜਾਣਗੇ ਪਰ ਕੰਮ ਸਫ਼ਾਈ ਦਾ ਕਰਨਾ ਪਵੇਗਾ, ਕਿਉਂਕਿ ਇਹ ਕੰਮ ਸਮਾਜ ਦੇ ਲਈ ਜ਼ਰੂਰੀ ਹੈ।

1933 'ਚ ਸਵਾਲ ਇਹ ਸਾਹਮਣੇ ਆਇਆ ਕਿ ਦੁਨੀਆਂ 'ਚ ਸਾਫ਼ ਸੁਥਰਾ ਕੌਣ ਹੈ? ਉਹ ਜਿਹੜਾ ਹਰ ਥਾਂ ਥੁੱਕ ਦਿੰਦਾ ਹੈ ਜਾਂ ਕੂੜਾ ਫੈਲਾਉਂਦਾ ਹੈ ਜਾਂ ਉਹ ਜੋ ਗਲੀਆਂ ਦੀ ਸਫ਼ਾਈ ਕਰਦਾ ਹੈ ਅਤੇ ਗੰਦਗੀ ਨੂੰ ਦੂਰ ਕਰਦਾ ਹੈ? ਉਹ ਅਨਿਆ ਹੈ ਕਿ ਅਸੀਂ ਗੰਦਗੀ ਫੈਲਾਉਣ ਵਾਲੇ ਨੂੰ ਸਾਫ਼ ਅਤੇ ਗੰਦਗੀ ਦੂਰ ਕਰਨ ਵਾਲੇ ਨੂੰ ਗੰਦਾ ਮੰਨਦੇ ਹਾਂ। ਗਾਂਧੀ ਨੇ 1936 ਵਿਚ ਕਿਹਾ, "ਸਾਡੀ ਹਿੰਦੂ ਜਾਤੀ ਅਜਿਹੇ ਵਿਅਕਤੀਆਂ ਨੂੰ ਜੋ ਗੰਦਗੀ ਸਾਫ਼ ਕਰਦਾ ਹੈ, ਭੰਗੀ ਕਹਿੰਦੇ ਹਨ ਅਤੇ ਉਸੇ ਸਮਾਜ 'ਚ ਨਿਮਨ ਸਥਾਨ ਦਿੰਦੇ ਹਾਂ। ਉਸ ਨੂੰ ਉੱਚ ਜਾਤੀਆਂ ਦੀ ਜੂਠ ਉੱਤੇ ਜੀਣ ਅਤੇ ਗੋਹੇ ਦੇ ਢੇਰ ਉੱਤੇ ਰਹਿਣ ਦੇ ਲਈ ਮਜ਼ਬੂਰ ਕਰਦੇ ਹਾਂ। ਭੰਗੀ ਸ਼ਬਦ ਹੀ ਅਪਮਾਨ



ਅਤੇ ਨਫ਼ਰਤ ਦਾ ਪ੍ਰਤੀਕ ਬਣ ਗਿਆ ਹੈ।" ਫਿਰ ਵੀ ਗਾਂਧੀ ਮੰਨਦੇ ਹਨ ਕਿ ਭੰਗੀ ਨੂੰ ਉਸਦਾ ਕੰਮ ਧਰਮ ਦੁਆਰਾ ਪ੍ਰਦਾਨ ਹੁੰਦਾ ਹੈ।

ਸਵਾਲ ਇਹ ਹੈ ਕਿ ਜਿਹੜਾ ਸਮਾਜ ਨੂੰ ਗੰਦਗੀ ਤੋਂ ਮੁਕਤ ਕਰਦਾ ਹੈ ਉਹ ਖੁਦ ਕਿਵੇਂ ਮੁਕਤ ਹੋਵੇ? ਤਾਂ ਜਵਾਬ ਮਿਲਦਾ ਹੈ-"ਭੰਗੀਆਂ ਤੋਂ ਚੰਗਾ ਭੰਗੀ ਬਨਣ ਨਾਲ। ਉਸ ਨੂੰ ਸਫ਼ਾਈ ਦੇ ਨਿਯਮਾਂ ਦਾ ਭਲੀ ਭਾਂਤ ਗਿਆਨ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਫ਼ਾਈ ਦੀ ਤਕਨੀਕ ਦੀ ਚੰਗੀ ਤਰ੍ਹਾਂ ਸਮਝ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਜਾਨਣਾ ਚਾਹੀਦਾ ਹੈ ਕਿ ਪਖ਼ਾਨਾ ਕਿਵੇਂ ਸਾਫ਼ ਹੁੰਦੀ ਹੈ। ਬਦਬੂ ਕਿਵੇਂ ਖਤਮ ਹੁੰਦੀ ਹੈ। ਗੰਦ ਨੂੰ ਕਿਵੇਂ ਖਾਦ ਵਿਚ ਬਦਲਿਆ ਜਾਂਦਾ ਹੈ।" ਬਲੱਭਸਵਾਮੀ ਜੋਰ ਦੇ ਕੇ ਕਹਿੰਦੇ ਹਨ-"ਇਨ੍ਹਾਂ ਲੋਕਾਂ ਨੂੰ ਕਲਾਕਾਰ ਕਿਹਾ ਜਾਣਾ ਚਾਹੀਦਾ ਹੈ, ਕਿਉਂਕਿ ਇਹ ਜਿਵੇਂ ਹੀ ਕਿਤੇ ਗੰਦਗੀ ਵੇਖਦੇ ਹਨ, ਬਿਨਾ ਉਸ ਨੂੰ ਸਾਫ਼ ਕੀਤੇ ਚੈਨ ਨਾਲ ਰਹਿ ਨਹੀਂ ਸਕਦੇ। ਭੰਗੀ ਦਾ ਇਕ ਪਵਿੱਤਰ ਕਰਤੱਵ ਹੈ, ਸਫ਼ਾਈ ਦਾ ਕੰਮ ਮਨ ਲਾ ਕੇ ਕਰਨਾ।"


ਭੰਗੀਆਂ ਨੂੰ ਕੰਮ ਕਰਨ ਦੀਆਂ ਖਰਾਬ ਸਥਿਤੀਆਂ ਤੋਂ ਵੀ ਛੁਟਕਾਰਾ ਮਿਲਣਾ ਚਾਹੀਦਾ ਹੈ। ਇਸ ਦੇ ਲਈ ਢੰਗ ਤਰੀਕੇ ਦੱਸੇ ਜਾਂਦੇ ਹਨ ਕਿ ਨਗਰ ਪਾਲਿਕਾਵਾਂ ਚੰਗੀਆਂ ਫਲੱਸ਼ਾਂ ਤਿਆਰ ਕਰਵਾਏ, ਉਨ੍ਹਾਂ ਨੂੰ ਦਸਤਾਨੇ, ਚੰਗੇ ਝਾੜੂ, ਪਹੀਆ ਗੱਡੀ, ਕੰਮ ਦੀ ਪੌਸ਼ਾਕ ਅਤੇ ਧੋਣ ਦੀਆਂ ਸਹੂਲਤਾਂ ਦਿੱਤੀਆਂ ਜਾਣ। ਸੁਧਾਰਕਾਂ ਨੇ ਭੰਗੀਆਂ ਨੂੰ ਬੇਹਤਰ ਆਵਾਸ ਸਹੂਲਤਾਂ ਪ੍ਰਦਾਨ ਕਰਨ ਦੀ ਵਕਾਲਤ ਵੀ ਕੀਤੀ। ਅਜਿਹੇ ਯਤਨ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਨਾਲ ਉਹ ਸਾਫ਼ ਸੁਥਰੇ ਤਾਂ ਰਹਿਣ ਹੀ, ਮਾਸ ਖਾਣ ਅਤੇ ਸ਼ਰਾਬ ਪੀਣ ਦੀ ਮਾੜੀ ਆਦਤ ਨੂੰ ਵੀ ਛੱਡ ਦੇਣ।

ਅਛੂਤਾਂ ਨੂੰ ਉੱਚਾ ਚੁੱਕਣ ਦੇ ਲਈ ਗਾਂਧੀ ਦੇ 1932 ਦੇ ਕੰਮ ਦੀ ਆਲੋਚਨਾ ਸਭ ਤੋਂ ਪਹਿਲਾਂ ਡੀ. ਡੀ. ਕੌਸੰਭੀ ਨੇ 1939 ਵਿਚ ਕੀਤੀ। ਉਨ੍ਹਾਂ ਨੇ ਕਿਹਾ ਕਿ ਕੁਲੀਨ ਰਾਸ਼ਟਰਵਾਦੀ ਅਤੇ ਹਾਸ਼ੀਏ ਦੇ ਲੋਕਾਂ ਨੂੰ ਬਸਤੀਵਾਦ ਦੇ ਵਿਰੁੱਧ ਸੰਸਥਾ ਬਣਾਉਣ ਦੇ ਲਈ ਕੁਲੀਨ ਰਾਸ਼ਟਰਵਾਦੀ ਅਗਵਾਈ ਨੂੰ ਇਕ ਅਜਿਹਾ ਤਰੀਕਾ ਇਜ਼ਾਦ ਕਰਨਾ ਪਿਆ, ਜਿਸਦੇ ਪ੍ਰਤੀ ਊਰਜਾਂ ਦੀ ਵਧੇਰੇ ਮਾਤਰਾ ਦੇ ਖਿੰਡਨ ਨੂੰ ਰੋਕਿਆ ਜਾ ਸਕੇ। ਇਕ ਉਦਾਹਰਨ ਦੇ ਤੌਰ ਉੱਤੇ 1930 'ਚ ਗਾਂਧੀ ਦਾ ਸਤਿਆਗ੍ਰਹਿ ਹੱਥੋਂ ਨਿਕਲਣ ਲੱਗਾ ਅਤੇ ਬੁਨਿਆਦੀ ਤੌਰ ਉੱਤੇ ਇਕ ਦੂਜੇ ਤਰ੍ਹਾਂ ਦੇ ਅੰਦੋਲਨ ਦਾ ਰੂਪ ਧਾਰਨ ਕਰਨ ਲੱਗਾ ਤਾਂ ਗਾਂਧੀ ਨੇ ਅਛੂਤਾਂ ਨੂੰ ਉਪਰ ਚੁੱਕਣ ਦਾ ਪਤਾ ਲੱਗਾ। ਤਾਂ ਹੀ ਸਵਰਨ ਹਿੰਦੂਆਂ ਦੇ ਵਿਵਹਾਰ ਨੂੰ ਸੁਧਾਰਨ ਦੇ ਲਈ ਹਰਿਜਨ ਸੇਵਕ ਸੰਘ ਦੀ ਸਥਾਪਨਾ 1932 ਵਿਚ ਹੋਈ ਅਤੇ ਉਸਦੇ ਜ਼ਰੀਏ ਸਵਰਨ ਹਿੰਦੂਆਂ ਤੋਂ ਆਪਣੇ ਭਰਾਵਾਂ ਦੀ ਸਮਾਜਿਕ ਸਥਿਤੀ ਅਤੇ ਹੈਸੀਅਤ ਨੂੰ ਉੱਚਾ ਚੁੱਕਣ ਦੀ ਅਪੀਲ ਕੀਤੀ ਗਈ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਇਸ ਤਰ੍ਹਾਂ ਦੇ ਯਤਨਾ ਨਾਲ ਭੰਗੀਆਂ ਨੂੰ ਆਦਰ ਅਤੇ ਸਨਮਾਨ ਮਿਲੇਗਾ।

ਅੰਬੇਡਕਰ ਨੇ ਗਾਂਧੀਵਾਦ ਦੀਆਂ ਸੀਮਾਵਾਂ ਨੂੰ ਉਜਾਗਰ ਕੀਤਾ ਅਤੇ ਭਾਰਤੀ ਰਾਸਟਰਵਾਦ ਦੀਆਂ ਵਿਸੰਗਤੀਆਂ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ 1943 ਵਿਚ ਲਿਖਿਆ-"ਰਾਸ਼ਟਰ ਦਾ ਆਪਣਾ ਕੋਈ ਅਸਤਿਤਵ ਨਹੀਂ ਹੁੰਦਾ, ਉਸ ਨੂੰ ਤਾਂ ਦੱਸਿਆ ਜਾਂਦਾ ਹੈ ਅਤੇ ਮੈਂ ਸਮਝਦਾ ਹਾਂ ਕਿ ਕਿਸੇ ਇਕ ਖਾਸ ਧਾਰਮਿਕ ਵਰਗ ਨੂੰ ਦਬਾ ਕੇ ਕਿਸੇ ਰਾਸ਼ਟਰ ਨੂੰ ਬਣਾਇਆ ਨਹੀਂ ਜਾ ਸਕਦਾ। ਸਮਾਜਿਕ ਅਤੇ ਰਾਜਨੀਤਿਕ ਪ੍ਰਤੀਨਿਧੀ ਵਾਲੀ ਵਿਵਸਥਾ ਉੱਤੇ ਅਤੇ ਆਰਥਿਕ ਸੰਰਚਨਾਵਾਂ ਉੱਤੇ ਉਸ ਦੇ ਹਮਲੇ ਨੇ ਤਾਂ ਭਾਰਤੀ ਰਾਸ਼ਟਰਵਾਦ ਦੀ ਕਲਪਨਾ ਦੇ ਪਰਖਚੇ ਹੀ ਉਡਾ ਕੇ ਰੱਖ ਦਿੱਤੇ।"

*********************************************************

## “ਕੋਈ ਗੱਲ ਤਾਂ ਜ਼ਰੂਰ ਹੈ” ਵਿਚਲਾ ਨਵ-ਸੱਭਿਆਚਾਰ/ -ਗੁਰਬਿੰਦਰ ਕੌਰ ਬਰਾੜ




“ਕੋਈ ਗੱਲ ਤਾਂ ਜਰੂਰ ਹੈ” ਰਜਿੰਦਰ ਸਿੰਘ ਦੁਆਰਾ ਲਿਖਿਆ ਉਸਦਾ ਮੌਲਿਕ ਨਾਵਲ ਹੈ। ਸਮੁੱਚੇ ਨਾਵਲ ਦੇ ਕੁੱਲ 40 ਕਾਂਡ ਹਨ। ਇਸ ਨਾਵਲ ਵਿੱਚ ਉਸਨੇ ਆਪਣੇ ਆਸ-ਪਾਸ ਦੇ ਜੀਵਨ ਦੇ ਉਲਾਰਾਂ, ਵਿਕਾਰਾਂ ,ਜਾਤ-ਪਾਤ ਵਿਰੋਧੀ,ਕੱਟੜਤਾ ਵਿਰੋਧੀ ਤੇ ਰਿਸ਼ਤਿਆਂ ਨੂੰ ਬਣਾਉਣ ਵਾਲੇ ਲੋਕਾਂ ਦੀ ਜਿੰਦਗੀ ਨੂੰ ਵਾਚਿਆ ਅਤੇ ਬੜੇ ਹੀ ਦਿਲਚਸਪ ਢੰਗ ਨਾਲ ਰੂਪਮਾਨ ਕੀਤਾ ਹੈ। ਅੱਜ ਦੇ ਵਿਸ਼ਵੀਕਰਨ ਤੇ ਮੰਡੀਕਰਨ ਦੇ ਯੱਗ ਵਿਚ ਜਿੱਥੇ ਪਦਾਰਥਕ ਚੀਜ਼ਾਂ ਦਾ ਮੰਡੀਕਰਨ ਹੋਇਆ ਹੈ,ਉੱਥੇ ਮਨੁੱਖਤਾ ਨੇ ਵੀ ਨਵਾਂ ਸੱਭਿਆਚਾਰ ਸਥਾਪਿਤ ਕਰਨ ਦੀ ਗੱਲ ਭਾਂਪੀ ਹੈ ਜਿਸ ਦੀ ਨਾਵਲ ਵਿੱਚ ਪੇਸ਼ਕਾਰੀ ਹੋਈ ਹੈ। ਸਮਾਜਕ ਰਿਸ਼ਤਿਆਂ ਦੀ ਸਥਿਤੀ ਜਿੱਥੇ ਮਾਰਮਿਕ ਤੇ ਨਿਘਾਰ ਵਾਲੀ ਬਣਦੀ ਜਾ ਰਹੀ ਹੈ, ਉਥੇ ਨਾਵਲਕਾਰ ਨੇ ਆਪਣੇ ਨਾਵਲ “ਕੋਈ ਗੱਲ ਤਾਂ ਜ਼ਰੂਰ ਹੈ।” ਵਿੱਚ ਨਵੀਆਂ ਸੱਭਿਆਚਾਰਕ ਕਦਰਾਂ -ਕੀਮਤਾਂ ਦੀ ਨਿਸ਼ਾਨਦੇਹੀ ਕਰਕੇ ਇੱਕ ਨਵਾਂ ਸੱਭਿਆਚਾਰਕ ਰਿਸ਼ਤਾ ਕਾਇਮ ਕੀਤਾ ਹੈ। ਜਿਸ ਨੂੰ ਮਾਨਣ ਲਈ ਮਨੁੱਖ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

ਭਾਵੇਂ ਲੇਖਕ ਨੇ ਦੋ ਪਾਤਰਾਂ ਦੀ ਗੱਲ ਧਾਰਮਿਕ ਆਤਮਾਵਾਂ ਦੇ ਸੰਦਰਭ ਵਿੱਚ ਕਰਵਾਈ ਹੈ ਪਰ ਸੱਭਿਆਚਾਰ ਵਿੱਚ ਇੱਕ ਨਵੇਕਲੀ ਪਰਤ ਉਜਾਗਰ ਹੋਈ ਹੈ ਜਿਸ ਦੀ ਯਥਾਰਥੀ ਰੂਪ ਵਿੱਚ ਬਹੁਤ ਘੱਟ ਸੰਭਾਵਨਾ ਹੁੰਦੀ ਹੈ। ਸੁਹਾਸਿਨੀ ਅਤੇ ਗੁਰਬਚਨ ਸਿੰਘ ਦੋ ਪਾਤਰ ਹਨ ਜੋ ਇਕਾਂਤ ਭੋਗ ਰਹੇ ਹਨ ਉਹਨਾਂ ਦਾ ਇਕਾਂਤ ਭਰਨ ਲਈ ਧਾਰਮਿਕ ਕਦਰਾਂ-ਕੀਮਤਾਂ ਇੱਕ ਜ਼ਰੀਆ ਬਣਦੀਆਂ ਹਨ ,ਜੋ ਨਾਵਲ ਦਾ ਵਿਕਾਸ ਹੈ ਅਤੇ ਜੋ ਅੰਤ ਵਿੱਚ ਮਿਲਾਪ ਦੀ ਘੜੀ ਦੋਹਾ ਦਾ ਵਿਆਹ ਕਰਵਾ ਕੇ ਆਉਂਦੀ ਹੈ ਉਹ ਨਵੀਂ ਸੱਭਿਆਚਾਰਕ ਹੋਂਦ ਹੈ।

ਨਾਵਲ ਵਿਚ ਦੋ ਪਾਤਰ ਸੁਹਾਸਿਨੀ ਅਤੇ ਗੁਰਬਚਨ ਸਿੰਘ ਹਨ। ਸੁਹਾਸਿਨੀ ਕੱਟਕ, ਉੜੀਸਾ ਦੀ ਰਹਿਣ ਵਾਲੀ ਅਤੇ ਗੁਰਬਚਨ ਸਿੰਘ ਚੰਡੀਗੜ੍ਹ ਰਹਿੰਦਾ ਹੈ। ਦੋਵੇਂ ਵਿਦਵਾਨ ਵੀ ਹਨ, ਧਾਰਮਿਕ ਖਿਆਲਾਂ ਦੇ ਵੀ ਪਰ ਕੱਟੜ ਨਹੀਂ ਹਨ। ਸੁਹਾਸਿਨੀ ਦੀ ਆਤਮਾ ਭਗਤ ਜੈ ਦੇਵ ਦੀ ਰਚਨਾ ਗੀਤ ਗੋਬਿੰਦ ਵਿੱਚ ਰੁੱਝੀ ਹੋਈ ਹੈ ਅਤੇ ਗੁਰਬਚਨ ਸਿੰਘ ਦੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ। ਅਸਲ ਵਿੱਚ ਇਹਨਾਂ ਦੋਨਾਂ ਦੀ ਵਿਦਵਤਾ ਦਾ ਅਸਲ ਸ੍ਰੋਤ ਤਾਂ ਲੇਖਕ ਆਪ ਹੀ ਪ੍ਰਤੀਤ ਹੁੰਦਾ ਹੈ, ਜਿਸ ਨੂੰ ਗੂੜ-ਗਿਆਨ ਹੈ ਤੇ ਲੇਖਕ ਦਾ ਧਾਰਮਿਕ ਹੋਣਾ ਵੀ ਪ੍ਰਤੀਤ ਹੁੰਦਾ ਹੈ। ਜਿਸ ਵਿੱਚ ਇਹ ਦੋਨੇ ਪਾਤਰ ਨਿਕਲੇ ਹਨ,ਉਸ ਜੱਥੇ ਵਿੱਚ ਬਾਕੀ ਸਭ ਜੋੜੀਆਂ ਹੀ ਸਨ ਇਹਨਾਂ ਦੋਨਾਂ ਤੋਂ ਬਗੈਰ। ਸ਼ੁਰੂ ਵਿੱਚ ਤਾਂ ਦੋ ਪਾਸੀਂ ਝਾਕਾ ਹੀ ਸੀ ਦੋਨਾਂ ਵਿਚਕਾਰ ਪਰ ਸੁਹਾਸਿਨੀ ਨੂੰ ਇੱਕ ਅਜਬ ਜਿਹੀ ਖਿੱਚ ਗੁਰਬਚਨ ਲਈ ਪ੍ਰਤੀਤ ਹੋਈ ਜਿਸ ਨੂੰ ਉਹ ਬਹੁਤ ਚਿਰ ਸਾਂਭ ਨਾ ਸਕੀ ਤੇ ਮੌਕਾ ਮਿਲਦਿਆਂ ਹੀ ਉਸਨੇ ਗੁਰਬਚਨ ਸਿੰਘ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ।



ਸੁਹਾਸਿਨੀ ਜੋ ਭਾਸ਼ਾਵਾ ਦੀ ਵਿਦਵਤਾ ਰੱਖਦੀ ਤੇ ਸੀਨੀਅਰ ਪ੍ਰੋ. ਰਹੀ ਹੈ। ਦੂਜਾ ਪਾਤਰ ਗੁਰਬਚਨ ਸਿੰਘ ਜੋ ਕ੍ਰਿਸ਼ੀ ਮੰਤ੍ਰਾਲਯ ਦਾ ਸਲਾਹਕਾਰ ਰਿਹਾ ਹੈ, ਦੋਵੇਂ ਸੇਵਾ ਮੁਕਤ ਹੋ ਚੁੱਕੇ ਹਨ ਤੇ ਜ਼ਿੰਦਗੀ ਦੇ ਛੇਵੇਂ ਦਹਾਕੇ ਵਿੱਚ ਪੈਰ ਰੱਖ ਚੁੱਕੇ ਹਨ। ਸੁਹਾਸਿਨੀ ਦਾ ਆਪਣੇ ਪਤੀ ਤੋਂ ਤਲਾਕ ਹੋ ਚੁੱਕਿਆ ਹੈ ਅਤੇ ਗੁਰਬਚਨ ਸਿੰਘ ਦੀ ਪਤਨੀ ਮਰ ਚੁੱਕੀ ਹੈ। ਦੋਵੇਂ ਇਕੱਲਤਾ ਭਰੀ ਜ਼ਿੰਦਗੀ ਬਸਰ ਕਰ ਰਹੇ ਹਨ, ਉਪਰਾਮਤਾ ਦੀ ਧਾਰਨਾ ਕਰਕੇ ਦੋਹਾਂ ਨੇ ਭਗਵੇਂ ਕੱਪੜੇ ਧਾਰਨ ਕਰ ਲਏ ਹਨ। ਦੋਹਾਂ ਦਾ ਮੇਲ ਯਾਤਰਾ ਦੌਰਾਨ ਹੁੰਦਾ ਹੈ ਬਚਨ ਨਾਲ ਜਦੋਂ ਸੁਹਾਸਿਨੀ ਦੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਤਾਂ ਪਹਿਲਾਂ ਤਾਂ ਸੰਖੇਪ ਅਤੇ ਰਸਮੀ ਜਿਹੀ ਗੱਲਬਾਤ ਹੀ ਹੁੰਦੀ ਹੈ। ਸੁਹਾਸਿਨੀ ਬਚਨ ਸਿੰਘ ਦੀ ਬਿਰਤੀ ਤੋੜਦੀ ਹੋਈ ਉਸ ਕੋਲ ਬੈਠਣ ਦੀ ਇਜ਼ਾਜਤ ਮੰਗਦੀ ਹੈ ਪਰ ਬਚਨ ਸਿੰਘ ਨੇਤਰ ਖੋਲ੍ਹ ਕੇ ਕਹਿੰਦਾ ਹੈ ਜਦੋਂ ਬੈਠ ਹੀ ਗਈ ਤਾਂ ਬੈਠੋ। ਥੋੜੇ ਹੀ ਚਿਰ ਬਾਅਦ ਸੁਹਾਸਿਨੀ ਪੁੱਛਦੀ ਹੈ “ਸਾਧੂ ਜੀ ,ਕਿਆ ਕੋਈ ਬਚਨ ਬਿਲਾਸ ਕਰਨਾ ਸੰਭਵ ਹੈ?”

“ਯਿਹ ਸਾਧੂ ਵਾਲ ਭੇਸ ?” ਬਚਨ ਸਿੰਘ ਕਹਿੰਦਾ ਹੈ “ਇਹ ਨਿੱਜੀ ਮਾਮਲਾ ਹੈ ।”

ਪਰ ਫਿਰ ਇਕ ਦੂਜੇ ਦੀ ਵਿਦਵਤਾ ਦੋਹਾਂ ਵਿਚਾਲੇ ਨੇੜਤਾ ਕਾਇਮ ਕਰਨ ਲੱਗਦੀ ਹੈ। ਸੁਹਾਸਿਨੀ ਭਗਤ ਜੈ ਦੇਵ ਦੀ ਮੁਰੀਦ ਹੈ ਅਤੇ ਬਚਨ ਸਿੰਘ ਗੁਰੂ ਨਾਨਕ ਦਾ । ਦੋਨੋ ਧਾਰਮਿਕ ਪਾਸੇ ਵੱਲ ਲੱਗੇ ਹਨ। ਦੋਹਾਂ ਗ੍ਰੰਥਾਂ ਦੀਆਂ ਭਿੰਨ ਸ਼ੈਲੀਆਂ ਦਾ ਛਾਪਾ ਸੁਹਾਸਿਨੀ ਤੇ ਬਚਨ ਸਿੰਘ ਦੇ ਸੁਭਾਵਾਂ ਉਪਰ ਵੀ ਲੱਗਾ ਹੋਇਆ ਜਾਪਦਾ ਹੈ। ਇੱਕ ਵਾਰ ਸੁਹਾਸਿਨੀ ਨੇ ਬਚਨ ਸਿੰਘ ਨੂੰ ਸੁਝਾਉ ਦਿੱਤਾ:

“ਤੁਮ ਮੁਝੇ ਗੁਰੁ ਨਾਨਕ ਦੇ ਦੋ ਔਰ ਮੈਂ ਤੁਮਹੇਂ ਭਕਤ ਜਯਦੇਵ ਦੇ ਦੂੰਗੀ।”

ਅਖੀਰ ਯਾਤਰਾ ਦੋਰਾਨ ਦੋਨਾਂ ਵਿਚ ਸਾਂਝ ਵੱਧ ਜਾਂਦੀ ਹੈ ਕਿ ਦੋਵੇਂ ਯਾਤਰਾ ਦੀ ਸਮਾਪਤੀ ਤੇ ਇਸ ਵਾਹਦੇ ਨਾਲ ਵਿਛੜਦੇ ਹਨ ਕਿ ਇਕ ਦੂਜੇ ਨੂੰ ਚਿੱਠੀਆਂ ਪਾਉਂਦੇ ਰਹਿਣਗੇ। ਸੁਹਾਸਿਨੀ ਆਪਣੀਆਂ ਚਿੱਠੀਆਂ ਵਿੱਚ ਗੀਤ ਗੋਵਿੰਦ ਵਿੱਚੋਂ ਟੂਕਾਂ ਕੱਢ-ਕੱਢ ਕੇ ਨਾਲ ਹੀ ਉਨ੍ਹਾਂ ਦੀ ਵਿਆਖਿਆ ਲਿਖਦੀ ਤੇ ਨਾਲ ਹੀ ਆਪਣੇ ਮਨ ਦੀ ਅਵਸਥਾ ਦਾ ਜ਼ਿਕਰ ਖੁੱਲ੍ਹ ਕੇ ਕਰਦੀ। ਗੁਰਬਚਨ ਸਿੰਘ ਉਸੇ ਵਿਸ਼ੇ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਜਾਂ ਤੁਕਾਂ ਨਾਲ ਰਤਾ ਕੁ ਸਕੋਚਵੇਂ ਉੱਤਰ ਦਿੰਦਾ। ਪਰ ਅੰਦਰੋਂ ਸੁਹਾਸਿਨੀ ਲਈ ਖਿੱਚ ਪ੍ਰਤੀਤ ਕਰਨ ਲੱਗਾ ।

ਇਸ ਤਰ੍ਹਾਂ ਇਹ ਚਿੱਠੀਆਂ ਦਾ ਸਿਲਸਿਲਾ ਕਾਫੀ ਸਮਾਂ ਚਲਦਾ ਰਿਹਾ ਅਤੇ ਆਪਸੀ ਖਿੱਚ ਮੁੜ ਮੁਲਾਕਾਤਾਂ ਦਾ ਮੌਕਾ ਬਣ ਗਈ। ਹੌਲੀ-ਹੌਲੀ ਬਚਨ ਵੀ ਬਦਲ ਗਿਆ ਅਤੇ ਭਗਵਾਂ ਲਿਬਾਸ ਦੋਹਾਂ ਨੇ ਉਤਾਰ ਦਿੱਤਾ। ਦੋਵਾਂ ਨੂੰ ਆਪਣੀ ਇੱਕਲ ਵਿਚ ਇੱਕ ਰੰਗ ਭਰਿਆ ਮਹਿਸੂਸ ਹੋਇਆ ,ਅਤੇ ਦੋਵਾਂ ਨੇ ਸਾਂਝਾਂ ਗ੍ਰਸਤੀ ਜੀਵਨ ਬਸਰ ਕਰਨ ਦੀ ਥਾਣ ਲਈ।

ਉਧਰੋਂ ਦੋਹਾਂ ਧਿਰਾਂ ਦੇ ਬੱਚੇ ਵੀ ਹਨ-ਬਚਨ ਸਿੰਘ ਦਾ ਪੁੱਤਰ ਨੂੰਹ ਤੇ ਪੋਤਾ ਅਤੇ ਸੁਹਾਸਿਨੀ ਦੀ ਬੇਟੀ ਨੰਦਨੀ। ਨਾਵਲਕਾਰ ਕਹਿੰਦਾ ਹੈ ਬੱਚੇ ਉਨ੍ਹਾਂ ਦੇ ਇਰਾਦੇ ਨੂੰ ਨਾ ਕੇਵਲ ਪ੍ਰਵਾਨਗੀ ਹੀ ਦਿੰਦੇ ਹਨ, ਸਗੋਂ ਬੜੀ ਸੁਹਿਰਦਤਾ ਨਾਲ ਆਨੰਦ ਕਾਰਜ ਤੇ ਰੀਸੈਪਸ਼ਨ ਆਦਿ ਦਾ ਸਾਰਾ ਪ੍ਰਬੰਧ ਵੀ ਕਰਦੇ ਹਨ । ਪਰ ਮੇਰੀ ਜਾਚੇ ਦਿਸਦੇ ਸੱਭਿਆਚਾਰ ਸਮਾਜ ਵਿਚ ਇਹ ਹੋ ਨਹੀਂ ਸਕਦਾ ਕਿਉਂਕਿ ਕਿਹੜਾ ਪੁੱਤਰ ਨੂੰਹ ਚਹੁੰਦਾ ਹੈ ਕਿ ਸਾਡਾ ਕੋਈ ਸ਼ਰੀਕ ਪੈਦਾ ਹੋਵੇ ਤੇ ਪਿਉ ਦਾ ਵਿਆਹ ਕਰ ਦੇਣ । ਸੰਭਵ ਨਹੀਂ ਹੈ ਇਸ ਤਰ੍ਹਾਂ ਇਹ ਇੱਕ ਸਾਡੇ ਸੱਭਿਆਚਾਰ ਵਿੱਚ ਨਾਵਲਕਾਰ ਨਵਾਂ ਸੱਭਿਆਚਾਰ ਸਿਰਜਦਾ ਪ੍ਰਤੀਤ ਹੁੰਦਾ ਹੈ। ਅਣਦਿਸਦੇ ਸਮਾਜ ਪੰਜਾਬੀ ਸੱਭਿਆਚਾਰ ਵਿੱਚ ਤਾਂ ਭਾਵੇਂ ਇਹ ਗੱਲ ਵਾਪਰਦੀ ਹੋਵੇ ਪਰ ਅਜਿਹਾ ਹੁੰਦਾ ਮੈਂ ਕਦੇ ਨਹੀਂ ਦੇਖਿਆ ਕਿ ਬੱਚੇ ਮਾਂ-ਪਿਉ ਦਾ ਵਿਆਹ ਕਰਨ।

ਇਸ ਨਾਵਲ ਵਿੱਚ ਦੋ ਭਾਸ਼ਾਵਾਂ ਹਿੰਦੀ ਤੇ ਬਚਨ ਸਿੰਘ ਦੀ ਬੋਲੀ ਪੰਜਾਬੀ ਹੈ ਦਾ ਮੇਲ ਹੈ। ਕਿਤੇ


ਕਿਤੇ ਅੰਗਰੇਜ਼ੀ ਦੇ ਸ਼ਬਦ ਵੀ ਹਨ। ਜ਼ਿਆਦਾ ਪਾਤਰ ਨਹੀਂ ਹਨ ਸਗੋਂ ਦੋ ਪਾਤਰਾਂ ਸੁਹਾਸਿਨੀ ਤੇ ਬਚਨ ਸਿੰਘ ਵਿੱਚ ਵਾਰਤਾਲਾਪ ਹੁੰਦੀ ਹੈ। ਬਚਨ ਸਿੰਘ ਤਾਂ ਖੁਦ ਲੇਖਕ ਹੀ ਲੱਗਦਾ ਹੈ। ਪਰ ਥੋੜ੍ਹੀ ਬਹੁਤ ਗੱਲਬਾਤ ਸੁਹਾਸਿਨੀ ਦੀ ਵੀ ਹੋਈ ਹੈ। ਵਿਆਹ ਪਿੱਛੋਂ ਰਿਸੈਪਸ਼ਨ ਹੋਈ ਜਿਹ ਵਿੱਚ ਸੁਹਸਿਨੀ ਦਾ ਪਹਿਲਾ ਪਤੀ ਆ ਕੇ ਬਚਨ ਸਿੰਘ ਨੂੰ ਫੁੱਲਾਂ ਦਾ ਇੱਕ ਗੁਲਦਸਤਾ ਦਿੰਦਾ ਹੈ । ਉਹ ਕਹਿੰਦਾ ਹੈ- "ਸੁਹਾਸਿਨੀ ਏਕ ਐਸਾ ਸੁੰਦਰ ਫੂਲ ਹੈ ਜੋ ਮਰੀ ਬਗੀਆ ਮੇਂ ਨਾ ਖਿਲ ਸਕਾ। ਮੈਂ ਪਰਮਾਤਮਾ ਸੇ ਪ੍ਰਾਥਨਾ ਕਰਤਾ ਹੂੰ ਕਿ ਯਿਹ ਅਬ ਆਪਕੇ ਬਾਗ ਮੇਂ ਅਵੱਸ਼ ਖਿਲੇ ਔਰ ਆਪਕੋ ਸੁਗੰਧਿਤ ਕਰੇ,ਪ੍ਰਸੰਨ ਕਰੇ।"

ਨਾਵਲ ਦਾ ਇੱਕ ਹੋਰ ਲਕਸ਼ ਪਰਬਤ, ਵਾਦੀਆਂ, ਜੰਗਲਾਂ, ਝਰਨਿਆਂ, ਦਰਿਆਵਾਂ ਅਤੇ ਵਨਜੀਵਨ ਦਾ ਵਧੀਆ ਵਰਣਨ ਹੈ ਜੋ ਪ੍ਰਯਟਨ ਉਦਯੋਗ ਨੂੰ ਪ੍ਰਫੁੱਲਤ ਕਰਨ ਵਿਚ ਸਹਾਇਕ ਹੋ ਸਕਦਾ ਹੈ। ਡਾ. ਰਜਿੰਦਰ ਸਿੰਘ ਰੁਮਾਨੀਅਤ ਦਾ ਇੱਕ ਸੰਜੀਦਾ ਅਤੇ ਜ਼ਿੰਮੇਵਾਰ ਲੇਖਕ ਹੈ। ਉਸਦੇ ਕਲਾਮ ਵਿੱਚ ਉਹ ਇੰਦ੍ਰ ਧਨੁਸ਼ੀ ਰੰਗ ਝਿਲਮਿਲਾਉਂਦੇ ਹਨ ਜੋ ਪਾਠਕਾਂ ਦੀਆਂ ਪ੍ਰੇਮ ਸੰਵੇਦਨਾਵਾਂ, ਗੁੰਝਲਾਂ ਅਤੇ ਅਤ੍ਰਿਪਤ ਅਕਾਂਖਿਆਵਾ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਪ੍ਰਭਾਵਿਤ ਕਰਦੇ ਹਨ।

ਪਰ ਇਹ ਸਾਡੇ ਪੰਜਾਬੀ ਸਮਾਜ ਸੱਭਿਆਚਾਰ ਵਿੱਚ ਸੰਭਵ ਨਹੀਂ ਕਿ ਇਕ ਵਾਰ ਤੋੜ-ਵਿਛੋੜਾ ਕਰਨ ਮਗਰੋਂ ਅਜਿਹੇ ਪਤੀ ਨੂੰ ਤਾਂ ਮੱਥੇ ਲਾਉਣਾ ਵੀ ਕੋਈ ਚੰਗਾ ਨਹੀਂ ਸਮਝਦਾ ਪਰ ਨਾਵਲਕਾਰ ਨੇ ਸੱਭਿਆਚਾਰ ਬਦਲਾਵ ਦੀ ਏਥੇ ਪੇਸ਼ਕਾਸ਼ ਕੀਤੀ ਹੈ । ਹੋ ਸਕਦਾ ਹੈ ਕਿ ਇਹ ਬਦਲਾਵ ਆ ਜਾਵੇ ਪਰ ਅਜੇ ਨਹੀਂ ਆਇਆ। ਨਾਵਲਕਾਰ ਨੇ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਅਤੇ ਧਾਰਮਿਕ ਪੱਧਰ ਤੋਂ ਸਾਡੇ ਗਿਆਨ ਵਿੱਚ ਅਥਾਹ ਵਾਧਾ ਵੀ ਕੀਤਾ ਹੈ।(ਸੰਪਰਕ- ਮੋ:9855395161)

## ਨਰਿੰਦਰ ਕੌਰ ਦੀ ਗਲਪ ਦ੍ਰਿਸ਼ਟੀ 'ਆਈਨਾ' ਦੇ ਸੰਦਰਭ ਵਿਚ

**- ਸਿਮਰਜੀਤ ਕੌਰ**




ਨਰਿੰਦਰ ਕੌਰ ਛਾਬੜਾ ਦੇ ਹੁਣ ਤੱਕ ਸੱਤ ਕਹਾਣੀ ਸੰਗ੍ਰਹਿ ਛੱਪ ਚੁੱਕੇ ਹਨ ਜਿਨ੍ਹਾਂ ਵਿਚੋਂ 'ਆਇਨਾ' ਕਥਾ ਸੰਗ੍ਰਹਿ ਪੰਜਾਬੀ ਕਹਾਣੀ ਸਾਹਿਤ ਨੂੰ ਵਿਸ਼ੇਸ ਦੇਣ ਹੈ । ਔਰੰਗਾਬਾਦ(ਮਹਾਂਰਾਸ਼ਟਰ) ਦੀ ਵਸਨੀਕ ਇਸ ਲੇਖਿਕਾ ਨੂੰ ਰਵਾਇਤੀ ਵਿਸ਼ਿਆਂ ਤੋਂ ਹੱਟ ਕੇ ਸਮੇਂ ਦੇ ਸੰਦਰਭ ਅਨੁਸਾਰ ਲੇਖਨੀ ਸਦਕਾ ਅਨੇਕਾਂ ਪੁਰਸਕਾਰ ਪ੍ਰਾਪਤ ਹੋਏ ਹਨ । ਲੇਖਿਕਾ ਦੀ ਗਲਪ ਦ੍ਰਿਸ਼ਟੀ ਵਿਸ਼ੇਸ਼ ਸ਼੍ਰੇਣੀ ਜਾਂ ਖੇਤਰ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਤੱਕ ਹੀ ਸੀਮਤ ਨਹੀਂ ਸਗੋ ਰਾਸ਼ਟਰ ਪੱਧਰ ਉੱਤੇ ਫੈਲੀਆਂ ਸਮੂਹ ਖੇਤਰਾਂ ਦੀਆਂ ਸੂਖਮ ਤੇ ਸੰਵੇਦਨਸ਼ੀਲ ਹਕੀਕਤਾਂ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਕੇਂਦਰੀ ਵਿਸ਼ਿਆਂ ਵਜੋਂ ਸਮਕੌਣ ਉੱਤੇ ਰੱਖਦੀ ਹੈ ।

'ਆਈਨਾ' ਕਹਾਣੀ ਸੰਗ੍ਰਹਿ ਵਿਚ ਉਮਰ ਨਾਲ ਨਿਰ ਸੰਬੰਧਤ ਕਾਮ ਉਤੇਜਨਾਂ ਜਿਹਾ ਫਰਾਇਡ ਦਾ ਮਨੋਵਿਗਿਆਨਕ ਸਿਧਾਂਤ 'ਖੇਡ' ਕਹਾਣੀ ਵਿਚ ਉਲਝਣ ਪੈਦਾ ਕਰਦਾ ਕੇਂਦਰ ਬਿੰਦੂ ਵਜੋਂ ਰੱਖਿਆ ਹੈ । ਪੂੰਜੀਵਾਦੀ ਪਦਾਰਥਕ ਪ੍ਰਭਾਵ ਅਧੀਨ ਖ਼ੁਦਗਰਜ਼ੀ,



ਸੰਵੇਦਨਹੀਣਤਾ, ਮੌਕਾਪ੍ਰਸਤ ਜ਼ਿਹਨੀਅਤ ਜਿਹਾ ਵਰਤਾਰਾ 'ਰੋਹ' ਅਤੇ 'ਮਾਤਮ ਪੁਰਸ਼ੀ' ਕਹਾਣੀ ਵਿਚ ਉਭਰਿਆ ਹੈ ।

'ਮਾਤਮਪੁਰਸ਼ੀ' ਕਹਾਣੀ ਵਿਚ ਬਿਰਤਾਂਤ ਕਾਰ ਨੇ ਭਾਈਚਾਰਕ ਮਿਲਵਰਤਣ, ਲੋਕ ਹਿੱਤਾਂ ਦੀ ਭਾਵਨਾਂ,ਭਾਵਕ ਸਾਂਝ ਮਹਿਜ਼ ਇਕ ਦਿਖਾਵੇ ਭਰਪੂਰ ਅਡੰਬਰ ਦੇ ਰੂ 'ਚ ਪੇਸ਼ ਕੀਤਾ ਹੈ । ਕਹਾਣੀ ਵਿਚ ਮਾਤਮ ਉੱਤੇ ਆਏ ਰਿਸ਼ਤੇਦਾਰ ਪਾਤਰਾਂ ਦੀ ਆਪਸੀ ਗੱਲਬਾਤ ਤੇ ਹਰਕਤਾਂ ਰਾਹੀਂ ਸਮਾਜਕ ਫਰਜ਼ੀ ਵਰਤਾਰੇ ਦਾ ਵਿਅੰਗਾ ਆਤਮਕ ਸ਼ੈਲੀ ਦੁਆਰਾ ਖੁਲਾਸਾ ਕਰਨਾ ਇਕ ਸਫ਼ਲ ਯਤਨ ਹੈ ।

'ਰੋਹ' ਕਹਾਣੀ ਵਿਚ ਆਧੁਨਿਕ ਔਰਤ ਪਰਿਵਾਰਕ ਜ਼ਿੰਮੇਵਾਰੀ ਤੋਂ ਭਾਂਜਵਾਦੀ ਰਵੱਈਆ ਅਪਣਾਉਂਦੀ ਸੁਤੰਤਰਤਾ ਮਹਿਸੂਸਦੀ ਪੇਸ਼ ਹੋਈ ਹੈ । ਔਲਾਦ ਅਤੇ ਪਤੀ ਨੂੰ ਸਮਾਂ ਦੇਣ ਦੀ ਬਜਾਏ ਕੁੱਤਿਆਂ ਅਤੇ ਕਿੱਟੀ ਪਾਰਟੀਜ਼ ਵਿਚ ਰੁਝਾਣ ਰਖਦੀ ਦਵੰਦ ਰਹਿਤ ਸਹਿਜ ਜੀਵਨ ਜਿਉਂਦੀ ਹੈ । ਉਸਦਾ ਸਵੈ ਅਕਾਂਖਿਆਵਾਂ ਦੀ ਪੂਰਤੀ ਨੂੰ ਹੱਦੋਂ ਵੱਧ ਮਹੱਤਵ ਦੇਣਾ ਉਸ ਦੀ ਧੀ ਨੂੰ ਵਿਦਰੋਹੀ ਸੁਰ ਅਪਨਾਉਣ ਦਾ ਕਾਰਨ ਬਣਦਾ ਹੈ ।

'ਜੁਆਲਾ ਮੁਖੀ ਫੱਟ ਪਿਆ' ਵਿਚ ਪਾਤਰ ਨੂੰ ਪ੍ਰੰਪਰਾਵਾਦੀ ਨਿਰਾਸ਼ ਅਤੇ ਸ਼ਕਤੀਹੀਣ ਦੁਬਿਧਾਗ੍ਰਸਤ ਔਰਤ ਪੇਸ਼ ਕੀਤਾ ਹੈ ਜਿਹੜੀ ਆਪਣੇ ਵਿਅਕਤਿੱਤਵ ਦੀਆਂ ਉਣਤਾਈਆਂ ਕਰਕੇ ਸਮਾਜਿਕ ਵਧੀਕੀਆਂ ਦਾ ਸ਼ਿਕਾਰ ਹੁੰਦੀ ਸਰੀਰਿਕ ਤੇ ਮਾਨਸਿਕ ਤਸ਼ੱਦਦ ਸਹਿੰਦੀ ਹੈ । ਉਹ ਵਿਦਰੋਹੀ ਸੁਰ ਅਪਨਾਉਂਦੀ ਵੀ ਹੈ ਤਾਂ ਜਿਉਣ ਦੀ ਥਾਂ ਆਤਮ ਹੱਤਿਆ ਕਰਨ ਲਈ ।

'ਵਾਪਸੀ' ਕਹਾਣੀ ਵਿਚ ਭਾਰਤੀ ਪ੍ਰਸਾਸ਼ਨ ਚਾਲਕਾਂ ਦੀਆਂ ਸਵੈ ਹਿੱਤਾ ਦੀ ਪੂਰਤੀ ਸੰਪਨ ਜ਼ਿਹਨੀਅਤ ਸਹਿਤ ਬਦਨੀਤੀਆਂ ਦਾ ਪਾਜ ਖੁੱਲਿਆ ਹੈ, ਕਿਵੇਂ ਸੱਤਾਧਾਰੀ ਧਿਰਾਂ ਧਾਰਮਿਕ ਕੱਟੜ ਪੰਥੀਆਂ ਦੀ ਮਾਨਸਿਕਤਾ ਨੂੰ ਉਕਸਾ ਕੇ ਫਿਰਕਾ ਪ੍ਰਸਤੀ ਦੰਗੇ ਕਰਵਾਉਂਦੀਆਂ ਹਨ । ਇਸ ਫਿਰਕਾ ਪ੍ਰਸਤੀ ਅਰਾਜਕਤਾ ਅਧੀਨ ਅਵਾਮ ਭਿਅੰਕਰ ਹਲਾਤਾਂ ਵਿਚ ਘਿਰੀ ਦੁਰਗਤੀ ਅਤੇ ਦਿਸ਼ਾ ਹੀਣ ਹੋਈ ਕਰੁਣਾ ਮਈ ਪ੍ਰਸਥਿਤੀਆਂਵਿਚ ਜ਼ਿੰਦਗੀ ਜਿਉਂਦੀ ਪੇਸ਼ ਹੋਈ ਹੈ । ਕਹਾਣੀ ਵਿਚ ਮੁਖ ਪਾਤਰ ਮਨਜੀਤ ਮਾਲਕ ਤੋਂ ਸ਼ਰਨਾਰਥੀ ਬਣਕੇ ਪਰਿਵਾਰ ਸਮੇਤ ਹੀਣ ਭਾਵਨਾ ਤੇ ਬੇਗਾਨਗੀ ਦਾ ਸੰਤਾਪ ਆਰਥਿਕ ਮੰਦੀ ਹਾਲਤ ਵਜੋਂ ਭੋਗਦਾ ਹੈ ।

'ਕਰਫਿਊ' ਕਹਾਣੀ ਵਿਚ ਪਾਤਰ ਨੂੰ ਵਿਅਕਤੀਗੱਤ ਪੱਧਰ ਉੱਤੇ ਕਠੋਰ ਫਿਰਕਾ ਪ੍ਰਸਤ ਪ੍ਰਤੀਨਿਧ ਮਾਨਸਿਕਤਾ ਵਾਲੀ ਔਰਤ ਪੇਸ਼ ਕੀਤਾ ਹੈ ਜਿਹੜੀ ਭਵਿੱਖ ਵਿਚ ਰਾਸ਼ਟਰੀ ਵੱਡੇ ਪੱਧਰ ਉੱਤੇ ਸੰਭਾਵਿਤ ਘਟਨਾਵਾਂ ਦੀ ਉਤਪਤੀ ਦੇ ਕਾਰਨਾਂ ਲਈ ਅਰੋਪਿਤ ਭਾਂਪਦੀ ਹੈ । ਤੁਲਨਾਤਮਕ 'ਵਾਪਸੀ' ਕਹਾਣੀ ਵਿਚ ਰਾਣੀ ਮਰਦਾਂ ਨਾਲੋਂ ਵਧੇਰੇ ਧਰਮ ਨਿਰਪੱਖ ਅਤੇ ਸਾਂਤਮਈ ਰਾਸ਼ਟਰਵਾਦੀ ਸੋਚ ਅਪਣਾਉਂਦੀ ਹੈ ।

'ਮੁਆਵਜ਼ਾਂ' ਕਹਾਣੀ ਵਿਚ ਔਰਤ ਦਾ ਖ਼ੁਦਗਰਜ਼ ਤੇ ਲਾਲਚੀ ਸੁਭਾਅ ਸਮੂਹ ਪਰਿਵਾਰ ਲਈ ਸੰਕਟ ਪੈਦਾ ਕਰਦਾ ਹੈ । 'ਮਨਜ਼ੂਰੀ' ਕਹਾਣੀ ਦੇ ਬਿਰਤਾਂਤ ਵਿਚ ਔਰਤ ਦਾ ਦੁਖਾਂਤ ਉਸਦੇ ਵਿਧਵਾ ਹੋਣ ਉਪਰੰਤ ਸਮਾਜਕ ਵਿਭਿੰਨ ਸਰੋਕਾਰਾ ਵਿਚ ਅਸਤਿੱਤਵ ਦੀ ਹੋਂਦ ਦੇ ਖਿੰਡਰਨ ਤੇ ਮਾਨਸਿਕ ਸੰਤਾਪ ਭੋਗਣ ਵਿਚ ਦਰਸਾਇਆ ਹੈ । ਇਸ ਤਰਾਂ ਨਰਿੰਦਰ ਕੌਰ ਛਾਬੜਾ ਦੀ ਗਲਪ ਦ੍ਰਿਸ਼ਟੀ ਵਿਸ਼ੇਸ਼ ਵਿਸ਼ੈ ਤੱਕ ਸੀਮਿਤ ਨਾ ਰਹਿ ਕੇ ਬਹੁਪਰਤੀ ਬਹੁਪਸਾਰੀ, ਗਹਿਰ ਗੰਭੀਰ ਹੋ ਨਿਬੜਦੀ ਹੈ । ਮਧਵਰਗੀ ਦੋਵਾਂ ਪਰਵਰਗਾਂ ਦੇ ਪਾਤਰਾਂ ਨੂੰ ਸਾਧਾਰਨ ਮਨੁੱਖ ਹੋਣ ਸਦਕਾ ਵਿਸ਼ੇਸ਼ ਖੇਤਰਾਂ ਦੀਆਂ ਕੂਟਨੀਤਕ ਸ਼ਕਤੀਆਂ ਦੇ ਦਬਾਅ ਕਾਰਨ ਦੁਖਾਂਤ ਭੋਗਣਾ ਲਾਜ਼ਮੀ ਨਿਸ਼ਚਤ ਨਹੀਂਕਰਦੀ ਸਗੋਂ ਮੁਕਾਬਲਾ ਕਰਨ ਲਈ ਪਾਠਕਾਂ ਨੂੰ ਪ੍ਰੇਰਦੀ ਹੈ । ਬਿਰਤਾਂਤ ਨਾ ਹੀ ਉਲਾਰੂ ਤੇ ਨਾ ਹੀ ਉਤਸੁਕਤਾ ਹੀਣ ਹਨ । *ééééé1111111111111

## ਹੁੰਗਾਰਾ

### ਸਭਾਵਾਂ ਦੇ ਅੰਦਰ ਇਸ ਤਰ੍ਹਾਂ ਦੀ ਕੁੜੱਤਣ ਤੇ ਖਿੱਚੋਤਾਣ ਹੋਵੇ ਤਾਂ ਫੇਰ ਸਾਹਿਤ ਦਾ ਰੱਬ ਹੀ ਰਾਖਾ

'ਕਹਾਣੀ ਧਾਰਾ' ਅੰਕ 38, ਗਦਰੀ ਬਾਬਿਆਂ ਦੇ ਮੇਲੇ ਤੋਂ ਹਾਸਲ ਹੋਇਆ। ਭਗਵੰਤ ਰਸੂਲਪੁਰੀ ਵੱਲੋਂ ਲਿਖੀ ਸੰਪਾਦਕੀ ਵਿੱਚ 'ਟਰਾਂਟੋ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ' ਦੇ ਮਾਧਿਅਮ ਰਾਹੀਂ ਪੰਜਾਬੀ ਭਾਸ਼ਾ, ਸਾਹਿਤ ਤੇ ਇਸ ਸਬੰਧ 'ਚ ਹੋਣ ਵਾਲੀਆਂ ਦੇਸੀ ਤੇ ਵਿਦੇਸ਼ੀ ਗਤੀਵਿਧੀਆਂ ਬਾਰੇ ਸਹਿਜ ਤੇ ਭਾਵਪੂਰਤ ਜਾਣਕਾਰੀ ਮਿਲੀ। ਪਰਮਜੀਤ ਮਾਨ, ਸੁਰਜੀਤ ਜੱਜ, ਪ੍ਰੀਤ ਨੀਤਪੁਰ, ਗੁਰਪ੍ਰੀਤ ਸਹਿਜੀ ਤੇ ਚਰਨਜੀਤ ਪੰਨੂ ਦੀਆਂ ਕਹਾਣੀਆਂ ਚੰਗੀਆਂ ਲੱਗੀਆਂ। ਸਹਿਜੀ ਦੀ ਕਹਾਣੀ ਦੇ ਪਾਤਰਾਂ ਦੀ ਭਾਸ਼ਾ ਸਮਝਣ ਲਈ ਕਾਫੀ ਜੱਦੋ ਜਹਿਦ ਕਰਨੀ ਪਈ ਤੇ ਕੁਝ ਸਫਲਤਾ ਵੀ ਮਿਲੀ। 'ਮੁਲਾਕਾਤ' ਵਿੱਚ ਭਗਵੰਤ ਰਸੂਲਪੁਰੀ ਵੱਲੋਂ ਡਾ. ਬਲਦੇਵ ਬੱਦਨ ਨਾਲ ਕੀਤੀ ਗੱਲਬਾਤ ਨੇ ਝੰਜੋੜ ਦਿੱਤਾ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਅਤੇ ਭਾਪਾ ਪ੍ਰੀਤਮ ਸਿੰਘ ਨੂੰ ਆਪਣੇ ਸਾਹਿਤਕ ਗੁਰੂ, ਗੁਰਦੇਵ ਸਿੰਘ ਰੁਪਾਣਾ ਦੀ ਮਾਰਫਤ ਜਾਣਦਾ ਹਾਂ। ਉਹ ਅਕਸਰ ਦਿੱਲੀ ਦੇ ਸਾਹਿਤਕ ਹਲਕਿਆਂ ਦੀਆਂ ਗੱਲਾਂ ਕਰਦੇ ਇਨ੍ਹਾਂ ਦਾ ਵੀ ਜ਼ਿਕਰ ਕਰਦੇ ਸਨ। ਗੁਲਜ਼ਾਰ ਸਿੰਘ ਸੰਧੂ ਹੋਰਾਂ ਦਾ ਇਸ ਸਭਾ ਨਾਲ ਜੁੜਿਆਂ ਹੋਣਾ ਵੀ ਮੇਰੇ ਲਈ ਸਭਾ ਦੇ ਸਤਿਕਾਰ ਦਾ ਕਾਰਣ ਹੈ। ਇਕ ਵਾਰ ਸੰਧੂ ਸਾਹਿਬ ਰੁਪਾਣਾ ਆਏ ਤੇ ਉਸਤੋਂ ਬਾਅਦ ਉਹ ਮੁਕਤਸਰ ਲਾਗਲੇ ਇਕ ਪਿੰਡ 'ਚ ਸਭਾ ਦੀ ਲਾਇਬ੍ਰੇਰੀ ਵੇਖਣ ਵੀ ਗਏ। ਮੈਨੂੰ ਚੰਗਾ ਲੱਗਿਆ। ਡਾ. ਬੱਦਨ ਨੂੰ ਮੈਂ ਨਿੱਜੀ ਤੌਰ 'ਤੇ ਫਰੀਦਕੋਟ, ਮੋਗਾ ਤੇ ਬਠਿੰਡਾ ਵਿਖੇ ਲੱਗੇ ਪੁਸਤਕ ਮੇਲਿਆਂ ਦੌਰਾਨ ਮਿਲਿਆਂ ਹਾਂ। ਜਦੋਂ ਉਹ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਨਿਰਦੇਸ਼ਕ ਬਣੇ ਤਾਂ ਉਨ੍ਹਾਂ ਮੈਨੂੰ ਵੀ ਸਾਹਿਤਕ ਰਚਨਾਵਾਂ ਭੇਜਣ ਲਈ ਕਿਹਾ ਸੀ। ਇਸੇ ਦੌਰਾਨ ਉਨ੍ਹਾਂ ਇਕ ਕਹਾਣੀਆਂ ਦੀ ਪੁਸਤਕ ਸੰਪਾਦਿਤ ਕੀਤੀ ਜਿਸ 'ਚ ਮੇਰੀ ਇਕ ਕਹਾਣੀ ਵੀ ਸ਼ਾਮਲ ਕੀਤੀ। ਮੈਨੂੰ ਸਭਾ ਦੇ ਮੈਗਜ਼ੀਨ ਵੀ ਭੇਜੇ। ਪਰ ਹੁਣ ਜਦੋਂ ਮੈਂ ਸਭਾ ਦੇ ਅੰਦਰਲੇ ਹੀਜ ਪਿਆਜ ਬਾਰੇ ਜੋ ਕੁਝ ਡਾ. ਬੱਦਨ ਦੇ ਮੂੰਹੋਂ ਸੁਣਿਆ ਉਸਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ। ਸਾਡੇ ਵਰਗੇ ਉਭਰਦੇ ਲੇਖਕਾਂ ਲਈ ਇਹੋ ਜਿਹੀਆਂ ਸਾਹਿਤ ਸਭਾਵਾਂ ਬਹੁਤ ਅਹਿਮ ਸਥਾਨ ਰੱਖਦੀਆਂ ਹਨ। ਪਰ ਜੇ ਸਭਾਵਾਂ ਦੇ ਅੰਦਰ ਇਸ ਤਰ੍ਹਾਂ ਦੀ ਕੁੜੱਤਣ ਤੇ ਖਿੱਚੋਤਾਣ ਹੋਵੇ ਤਾਂ ਫੇਰ ਸਾਹਿਤ ਦਾ ਰੱਬ ਹੀ ਰਾਖਾ। ਮੈਂ ਦੁਆ ਕਰਦਾ ਹਾਂ ਕਿ ਇਹ ਨਾਮਵਰ ਸਾਹਿਤ ਸਭਾ ਸਾਹਿਤ ਦੇ ਪਾਸਾਰਾ ਤੇ ਉਭਾਰ ਲਈ ਯਤਨਸ਼ੀਲ ਰਹੇ ਅਤੇ ਸੀਨੀਅਰ ਲੇਖਕ ਮੂਹਰੇ ਆ ਕੇ ਇਸਦੀਆਂ ਸਮੱਸਿਆਵਾਂ ਦਾ ਹੱਲ ਕਰਨ। **- ਗੁਰਸੇਵਕ ਸਿੰਘ ਪ੍ਰੀਤ**, ਸ੍ਰੀ ਮੁਕਤਸਰ ਸਾਹਿਬ

### ਪੰਜਾਬੀ ਸਾਹਿਤ ਸਭਾ ਦਿੱਲੀ ਵਲੋਂ ਜੋ ਘਟੀਆਂ ਵਿਹਾਰ ਉਨ੍ਹਾਂ ਬੱਧਨ ਨਾਲ ਕੀਤਾ ਗਿਆ ਉਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਘੱਟ ਹੈ

'ਕਹਾਣੀ ਧਾਰਾ' ਅੰਕ 38 ਪੜ੍ਹਿਆ ਟਰਾਂਟੋ ਦੀ ਵਿਸ਼ਵ ਪੰਜਾਬੀ ਕਾਂਨਫਰੰਸ ਬਾਰੇ ਵਿਸਤ੍ਰਿਤ ਜਾਣਕਾਰੀ ਮਿਲੀ। ਪੰਜਾਬੀ ਦੀ ਵਿਸ਼ਵ ਪੱਧਰ 'ਤੇ ਪਛਾਣ ਬਣੀ। ਦੁਨੀਆਂ ਭਰ ਵਿਚ ਪੰਜਾਬੀ ਨਾਲ ਜੁੜੇ ਮਸਲੇ ਵਿਚਾਰੇ ਗਏ। ਕਹਾਣੀ 'ਮਾੜਾ ਸੁਪਨਾ' , 'ਬਦਲਦੇ ਰਿਸ਼ਤਿਆਂ ਦੇ ਸਮੀਕਰਨ' ਕਥਾ ਦ੍ਰਿਸ਼ਟੀ ਤੋਂ ਚੰਗੀਆਂ ਰਚਨਾਵਾਂ ਹਨ। ਮਨੁੱਖੀ ਮਾਨਸਿਕਤਾ ਦੀ ਤਰਜਮਾਨੀ ਕਰਨ ਵਾਲੀ ਡਾ. ਬਲਦੇਵ ਸਿੰਘ ਬੱਧਨ ਦੀ ਮੁਲਾਕਾਤ ਪੜ੍ਹੀ ਹੈਰਾਨੀ ਹੋਈ ਪੰਜਾਬੀ ਸਾਹਿਤ ਸਭਾ ਦਿੱਲੀ ਵਲੋਂ ਜੋ ਘਟੀਆਂ ਵਿਹਾਰ ਉਨ੍ਹਾਂ ਨਾਲ ਕੀਤਾ ਗਿਆ ਉਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਘੱਟ ਹੈ। ਡਾ. 'ਬੱਦਨ' ਜਿਹੇ



ਬੁੱਧੀਮਾਨ ਲੇਖਕ ਨੂੰ ਪੰਜਾਬੀ ਸਾਹਿਤ ਸਭਾ ਵਿਚੋਂ ਇਸ ਕਦਰ ਫਾਰਗ ਕਰਨਾ ਇਸ ਸੰਸਥਾ ਵਿਚ ਚਲਦੀ ਤਾਨਾਸ਼ਾਹੀ ਦਾ ਮੂੰਹ ਬੋਲਦਾ ਸਬੂਤ ਹੈ। ਡਾ. ਬੱਦਨ ਨੇ ਇਸ ਦਾ ਵਿਰੋਧ ਕੀਤਾ ਜੋ ਕਿ ਸਹੀ ਹੈ ਆਖਰ ਬੰਦੇ ਦੀ ਜ਼ਮੀਰ ਕਿੰਨਾ ਕੁ ਚਿਰ ਵਧੀਕੀਆਂ ਸਹਿ ਸਕਦੀ ਹੈ। ਅਣਖ ਵਾਲਾ ਬੰਦਾ ਇਹੋ ਜਿਹੇ ਘੁਟਨ ਵਿਚ ਕੰਮ ਨਹੀਂ ਕਰ ਸਕਦਾ। ਮੁਲਾਕਾਤ ਨਾਲ ਵਾਊਚਰਾ ਦੀਆਂ ਤਸਵੀਰਾਂ ਸਭਾ ਵਲੋਂ ਕੀਤੀ ਵਧੀਕੀ ਦਾ ਸਪਸ਼ਟ ਪਰਮਾਣ ਹੈ। ਮੈਂ ਡਾ. ਬੱਦਨ ਜੀ ਨੂੰ ਤਾਨਾਸ਼ਾਹੀ ਦਾ ਮੁਕਾਬਲਾ ਕਰਨ ਦੀ ਵਧਾਈ ਦਿੰਦਾ ਹਾਂ। ਤੇ ਉਨਾਂ ਦੇ ਵਿਚਾਰ ਦੀ ਕਦਰ ਕਰਦਾ ਇਹ ਖ਼ਤ ਲਿਖ ਰਿਹਾ ਹਾਂ।

**-ਪ੍ਰਿੰ. ਗੁਰਮੀਤ ਸਿੰਘ ਫ਼ਾਜਿਲਕਾ** (ਰਿਟਾਰਡ)

### ਦਰਸ਼ਨ ਸਿੰਘ ਵਲੋਂ ਡਾ. ਬੱਧਨ ਸਾਹਿਬ ਦੀ ਜਾਤ ਪੁੱਛਣੀ, ਪੜ੍ਹ ਕੇ ਮਨ ਨੂੰ ਬਹੁਤ ਧੱਕਾ ਲੱਗਾ। 86 ਸਾਲ ਦੀ ਉਮਰ ਵਿਚ ਇਹ ਇਨਸਾਨ ਕਿੰਨੀ ਬੌਧਿਕ ਗਰੀਬੀ ਹੰਢਾ ਰਿਹਾ ਹੈ

'ਕਹਾਣੀ ਧਾਰਾ' ਦਾ ਜੁਲਾਈ-ਸਤੰਬਰ, 2015 ਅੰਕ ਪ੍ਰਾਪਤ ਹੋਇਆ। ਤੁਸੀਂ ਪਰਚੇ ਦਾ ਪਹਿਲਾ ਵਾਂਗ ਮਿਆਰ ਬਰਕਰਾਰ ਰੱਖਿਆ ਹੈ। ਗੁਰਪ੍ਰੀਤ ਸਹਿਜੀ ਦੀ ਕਹਾਣੀ ਨੇ ਰੂਹ ਨੂੰ ਕੰਬਣੀ ਜਿਹੀ ਛੇੜ ਦਿੱਤੀ। ਕਹਾਣੀ ਆਖੀਰ 'ਚ ਆ ਕੇ ਕਿਸ ਤਰ੍ਹਾਂ ਮੋੜ ਕੱਟਦੀ ਹੈ। ਤਿੰਨ ਮਿੰਟ ਲਈ ਦਿਮਾਗ਼ ਸੁੰਨ ਹੀ ਰਿਹਾ। ਪ੍ਰੀਤ ਨੀਤਪੁਰ ਦੀ ਕਹਾਣੀ 'ਬਦਲਦੇ ਰਿਸ਼ਤਿਆਂ ਦੇ ਸਮੀਕਰਣ' ਦਾ ਵਿਸ਼ਾ ਵੀ ਸੁਭਾਵਿਕ ਹੀ ਗੁਰਪ੍ਰੀਤ ਸਹਿਜੀ ਦੀ ਕਹਾਣੀ ਨਾਲ ਮੇਲ ਖਾ ਗਿਆ। ਪ੍ਰੀਤ ਨੀਤਪੁਰ ਮਾਹਿਲਪੁਰ ਇਲਾਕੇ ਦਾ ਹੋਣਹਾਰ ਸਮਰੱਥ ਕਹਾਣੀਕਾਰ ਹੈ।

ਬਾਕੀ ਡਾ. ਬਲਦੇਵ ਸਿੰਘ 'ਬੱਧਨ' ਨਾਲ ਤੁਹਾਡੀ ਮੁਲਾਕਾਤ ਪੜ੍ਹ ਕੇ ਮਨ ਨੂੰ ਬੜਾ ਸਦਮਾ ਜਿਹਾ ਲੱਗਾ। ਸਰਕਾਰੀ ਅਦਾਰਿਆ 'ਚ ਤਾਂ ਧਾਂਦਲੀਆਂ ਭ੍ਰਿਸਟਾਚਾਰ ਬੇਨਿਯਮੀਆਂ ਸੁਣੀਆਂ ਸਨ ਪਰ ਪੰਜਾਬੀ ਸਾਹਿਤ ਸਭਾ ਦਿੱਲੀ ਜਿਸਦੇ ਬਾਨੀ ਭਾਪਾ ਪ੍ਰੀਤਮ ਸਿੰਘ ਵਰਗੀ ਪੂਜਣਯੋਗ ਸ਼ਖ਼ਸ਼ੀਅਤ ਹੋਵੇ। ਉਨ੍ਹਾਂ ਦੇ ਵਾਰਿਸਾਂ ਵਲੋਂ ਇਸ ਤਰ੍ਹਾਂ ਧੱਕੇਸ਼ਾਹੀ, ਲੁੱਟਖਸੁੱਟ ਕੀਤੀ ਜਾ ਰਹੀ ਹੈ ਪੜ੍ਹ ਕੇ ਕਈ ਦਿਨ ਮਨ ਬੇਚੈਨ ਜਿਹਾ ਰਿਹਾ। ਡਾ ਬਲਦੇਵ ਸਿੰਘ 'ਬੱਧਨ' ਨਾਲ 21 ਸਾਲ ਪਹਿਲਾਂ ਮੇਰੀਆਂ ਇਕ ਜਾਂ ਦੋ ਮੁਲਾਕਾਤਾਂ ਹੋਈਆਂ ਸਨ। ਪਰ ਹੁਣ ਤਕ ਮੇਰਾ ਉਨ੍ਹਾਂ ਨਾਲ ਕੋਈ ਰਾਬਤਾ ਨਹੀਂ ਬਣ ਸਕਿਆ। ਪਰ ਉਨ੍ਹਾਂ ਦੀਆਂ ਸਾਹਿਤਕ ਸਰਗਰਮੀਆਂ ਸਾਰੀਆਂ ਹੀ ਮੀਡੀਏ ਰਾਹੀਂ ਮੇਰੇ ਪਾਸ ਪੁੱਜਦੀਆਂ ਰਹੀਆਂ। ਉਹ ਬਹੁਤ ਹੀ ਇਮਾਨਦਾਰ ਮਿਹਨਤੀ, ਸੁਹਿਰਦ ਅਤੇ ਹਠਧਰਮੀ ਇਨਸਾਨ ਹਨ। ਨੈਸ਼ਨਲ ਬੁਕ ਟਰੱਸਟ ਰਾਹੀ ਉਨ੍ਹਾਂ ਦੁਨੀਆਂ ਭਰ ਦਾ ਸਾਹਿਤ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਪੰਜਾਬੀ ਪਾਠਕਾਂ ਅੱਗੇ ਪਰੋਸਿਆ। ਉਨ੍ਹਾਂ ਨਿੱਜੀ ਤੌਰ ਤੇ ਵੀ ਕਈ ਸਾਹਿਤਕ ਪ੍ਰੋਜੈਕਟ ਨੇਪਰੇ ਚਾੜ੍ਹੇ। ਇਸ ਤੋਂ ਇਲਾਵਾ ਨਿੱਜੀ ਤੌਰ ਤੇ ਦੂਸਰਿਆਂ ਦੀ ਮਦਦ ਕਰਨ ਨਾਲ ਉਹ ਅੰਦਰੋਂ ਖੁਸ਼ੀ ਮਹਿਸੂਸ ਕਰਦੇ ਹਨ। ਇਕ ਘਟੀਆ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਪੰਜਾਬੀ ਸਾਹਿਤ ਸਭਾ ਦਿੱਲੀ ਵਿਚੋਂ ਨਿਰਦੇਸ਼ਕ ਦੇ ਰੂਪ ਵਿਚੋਂ ਅਸਤੀਫਾ ਦੇਣ ਲਈ ਮਜ਼ਬੂਰ ਕਰਨਾ ਅੱਤ ਦੀ ਨਿੰਦਣਯੋਗ ਕਾਰਵਾਈ ਹੈ।

ਸਰਦਾਰ ਦਰਸ਼ਨ ਸਿੰਘ ਵਲੋਂ ਡਾ. ਬੱਧਨ ਸਾਹਿਬ ਦੀ ਜਾਤ ਪੁੱਛਣੀ, ਪੜ੍ਹ ਕੇ ਮਨ ਨੂੰ ਬਹੁਤ ਧੱਕਾ ਲੱਗਾ। 86 ਸਾਲ ਦੀ ਉਮਰ ਵਿਚ ਇਹ ਇਨਸਾਨ ਕਿੰਨੀ ਬੌਧਿਕ ਗਰੀਬੀ ਹੰਢਾ ਰਿਹਾ ਹੈ। ਅਜਿਹੇ ਲੋਕਾਂ ਨੂੰ ਸਾਹਿਤਕਾਰ ਕਹਿਣਾ ਕੀ ਸਾਹਿਤ ਸ਼ਬਦ ਦੀ ਤੌਹੀਨ ਨਹੀਂ?

ਬਲਦੇਵ ਸਿੰਘ 'ਬੱਧਨ' ਦਾ ਇਹ ਕਥਨ ਵੀ ਠੀਕ ਹੈ ਕਿ ਸਭਾ ਵਿਚ ਗੈਰ ਲੇਖਕਾਂ ਦਾ ਬੋਲਬਾਲਾ ਹੈ। ਇਹ ਦੁਖਾਂਤ ਤਾਂ ਪੰਜਾਬੀ ਸਾਹਿਤ ਨੂੰ ਦੇਸ਼ ਵਿਚ ਹੀ ਨਹੀਂ ਪ੍ਰਦੇਸ਼ਾਂ ਵਿਚ ਵੀ ਦਰਪੇਸ਼ ਹੈ। ਸਹਿਤ ਸਭਾ ਦਾ ਪ੍ਰਧਾਨ ਅਤੇ ਜਨਰਲ ਸਕੱਤਰ 95 ਫੀਸਦੀ ਅਲੇਖਕ ਹੋਣਗੇ। ਉਹ ਸਾਹਿਤਕਾਰ ਘੱਟ ਸਿਆਸਤਦਾਨ ਜ਼ਿਆਦਾ ਹੁੰਦੇ ਹਨ। ਸਾਹਿਤ ਦੀਆਂ ਸਰਗਰਮੀਆਂ ਰਾਹੀ ਉਹ ਅਫ਼ਸਰਾਂ, ਵਿਧਾਇਕਾ ਮੰਤਰੀਆਂ ਨਾਲ ਸਬੰਧ ਕਾਇਮ ਕਰਨੇ ਹੀ ਉਨ੍ਹਾਂ ਦਾ ਆਦੇਸ਼ ਹੁੰਦਾ ਹੈ। **-ਅੰਮ੍ਰਿਤ ਦੀਵਾਨਾ**, ਸਰੀ, ਬੀ. ਸੀ., ਕੇਨੈਡਾ।

## ਹੈਰਾਨੀ ਹੁੰਦੀ ਹੈ ਕਿ ਸਾਹਿਤ ਤੇ ਸਭਿਆਚਾਰ ਦੀ ਆੜ 'ਚ ਸਾਹਿਤ ਪ੍ਰੇਮੀਆਂ ਤੇ ਪੰਜਾਬੀ ਜਗਤ ਨੂੰ ਕਿਵੇਂ 'ਮੂਰਖ' ਬਣਾਇਆ ਜਾ ਰਿਹਾ ਹੈ

'ਕਹਾਣੀ ਧਾਰਾ ਦੇ 28 ਵੇਂ ਅੰਕ ਵਿਚ ਡਾ. ਬਲਦੇਵ ਸਿੰਘ ਬੱਧਨ ਦੀ ਮੁਲਾਕਤ ਪੜ੍ਹ ਕੇ ਸਿਰਫ ਹੈਰਾਨੀ ਜਾਂ ਅਫਸੋਸ ਹੀ ਨਹੀਂ ਹੋਇਆ। ਸਗੋਂ ਮਨ ਨੂੰ ਡਾਹਢੀ ਠੇਸ ਪਹੁੰਚੀ। ਕਿ ਸਾਹਿਤ ਸਭਾਵਾਂ / ਸੰਸਥਾਵਾਂ ਵਿਚ ਵੀ ਅਜਿਹੀਆਂ ਘਨੌਣੀਆਂ ਹਰਕਤਾਂ / ਹੇਰਾਫੇਰੀਆਂ ਹੁੰਦੀਆਂ। ਜਿਨ੍ਹਾਂ ਦੀ ਵਾਗਡੋਰ ਲੇਖਕਾਂ / ਬੁੱਧੀਜੀਵੀਆਂ ਦੇ ਹੱਥ ਵਿਚ ਹੁੰਦੀ ਹੈ। ਲੇਖਕ, ਜਿਹੜਾ ਕਿ ਸਮਾਜ ਲਈ ਰਾਹ ਦਸੇਰਾ ਹੁੰਦੈ। ਪ੍ਰੇਰਣਾ ਸਰੋਤ ਹੁੰਦੈ। ਸੱਚ ਦਾ ਮੁਦੱਈ ਹੁੰਦੈ...। ਪਰ ਜੋ ਕੁੱਝ ਪੰਜਾਬੀ ਸਾਹਿਤ ਸਭਾ ਦਿੱਲੀ 'ਤੇ ਕਾਬਜ਼ ਲੋਕ / ਲੇਖਕ ਸਭ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਆਪ-ਹੁਦਰੀਆਂ ਕਰ ਰਹੇ ਹਨ ਅਜਿਹਾ ਕੁੱਝ ਤਾਂ 'ਰਾਜਨੀਤਕ ਲੋਕ' ਵੀ ਨਹੀਂ ਕਰਦੇ।

ਇਹ ਪੜ੍ਹ ਕੇ ਬਹੁਤੀ ਹੈਰਾਨੀ ਹੋਈ ਕਿ ਸਾਹਿਤ ਸਭਾ (ਦਿੱਲੀ) ਦੇ ਬਹੁ ਗਿਣਤੀ ਮੈਂਬਰਾਂ ਦਾ 'ਲੇਖਕ' ਹੋਣਾ ਤਾਂ ਦੂਰ ਦੀ ਗੱਲ ਆ, ਸਗੋਂ ਉਨ੍ਹਾਂ ਦਾ 'ਪੰਜਾਬੀ' ਨਾਲ ਵੀ ਕੋਈ 'ਸਰੋਕਾਰ' ਨਹੀਂ। ਖੁਦ ਰੇਣੁਕਾ ਸਿੰਘ ਨਾ ਪੰਜਾਬੀ ਲਿਖਦੀ ਹੈ ਨਾ ਪੜ੍ਹਦੀ ਹੈ। ਪਰ ਹੱਥਲੀ ਮੁਲਾਕਾਤ ਪੜ੍ਹ ਕੇ ਪਤਾ ਲੱਗਦੈ ਕਿ ਸਭਾ 'ਚ ਉਸੇ ਦੀ ਤੂਤੀ ਬੋਲਦੀ ਹੈ। ਇੱਕੀ ਕਰੇ, ਇਕੱਤੀ ਕਰੇ, ਕੋਈ ਪੁੱਛਣ ਆਲਾ ਨਹੀਂ। ਜਿਹਨੂੰ ਮਰਜ਼ੀ ਰੱਖੇ, ਜਿਹਨੂੰ ਮਰਜ਼ੀ ਜ਼ਲੀਲ ਕਰਕੇ ਕੱਢੇ। ਦਰਸ਼ਨ ਸਿੰਘ ਦੇ ਕਥਨ ਅਨੁਸਾਰ ਸਭਾ 'ਚ ਕਿਸੇ ਵੀ ਮੈਂਬਰ ਦੀ 'ਸੇਅ' ਨਹੀਂ।

ਸਭਾ ਦੇ ਪੈਸੇ / ਫੰਡਾਂ ਦੀ ਕਿਵੇਂ ਦੁਰਵਰਤੋਂ ਕੀਤੀ ਜਾਂਦੀ ਹੈ। ਆਪ ਦਾ ਤੇ ਆਪਣਿਆਂ ਦਾ ਕਿਵੇਂ 'ਫਾਇਦਾ' ਕੀਤਾ ਜਾਂਦਾ ਹੈ। ਕਿਤਾਬਾਂ ਛਾਪਣ, ਕਿਤਾਬਾਂ ਵੇਚਣ ਤੇ ਕਿਤਾਬਾਂ ਖਰੀਦਣ 'ਚ ਕਿਵੇਂ 'ਗੰਦੀ ਖੇਡ' (ਰਾਜਨੀਤੀ) ਖੇਡੀ ਜਾਂਦੀ ਹੈ। ਇਹ ਸਭ ਹੱਥਲੀ ਮੁਲਾਕਾਤ ਪੜ੍ਹ ਕੇ ਪਤਾ ਲੱਗ ਜਾਂਦਾ ਹੈ। ਤੇ ਹੈਰਾਨੀ ਹੁੰਦੀ ਹੈ ਕਿ ਸਾਹਿਤ ਤੇ ਸਭਿਆਚਾਰ ਦੀ ਆੜ 'ਚ ਸਾਹਿਤ ਪ੍ਰੇਮੀਆਂ ਤੇ ਪੰਜਾਬੀ ਜਗਤ ਨੂੰ ਕਿਵੇਂ 'ਮੂਰਖ' ਬਣਾਇਆ ਜਾ ਰਿਹਾ ਹੈ।

ਚਰਨਜੀਤ ਸਿੰਘ ਚੰਨ ਜਿਹੜਾ ਆਪਣੀ ਖਾਸ ਕਾਬਲੀਅਤ ਕਰਕੇ ਪਿਛਲੇ 18 ਸਾਲਾਂ ਤੋਂ ਸਭਾ ਦਾ ਖਜ਼ਾਨਚੀ ਬਣਦਾ ਆ ਰਿਹਾ ਹੈ, ਸਭਾ ਦੇ ਮੈਂਬਰਾਂ / ਮੁਲਾਜ਼ਮਾਂ ਨੂੰ ਜਿਹੜਾ 'ਜ਼ਲੀਲ' ਕਰਦੈ। ਉਹ ਬਹੁਤ ਹੀ ਨਿੰਦਣਯੋਗ ਹੈ। ਇਸ ਤਰ੍ਹਾਂ ਤਾਂ ਕੋਈ ਫੈਕਟਰੀ ਦੇ ਮਜ਼ਦੂਰਾਂ ਨਾਲ ਵੀ ਨਹੀਂ ਕਰਦਾ।

ਇਨ੍ਹਾਂ ਅਖੌਤੀ ਬੁੱਧੀਜੀਵੀਆਂ ਦੀ ਬੌਧਿਕ ਕੰਗਾਲੀ ਦਾ ਤੇ ਸੌੜੀ ਮਾਨਸਿਕਤਾ ਦਾ ਉਦੋਂ ਪਤਾ ਲੱਗਦਾ, ਜਦੋਂ ਦਰਸ਼ਨ ਸਿੰਘ, ਬਲਦੇਵ ਸਿੰਘ 'ਬੱਧਨ' ਤੋਂ 'ਗੋਤ' ਦੇ ਬਹਾਨੇ ਉਹਦੀ 'ਜਾਤ' ਪੁੱਛਦਾ ਹੈ। (ਜਦੋਂ ਬਲਦੇਵ ਸਿੰਘ ਬੱਧਨ ਐਨ. ਬੀ. ਟੀ. ਦੇ ਅਦਾਰੇ 'ਚ ਉੱਚ ਅਹੁਦੇ ਤੇ ਬਿਰਾਜ਼ਮਾਨ ਸੀ ਉਦੋਂ ਬੱਧਨ ਸਾਹਿਬ ਦੀ ਕੋਈ ਜਾਤ ਨਹੀਂ ਸੀ) ਦਰਸ਼ਨ ਸਿੰਘ ਦੀ ਆਪਣੀ 'ਜਾਤ' ਕੀ ਆ? ਪੁੱਛਣ ਦੀ ਲੋੜ ਨਹੀਂ! ਸਿਆਣਿਆ ਦਾ ਕਥਨ ਹੈ ਕਿ ਜਦੋਂ ਕਿਸੇ ਦੀ 'ਔਕਾਤ' ਦਾ ਪਤਾ ਲੱਗ ਜਾਵੇ ਤਾਂ 'ਜਾਤ' ਪੁੱਛਣ ਦੀ ਲੋੜ ਨਹੀਂ ਪੈਂਦੀ। ਬਾਬਿਓ! ਲੇਖਕ ਦੀ ਕੋਈ ਜ਼ਾਤ ਨਹੀਂ ਹੁੰਦੀ...!

ਚੰਨ ਜਾਂ ਸਭਾ ਦੇ ਹੋਰ ਕਿਸੇ ਅਹੁਦੇਦਾਰ ਵੱਲੋਂ 'ਬੱਧਨ' ਪ੍ਰਤੀ ਕੀਤੀਆਂ ਗੈਰਵਾਜਵ ਤੇ ਅਸਭਿਅਕ ਟਿੱਪਣੀਆਂ ਪੜ੍ਹ ਕੇ ਐਨਾ ਦੁੱਖ ਨਹੀਂ ਹੋਇਆ। ਪਰ ਬਾਹਲੀ ਰੰਜ ਗੁਲਜ਼ਾਰ ਸਿੰਘ ਸੰਧੂ ਦੇ ਬੱਧਨ ਸਾਹਿਬ ਨੂੰ ਕੀਤੇ ਧਮਕੀ ਭਰੇ ਫੋਨ ਕਰਨ ਤੋਂ ਹੋਈ। ਪੰਜਾਬੀ ਦੇ ਸਮਰੱਥ, ਸਥਾਪਿਤ ਤੇ ਚਰਚਿਤ ਲੇਖਕ ਨੂੰ ਅਜਿਹਾ ਵਤੀਰਾ / ਵਿਵਹਾਰ ਸੋਭਾ ਨਹੀਂ ਦਿੰਦਾ।

ਇਕ ਗੱਲ ਹੋਰ ਜਿਹੜਾ 'ਬੱਧਨ' ਸਾਹਿਬ ਨੇ ਜ਼ਲੀਲ-ਬੇਇੱਜ਼ਤ ਹੋਣ ਦੇ ਬਾਵਜੂਦ 11 ਮਹੀਨੇ ਸਭਾ ਲਈ ਕੰਮ ਕੀਤਾ, ਉਹ ਕੋਈ 'ਬਹਾਦਰੀ' ਨਹੀਂ। ਸਗੋਂ, ਸਿਰੇ ਦਾ ਦੱਬੂਪੁਣਾ ਸੀ। ਆਪਣੇ ਨਾਲੋਂ ਘੱਟ ਕਾਬਿਲ ਬੰਦਿਆਂ ਹੱਥੋਂ 'ਜ਼ਲੀਲ' ਹੋਣ ਦੇ ਬਾਵਜੂਦ, ਨਿਗੁਣੀ ਜਿਹੀ ਤਨਖਾਹ ਖਾਤਿਰ ਆਪਣੀ ਜ਼ਮੀਰ



ਨੂੰ ਮਾਰ ਕੇ ਕੁਰਸੀ ਨਾਲ ਚਿੰਬੜੇ ਰਹਿਣਾ, ਕਿੱਥੋਂ ਦੀ ਬਹਾਦਰੀ ਹੈ? ਹਾਂ, ਬੱਧਨ ਸਾਹਿਬ ਅਮਰ ਸਿੰਘ ਵਾਂਗੂੰ ਕੋਈ ਕਾਰਨਾਮਾ (ਚੰਨ ਦੇ ਮੂੰਹ 'ਤੇ ਚੈਕ ਪਾੜ ਕੇ ਮਾਰਨਾ) ਕਰਦੇ...। ਫਿਰ ਸੀ ਸਵਾਦ...!

ਇਕ ਗੱਲ ਹੋਰ, ਬੱਧਨ ਸਾਹਿਬ, ਜਦੋਂ ਐਨ. ਬੀ. ਟੀ. ਵਿਚ ਉੱਚੇ ਆਹੁਦੇ ਤੇ ਬਿਰਾਜ਼ਮਾਨ ਸੀ ਤਾਂ ਉਹ ਉਨ੍ਹਾਂ ਲੋਕਾਂ ਨੂੰ ਹੀ ਮਾਣ ਇੱਜ਼ਤ ਤੇ 'ਫਾਇਦਾ' ਦਿੰਦਾ ਰਿਹਾ, ਜਿਨ੍ਹਾਂ ਨੇ ਅੱਜ ਉਹਨੂੰ ਸਭਾ 'ਚੋਂ ਜ਼ਲੀਲ ਕਰਕੇ ਕੱਢਿਆ। ਬਸ ਇਹੀ ਬੱਧਨ ਸਾਹਿਬ ਦੀ ਗਲਤੀ ਸੀ ਕਿ ਉਹਨੇ ਆਪਣੇ / ਪਰਾਏ ਦੀ ਪਛਾਣ ਨਹੀਂ ਕੀਤੀ। ਇਸ ਸਭ ਕਾਸੇ ਦੇ ਬਾਵਜੂਦ ਬੱਧਨ ਸਾਹਿਬ ਨੂੰ ਸਲਾਮ ਕਹਿਨੈ, ਕਿ ਉਹਨੇ ਜ਼ੁਰੱਅਤ ਤੇ ਦਲੇਰੀ ਨਾਲ 'ਸੱਚ' ਬੋਲਿਆ।

**-ਪ੍ਰੀਤ ਨੀਤਪੁਰ**, ਡਾ. ਬਾੜੀਆਂ ਕਲਾਂ, ਹੁਸ਼ਿਆਰਪੁਰ

## ਡਾ. ਬੱਦਨ ਨੇ ਪੰਜਾਬੀ ਸਾਹਿਤ ਸਭਾ ਦਾ ਮਿਆਰੀ ਅਦਾਰੇ ਵਜੋਂ ਭੁਲੇਖਾ ਖ਼ਤਮ ਕੀਤਾ ਹੈ

'ਕਹਾਣੀ ਧਾਰਾ' ਦਾ ਅੰਕ-38ਵਾਂ ਮਿਲਿਆ। ਇਸ ਵਾਰ ਮੈਗਜ਼ੀਨ ਦੇ ਬਾਕੀ ਹਿੱਸਿਆ ਵਿਚੋਂ ਮੁਲਾਕਾਤ ਵਾਲਾ ਕਾਲਮ ਵਧੇਰੇ ਗਹਿਰਾ ਤੇ ਵਿਚਾਰਨਯੋਗ ਹੈ। ਸੰਪਾਦਕ ਵਲੋਂ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਸਾਬਕਾ ਨਿਰਦੇਸ਼ਕ ਡਾ. ਬਲਦੇਵ ਸਿੰਘ ਬੱਦਨ ਨਾਲ ਕੀਤੀ ਗੱਲਬਾਤ ਨੂੰ 'ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਭਾਪਾ ਪ੍ਰੀਤਮ ਸਿੰਘ ਦੇ ਪਰਿਵਾਰ ਦੀ ਨਿੱਜੀ ਜਾਇਦਾਦ ਨਹੀਂ ਹੈ।' ਜਿਹੇ ਵਿਅੰਗ ਭਰਪੂਰ ਬੋਲਾ ਨੂੰ ਸਿਰਲੇਖ ਦੇਣ ਉਪਰੰਤ ਹੀ ਇਸ ਸਭਾ ਦੇ ਵਰਤਾਰੇ ਲਈ ਸ਼ੰਕਾ ਭਾਵ ਉਤਪੰਨ ਹੋ ਜਾਂਦੇ ਹਨ। ਡਾ. ਬੱਦਨ ਨੇ ਪੰਜਾਬੀ ਸਾਹਿਤ ਸਭਾ ਦਾ ਮਿਆਰੀ ਅਦਾਰੇ ਵਜੋਂ ਭੁਲੇਖਾ ਖ਼ਤਮ ਕੀਤਾ ਹੈ। ਇਸ ਤੋਂ ਹੈਰਾਨੀਜਨਕ ਭ੍ਰਿਸ਼ਟਾਚਾਰਕ ਵਰਤਾਰੇ ਦਾ ਖੁਲਾਸਾ ਹੋਇਆ ਹੈ। ਉਹ ਪੰਜਾਬੀ ਭਾਸ਼ਾ, ਸਾਹਿਤਕਾਰੀ ਤੇ ਸਾਹਿਤਕਾਰਾਂ ਤੇ ਵਿਦਵਾਨਾਂ ਲਈ ਮੰਦਭਾਗਾ ਹੈ। ਇਕ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਅਕਸ ਵਜੋਂ ਉਜਾਗਰ ਹੋਇਆ ਇਹ ਫਰਜ਼ੀ ਚਾਨਣ ਮੁਨਾਰਾ ਲੱਖਾਂ ਰੁਪਏ ਦੀ ਇਮਾਰਤ ਉੱਤੇ ਮੁੱਠੀ ਭਰ ਲੋਕਾਂ ਦਾ ਕਬਜ਼ਾ ਹੈ। ਇਸ ਤੇ ਕਾਬਜ ਮੁੱਖ ਮੈਂਬਰ ਦਿੱਲੀ ਵਿਚ ਮਹਾਨ ਸਾਹਿਤਕ ਹਸਤੀਆਂ, ਪ੍ਰੋਫੈਸਰ, ਵਿਦਵਾਨ, ਅਧਿਆਪਕ ਹੋਣ ਦੇ ਬਾਵਜੂਦ ਵੀ ਗ਼ੈਰ ਸਾਹਿਤਕ ਸ਼ਖ਼ਸ਼ੀਅਤਾ ਹਨ। ਬੜਾ ਦੁਖ ਹੋਇਆ ਪੜ੍ਹ ਕੇ ਅਦਾਰੇ ਦੀ ਕਾਰਗੁਜ਼ਾਰੀ ਵਿਚ ਇਹਨਾਂ ਵਲੋਂ ਅੰਨ੍ਹੀ ਵਰਤੀ ਲਾਪਰਵਾਹੀ, ਮਨਮਰਜ਼ੀ ਤੇ ਬੇਨਿਯਮੀ, ਅਣਸੁਖਾਵਾ ਵਤੀਰਾ ਹੈ। ਸਭਿਆਚਾਰ ਦੇ ਵਿਕਾਸ ਦਾ ਦਾਇਰਾ ਗਿਣਵੇਂ ਚੁਣਵੇਂ ਕੰਮਾਂ ਤੱਕ ਸੀਮਿਤ ਹੈ। ਲਾਇਬ੍ਰੇਰੀਆਂ ਮਿਆਰੀ ਪੁਸਤਕਾਂ ਦਾ ਖ਼ਜ਼ਾਨਾ ਹੋਣ ਦੀ ਥਾਵੇਂ ਪ੍ਰਕਾਸ਼ਕਾਂ ਨੂੰ ਮੁਨਾਫ਼ਾ ਕਰਾਉਂਦੀਆਂ ਮੰਡੀਆਂ ਦਾ ਰੂਪ ਹਨ। ਵਿੱਤੀ ਸਹਾਇਤਾ ਸਾਂਝ ਉੱਤੇ ਨਿਰਭਰ ਹੈ ਨਿਰਪੱਖਤਾ ਤੇ ਨਹੀਂ। ਸਾਹਿਤਕ ਸਮਾਗਮਾ ਦੀ ਘਾਟ, ਨਾ ਯੋਗ ਪੁਸਤਕਾਂ ਦੀ ਚੋਣ ਕਮੇਟੀ, ਨਾ ਲੇਖਕਾਂ ਨੂੰ ਸਨਮਾਨਿਤ ਕਰਤਾ ਕਮੇਟੀ, ਗ਼ੈਰ ਕਾਨੂੰਨੀ ਢੰਗ ਨਾਲ ਕਰਮਚਾਰੀਆਂ ਨੂੰ ਰੱਖਣਾ ਤੇ ਕੱਢਣਾ, ਸਭਾ ਦੀ ਰਾਸ਼ੀ ਨੂੰ ਹੇਰਾਫੇਰੀ ਤੇ ਨਜ਼ਾਇਜ ਭੁਗਤਾਨਾ ਰਾਹੀਂ ਹੜੱਪਣਾ ਜਿਸਦੀ ਕਿਸੇ ਤਰ੍ਹਾਂ ਦੀ ਕੋਈ ਪੜ੍ਹਤਾਲ ਨਹੀਂ ਹਰ ਗਲਤ ਸਾਹਿਤਕ ਸਭਿਆਚਾਰਕ ਵਰਤਾਰੇ ਲਈ ਵੱਡਾ ਮੰਦਭਾਗਾ ਦੁਖਾਂਤ ਹੈ। ਜਿਸ ਨੂੰ ਰੋਕਣਾ ਸਾਹਿਤਕ ਸੰਕਟ ਤੋਂ ਬਚਾਅ ਹੈ ਹਿੱਤ ਲਈ ਅਤਿ ਅਵੱਸ਼ਕ ਹੈ। ਸਾਹਿਤਕ ਸਭਾਵਾ ਲਈ ਇਹ ਬਹੁਤ ਹੀ ਨਿਮੋਸ਼ੀ ਭਰੀ ਹਾਲਤ ਹੈ, ਜਿਨ੍ਹਾਂ ਦੇ ਮੁੱਖ ਕਾਰਜਕਾਰਤਾ ਆਪਣੇ ਕਾਰਜ ਕਰਮੀਆਂ ਲਈ ਬੇਇੱਜ਼ਤੀ ਭਰੇ 'ਮੂੰਹ ਤੇ ਜੁੱਤੀਆਂ ਮਾਰਨ', 'ਸਾਲਾ ਹਰਾਮਜ਼ਾਦਾ' ਜਿਹੇ ਗਾਲੀ ਗਲੋਚ ਵਰਗੇ ਹੀਣ ਸ਼ਬਦਾਂ ਦੀ ਵਰਤੋਂ ਕਰਕੇ ਨੌਕਰੀਆਂ ਤੋਂ ਨਿਕਲਣ ਤੇ ਅਸਤੀਫੇ ਦੇਣ ਲਈ ਮਜ਼ਬੂਰ ਕਰਦੇ ਹਨ। ਅਸੀਂ ਪਾਠਕ ਵਰਗ ਆਸ ਕਰਦੇ ਹਾਂ ਕਿ 'ਕਹਾਣੀ ਧਾਰਾ' ਰਾਹੀ ਸੰਪਾਦਕ ਵਲੋਂ ਕੁਝ ਲੋਕਾਂ ਤੱਕ ਹੀ ਸੀਮਿਤ ਅਣ ਸੁਖਾਵੇ ਜਗ ਜ਼ਾਹਿਰ ਕਰਨ ਦੇ ਉਪਰਾਲੇ ਕੀਤੇ ਜਾਂਦੇ ਰਹਿਣਗੇ। ਅਜਿਹੇ ਮਸਲਿਆਂ ਬਾਰੇ ਗੰਭੀਰਤਾ ਨਾਲ ਸੋਚਣ ਲਈ ਮਜ਼ਬੂਰ ਕੀਤਾ ਜਾਂਦਾ ਰਹੇਗਾ।

**- ਸਿਮਰਜੀਤ ਕੌਰ**, ਕੇ. ਐਮ. ਵੀ. ਕਾਲਜ, ਜਲੰਧਰ

## ਸਭਾ ਦਾ ਚੇਅਰਪਰਸਨ ਜੋ ਕੇਂਦਰ ਸਰਕਾਰ ਦੀ ਨੌਕਰੀ ਕਰਦਾ ਹੈ ਕਿਵੇਂ ਹਰ ਸਾਲ 50-60 ਲੱਖ ਰੁਪਏ ਦੇ ਸਭ ਦੇ ਬਿੱਲਾਂ ਨੂੰ ਪਿਛਲੇ 11 ਸਾਲ ਤੋਂ ਪ੍ਰਵਾਨਗੀ ਦੇ ਰਿਹਾ ਹੈ, ਇਹ ਇਕ ਗੰਭੀਰ ਮਸਲਾ ਹੈ

'ਕਹਾਣੀ ਧਾਰਾ' ਦਾ ਜੁਲਾਈ ਸਤੰਬਰ, 2015 ਅੰਕ ਪੜ੍ਹਿਆ। ਟਰਾਂਟੋ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਸੰਪਾਦਕੀ ਪੜ੍ਹਨ ਉਪਰੰਤ ਪਤਾ ਲਗਦਾ ਹੈ ਕਿ ਇਹ ਕਾਨਫਰੰਸ ਪੰਜਾਬੀ ਲੇਖਕਾਂ ਦਾ ਮਹਾਂਕੁੰਭ ਹੈ। ਕਹਾਣੀਆਂ ਦੀ ਪ੍ਰਸ਼ੰਸ਼ਾ ਕਰਨੀ ਬਨਦੀ ਹੈ।

ਪੰਜਾਬੀ ਸਾਹਿਤ ਸਭਾ ਦਿੱਲੀ ਬਾਰੇ ਗੰਭੀਰਤਾ ਨਾਲ ਸੋਚਣਾ ਹਰ ਸਾਹਿਤਕਾਰ, ਪੁਸਤਕ ਪ੍ਰੇਮੀ ਦਾ ਫ਼ਰਜ਼ ਬਣਦਾ ਹੈ ਕਿਉਂਕਿ ਪੰਜਾਬੀ ਸਾਹਿਤ ਸਭਾ ਦਿੱਲੀ ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ (2) 1860 ਦੇ ਅਧੀਨ ਇਕ ਰਜਿਸਟਰਡ ਬਾਡੀ ਹੈ ਜਿਸ 'ਤੇ ਦੇਸ਼-ਵਿਦੇਸ਼ ਵਿਚ ਵਸਦੇ ਸਭ ਲੇਖਕਾਂ ਦਾ ਬਰਾਬਰ ਦਾ ਹੱਕ ਹੈ। ਫਿਰ ਇਸ ਸੁਸਾਇਟੀ -ਸਭਾ 'ਤੇ ਕੁਲ 20 ਲੇਖਕ-ਵਿਅਕਤੀ ਹੀ ਕਿਉਂ ਕਾਬਜ਼ ਹਨ? ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪੈਟਰਨ 'ਤੇ ਇਸ ਦੇ ਵੀ ਮੈਂਬਰ ਬਣਾਏ ਜਾਣੇ ਚਾਹੀਦੇ ਹਨ ਜੋ ਕਿ ਸਭਾ ਦੇ ਪ੍ਰਧਾਨ, ਚੇਅਰਪਰਸਨ, ਜਨਰਲ ਸਕੱਤਰ, ਖ਼ਜ਼ਾਨਚੀ 'ਤੇ ਹੋਰ ਮੈਂਬਰਾਂ ਦੀ ਵੋਟ ਪ੍ਰਣਾਲੀ ਰਾਹੀਂ ਚੋਣ ਕਰਨ। ਸਭਾ ਦਾ ਚੇਅਰਪਰਸਨ ਜੋ ਕੇਂਦਰ ਸਰਕਾਰ ਦੀ ਨੌਕਰੀ ਕਰਦਾ ਹੈ ਕਿਵੇਂ ਹਰ ਸਾਲ 50-60 ਲੱਖ ਰੁਪਏ ਦੇ ਸਭ ਦੇ ਬਿੱਲਾਂ ਨੂੰ ਪਿਛਲੇ 11 ਸਾਲ ਤੋਂ ਪ੍ਰਵਾਨਗੀ ਦੇ ਰਿਹਾ ਹੈ, ਇਹ ਇਕ ਗੰਭੀਰ ਮਸਲਾ ਹੈ। ਇਸ ਬਾਰੇ ਸੰਬੰਧਤ ਵਿਭਾਗਾਂ (ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਸਰਕਾਰ ਦੇ ਐਂਟੀ ਕਰੱਪਸ਼ਨ ਬਿਊਰੋ ਦਿੱਲੀ ਸੋਸਾਇਟੀਜ਼ ਦੇ ਦਫ਼ਤਰ ਤੇ ਆਮਦਨ ਕਰ ਵਿਭਾਗ ਨੂੰ) ਤੋਂ ਆਰ. ਟੀ. ਆਈ. ਰਾਹੀਂ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਐਚ. ਆਰ. ਡੀ. ਮਨਿਸਟਰੀ ਨੂੰ ਲਿਖਣਾ ਚਾਹੀਦਾ ਹੈ ਕਿ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਪਿਛਲੇ 11 ਸਾਲ ਦੇ ਬਿੱਲ ਕਿਸ ਨੇ ਪਾਸ ਕੀਤੇ ਹਨ, ਉਸ ਦੀ ਛਾਣ-ਬੀਣ ਕੀਤੀ ਜਾਵੇ। ਮੇਰਾ ਸੁਝਾਅ ਹੈ ਕਿ ਪੰਜਾਬੀ ਸਾਹਿਤ ਸਭਾ ਦਿੱਲੀ (ਪੰਜਾਬੀ ਭਵਨ) ਦੀਆਂ ਅਨਿਯਮਤਾਵਾਂ ਦੇ ਖ਼ਿਲਾਫ਼ ਆਵਾਜ਼ ਉਠਾਉਣ ਲਈ ਇਕ ਸੰਘਰਸ਼ ਕਮੇਟੀ' ਦਾ ਗਠਨ ਕਰਨਾ ਚਾਹੀਦਾ ਹੈ ਤਾਂ ਕਿ ਸਭਾ 'ਚ ਪੰਜਾਬੀ ਲੇਖਕਾਂ ਨੂੰ ਬਨਦੀ ਥਾਂ ਮਿਲ ਸਕੇ। 'ਕਹਾਣੀ ਧਾਰਾ' 'ਚ ਪੰਨਾ 76 ਤੇ ਡਾ. 'ਬੱਦਨ' ਨੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਨੂੰ 10.4.2015 ਨੂੰ ਲਿਖੇ ਜਿਸ ਪੱਤਰ ਦਾ ਜ਼ਿਕਰ ਕੀਤਾ ਹੈ, 'ਕਹਾਣੀ ਧਾਰਾ' ਦੇ ਪਾਠਕਾਂ ਨਾਲ ਉਹ ਪੱਤਰ ਵੀ ਸਾਂਝਾ ਕੀਤਾ ਜਾਵੇ ਤਾਂ ਚੰਗੀ ਗੱਲ ਹੋਵੇਗੀ।

**-ਸੁਰਜੀਤ ਸੁਮਨ, 874-ਸੈਕਟਰ-4, ਮੁੰਡੀ ਖਰੜ, ਰੋਪੜ**

## ਲੇਖਕ ਬਰਾਦਰੀ ਦਾ ਪੱਖਪਾਤੀ ਅਤੇ ਸਵਾਰਥੀ ਵਿਹਾਰ ਸਮਾਜ ਲਈ ਖ਼ਤਰੇ ਦੀ ਘੰਟੀ

ਕਹਾਣੀ ਧਾਰਾ ਦੇ 38ਵੇਂ ਅੰਕ ਵਿਚ ਭਗਵੰਤ ਰਸੂਲਪੁਰੀ ਦੁਆਰਾ ਨੈਸ਼ਨਲ ਬੁਕ ਟਰੱਸਟ ਦੇ ਸਾਬਕਾ ਮੁੱਖ ਸੰਪਾਦਕ ਅਤੇ ਸੰਯੁਕਤ ਨਿਰਦੇਸ਼ਕ, ਦਿੱਲੀ ਸਾਹਿਤ ਸਭਾ ਦੇ ਸਾਬਕਾ ਨਿਰਦੇਸ਼ਕ ਅਤੇ ਪੰਜਾਬੀ ਸਾਹਿਤ ਜਗਤ ਦੀ ਸਨਮਾਨਯੋਗ ਹਸਤੀ ਸ੍ਰੀ ਬਲਦੇਵ ਸਿੰਘ ਬੱਦਨ ਨਾਲ ਮੁਲਾਕਾਤ ਪੜ੍ਹ ਕੇ ਪੰਜਾਬੀ ਸਾਹਿਤ ਦੇ ਅਨੇਕ ਚਰਚਿਤ ਜਾਂ ਅਖੌਤੀ ਸਾਹਿਤਕਾਰਾਂ ਬਾਰੇ ਭੁਲੇਖੇ ਦੂਰ ਹੋਏ। ਸਾਹਿਤ ਵਿਚ ਆਦਰਸ਼ਕ ਗੱਲਾਂ ਕਰਨ ਵਾਲੇ ਸਾਹਿਤਕਾਰਾਂ ਬਾਰੇ ਆਮ ਪਾਠਕਾਂ ਦੇ ਮਨ ਵਿਚ ਉਨ੍ਹਾਂ ਦਾ ਵਧੀਆ ਅਕਸ ਹੁੰਦਾ ਹੈ, ਜੋ ਕਿ ਉਸੇ ਲੇਖਕ ਦੀਆਂ ਹੋਰ ਰਚਨਾਵਾਂ ਦਾ ਪਾਠ ਕਰਨ ਨਾਲ ਨਿਰੰਤਰ ਹੋਰ ਪੱਕਾ ਹੁੰਦਾ ਜਾਂਦਾ ਹੈ। ਇਹੀ ਅਕਸ ਉਸ ਲੇਖਕ ਦੀ ਪਹਿਚਾਣ ਬਣਦਾ ਹੈ, ਅਤੇ ਸਮੇਂ ਨਾਲ ਹੋਰ ਮਜ਼ਬੂਤ ਬਣਦਾ ਹੈ। ਜਦੋਂ ਪਾਠਕ ਹੋਰ ਲੇਖਕਾਂ ਦੀਆਂ ਪੁਸਤਕਾਂ ਜਾਂ ਰਚਨਾਵਾਂ ਪੜ੍ਹਦਾ ਹੈ, ਤਾਂ ਉਸ ਦੀ ਬੌਧਿਕ ਅਤੇ ਕਲਾਤਮਿਕ ਤ੍ਰਿਪਤੀ ਤਾਂ ਹੁੰਦੀ ਹੀ ਹੈ, ਉਸਦੇ ਮਨ ਵਿਚ ਉਸ ਲੇਖਕ ਪ੍ਰਤੀ ਵੀ ਅਦਬ-ਸਤਿਕਾਰ ਬਣਨ-ਵਿਗਸਣ ਲਗਦਾ ਹੈ। ਜਿਉਂ-ਜਿਉਂ ਪਾਠਕ ਦੀ ਪਠਣ ਸ਼ਕਤੀ ਵਧਦੀ ਹੈ, ਉਸਦੀ ਲੇਖਕਾਂ ਪ੍ਰਤੀ



ਸਨੇਹ-ਪਿਆਰ ਦੀ ਭਾਵਨਾ ਵਧਦੀ ਹੋਈ ਸਮੁੱਚੇ ਲੇਖਕ ਵਰਗ ਪ੍ਰਤੀ ਸਧਾਰਣੀਕ੍ਰਿਤ ਹੋ ਜਾਂਦੀ ਹੈ।

ਬਲਦੇਵ ਸਿੰਘ ਬੱਦਨ ਦੀ ਮੁਲਾਕਾਤ ਵਿਚ ਜੇਕਰ ਉਸ ਵਲੋਂ ਕੋਈ ਗ਼ਲਤ-ਬਿਆਨੀ ਕੀਤੀ ਗਈ ਹੈ, ਤਾਂ ਉਨ੍ਹਾਂ ਨੁਕਤਿਆਂ ਤੇ "ਦੋਸ਼ੀ" ਲੇਖਕ ਜਾਂ ਅਹੁਦੇਦਾਰ ਆਪਣਾ ਸ਼ਪੱਸ਼ਟੀਕਰਨ ਦੇਣ ਲਈ ਸੁਤੰਤਰ ਹਨ। ਖਾਮੋਸ਼ੀ ਦਾ ਅਰਥ ਸਵੀਕ੍ਰਿਤੀ ਹੈ। ਗੁਲਜ਼ਾਰ ਸੰਧੂ ਇਕ ਚੰਗਾ ਲੇਖਕ ਹੈ, ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਰਹਿ ਚੁੱਕਾ ਹੈ। ਪਰ ਜੇਕਰ ਉਹ ਵੀ ਡਾ: ਰੇਣੂਕਾ ਸਿੰਘ ਜਾਂ ਕਿਸੇ ਹੋਰ ਦੇ ਕਹਿਣ ਤੇ ਬੱਦਨ ਨੂੰ ਉਨ੍ਹਾਂ ਦੇ ਇਸ਼ਾਰਿਆਂ ਤੇ ਨੱਚਣ ਲਈ ਆਖ ਰਿਹਾ ਹੈ, ਤਾਂ ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ? ਲੇਖਣੀ ਪ੍ਰਗਟਾਉ ਦੀ ਆਜ਼ਾਦੀ ਦਾ ਪ੍ਰਤੀਕ ਹੈ। ਸੰਵਿਧਾਨ ਦੀ 21ਵੀਂ ਧਾਰਾ ਇਸ ਬੁਨਿਆਦੀ ਸੰਵਿਧਾਨਕ ਹੱਕ ਨੂੰ ਸਵੀਕਾਰ ਕਰਦੀ ਹੈ। ਇਸਦੇ ਬਾਵਜੂਦ ਸੁਤੰਤਰ ਲੇਖਣੀ ਜਾਂ ਪ੍ਰਗਟਾਉ ਤੇ ਅਨੇਕਾਂ ਅਸਿੱਧੀਆਂ ਰੋਕਾਂ ਹਨ। ਧਰਮ, ਸਮਾਜ ਜਾਂ ਰਾਜਨੀਤੀ ਦੇ ਖ਼ੇਤਰ ਵਿਚ ਅਣਗਿਣਤ ਅੰਤਰ-ਵਿਰੋਧ ਹਨ, ਜਿਨ੍ਹਾਂ ਨੂੰ ਉਜਾਗਰ ਕਰਨਾ ਲੇਖਕ ਦਾ ਹੱਕ ਹੀ ਨਹੀਂ ਫਰਜ਼ ਵੀ ਹੈ। ਪਰ ਜਦੋਂ ਲੇਖਕ ਖੁਦ ਇਨ੍ਹਾਂ ਜਾਂ ਕਿਸੇ ਹੋਰ ਅੰਤਰ-ਵਿਰੋਧ ਦਾ ਸ਼ਿਕਾਰ ਹੋਵੇ, ਤਾਂ ਉਸਤੋਂ ਕੀ ਤਵੱਕੋ ਕੀਤੀ ਜਾ ਸਕਦੀ ਹੈ? ਬੱਦਨ ਨੇ ਆਪਣੀ ਮੁਲਾਕਾਤ ਵਿਚ ਸਪੱਸ਼ਟ ਕੀਤਾ ਹੈ ਕਿ ਦਿੱਲੀ ਸਾਹਿਤ ਸਭਾ ਇਕ ਖਾਸ ਪਰਿਵਾਰ ਦੀ ਨਿੱਜੀ ਕੰਪਨੀ ਵਜੋਂ ਕੰਮ ਕਰ ਰਹੀ ਹੈ। ਅਸਲ ਵਿਚ ਜਿੱਥੇ ਜਿੱਥੇ ਵੀ ਜਿਸਦਾ ਦਾਅ ਲੱਗਦਾ ਹੈ, ਅੱਜ ਦੇ ਪੂੰਜੀਵਾਦੀ ਯੁੱਗ ਵਿਚ, ਉਹ ਆਪਣੀ ਨਿੱਜੀ ਮਲਕੀਅਤ ਸਥਾਪਤ ਕਰਨ ਲਈ ਪੂਰਾ ਜੋਰ ਲਗਾਉਂਦਾ ਹੈ। ਭਾਪਾ ਪ੍ਰੀਤਮ ਸਿੰਘ ਦਾ ਨਵਯੁੱਗ ਪ੍ਰਕਾਸ਼ਨ ਕਿਸੇ ਸਮੇਂ ਬੁਲੰਦੀ ਤੇ ਸੀ। ਦਿੱਲੀ ਸਾਹਿਤ ਸਭਾ ਤੇ ਉਸਦਾ ਏਕਾਧਿਕਾਰ ਸੀ। ਅੱਜ ਉਸਦੀ ਲੜਕੀ ਡਾ: ਰੇਣੂਕਾ ਸਿੰਘ ਦਾ ਸਭਾ ਤੇ ਕਬਜ਼ਾ ਹੈ। ਜਦੋਂ ਪਾਠਕ ਤੇਜ਼ੀ ਨਾਲ ਲੁਪਤ ਹੋ ਰਿਹਾ ਹੈ, ਤਾਂ ਅਜਿਹੇ ਪ੍ਰਕਾਸ਼ਨਾਂ, ਪਰਿਵਾਰਾਂ ਜਾਂ ਅਹੁਦੇਦਾਰਾਂ ਦੀ ਜਿੰਮੇਵਾਰੀ ਬਣਦੀ ਹੈ, ਕਿ ਉਹ ਵੱਧ ਤੋਂ ਵੱਧ ਪਾਠਕ ਪੈਦਾ ਕਰਨ ਅਤੇ ਉਨ੍ਹਾਂ ਨੂੰ ਸਭਾ ਨਾਲ ਜੋੜਣ। ਪਰ, ਆਪਣੀ ਮੂਲ ਜਿੰਮੇਵਾਰੀ ਨਿਭਾਉਣ ਅਤੇ ਪਾਠਕ ਜਗਤ ਦਾ ਘੇਰਾ ਵਧਾਉਣ ਦੀ ਥਾਂ ਉਹ ਸਭਾ ਨੂੰ ਆਪਣੇ ਹਿੱਤਾਂ ਲਈ ਵਰਤ ਕੇ ਕੀ ਸਿੱਧ ਕਰਨਾ ਚਾਹੁੰਦੇ ਹਨ, ਅਤੇ ਕੀ ਹਾਸਲ ਕਰਨਾ ਚਾਹੁੰਦੇ ਹਨ, ਇਹ ਸਮਝਣਾ ਕੋਈ ਰਾਕਟ ਸਾਇੰਸ ਤਾਂ ਨਹੀਂ, ਪਰ ਸਮਾਜ ਨੂੰ ਸੇਧ ਦੇਣ ਦਾ ਦਾਅਵਾ ਕਰਨ ਵਾਲਿਆਂ ਤੋਂ ਇਹ ਤਵੱਕੋ ਕੀਤੀ ਨਹੀਂ ਜਾ ਸਕਦੀ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਅੱਜ, ਜਦੋਂ ਪ੍ਰਗਟਾਉ ਦੀ ਆਜ਼ਾਦੀ ਖੁਦ ਖ਼ਤਰੇ ਵਿਚ ਹੈ, ਅਤੇ ਵੱਡੀ ਗਿਣਤੀ ਵਿਚ ਸਾਹਿਤ ਅਕਾਦਮੀ ਅਤੇ ਹੋਰ ਸੰਸਥਾਵਾਂ ਤੋਂ ਇਨਾਮ ਜਾਂ ਅਹੁਦੇ ਹਾਸਲ ਕਰਨ ਵਾਲੇ ਸਾਹਿਤਕਾਰ ਆਪਣੇ ਇਨਾਮ ਵਾਪਸ ਕਰ ਰਹੇ ਹਨ। ਇਥੋਂ ਤੱਕ ਕਿ ਯੁਵਾ ਪੁਰਸਕਾਰ ਹਾਸਲ ਕਰਨ ਵਾਲੇ ਪਰਗਟ ਸਿੰਘ ਸਤੌਜ ਨੇ ਵੀ ਆਪਣਾ ਇਨਾਮ ਵਾਪਸ ਕਰਕੇ ਨੌਜਵਾਨ ਸਾਹਿਤਕਾਰਾਂ ਵਿਚੋਂ ਇਨਾਮ ਵਾਪਸ ਕਰਨ ਵਾਲੇ ਇਕੋ-ਇਕ ਸਾਹਿਤਕਾਰ ਵਜੋਂ ਕੌਮੀ ਪਹਿਚਾਣ ਕਾਇਮ ਕੀਤੀ ਹੈ, ਤਾਂ ਆਮ ਪਾਠਕ ਵਰਗ ਦਾ ਭਰੋਸਾ ਇਕ ਵਾਰ ਮੁੜ ਬਹਾਲ ਹੋਇਆ ਹੈ, ਪਰ ਦੇਖਣ ਵਾਲੀ ਗੱਲ ਇਹ ਹੈ ਕਿ ਵੱਡੀ ਗਿਣਤੀ ਵਿਚ ਸਾਹਿਤਕਾਰਾਂ ਨੇ ਵੀ ਸਾਹਿਤ ਅਕਾਦਮੀ ਦੀ ਖਾਮੋਸ਼ੀ ਤੇ ਪ੍ਰਸ਼ਨ ਚਿੰਨ ਲਗਾਇਆ ਹੈ। ਭਾਵੇਂ ਕਿ "ਦੇਰ ਆਇਦ, ਦਰੁਸਤ ਆਇਦ" ਦੇ ਅਖਾਣ ਨੂੰ ਸੱਚ ਸਾਬਤ ਕਰਕੇ ਅਕਾਦਮੀ ਨੇ ਮੌਜੂਦਾ ਤੰਤਰ ਤੇ ਕਿੰਤੂ-ਪ੍ਰੰਤੂ ਕੀਤਾ, ਪਰ ਤਦ ਤੱਕ ਬਹੁਤ ਦੇਰ ਹੋ ਚੁੱਕੀ ਸੀ। ਮੁੱਕਦੀ ਗੱਲ ਇਹ ਕਿ ਇਥੇ ਵੀ ਅਹੁਦੇਦਾਰਾਂ ਜਾਂ ਲੇਖਕਾਂ ਤੋਂ ਅਹੁਦੇਦਾਰ ਬਣਿਆਂ ਨੂੰ ਹੀ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ।

ਅੱਜ ਲੇਖਕ ਸਭਾਵਾਂ ਅਤੇ ਇਨ੍ਹਾਂ ਦੇ ਅਹੁਦੇਦਾਰਾਂ ਤੇ ਢੇਰ ਸਾਰੀਆਂ ਜਿੰਮੇਵਾਰੀਆਂ ਹਨ। ਉਹ ਆਪਣੀ ਸ਼ਕਤੀ ਪਾਠਕ ਵਰਗ ਕਰਕੇ ਹਾਸਲ ਕਰਦੇ ਹਨ। ਲੇਖਕਾਂ ਦੀ ਸੋਚਣ, ਕਹਿਣ ਅਤੇ ਲਿਖਣ

ਦੀ ਆਜ਼ਾਦੀ ਕਾਇਮ ਰੱਖ ਕੇ ਹਾਸਲ ਕਰਦੇ ਹਨ। ਲੇਖਕਾਂ ਦੇ ਹੱਕਾਂ ਦੀ ਰਾਖੀ ਕਰਕੇ ਹਾਸਲ ਕਰਦੇ ਹਨ। ਪਾਠਕਾਂ ਅਤੇ ਲੇਖਕਾਂ ਪ੍ਰਤੀ ਆਪਣੀ ਜਿੰਮੇਵਾਰੀ ਨਿਭਾ ਕੇ ਹਾਸਲ ਕਰਦੇ ਹਨ। ਇਨ੍ਹਾਂ ਸਭਾਵਾਂ ਅਤੇ ਇਨ੍ਹਾਂ ਦੇ ਅਹੁਦੇਦਾਰਾਂ ਨੂੰ ਪਾਠਕ ਵਰਗ ਦਾ ਘੇਰਾ ਵਿਸ਼ਾਲ ਅਤੇ ਮੋਕਲਾ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਚੰਗਾ ਸਾਹਿਤ ਪਾਠਕਾਂ ਤੱਕ ਉਨ੍ਹਾਂ ਦੀ ਵਿੱਤ-ਸ਼ਕਤੀ ਮੁਤਾਬਿਕ ਮੁਹੱਈਆ ਕਰਨ ਦੇ ਢੰਗ ਸੋਚਣੇ ਅਤੇ ਅਪਨਾਉਣੇ ਚਾਹੀਦੇ ਹਨ। ਪਰ ਅਜਿਹਾ ਕਰਨ ਦੀ ਥਾਂ ਜੇਕਰ ਇਹ ਸੰਸਥਾਵਾਂ ਆਪਣੀ ਸ਼ਕਤੀ ਦੀ ਨਜ਼ਾਇਜ਼ ਵਰਤੋਂ ਕਰਨ ਵੱਲ ਧਿਆਨ ਕੇਂਦਰਤ ਕਰ ਰਹੀਆਂ ਹਨ, ਤਾਂ ਇਸ ਦਾ ਅਰਥ ਇਹ ਹੈ ਕਿ ਉਨ੍ਹਾਂ ਨੂੰ ਊਰਜਿਤ ਕਰਨ ਵਾਲੇ ਸਰੋਤਾਂ ਪ੍ਰਤੀ ਗੈਰ-ਜਿੰਮੇਵਾਰ ਹਨ।

ਬੱਧਨ ਨੇ ਆਪਣੀ ਲੰਮੀ ਮੁਲਾਕਾਤ ਵਿਚ ਜ਼ਿਕਰ ਕੀਤਾ ਹੈ ਕਿ ਸਭਾ ਦੇ ਅਨੇਕਾਂ ਨੁਮਾਇੰਦੇ ਅਜਿਹੇ ਹਨ, ਜੋ ਕਿ ਅਯੋਗ ਹੋਣ ਦੇ ਬਾਵਜੂਦ ਅਹੁਦਿਆਂ ਤੇ ਕਾਬਜ਼ ਹਨ। ਅੰਗਰੇਜ਼ੀ ਲੇਖਕ ਜੋਨਾਥਨ ਸਵਿੱਫਟ ਦੀਆਂ ਰਚਨਾਵਾਂ ਗੁਲੀਵਰ ਦੀਆਂ ਯਾਤਰਾਵਾਂ ਅਤੇ ਕਿਤਾਬਾਂ ਦੀ ਲੜਾਈ ਵਿਚ ਵੀ ਅਜਿਹੇ ਤੱਤਾਂ ਅਤੇ ਤੱਥਾਂ ਦਾ ਜ਼ਿਕਰ ਹੈ। ਇਸ ਤੋਂ ਇਹੀ ਪ੍ਰਭਾਵ ਉਭਰਦਾ ਹੈ, ਕਿ ਇਹ ਪ੍ਰਵਿਰਤੀ ਹਰ ਸਮੇਂ ਅਤੇ ਹਰ ਥਾਂ ਤੇ ਪ੍ਰਚੱਲਿਤ ਹੈ। ਪਰ ਜਿੱਥੇ ਦੂਜੀਆਂ ਭਾਸ਼ਾਵਾਂ ਨੇ ਇਨ੍ਹਾਂ ਸੰਕੀਰਣ ਵਿਚਾਰਾਂ ਤੋਂ ਕਾਫ਼ੀ ਹੱਦ ਤੱਕ ਮੁਕਤੀ ਹਾਸਲ ਕਰ ਲਈ ਹੈ, ਪੰਜਾਬੀ ਇਸ ਖ਼ੇਤਰ ਵਿਚ ਅਜੇ ਕਾਫ਼ੀ ਪਿੱਛੇ ਹਨ, ਅਤੇ ਸੌੜੀ ਰਾਜਨੀਤੀ ਦਾ ਸ਼ਿਕਾਰ ਹਨ। ਇਸੇ ਕਰਕੇ ਜਿੱਥੇ ਦੱਖਣੀ ਭਾਰਤ ਅਤੇ ਪੱਛਮੀ ਬੰਗਾਲ ਜਿਹੇ ਖਿੱਤਿਆਂ-ਰਾਜਾਂ ਵਿਚ ਕਿਤਾਬਾਂ ਧੜਾ-ਧੜ ਵਿਕ ਰਹੀਆਂ ਹਨ, ਪੰਜਾਬ ਵਿਚ ਅਜੇ ਵੀ ਛੇਵਾਂ ਦਰਿਆ ਹੀ ਹਾਵੀ ਹੈ। ਜਾਂ ਨਿਮਨ ਪੱਧਰ ਦੀਆਂ ਫ਼ਿਲਮਾਂ ਮਨੋਰੰਜਨ ਦਾ ਸਾਧਨ ਹਨ।

ਸਮੁੱਚੇ ਰੂਪ ਵਿਚ, ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਅਤੇ ਪਾਠਕ ਵਰਗ ਦਾ ਘੇਰਾ ਵਿਸ਼ਾਲ ਕਰਨ ਲਈ ਸਮੁੱਚੀਆਂ ਲੇਖਕ ਸਭਾਵਾਂ ਅਤੇ ਇਨ੍ਹਾਂ ਦੇ ਅਹੁਦੇਦਾਰਾਂ ਨੂੰ ਜਿੰਮੇਵਾਰੀ ਨਾਲ ਕਾਰਜ ਕਰਨਾ ਪਵੇਗਾ, ਅਤੇ ਨਿੱਜੀ ਸਵਾਰਥਾਂ ਨੂੰ ਛੱਡ ਕੇ ਕੁਰਬਾਨੀ ਦੀ ਭਾਵਨਾ ਤੇ ਪਹਿਰਾ ਦੇਣਾ ਪਵੇਗਾ।

**- ਮਹਿੰਦਰ ਸਿੰਘ ਤਤਲਾ**, ਤਤਲਾ ਇੰਟਰਨੈੱਟ ਸੈਂਟਰ, ਜਗਰਾਉਂ - 142026

## ਪੰਜਾਬੀ ਸਾਹਿਤ ਸਭਾ ਦੀ ਚਲਦੀ ਫਿਰਦੀ ਪੁਸਤਕ ਪ੍ਰਦਰਸ਼ਨੀ ਵੈਨ (ਬੱਸ) ਹੜੱਪ ਕਰ ਜਾਣਾ ਇਕ ਮੰਦਭਾਗੀ ਗੱਲ ਹੈ

ਜੁਲਾਈ-ਸਤੰਬਰ 'ਕਹਾਣੀ ਧਾਰਾ' ਮੈਗਜ਼ੀਨ ਦਾ ਨਵਾਂ ਅੰਕ ਪ੍ਰਾਪਤ ਹੋਇਆ। ਪਰਚਾ ਕਹਾਣੀ ਵਿਧਾ 'ਤੇ ਕੇਂਦਰਿਤ ਰਹਿੰਦਾ ਹੈ ਅਤੇ ਸਾਨੂੰ ਨਵੀਆਂ ਕਹਾਣੀਆਂ ਪੜ੍ਹਨ ਨੂੰ ਦਿੰਦਾ ਰਹਿੰਦਾ ਹੈ। ਨਾਲ ਨਾਲ ਇਸ ਦੇ ਵਿਸ਼ੇਸ਼ ਅੰਕ ਵੀ ਸਾਂਭਣਯੋਗ ਹੁੰਦੇ ਹਨ। ਕਿਤੇ ਕਿਤੇ ਪਰਚੇ ਵਿਚ ਮੁਲਾਕਾਤਾਂ ਵੀ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ। ਪਿਛਲੇ 'ਕਹਾਣੀ ਧਾਰਾ' ਦੇ ਇਕ ਅੰਕ ਵਿਚ ਤੁਹਾਡੇ ਵਲੋਂ ਕੀਤੀ ਰਜਨੀਸ਼ ਬਹਾਦਰ ਸਿੰਘ ਦੀ ਮੁਲਾਕਾਤ ਬਹੁਤ ਹੀ ਵਿਚਾਰਧਾਰਕ ਮੁੱਦੇ ਉਭਾਰਨ ਵਾਲੀ ਸੀ। ਇਸ ਵਾਰ ਨੈਸ਼ਨਲ ਬੁਕ ਟਰੱਸਟ ਦੇ ਜੁਇੰਟ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਅਤੇ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਡਾਇਰੈਕਟਰ ਤੋਂ ਜਬਰੀ ਲਾਹ ਦਿੱਤੇ ਗਏ ਬਲਦੇਵ ਸਿੰਘ 'ਬੱਧਨ' ਦੀ ਮੁਲਾਕਾਤ ਪੜ੍ਹਨ ਨੂੰ ਮਿਲੀ। ਸਾਰੀ ਮੁਲਾਕਾਤ ਪੜ੍ਹ ਕੇ ਇਹ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਸਾਹਿਤ ਸਭਾ ਦਿੱਲੀ ਭਾਪਾ ਪ੍ਰੀਤਮ ਸਿੰਘ ਦੇ ਪਰਿਵਾਰ ਦੀ ਨਿੱਜੀ ਜਾਇਦਾਦ ਨਹੀਂ ਹੈ। ਪੰਜਾਬੀ ਭਾਸ਼ਾ ਦੇ ਨਾਂ ਤੇ ਉਸਾਰੀ ਗਈ ਅਰਬਾਂ ਰੁਪਏ ਦੀ ਇਸ ਇਮਾਰਤ 'ਚੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਕੁਝ ਠੋਸ ਨਤੀਜੇ ਸਾਹਮਣੇ ਆਉਣੇ ਜ਼ਰੂਰੀ ਹਨ। ਪੰਜਾਬੀ ਸਾਹਿਤ ਸਭਾ ਦੀ ਚਲਦੀ ਫਿਰਦੀ ਪੁਸਤਕ ਪ੍ਰਦਰਸ਼ਨੀ ਵੈਨ (ਬੱਸ) ਹੜੱਪ ਕਰ ਜਾਣਾ ਇਕ ਮੰਦਭਾਗੀ ਗੱਲ ਹੈ। ਜੇ ਦਿੱਲੀ ਵਿੱਚ ਹਜ਼ਾਰਾਂ ਲੇਖਕ-ਪੁਸਤਕ ਪ੍ਰੇਮੀ ਹਨ, 13 ਤੋਂ ਵੱਧ ਪੰਜਾਬੀ ਦੀਆਂ ਸਾਹਿਤਕ ਸਭਾਵਾਂ ਹਨ, ਸਕੂਲ-ਕਾਲਜ ਹਨ, ਦਿੱਲੀ



ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਹੈ, ਪੰਜਾਬੀ ਅਕਾਦਮੀ ਦਿੱਲੀ ਵਿੱਚ 1500 ਤੋਂ ਵੱਧ ਪੰਜਾਬੀ ਅਧਿਆਪਕ ਹਨ ਤਾਂ ਇਨ੍ਹਾਂ ਲੇਖਕਾਂ-ਪੰਜਾਬੀਆਂ ਨੂੰ ਸਭਾ ਦਾ ਮੈਂਬਰ ਨਾ ਬਣਾਉਣਾ ਸਭਾ 'ਤੇ ਕਾਬਜ਼ 20 ਲੇਖਕਾਂ ਵਿਅਕਤੀਆਂ ਦੀ ਮਨਸ਼ਾ 'ਤੇ ਪ੍ਰਸ਼ਨ ਚਿੰਨ੍ਹ ਪੈਦਾ ਕਰਦਾ ਹੈ। ਇਕ ਪਰਿਵਾਰ ਦਾ 20 ਸਾਲ ਤੋਂ ਵੱਧ ਸਮੇਂ ਤੋਂ ਬਣਦਾ ਆ ਰਿਹਾ ਚੇਅਰਪਰਸਨ ਤੇ 18 ਸਾਲ ਤੋਂ ਹਾਇਰ ਸੈਕੰਡਰੀ ਪਾਸ ਖ਼ਜ਼ਾਨਚੀ, ਦੀਆਂ ਕਾਰਗੁਜ਼ਾਰੀਆਂ ਦਾ ਚਿੱਠਾ ਪੜ੍ਹ ਕੇ 'ਮਾਣ' ਨਾਲ ਸਿਰ ਝੁਕ ਜਾਂਦਾ ਹੈ। ਹੁਣ ਵਕਤ ਆ ਗਿਆ ਹੈ ਕਿ ਪੰਜਾਬੀ ਹਿਤੈਸ਼ੀ ਅਜਿਹੀਆਂ ਸਾਹਿਤਕ ਸਭਾਵਾਂ-ਸੰਸਥਾਵਾਂ 'ਤੇ ਕਾਬਜ਼ ਅਖੌਤੀ ਮੱਠਅਧੀਸ਼ਾਂ ਨੂੰ ਸਬਕ ਸਿਖਾਉਣ ਲਈ ਤਿਆਰ ਹੋ ਜਾਣ। ਪਿਛਲੇ 22 ਸਾਲਾਂ ਵਿੱਚ ਪੰਜਾਬੀ ਸਾਹਿਤ ਸਭਾ ਵਿਚ ਇਕ ਵੀ ਕਰਮਚਾਰੀ ਨੂੰ ਪੱਕਾ ਨਾ ਕਰਨਾ, ਉਨ੍ਹਾਂ ਦੀ ਲੁਟ ਖਸੁਟ ਕਰਨਾ ਤੇ ਨੌਕਰੀ ਤੋਂ ਕੱਢ ਦੇਣ ਦਾ ਡਰ ਦੇ ਕੇ ਕੰਮ ਕਰਵਾਉਣਾ ਭਾਰਤ ਸਰਕਾਰ ਦੇ ਕਾਨੂੰਨ 'ਤੇ 'ਲੇਬਰ ਕੋਰਟ' ਦੇ ਅਸੂਲਾਂ ਦੀ ਉਲੰਘਣਾ ਹੈ।

**- ਮੱਖਣ ਮਾਨ**, ਛੋਟੀ ਬਾਰਾਦਰੀ, ਜਲੰਧਰ

## ਪੰਜਾਬੀ ਸਾਹਿਤ ਸਭਾ ਦੇ ਕਾਰਨਾਮਿਆਂ ਦਾ ਕੱਚਾ ਚਿੱਠਾ ਪੰਜਾਬੀਆਂ ਸਾਹਮਣੇ ਲਿਆ ਕੇ ਇਕ ਦਲੇਰੀ ਵਾਲਾ ਕੰਮ ਕੀਤਾ ਹੈ

'ਕਹਾਣੀ ਧਾਰਾ' ਦੇ ਪਿਛਲੇ ਅੰਕ ਵਿਚ ਲੰਮੀ ਸੰਪਾਦਕੀ ਜਿਸ ਵਿਚ ਤੁਸੀਂ ਟਰਾਂਟੋ ਕਾਨਫਰੰਸ ਦੀ ਪੂਰੀ ਕਵਰੇਜ ਕੀਤੀ ਸੀ ਪਸੰਦ ਆਈ। ਨਾਲ ਨਾਲ ਅਖੀਰ ਵਿਚ ਯੁਵਾ ਇਨਾਮ ਪ੍ਰਾਪਤ ਨਵੇਂ ਲੇਖਕ ਬਾਰੇ ਪੜ੍ਹ ਕੇ ਮਨ ਬਹੁਤ ਨਿਰਾਸ਼ ਹੋਇਆ ਕਿ ਇਹ ਨਵੇਂ ਲੇਖਕ ਕਿਵੇਂ ਕਹਾਣੀਆਂ ਦੇ ਵਿਸ਼ੇ, ਆਈਡੀਏ ਚੋਰੀ ਕਰਕੇ ਕਹਾਣੀਆਂ ਲਿਖੀ ਜਾ ਰਹੇ ਹਨ ਅਤੇ ਸਾਡੇ ਵੱਡੇ ਲੇਖਕ ਚੋਰੀ ਕੀਤੀਆਂ ਕਹਾਣੀਆਂ ਦੀ ਪੁਸਤਕ ਨੂੰ ਐਵਾਰਡ ਲਈ ਚੁਣ ਲੈਂਦੇ ਹਨ। ਸਾਡਾ ਸਾਹਿਤਕ ਜਗਤ ਐਨਾ ਨਿੱਘਰਦਾ ਜਾ ਰਿਹਾ ਹੈ। ਇਸ ਅੰਕ ਦੀਆਂ ਕਹਾਣੀਆਂ ਖਾਸ ਕਰਕੇ ਪਰਮਜੀਤ ਮਾਨ, ਗੁਰਪ੍ਰੀਤ ਸਹਿਜੀ ਅਤੇ ਪ੍ਰੀਤ ਨੀਤਪੁਰ ਦੀਆਂ ਚੰਗੀਆਂ ਲੱਗੀਆਂ। ਇਸੇ ਅੰਕ ਵਿਚ ਬਲਦੇਵ ਸਿੰਘ 'ਬੱਧਨ' ਦੀ ਮੁਲਾਕਾਤ ਵਾਲਾ ਹਿੱਸਾ ਵੀ ਧਿਆਨ ਖਿਚਦਾ ਹੈ। ਸੰਪਾਦਕ ਅਤੇ ਬਲਦੇਵ ਦੇ ਹੌਸਲੇ ਨੂੰ ਸਲਾਮ ਜਿੰਨ੍ਹਾਂ ਨੇ ਪੰਜਾਬੀ ਸਾਹਿਤ ਸਭਾ ਦੇ ਕਾਰਨਾਮਿਆਂ ਦਾ ਕੱਚਾ ਚਿੱਠਾ ਪੰਜਾਬੀਆਂ ਸਾਹਮਣੇ ਲਿਆ ਕੇ ਇਕ ਦਲੇਰੀ ਵਾਲਾ ਕੰਮ ਕੀਤਾ ਹੈ। ਗੱਲ ਬੜ੍ਹੀ ਸਪੱਸ਼ਟ ਹੈ ਕਿ ਜਿਸ ਸਭਾ ਦੇ ਕਈ ਮੈਂਬਰਾਂ ਦਾ ਪੰਜਾਬੀ ਨਾਲ ਦੂਰ ਦਾ ਵੀ ਵਾਸਤਾ ਨਾ ਹੋਵੇ, ਜੋ ਮੈਂਬਰ ਸਭਾ ਦੇ ਕਾਰਜਕਾਰਨੀ -ਜੀਵਨ ਮੈਂਬਰਾਂ ਦੀ ਬੈਠਕ ਸਮੇਂ ਕਦੇ ਆਵੇ ਹੀ ਨਾ, ਦਿੱਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੇਖਕ-ਪੁਸਤਕ ਪ੍ਰੇਮੀ-ਪੰਜਾਬੀ ਹਿਤੈਸ਼ੀ ਹੋਣ ਉਥੇ ਸਿਰਫ 8 ਹੀ ਮੈਂਬਰ (ਬਾਕੀ ਮੈਂਬਰ ਤਾਂ ਕਦੇ ਆਉਂਦੇ ਹੀ ਨਹੀਂ) ਪਿਛਲੇ 20 ਸਾਲਾਂ ਤੋਂ ਸਭਾ ਨੂੰ ਚਲਾ ਰਹੇ ਹੋਣ। ਦਾਲ ਵਿਚ ਜ਼ਰੂਰ ਕੁਝ ਕਾਲਾ ਹੈ। ਸਭਾ ਦੇ ਖ਼ਜ਼ਾਨਚੀ ਦੇ ਕਾਰਨਾਮਿਆਂ ਬਾਰੇ ਪੜ੍ਹ ਕੇ ਮੈਂ ਕਿੰਨਾ ਸਮਾਂ ਸਹਿਜ ਹੀ ਨਹੀਂ ਹੋ ਸਕਿਆ। ਜੋ ਵਿਅਕਤੀ ਸਭਾ ਦੇ ਸਟਾਫ਼ ਨਾਲ ਸ਼ਰੇਆਮ ਬਦਸਲੂਕੀ ਕਰਦਾ ਹੋਵੇ, ਜੋ ਸਭਾ 'ਚੋਂ ਕੰਪਿਊਟਰ ਤਕ ਚੁੱਕ ਕੇ ਲੈ ਜਾਂਦਾ ਹੋਵੇ (300 -500 ਰੁਪਏ ਦੀ ਰਸੀਦ ਕਟਵਾ ਕੇ) ਜੋ ਲੱਖਾਂ ਰੁਪਏ ਆਪਣੀ ਬਿਮਾਰੀ ਲਈ ਲੈ ਚੁੱਕਾ ਹੋਵੇ, ਆਦਿ ਉਸ ਨੂੰ ਸਭਾ ਦਾ ਖ਼ਜ਼ਾਨਚੀ ਬਣੇ ਰਹਿਣ ਦਾ ਹੱਕ ਨਹੀਂ ਹੈ। ਜੋ ਉਹ ਸਾਫ਼ ਸ਼ਖ਼ਸ਼ੀਅਤ ਦਾ ਮਾਲਕ ਨਹੀਂ ਹੈ ਤਾਂ ਸਭਾ ਦੇ ਵਾਉਚਰਾਂ 'ਤੇ ਏਨੇ ਸਾਲਾਂ ਤੋਂ ਕਿਵੇਂ ਦਸਤਖ਼ਤ ਕਰ ਰਿਹਾ ਹੈ? ਇਨਸਾਫ਼ ਦੀ ਇਸ ਲੜਾਈ ਵਿਚ ਸਮੂਹ ਪੰਜਾਬੀਆਂ ਨੂੰ ਇਕੱਠੇ ਹੋ ਕੇ ਸਭਾ ਦੇ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ ਤਾਂ ਕਿ ਸੱਚਾਈ ਸਾਹਮਣੇ ਆ ਸਕੇ। ਕ੍ਰਿਪਾ ਕਰਕੇ ਉਹ ਪੱਤਰ ਜ਼ਰੂਰ ਪ੍ਰਕਾਸ਼ਿਤ ਕੀਤਾ ਜਾਵੇ ਜੋ ਬੱਧਨ ਨੇ 10-4-2015 ਨੂੰ ਸਭਾ ਦੇ ਜਨਰਲ ਸਕੱਤਰ ਅਤੇ ਚੇਅਰਪਰਸਨ ਨੂੰ ਲਿਖਿਆ ਹੈ।

**- ਸਰੂਪ ਸਿਆਲਵੀ**, ਪਿੰਡ ਸਿਆਲਵਾ, ਡਾਚ ਮਾਜਰੀ, ਖਰੜ

## ਜੇ 'ਵਿਰਸਾ ਵਿਹਾਰ ਅੰਮ੍ਰਿਤਸਰ' ਵਿਖੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਕੰਮ ਕਰ ਰਹੇ ਅਦਾਰਿਆਂ ਨੂੰ ਜਗ੍ਹਾ ਮਿਲ ਸਕਦੀ ਹੈ ਤਾਂ ਦਿੱਲੀ ਦੀਆਂ ਸਾਹਿਤ ਸਭਾਵਾਂ ਦੇ ਇਥੇ ਸਥਾਈ ਤੌਰ 'ਤੇ ਦਫ਼ਤਰ ਕਿਉਂ ਨਹੀਂ ਖੁੱਲ੍ਹ ਸਕਦੇ

ਮੈਂ 'ਕਹਾਣੀ ਧਾਰਾ' ਮੈਗਜ਼ੀਨ ਦਾ ਸ਼ੁਰੂ ਤੋਂ ਪਾਠਕ ਹਾਂ। ਇਸ ਦੇ ਸਾਰੇ ਅੰਕ ਮੇਰੀ ਨਿੱਜੀ ਅਲਮਾਰੀ ਵਿਚ ਸਾਂਭੇ ਪਏ ਹਨ। ਨਵੇਂ ਅੰਕ-38 ਵਿਚ ਮੈਂ ਡਾ. ਬਲਦੇਵ ਸਿੰਘ 'ਬੱਧਨ' ਦੀ ਮੁਲਾਕਾਤ ਪੜ੍ਹ ਕੇ ਕਾਫੀ ਪ੍ਰੇਸ਼ਾਨ ਹੋਇਆ ਹਾਂ। ਮੈਨੂੰ ਸੱਚਮੁੱਚ ਪੰਜਾਬੀ ਵਿਚ ਚਲਦੇ ਸਾਹਿਤਕ ਅਦਾਰਿਆ ਬਾਰੇ ਚਿੰਤਾ ਹੋਣ ਲੱਗੀ ਹੈ। ਚਾਹੇ ਉਹ ਸਰਕਾਰੀ ਹਨ ਚਾਹੇ ਗੈਰ ਸਰਕਾਰੀ ਹਨ। ਜੋ ਵੀ ਇਨ੍ਹਾਂ ਅਦਾਰਿਆਂ ਉੱਤੇ ਕੰਡਲੀ ਮਾਰ ਕੇ ਬੈਠਦਾ ਹੈ ਉਹ ਚੰਮ ਦੀਆਂ ਚਲਾਉਂਦਾ ਹੈ ਅਤੇ ਆਪਣੀਆਂ ਅਤੇ ਆਪਣੇ ਨੇੜੇ ਦੇ ਚਾਪਲੂਸਾ ਦੀਆਂ ਜੇਬਾ ਭਰਦਾ ਹੈ ਉਨ੍ਹਾਂ ਨੂੰ ਵੱਡੇ ਲੇਖਕ ਬਣਾਉਣ ਲਈ ਉਨ੍ਹਾਂ ਦੀਆਂ ਕੱਛਾ ਵਿਚ ਫਹੁੜੀਆਂ ਦਿੰਦਾ ਹੈ। ਇਹ ਲੋਕ ਬੜੇ ਤਰਸ ਦੇ ਪਾਤਰ ਹਨ। ਨਵਯੁਗ ਪ੍ਰਕਾਸ਼ਨ ਆਪਣੀਆਂ 30 ਲੱਖ ਰੁਪਏ ਤੋਂ ਵੱਧ ਦੀਆਂ ਪੁਸਤਕਾਂ ਕਿਵੇਂ 'ਦਿਹਾਤੀ ਲਾਇਬ੍ਰੇਰੀ ਸਕੀਮ' ਅਧੀਨ ਭੇਜ ਕੇ ਸਭਾ ਦਾ ਲੱਖਾਂ ਰੁਪਿਆ ਲੈ ਰਿਹਾ ਹੈ, ਇਸ ਦੀ ਛਾਣਬੀਣ ਹੋਣੀ ਬਹੁਤ ਜ਼ਰੂਰੀ ਹੈ। 'ਬੱਦਨ' ਨੇ ਠੀਕ ਕਿਹਾ ਹੈ ਕਿ ਸਾਹਿਤਕ ਸੰਸਥਾਵਾਂ-ਅਦਾਰਿਆਂ ਤੇ ਕਾਬਜ਼ ਹੋ ਜਾਣਾ ਅਤੇ ਆਪਣੀ ਭਾਸ਼ਾ ਲਈ ਕੋਈ ਠੋਸ ਨੀਤੀ ਨਾ ਨਿਰਧਾਰਤ ਕਰਨਾ ਦੁਖਦਾਈ ਗੱਲ ਹੈ। 'ਬੱਦਨ' ਨੇ ਮੁਲਾਕਾਤ 'ਚ ਜਿਨ੍ਹਾਂ ਅਦਾਰਿਆਂ ਵੱਲ ਉਂਗਲ ਉਠਾਈ ਹੈ, ਮੈਂ ਉਸ ਨਾਲ ਸਹਿਮਤ ਹਾਂ। ਪੰਜਾਬੀ ਸਾਹਿਤ ਸਭਾ ਦਿੱਲੀ ਵਿੱਚ ਵੱਡੀ ਪੱਧਰ 'ਤੇ ਇਕ ਅਜਿਹਾ 'ਪੁਸਤਕ ਕੇਂਦਰ' ਹੋਣਾ ਸਮੇਂ ਦੀ ਮੰਗ ਹੈ ਜਿਥੇ ਭਾਰਤ ਦੇ ਸਭ ਪੰਜਾਬੀ ਪ੍ਰਕਾਸ਼ਨ ਦੀਆਂ ਲੱਖਾਂ ਦੀ ਗਿਣਤੀ ਵਿੱਚ ਪੁਸਤਕਾਂ ਵਿਕਰੀ ਲਈ ਉਪਲੱਬਧ ਹੋਣ। ਜੇ ਪੰਜਾਬੀ ਸਾਹਿਤ ਸਭਾ ਦਿੱਲੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ 'ਵਿਰਸਾ ਵਿਹਾਰ ਅੰਮ੍ਰਿਤਸਰ' ਵਿਖੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਕੰਮ ਕਰ ਰਹੇ ਅਦਾਰਿਆਂ ਨੂੰ ਜਗ੍ਹਾ ਮਿਲ ਸਕਦੀ ਹੈ ਤਾਂ ਦਿੱਲੀ ਦੀਆਂ ਸਾਹਿਤ ਸਭਾਵਾਂ ਦੇ ਇਥੇ ਸਥਾਈ ਤੌਰ 'ਤੇ ਦਫ਼ਤਰ ਕਿਉਂ ਨਹੀਂ ਖੁੱਲ੍ਹ ਸਕਦੇ। ਇਥੇ 'ਕੰਪਿਊਟਰ ਸਿਖਲਾਈ ਸੈਂਟਰ'' (ਪੰਜਾਬੀ ਲਈ) ਸਥਾਪਤ ਹੋਣਾ ਚਾਹੀਦਾ ਹੈ ਜੋ ਮੁਫ਼ਤ ਸਿਖਲਾਈ ਦੇਵੇ। ਇਥੇ ਦਿੱਲੀ ਦੇ ਪੰਜਾਬੀ ਪ੍ਰਕਾਸ਼ਨ ਸੰਘ ਦਾ ਸਥਾਈ ਦਫ਼ਤਰ ਹੋਣਾ ਚਾਹੀਦਾ ਹੈ। ਸਭਾ ਦਾ ਚੇਅਰਪਰਸਨ ਉਹ ਵਿਅਕਤੀ ਹੀ ਹੋਣਾ ਚਾਹੀਦਾ ਹੈ ਜਿਸ ਨੇ ਪੰਜਾਬੀ ਭਾਸ਼ਾ ਵਿੱਚ ਦੋ ਮੌਲਿਕ ਪੁਸਤਕਾਂ ਲਿਖੀਆਂ ਹੋਣ। ਦਿੱਲੀ ਦੇ ਸਨਮਾਨਤ ਸਾਹਿਤਕਾਰਾਂ ਨੂੰ ਸਭਾ ਦੇ ਵੱਖ ਵੱਖ ਅਹੁਦਿਆਂ 'ਤੇ ਰੱਖਣਾ ਚਾਹੀਦਾ ਹੈ। ਦੇਸ਼ ਦੀ ਰਾਜਧਾਨੀ ਵਿੱਚ ਜਿਥੇ ਲੱਖਾਂ ਪੰਜਾਬੀ ਹਨ ਉਥੇ ਇਕ ਮਾਸਿਕ ਇਕੱਤਰਤਾ ਕਰਕੇ, ਅਤੇ ਸਮਕਾਲੀ ਸਾਹਿਤ ਵਿੱਚ 90 ਫੀਸਦੀ ਸਮੱਗਰੀ ਆਪਣੀ ਮਰਜ਼ੀ ਦੀ ਛਾਪ ਕੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਪ੍ਰਚਲਤ ਹੋਣ ਬਾਰੇ ਸੋਚਣਾ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ।

**- ਰਾਕੇਸ਼ ਆਨੰਦ, ਬਸਤੀ ਦਾਨਸ਼ਮੰਦਾ, ਜਲੰਧਰ**

## ਪੰਜਾਬੀ ਸਾਹਿਤ ਦੇ ਪਿੜ ਵਿਚ ਵੀ ਭਾਈ ਭਤੀਜਾਵਾਦ ਭਾਰੂ ਹੋ ਗਿਆ

'ਕਹਾਣੀ ਧਾਰਾ' ਮੈਗਜ਼ੀਨ ਦਾ 38 ਵਾਂ ਅੰਕ ਪੜ੍ਹਨ ਨੂੰ ਮਿਲਿਆ। ਵੈਸੇ ਤਾਂ ਇਹ ਮੈਗਜ਼ੀਨ ਅੱਗੇ ਵੀ ਕਈ ਵਾਰੀ ਪੜ੍ਹਿਆ ਹੈ, ਪਰ ਇਸ ਦੇ 38 ਵੇਂ ਅੰਕ ਵਿਚ ਤੁਹਾਡੇ ਵੱਲੋਂ ਬਲਦੇਵ ਸਿੰਘ ਬੱਧਨ ਨਾਲ ਕੀਤੀ ਮੁਲਾਕਾਤ ਬਹੁਤ ਚੰਗੀ ਲੱਗੀ। ਇਸ ਮੁਲਾਕਾਤ ਵਿਚ ਉਨ੍ਹਾਂ ਵੱਲੋਂ ਕੀਤੀਆਂ ਪੰਜਾਬੀ ਸਾਹਿਤ ਦੇ ਘੜੰਮ ਚੌਧਰੀਆਂ ਬਾਰੇ ਬੇਬਾਕ ਟਿੱਪਣੀਆਂ ਇਹ ਦਰਸਾਉਂਦੀਆਂ ਹਨ ਕਿ ਹੋਰਨਾਂ ਖੇਤਰਾਂ ਵਾਂਗੂੰ ਪੰਜਾਬੀ ਸਾਹਿਤ ਦੇ ਪਿੜ ਵਿਚ ਵੀ ਭਾਈ ਭਤੀਜਾਵਾਦ ਭਾਰੂ ਹੋ ਗਿਆ ਹੈ। ਇਸ ਤੋਂ ਅਗਾਂਹ ਵੀ ਹੋਰ ਨਿਰਪੱਖ ਮੁਲਾਕਾਤਾਂ ਜ਼ਰੂਰ ਛਾਪਿਆ ਕਰੋ ਤਾਂ ਜੋ ਸੱਚ ਦੇ ਨੇੜੇ ਨੂੰ ਹੋਰ ਜਾਇਆ ਜਾਵੇ। ਗੁਰਪ੍ਰੀਤ ਸਾਹਿਜੀ ਦੀ 'ਕਲੰਦਰ' ਕਹਾਣੀ ਤੁਸੀਂ ਮੈਗਜ਼ੀਨ ਵਿਚ ਕਿਉਂ ਛਾਪੀ? ਇਸ ਸਵਾਲ ਦਾ ਜਵਾਬ ਤੁਹਾਡੇ ਕੋਲ ਹੋਵੇਗਾ? ਇਸ ਤਰ੍ਹਾਂ ਦੀਆਂ ਕਹਾਣੀਆਂ ਮੈਗਜ਼ੀਨ ਵਿਚ ਛਾਪਣ ਤੋਂ ਗੁਰੇਜ਼ ਕਰੋ। ਕੋਸ਼ਿਸ਼ ਕਰੋ ਇਕ



ਮਿੰਨੀ ਕਹਾਣੀ ਦੇ ਸਫ਼ੇ ਨੂੰ ਮੈਗਜ਼ੀਨ ਵਿਚ ਢੁੱਕਵਾਂ ਸਥਾਨ ਦੇ ਦੇਵੋ। ਉਮੀਦ ਕਰਦੇ ਹਾਂ ਕਿ ਅੱਗਿਉਂ ਵੀ 'ਕਹਾਣੀ ਧਾਰਾ' ਪੰਜਾਬੀ ਮੈਗਜ਼ੀਨ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਸਾਹਿਤ ਦੀ ਲੰਮੀ ਉਮਰ ਲਈ ਨਿਵੇਕਲੀਆਂ ਪੈੜਾਂ ਸਿਰਜੇਗਾ।

-ਜਸਕਰਨ ਕਲੇਰ, ਸੁਖਪਾਲ ਕਲੇਰ, 586 ਕਮਲ ਕਲੋਨੀ, ਸਮਰਾਲਾ, ਲੁਧਿਆਣਾ-14

## ਪ੍ਰੀਤ ਨੀਤਪੁਰ ਇਕ ਅਨੁਭਵੀ ਕਹਾਣੀਕਾਰ ਹੈ।

ਤੇਰੀ ਕਹਾਣੀਆਂ ਪ੍ਰਤੀ ਚੋਣ ਸਲਾਹੁਣਯੋਗ ਹੈ। 'ਕਹਾਣੀ ਧਾਰਾ' 38 ਵੀ ਮੈਂ ਚੰਗੀ ਤਰ੍ਹਾਂ ਪੜ੍ਹ ਲਿਆ ਹੈ। ਪ੍ਰੀਤ ਨੀਤਪੁਰ ਇਕ ਅਨੁਭਵੀ ਕਹਾਣੀਕਾਰ ਹੈ। ਮੈਂ ਉਹਦੀਆਂ ਕਹਾਣੀਆਂ ਪੜ੍ਹ ਕੇ ਹਮੇਸ਼ਾ ਇਹ ਮਹਿਸੂਸ ਕੀਤਾ ਹੈ ਜਿਵੇਂ ਮੇਰੇ ਵਿਹੜੇ ਦਾ ਤਜਰਬੇਕਾਰ ਬਾਬਾ ਹਰ ਚੁਰ ਥਾਣੀਂ ਅੰਦਰਲਾ ਸੱਚ ਬਰੀਕੀ ਨਾਲ ਦੇਖ ਰਿਹਾ ਹੋਵੇ। ਕਹਾਣੀ ਗੁੰਦਣ ਦੀ ਉਹਨੂੰ ਜਾਂਚ ਹੈ। 'ਬਦਲਦੇ ਰਿਸ਼ਤਿਆਂ ਦੇ ਸਮੀਕਰਨ' ਕਹਾਣੀ ਦਾ ਸਿਰਲੇਖ ਰਿਸ਼ਤਿਆਂ ਦੇ ਸਮੀਕਰਨ ਵੀ ਚੱਲ ਸਕਦਾ ਸੀ।

**-ਦਵਿੰਦਰ ਮੰਡ**, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀ. ਏ. ਵੀ. ਕਾਲਜ, ਜਲੰਧਰ

## ਡਾ. ਬਲਦੇਵ ਸਿੰਘ ਬੱਦਨ ਨਾਲ ਕੀਤੀ ਮੁਲਾਕਾਤ ਦਿੱਲੀ ਵਿਚਲੀ ਲੇਖਕ ਰਾਜਨੀਤੀ ਦਾ ਬਾਖੂਬੀ ਪ੍ਰਗਟਾਵਾ ਕਰਦੀ ਹੈ

ਪਰਚਾ 'ਕਹਾਣੀ ਧਾਰਾ' ਜੁਲਾਈ-ਸਤੰਬਰ,2015 ਅੱਜ ਵੀ ਮਿਲਿਆ ਹੈ। ਕਹਾਣੀ ਬਾਰੇ ਪਰਚਾ ਹੋਣ ਕਾਰਨ ਕਹਾਣੀਆਂ ਤਾਂ ਪੰਜ ਪ੍ਰਕਾਸ਼ਤ ਕੀਤੀਆਂ ਹਨ। ਪਰਮਜੀਤ ਮਾਨ ਦੀ ਕਹਾਣੀ ਮੈਨੂੰ ਚੰਗੀ ਲੱਗੀ। ਤੁਹਾਡੀ ਸੰਪਾਦਕੀ ਵਿਚ ਟਰਾਂਟੋ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਕੀਤੀ ਤੁਹਾਡੀ ਬੇਬਾਕ ਟਿਪਣੀ ਇਨ੍ਹਾਂ ਕਾਨਫਰੰਸਾਂ ਦੀ ਸਾਰਥਕਤਾ ਬਾਰੇ ਵਿਚਾਰ ਚਰਚਾ ਛੇੜਦੀ ਹੈ। ਜਿਸ ਤਰ੍ਹਾਂ ਤੁਸੀਂ ਦਾਅਵਾ ਕੀਤਾ ਹੈ ਕਿ ਇਸ ਕਾਨਫਰੰਸ ਵਿਚ ਭਾਰੀ ਗਿਣਤੀ 'ਚ ਲੇਖਕ ਸ਼ਾਮਲ ਹੋਏ। ਦੋ ਦਿਨਾ ਕਾਨਫਰੰਸ ਦੇ ਉਦਘਾਟਨੀ ਅਤੇ ਵਿਦਾਇਗੀ ਸ਼ੈਸ਼ਨਾ ਤੋਂ ਇਲਾਵਾ ਬਾਕੀ ਬਚੇ ਸਮੇਂ ਵਿਚ 25 ਦੇ ਕਰੀਬ ਪੇਪਰ ਪੜ੍ਹੇ ਗਏ। ਮੇਰਾ ਅਨੁਭਵ ਹੈ ਕਿ ਭਾਰਤ ਵਿਚ ਹੁੰਦੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ, ਸਰਬ ਹਿੰਦ ਪੰਜਾਬੀ ਕਾਨਫਰੰਸਾਂ ਵਿਚ ਵੀ ਪੇਪਰਾਂ ਦਾ ਇਹ ਘਮਸਾਨ 40-45 ਪੇਪਰਾਂ ਤੱਕ ਪਹੁੰਚ ਜਾਂਦਾ ਹੈ। ਪਰ ਅੱਜ ਤੀਕ ਕਿਸੇ ਇਕ ਵਿਦੇਸ਼ੀ ਜਾਂ ਭਾਰਤੀ ਵਿਸ਼ਵ ਪੰਜਾਬੀ ਕਾਨਫਰੰਸ ਨੇ ਇਕ ਵੀ ਸਾਰਥਕ ਜਿਕਰ ਯੋਗ, ਪੰਜਾਬੀ ਸਾਹਿਤ ਭਾਸ਼ਾ ਦੇ ਵਿਕਾਸ ਲਈ ਕੰਮ ਨਹੀਂ ਕੀਤਾ। ਸਿਵਾਏ ਬਰਬਾਦੀ ਦੇ। ਤੁਹਾਡੇ ਦੁਆਰਾ ਡਾ. ਬਲਦੇਵ ਸਿੰਘ ਬੱਦਨ ਨਾਲ ਕੀਤੀ ਮੁਲਾਕਾਤ ਦਿੱਲੀ ਵਿਚਲੀ ਲੇਖਕ ਰਾਜਨੀਤੀ ਦਾ ਬਾਖੂਬੀ ਪ੍ਰਗਟਾਵਾ ਕਰਦੀ ਹੈ।

**-ਤੇਜਵੰਤ ਮਾਨ (ਡਾ.)**, ਸੰਗਰੂਰ

Sat Sri Akal ,I have read the Interview published by you in your July- September 2015 issue . It is really shocking to read the real picture of Punjabi Sahit Sabha .It need to be reported to the Registrar of the Soceities for the iregularities being done by the office bearers of " PUNJABI SAHIT SABHA" . It is really shameful to read the humilities met by the learned scholar of Punjabi literature Dr. Baldev Singh baddan .I thank you very much for Publishing such an bold Interview in your esteemed Punjabi Magazine . I would request you to kindly forward the soft copy of this Interview among all Print & Electronic Media to know the truth of "PUNJABI SAHIT SABHA ".

**- HARI SINGH MATHARU,** COORDINATOR, SANT SIPAHI VICHAR MANCH, New Delhi